**Thinking Real Estate?**
BUYERS we'll find the right home for you. We have a common goal: Making you a homeowner.
SELLERS we know your local markets
Pradeep Singh
847-322-5832
COLDWELL BANKER
Residential Brokerage
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet Mon to Sat. 11am to 3pm Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com
Raj Shergill
Associate Broker

Twentieth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 51, December 21, 2019 20451 N. Plum Grove Rd., Palatine, IL 60074 Ph:847-359-0746, Fax:847-705-9388

## ਪੰਜਾਬ ’ਚ ਪੰਥਕ ਏਕੇ ਦੀ ਗੂੰਜ ਪਈ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ 99ਵੇਂ ਸਥਾਪਨਾ ਦਿਵਸ ਮੌਕੇ ਭਾਵੇਂ ਅਕਾਲੀ ਦਲ ਦੀ ਵਾਗਡੋਰ ਬਾਦਲ ਪਰਿਵਾਰ ਦੇ ਹੱਥ ਹੀ ਬਰਕਰਾਰ ਰਹੀ ਹੈ ਪਰ ਬਾਦਲਾਂ ਤੋਂ ਨਾਰਾਜ਼ ਅਕਾਲੀ ਦਲਾਂ ਦੇ ਇਕ ਮੰਚ ’ਤੇ ਆਉਣ ਨਾਲ ਪੰਥਕ ਸਿਆਸਤ ’ਚ ਹਿਲਜੁਲ ਸ਼ੁਰੂ ਹੋ ਗਈ ਹੈ।

ਸਭ ਤੋਂ ਅਹਿਮ ਗੱਲ ਇਹ ਹੈ ਕਿ ਹੁਣ ਸਾਰੇ ਬਾਗੀ ਅਕਾਲੀ ਸਿਰਫ ਤੇ ਸਿਰਫ ਬਾਦਲ ਪਰਿਵਾਰ ਦੇ ਪੰਥਕ ਸਿਆਸਤ ਵਿਚੋਂ ਸਫਾਏ ਦੀ ਗੱਲ ਕਰ ਰਹੇ ਹਨ। ਪੰਥਕ ਧਿਰਾਂ ਦੀ ਇਹ ਲਾਮਬੰਦੀ ਪੰਜਾਬ ਦੀ ਸਿਆਸਤ ਦੇ ਨਵੇਂ ਸਮੀਕਰਨਾਂ ਵੱਲ ਵੀ ਸੰਕੇਤ ਕਰ ਰਹੀ ਹੈ। ਸਥਾਪਨਾ ਦਿਵਸ ਮੌਕੇ ਜੁੜੇ ਸਾਰੇ ਬਾਦਲ ਵਿਰੋਧੀ ਧੜਿਆਂ ਨੇ ਪੰਥਕ ਸਿਆਸਤ ਨੂੰ ਨਵੀਂ ਦਿਸ਼ਾ ਦੇਣ ਲਈ ਇਕ ਮੰਚ ਉਤੇ ਆਉਣ ਦਾ ਪ੍ਰਣ ਇਹੀ ਸੰਕੇਤ ਦਿੰਦਾ ਹੈ ਕਿ ਅਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਸੀ ਤਾਲਮੇਲ ਲਈ ਸਿਰਜੋੜ ਕੋਸ਼ਿਸ਼ਾਂ ਹੋਣਗੀਆਂ। ਇਸ ਲਈ ਤਾਲਮੇਲ ਕਮੇਟੀ ਬਣਾ ਕੇ ਸਾਰੀਆਂ ਧਿਰਾਂ ਨੂੰ ਇਕ ਮੰਚ ਉਤੇ ਲਿਆਉਣ ਦਾ ਸੱਦਾ ਰਵਾਇਤੀ ਧਿਰਾਂ ਲਈ ਵੱਡੀ ਚੁਣੌਤੀ ਖੜ੍ਹੀ ਕਰ ਸਕਦਾ ਹੈ। ਢੀਂਡਸਾ ਪਰਿਵਾਰ ਦਾ ਖੁੱਲ੍ਹ ਕੇ ਬਾਦਲਾਂ ਖਿਲਾਫ ਨਿੱਤਰਨਾ ਵੀ ਪੰਥਕ ਸਿਆਸਤ ਨੂੰ ਨਵੇਂ ਰਾਹ ਤੋਰਨ ਵੱਲ ਸੰਕੇਤ ਹੈ।

ਇਸ ਤੋਂ ਪਹਿਲਾਂ ਵੀ ਭਾਵੇਂ ਅਜਿਹੀਆਂ ਕੋਸ਼ਿਸ਼ਾਂ ਹੋਈਆਂ ਪਰ ਇਸ ਵਾਰ ਬਾਦਲਾਂ ਦਾ ਸਭ ਤੋਂ ਭੇਤੀ ਸੁਖਦੇਵ ਸਿੰਘ ਢੀਂਡਸਾ ਅਤੇ ਉਸ ਦਾ ਪਰਿਵਾਰ ਸਾਰੀਆਂ ਧਿਰਾਂ ਨੂੰ ਇਕ ਮੰਚ ਉਤੇ ਲਿਆਉਣ ਲਈ ਅੱਗੇ ਆਇਆ ਹੈ। ਇਨ੍ਹਾਂ ਧਿਰਾਂ ਦੀ ਕੋਸ਼ਿਸ਼ ਇਹੀ ਰਹੇਗੀ ਕਿ ਕਾਂਗਰਸ ਤੇ ਬਾਦਲ ਵਿਰੋਧੀ ਸਾਰੀਆਂ ਧਿਰਾਂ ਨੂੰ ਲਾਮਬੰਦ ਕੀਤਾ ਜਾਵੇ। ਯਾਦ ਰਹੇ ਕਿ ਇਸ ਸਮੇਂ ਪੰਜਾਬ ਦੀ ਸਿਆਸਤ ਵਿਚ ਸਥਾਪਤ ਸਿਆਸੀ ਧਿਰਾਂ ਵੱਡੀ ਅੰਦਰੂਨੀ ਚੁਣੌਤੀ ਦਾ ਸਾਹਮਣਾ ਕਰ ਰਹੀਆਂ ਹਨ; ਖਾਸਕਰ ਸੱਤਾਧਾਰੀ ਕਾਂਗਰਸ ਪਾਰਟੀ ਦੀਆਂ ਜੜ੍ਹਾਂ ਹਿੱਲੀਆਂ

### ਸਿਆਸੀ ਪਿੜ ਵਿਚ ਨਵੇਂ ਰਾਹ ਖੁੱਲ੍ਹਣ ਦੇ ਸੰਕੇਤ

ਹੋਈਆਂ ਹਨ। ਕਾਂਗਰਸ ਵਿਚਲੀ ਬਗਾਵਤ ਅਤੇ ਸਿੱਖਾਂ ਦਾ ਬਾਦਲ ਪਰਿਵਾਰ ਪ੍ਰਤੀ ਰੋਹ ਵੀ ਤੀਜੇ ਮੋਰਚੇ ਲਈ ਡਟੇ ਧੜਿਆਂ ਨੂੰ ਹੌਸਲਾ ਦੇ ਰਿਹਾ ਹੈ। ਬਾਗੀ ਟਕਸਾਲੀਆਂ ਆਗੂਆਂ ਵਲੋਂ ਲੋਕ ਸਭਾ ਚੋਣਾਂ ਵਿਚ ਤੀਜੇ ਬਦਲ ਲਈ ਹੰਭਲਾ ਮਾਰਨ ਵਾਲੇ ਸਿਮਰਜੀਤ ਸਿੰਘ ਬੈਂਸ, ਸੁਖਪਾਲ ਸਿੰਘ ਖਹਿਰਾ, ਧਰਮਵੀਰ ਗਾਂਧੀ ਸਮੇਤ ਹੋਰ ਧੜਿਆਂ ਨਾਲ ਵੀ ਗੱਲ ਤੋਰਨ ਦੇ ਸੰਕੇਤ ਮਿਲੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਹੁਣ ਤੱਕ ਆਪਣੇ ਦਮ ਉਤੇ ਚੋਣਾਂ ਲੜਨ ਲਈ ਬਜ਼ਿਦ ਰਹਿਣ ਵਾਲੀ ਆਮ ਆਦਮੀ ਪਾਰਟੀ ਵੀ ਕੁਝ ਢਿੱਲੀ ਪਈ ਜਾਪਦੀ ਹੈ। ਪੰਥਕ ਧਿਰਾਂ ਦਾ ਕਹਿਣਾ ਹੈ ਕਿ ਬਾਦਲਾਂ ਅਤੇ ਕਾਂਗਰਸ ਨੂੰ ਮਾਤ ਦੇਣ ਲਈ ਅਜਿਹੀਆਂ ਸਾਰੀਆਂ ਧਿਰਾਂ ਨੂੰ ਅੱਗੇ ਆਉਣ ਲਈ ਕਹਿਣਗੇ। ਪਾਰਟੀ ਦੇ ਸਥਾਪਨਾ ਦਿਵਸ ਮੌਕੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਖੁਦ ਵੀ ਨਹੀਂ ਪਹੁੰਚੇ। ਸਿਆਸੀ ਮਾਹਿਰ ਇਸ ਨੂੰ ਵੀ ਬਾਦਲ ਪਰਿਵਾਰ ਖਿਲਾਫ ਉਠੀ ਆਵਾਜ਼ ਨਾਲ ਜੋੜ ਕੇ ਵੇਖ ਰਹੇ ਹਨ। ਦਰਅਸਲ, ਪਿਛਲੇ ਲੰਮੇ ਸਮੇਂ ਤੋਂ ਵੱਡੇ ਬਾਦਲ ਵਲੋਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਹੁਣ ਸਭ ਫੈਸਲੇ ਸੁਖਬੀਰ ਬਾਦਲ ਵਲੋਂ ਹੀ ਕੀਤੇ ਜਾਂਦੇ ਹਨ। ਇਸ ਲਈ ਉਨ੍ਹਾਂ ਦਾ ਪਾਰਟੀ ਵਿਚ ਕੋਈ ਬਹੁਤਾ ਦਖਲ ਨਹੀਂ। ਉਧਰ, ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਘਾਗ ਸਿਆਸਤਦਾਨ ਹਨ। ਬਾਗੀ ਅਕਾਲੀ ਦਲਾਂ ਦੇ ਲੀਡਰਾਂ ਦੀ ਲਾਮਬੰਦੀ ਵਿਚ ਉਹ ਭਵਿਖ ਦੀ ਵੰਗਾਰ ਵੇਖ ਰਹੇ ਹਨ। ਇਸ ਲਈ ਉਹ ਸੁਖਬੀਰ ਬਾਦਲ ਨਾਲੋਂ ਥੋੜ੍ਹੀ ਵਿੱਥ ਬਣਾ ਕੇ ਇਹ ਪ੍ਰਭਾਵ ਦੇ ਰਹੇ ਹਨ ਕਿ ਉਨ੍ਹਾਂ ਦੇ ਫਰਜ਼ੰਦ ਨੂੰ ਉਨ੍ਹਾਂ ਕਰਕੇ ਨਹੀਂ ਸਗੋਂ ਕਾਬਲੀਅਤ ਕਰਕੇ ਅਗਵਾਈ ਦਿੱਤੀ ਜਾ ਰਹੀ ਹੈ। ਅਜਿਹਾ ਕਰਕੇ ਉਨ੍ਹਾਂ ਇਹ ਵੀ ਪ੍ਰਭਾਵ ਦਿੱਤਾ ਹੈ ਕਿ ਨਵੀਂ ਲੀਡਰਸ਼ਿਪ ਸੁਖਬੀਰ ਬਾਦਲ ਦੀ ਅਗਵਾਈ ਕਬੂਲਦੀ ਹੈ।

ਉਂਜ, ਇਹ ਪਹਿਲੀ ਵਾਰ ਹੈ ਕਿ ਜਦੋਂ ਪੰਥਕ ਧਿਰਾਂ ਦੇ ਆਪਸੀ ਤਾਲਮੇਲ ਲਈ ਇੰਨੇ ਵੱਡੇ ਪੱਧਰ ਉਤੇ ਕੋਸ਼ਿਸ਼ ਹੋਈ ਹੋਵੇ। ਬਾਦਲ ਵਿਰੋਧੀ ਅਕਾਲੀਆਂ ਵਲੋਂ ਮਨਾਏ ਸਥਾਪਨਾ ਦਿਹਾੜਾ ਮੌਕੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਮੁਖੀ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ, ਬੀਰ ਦਵਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਭਾ ਮੈਂਬਰ

*(ਬਾਕੀ ਸਫਾ 6 ਉਤੇ)*

### ਪਹਿਲੀ ਟੱਕਰ ਸ਼੍ਰੋਮਣੀ ਕਮੇਟੀ ਦੇ ਪਿੜ ਵਿਚ

ਨਵੇਂ ਸਿਆਸੀ ਗੱਠਜੋੜ ਦਾ ਬਾਦਲ ਅਕਾਲੀ ਦਲ ਨਾਲ ਪਹਿਲਾ ਮੁਕਾਬਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਹੋਵੇਗਾ। ਅਕਾਲੀ ਦਲ (ਬਾਦਲ) ਦੀ ਇਸ ਮਾਮਲੇ ਵਿਚ ਮਜਬੂਰੀ ਹੋਵੇਗੀ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਜ਼ਿਆਦਾ ਨਵੇਂ ਉਮੀਦਵਾਰ ਨਹੀਂ ਉਤਾਰ ਸਕੇਗਾ, ਕਿਉਂਕਿ ਪੁਰਾਣੇ ਜਿੱਤੇ ਉਮੀਦਵਾਰਾਂ ਦੀਆਂ ਜ਼ਿਆਦਾ ਟਿਕਟਾਂ ਕੱਟੇ ਜਾਣ ਨਾਲ ਪਾਰਟੀ ਛੱਡਣ ਵਾਲਿਆਂ ਦੀਆਂ ਲਾਈਨਾਂ ਲੱਗ ਸਕਦੀਆਂ ਹਨ ਪਰ ਪੁਰਾਣੇ ਮੈਂਬਰ ਪਿਛਲੇ ਸਾਲਾਂ ਵਿਚ ਹੋਈਆਂ ਘਟਨਾਵਾਂ ਵਿਚ ਆਪਣਾ ਅਸਰ ਕਾਫੀ ਹੱਦ ਤੱਕ ਗੁਆ ਚੁੱਕੇ ਹਨ।

## ਨਾਗਰਿਕਤਾ ਐਕਟ ਖਿਲਾਫ ਵਿਦਿਆਰਥੀ ਰੋਹ ਫੈਲਿਆ

**ਨਵੀਂ ਦਿੱਲੀ:** ਜਾਮੀਆ ਮਿਲੀਆ ਇਸਲਾਮੀਆ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਵਿਦਿਆਰਥੀਆਂ ਉਤੇ ਅੰਨ੍ਹੇ ਪੁਲਿਸ ਤਸ਼ੱਦਦ ਪਿੱਛੋਂ ਪੂਰੇ ਦੇਸ਼ ਵਿਚ ਮੋਦੀ ਸਰਕਾਰ ਖਿਲਾਫ ਰੋਹ ਫੈਲ ਗਿਆ ਹੈ। ਇਨ੍ਹਾਂ ਵਿਦਿਆਰਥੀਆਂ ਉਤੇ ਇਹ ਦੋਸ਼ ਲਾ ਕੇ ਕੁੱਟਿਆ ਗਿਆ ਕਿ ਇਹ ਨਵੇਂ ਨਾਗਰਿਕਤਾ ਕਾਨੂੰਨ ਦੇ ਵਿਰੋਧ ਵਿਚ ਹਿੰਸਕ ਪ੍ਰਦਰਸ਼ਨ ਕਰ ਰਹੇ ਸਨ। ਵਿਦਿਆਰਥੀਆਂ ਦੀ ਕੁੱਟਮਾਰ ਉਦੋਂ ਕੀਤੀ ਗਈ ਜਦੋਂ ਉਹ ਯੂਨੀਵਰਸਿਟੀ ਦੀ ਲਾਇਬਰੇਰੀ ਜਾਂ ਹੋਸਟਲ ਦੇ ਕਮਰਿਆਂ ਵਿਚ ਪੜ੍ਹ ਰਹੇ ਸਨ।



ਕੌਮੀ ਰਾਜਧਾਨੀ ‘ਚ ਪ੍ਰਦਰਸ਼ਨਾਂ ਮਗਰੋਂ ਪੁਲਿਸ ਨੇ ਜਬਰੀ ਇਸਲਾਮੀਆ ਯੂਨੀਵਰਸਿਟੀ ‘ਚ ਦਾਖਲ ਹੋ ਕੇ ਉਥੇ ਬੇਕਸੂਰ ਵਿਦਿਆਰਥੀਆਂ ‘ਤੇ ਭਜਾ-ਭਜਾ ਕੇ ਕੁੱਟਿਆ। ਸੜਕਾਂ ਅਤੇ ਲਾਇਬਰੇਰੀ ‘ਚ ਪੁਲਿਸ ਦੀ ਮਾਰ ਨਾਲ ਵਿਦਿਆਰਥੀ ਲਹੂ-ਲੁਹਾਨ ਹੋ ਗਏ। ਕਈ ਵਿਦਿਆਰਥਣਾਂ ਨੇ ਝਾੜੀਆਂ ‘ਚ ਛੁਪ ਕੇ ਜਾਨ ਬਚਾਈ। ਕਰੀਬ 100 ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲੈਣ ਮਗਰੋਂ ਤੜਕੇ ਸਾਢੇ ਤਿੰਨ ਵਜੇ ਰਿਹਾਅ ਕੀਤਾ ਗਿਆ।

ਪੁਲਿਸ ਦੀ ਇਸ ਦਰਿੰਦਗੀ ਨੂੰ ਅੱਖੀਂ ਦੇਖਣ ਵਾਲੀ ਇਕ ਵਿਦਿਆਰਥਣ ਨੇ ਆਪਣਾ ਦਰਦ ਬਿਆਨ ਕੀਤਾ ਹੈ ਜਿਸ ਦੀ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਰਹੀ ਹੈ। ਇਹ ਵਿਦਿਆਰਥਣ ਆਖ ਰਹੀ ਹੈ, “ਮੈਂ ਪੂਰੇ ਮੁਲਕ ’ਚ ਆਪਣੇ ਆਪ ਨੂੰ ਹੁਣ ਸੁਰੱਖਿਅਤ ਮਹਿਸੂਸ ਨਹੀਂ ਕਰਦੀ। ਮੈਨੂੰ ਨਹੀਂ ਪਤਾ ਕਿ ਮੈਂ ਕਿਥੇ ਜਾਵਾਂਗੀ ਅਤੇ ਕਿਤੇ ਮੈਂ ਹਜੂਮੀ ਹਿੰਸਾ (ਲਿੰਚਿੰਗ) ਦਾ ਸ਼ਿਕਾਰ ਨਾ ਬਣ ਜਾਵਾਂ। ਮੈਂ ਨਹੀਂ ਜਾਣਦੀ ਕਿ ਭਲਕੇ ਮੇਰੇ ਦੋਸਤ ਭਾਰਤੀ ਨਾਗਰਿਕ ਰਹਿਣਗੇ ਜਾਂ ਨਹੀਂ।”

ਵਿਦਿਆਰਥੀਆਂ ਉਤੇ ਇਸ ਅੰਨ੍ਹੇ ਤਸ਼ੱਦਦ ਪਿੱਛੋਂ ਆਮ ਲੋਕਾਂ ਦੇ ਨਾਲ-ਨਾਲ ਵਿਰੋਧੀ ਧਿਰਾਂ ਵੀ ਮੋਦੀ ਸਰਕਾਰ ਦੀ ਧੱਕੇਸ਼ਾਹੀ ਖਿਲਾਫ ਨਿੱਤਰ

*(ਬਾਕੀ ਸਫਾ 6 ਉਤੇ)*

**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

**WorldWide Travel, Inc**
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

ੴ ਸਤਿ ਸ਼੍ਰੀ ਅਕਾਲ
Regal Jewels
Ph: 773-262-4377
www.Regaljewels.Com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ
Diamonds
ਡਾਇਮੰਡ
22kt Gold
22kt ਸੋਨਾ
24kt Gold
24kt ਸੋਨਾ
Rajveer S. Gill
847-907-1525
2625 W. Devon Ave.
Chicago, IL 60659
E-mail: regaljewelsinc@gmail.com

# ਬਰਤਾਨਵੀ ਚੋਣਾਂ: ਜੌਹਨਸਨ ਦੀ ਜਿੱਤ; ਈ.ਯੂ. ਨਾਲੋਂ ਰਾਹ ਹੋਵੇਗਾ ਵੱਖ

**ਲੰਡਨ:** ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਯੂਨਾਈਟਿਡ ਕਿੰਗਡਮ (ਯੂਕੇ) ਦੇ ਦਹਾਕਿਆਂ ਦੇ ਇਤਿਹਾਸ 'ਚ ਸਭ ਤੋਂ ਨਾਟਕੀ ਆਮ ਚੋਣਾਂ ਭਰਵੇਂ ਬਹੁਮਤ ਨਾਲ ਜਿਤ ਲਈਆਂ ਹਨ। ਮੁਲਕ 'ਚ ਸਿਆਸੀ ਭੰਬਲਭੂਸਾ ਹੁਣ ਮੁੱਕ ਗਿਆ ਹੈ ਤੇ ਇਸ ਦੇ ਨਾਲ ਹੀ ਨਵੇਂ ਵਰ੍ਹੇ 'ਚ ਬਰਤਾਨੀਆ ਯੂਰਪੀ ਯੂਨੀਅਨ (ਈ.ਯੂ.) ਨਾਲੋਂ ਤੋੜ-ਵਿਛੋੜੇ ਦੇ ਮੰਤਵ ਨਾਲ ਦਾਖਲ ਹੋਵੇਗਾ।

ਜੌਹਨਸਨ ਦੀ ਕੰਜ਼ਰਵੇਟਿਵ ਪਾਰਟੀ ਨੇ 364 ਸੀਟਾਂ ਜਿੱਤੀਆਂ ਹਨ। 650 ਮੈਂਬਰੀ ਬ੍ਰਿਟਿਸ਼ ਸੰਸਦ (ਹਾਊਸ ਆਫ ਕਾਮਨਜ਼) 'ਚ ਲੇਬਰ ਪਾਰਟੀ ਨੂੰ 203 ਸੀਟਾਂ ਹੀ ਮਿਲੀਆਂ ਹਨ। ਯੂਕੇ ਦੀ ਸੰਸਦ ਲਈ ਇਸ ਵਾਰ ਭਾਰਤੀ ਮੂਲ ਦੇ ਰਿਕਾਰਡ 15 ਸੰਸਦ ਮੈਂਬਰ ਚੁਣੇ ਗਏ ਹਨ। ਭਾਰਤੀ ਮੂਲ ਦੇ ਸਿਆਸਤਦਾਨਾਂ ਨੇ ਕੰਜ਼ਰਵੇਟਿਵ ਤੇ ਲੇਬਰ ਦੋਵਾਂ ਧਿਰਾਂ ਵੱਲੋਂ ਜਿੱਤ ਹਾਸਲ ਕੀਤੀ ਹੈ। ਗ੍ਰਹਿ ਮੰਤਰੀ ਪ੍ਰੀਤੀ ਪਟੇਲ ਕੰਜ਼ਰਵੇਟਿਵ ਪਾਰਟੀ ਦੀ ਟਿਕਟ ਉਤੇ ਵਿਥੈਮ ਹਲਕੇ ਤੋਂ ਮੁੜ ਚੁਣੀ ਗਈ ਹੈ। ਕੰਜ਼ਰਵੇਟਿਵ ਧਿਰ ਦੇ ਹੀ ਗਗਨ ਮੋਹਿੰਦਰਾ ਦੱਖਣ-ਪੱਛਮੀ ਹਰਟਫੋਰਡਸ਼ਾਇਰ ਤੋਂ ਚੁਣੇ ਗਏ ਹਨ। ਗੋਆ ਮੂਲ ਦੇ ਕੰਜ਼ਰਵੇਟਿਵ ਸੰਸਦ ਮੈਂਬਰ ਕਲੇਅਰ ਕੌਟੀਨ੍ਹੋ ਪੂਰਬੀ ਸਰੀ ਸੀਟ ਤੋਂ ਚੋਣ ਜਿੱਤੇ ਹਨ। ਨਵੇਂਦਰੂ ਮਿਸ਼ਰਾ ਲੇਬਰ ਧਿਰ ਲਈ ਤੇ ਮੁਨੀਰਾ ਵਿਲਸਨ ਲਿਬਰਲ ਡੇਮੋਕ੍ਰੇਟਸ ਲਈ ਪਹਿਲੀ ਵਾਰ ਚੋਣ ਜਿੱਤੇ ਹਨ। ਇਨਫੋਸਿਸ ਦੇ ਚੇਅਰਮੈਨ ਨਾਰਾਇਣ ਮੂਰਤੀ ਦੇ ਜਵਾਈ ਤੇ ਕੈਬਨਿਟ ਮੈਂਬਰ ਰਹੇ ਰਿਸ਼ੀ ਸੁਨਾਕ ਵੀ ਕੰਜ਼ਰਵੇਟਿਵ ਧਿਰ ਵੱਲੋਂ ਚੋਣ ਜਿੱਤੇ ਹਨ।

ਕੰਜ਼ਰਵੇਟਿਵ ਅਲੋਕ ਸ਼ਰਮਾ ਰੀਡਿੰਗ ਵੈਸਟ ਤੋਂ ਚੋਣ ਜਿੱਤੇ ਹਨ। ਸ਼ੈਲੇਸ਼ ਵੜਾ ਉੱਤਰ ਪੱਛਮੀ ਕੈਂਬ੍ਰਿਜਸ਼ਾਇਰ ਸੀਟ ਤੋਂ ਅਤੇ ਗੋਆ ਮੂਲ ਦੇ ਸੁਏਲਾ ਬਰੇਵਰਮੈਨ ਵੀ ਫੇਅਰਹੈਮ ਤੋਂ ਚੋਣ ਜਿੱਤ ਗਏ ਹਨ। ਵੈਲੇਰੀ ਵਾਜ਼ ਵਾਲਸਾਲ ਦੱਖਣੀ ਸੀਟ ਤੋਂ ਚੋਣ ਜਿੱਤੀ ਹੈ। 1980 ਦੀ ਮਾਰਗ੍ਰੇਟ ਥੈਚਰ ਦੀ ਸਰਕਾਰ ਤੋਂ ਬਾਅਦ ਹੁਣ ਕਿਸੇ ਪਾਰਟੀ ਨੂੰ ਅਜਿਹਾ ਭਰਵਾਂ ਬਹੁਮਤ ਹਾਸਲ ਹੋਇਆ ਹੈ। ਜੇਤੂ ਰੈਲੀ ਨੂੰ ਸੰਬੋਧਨ ਕਰਦਿਆਂ ਬੋਰਿਸ ਜੌਹਨਸਨ (55) ਨੇ ਕਿਹਾ ਕਿ ਬਰਤਾਨੀਆ 'ਚ 'ਨਵਾਂ ਸੂਰਜ' ਚੜ੍ਹਿਆ ਹੈ ਤੇ ਬੇਸ਼ੱਕ ਇਸ ਨੇ 'ਬ੍ਰੈਗਜ਼ਿਟ' ਦੇ ਰਾਹ 'ਚ ਬਣਿਆ ਅੜਿੱਕਾ ਖ਼ਤਮ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਵੋਟਰਾਂ ਨੇ ਜੋ ਭਰੋਸਾ ਉਨ੍ਹਾਂ 'ਚ ਪ੍ਰਗਟ ਕੀਤਾ ਹੈ, ਉਹ ਉਸ ਨੂੰ ਤੋੜਨਗੇ ਨਹੀਂ। ਲੋਕਾਂ ਨੇ ਇਸ ਮੌਕੇ 'ਗੈੱਟ ਬ੍ਰੈਗਜ਼ਿਟ ਡਨ' ਦੇ ਨਾਅਰੇ ਵੀ ਮਾਰੇ। ਲੇਬਰ ਪਾਰਟੀ ਦੀ ਕਾਰਗੁਜ਼ਾਰੀ ਦਹਾਕਿਆਂ ਬਾਅਦ ਐਨੀ ਮਾੜੀ ਰਹੀ ਹੈ ਤੇ ਆਗੂ ਜੈਰੇਮੀ ਕੌਰਬਿਨ (70) ਨੇ ਅਹੁਦਾ ਤਿਆਗਣ ਦਾ ਐਲਾਨ ਕੀਤਾ ਹੈ। ਹਾਰ ਲਈ ਕੌਰਬਿਨ ਦੀ ਅਗਵਾਈ ਤੇ ਬ੍ਰੈਗਜ਼ਿਟ ਲਈ ਕੋਈ ਠੋਸ ਫੈਸਲਾ ਨਾ ਲੈ ਸਕੇ ਜਾਣ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ। ਯੂਕੇ ਦੇ ਭਾਰਤੀ ਭਾਈਚਾਰੇ ਨੇ ਜੌਹਨਸਨ ਦੀ ਜਿੱਤ ਦਾ ਸਵਾਗਤ ਕੀਤਾ ਹੈ। ਲੇਬਰ ਪਾਰਟੀ ਆਪਣੇ ਗੜ੍ਹਾਂ- ਉੱਤਰੀ ਇੰਗਲੈਂਡ, ਮਿਡਲੈਂਡਜ਼ ਤੇ ਵੇਲਸ ਵਿਚ ਹਾਰ ਗਈ ਹੈ। ਯੂਰਪੀਅਨ ਯੂਨੀਅਨ ਕੌਂਸਲ ਦੇ ਪ੍ਰਧਾਨ ਚਾਰਲਸ ਮਿਸ਼ੇਲ ਨੇ ਕਿਹਾ ਹੈ ਕਿ ਉਹ ਬ੍ਰੈਗਜ਼ਿਟ ਨਾਲ ਜੁੜੇ ਵਪਾਰਕ ਨੁਕਤਿਆਂ ਤੋਂ ਬਰਤਾਨੀਆ ਨਾਲ ਗੱਲਬਾਤ ਕਰਨ ਲਈ ਤਿਆਰ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਚੋਣਾਂ ਜਿੱਤਣ ਤੇ ਸੱਤਾ 'ਚ ਪਰਤਣ ਉਤੇ ਵਧਾਈ ਦਿੱਤੀ ਹੈ। ਮੋਦੀ ਨੇ ਕਿਹਾ ਕਿ ਉਹ ਦੁਵੱਲੇ ਰਿਸ਼ਤੇ ਮਜ਼ਬੂਤ ਕਰਨ ਲਈ ਜੌਹਨਸਨ ਨਾਲ ਕੰਮ ਕਰਨ ਬਾਰੇ ਉਤਸ਼ਾਹਿਤ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੇ ਸੰਸਾਰ ਦੇ ਕਈ ਹੋਰ ਚੋਟੀ ਦੇ ਆਗੂਆਂ ਨੇ ਵੀ ਜੌਹਨਸਨ ਨੂੰ ਵਧਾਈ ਦਿੱਤੀ ਹੈ।



## ਜੌਹਨਸਨ ਦੀ ਜਿੱਤ ਨਾਲ ਮੁਸਲਿਮ ਭਾਈਚਾਰੇ 'ਚ ਖੌਫ

**ਲੰਡਨ:** ਯੂਕੇ ਵਿਚ ਬਰਤਾਨਵੀ ਮੁਸਲਮਾਨਾਂ ਦੀ ਨੁਮਾਇੰਦਾ ਜਥੇਬੰਦੀ ਨੇ ਇਕ ਬਿਆਨ 'ਚ ਕਿਹਾ ਕਿ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਆਮ ਚੋਣਾਂ ਵਿਚ ਮਿਲੀ ਵੱਡੀ ਜਿੱਤ ਪਿਛੋਂ ਮੁਲਕ 'ਚ ਰਹਿੰਦੇ ਮੁਸਲਿਮ ਭਾਈਚਾਰੇ 'ਚ 'ਇਕ ਪ੍ਰਤੱਖ ਜਿਹਾ ਡਰ' ਹੈ। ਮੁਸਲਿਮ ਕੌਂਸਲ ਆਫ ਬ੍ਰਿਟੇਨ (ਐਮ.ਸੀ.ਬੀ.), ਜਿਸ ਨੇ ਜੌਹਨਸਨ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਦੇ ਮੁਸਲਿਮ ਵਿਰੋਧੀ ਵਤੀਰੇ ਦੀ ਮੁਕੰਮਲ ਜਾਂਚ ਕਰਾਉਣ ਦਾ ਸੱਦਾ ਦਿੱਤਾ ਸੀ, ਨੇ ਚੋਣ ਕੰਪੇਨ ਦੌਰਾਨ ਦਿੱਤੇ ਇਕ ਨਾਅਰੇ ਦਾ ਹਵਾਲਾ ਦਿੱਤਾ ਹੈ। ਜਥੇਬੰਦੀ ਮੁਤਾਬਕ ਹਾਊਸ ਆਫ ਕਾਮਨਜ਼ ਵਿਚ ਮਜ਼ਬੂਤ ਫਤਵਾ ਮਿਲਣ ਤੋਂ ਭਾਵ ਬ੍ਰੈਗਜ਼ਿਟ ਹੈ ਤੇ ਨਵੀਂ ਸਰਕਾਰ ਨੂੰ ਹੁਣ ਇਸਲਾਮਫੋਬੀਆ ਹੋ ਸਕਦਾ ਹੈ। ਐਮ.ਸੀ.ਬੀ. ਦੇ ਸਕੱਤਰ ਜਨਰਲ ਹਾਰੂਨ ਖਾਨ ਨੇ ਕਿਹਾ, 'ਸ੍ਰੀ ਜੌਹਨਸਨ ਕੋਲ ਪੂਰਨ ਬਹੁਮਤ ਹੈ, ਪਰ ਦੇਸ਼ ਵਿਚ ਰਹਿੰਦੇ ਮੁਸਲਿਮ ਭਾਈਚਾਰੇ 'ਚ ਖੌਫ ਦੀ ਪ੍ਰਤੱਖ ਭਾਵਨਾ ਹੈ।'

## ਪੰਜਾਬੀ ਮੂਲ ਦੇ ਪੰਜ ਉਮੀਦਵਾਰ ਸੰਸਦ ਮੈਂਬਰ ਬਣੇ

**ਜਲੰਧਰ:** ਬਰਤਾਨੀਆ ਦੀ ਸੰਸਦ ਲਈ ਚੁਣੇ ਗਏ ਮੈਂਬਰਾਂ 'ਚ ਪੰਜ ਜਣੇ ਪੰਜਾਬੀ ਮੂਲ ਦੇ ਹਨ। ਇਨ੍ਹਾਂ 'ਚੋਂ ਚਾਰ ਲੇਬਰ ਪਾਰਟੀ ਨਾਲ ਤੇ ਇਕ ਕੰਜ਼ਰਵੇਟਿਵ ਪਾਰਟੀ ਨਾਲ ਸਬੰਧਤ ਹੈ। ਪਹਿਲੇ ਦਸਤਾਰਧਾਰੀ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਤੇ ਪਹਿਲੀ ਸਿੱਖ ਔਰਤ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਮੁੜ ਚੋਣ ਜਿੱਤਣ 'ਚ ਕਾਮਯਾਬ ਹੋਏ ਹਨ। ਇਸੇ ਤਰ੍ਹਾਂ ਵਰਿੰਦਰ ਸ਼ਰਮਾ ਤੇ ਸੀਮਾ ਮਲਹੋਤਰਾ ਵੀ ਕਾਮਯਾਬ ਰਹੇ ਹਨ। ਇਨ੍ਹਾਂ ਸੰਸਦ ਮੈਂਬਰਾਂ ਦਾ ਪਿਛੋਕੜ ਜਲੰਧਰ ਜ਼ਿਲ੍ਹੇ ਨਾਲ ਹੈ। ਇਸੇ ਤਰ੍ਹਾਂ ਦਿੱਲੀ ਨਾਲ ਸਬੰਧਤ ਗਗਨ ਮੋਹਿੰਦਰਾ ਇਕਲੌਤਾ ਪੰਜਾਬੀ ਹੈ ਜੋ ਕੰਜ਼ਰਵੇਟਿਵ ਪਾਰਟੀ ਨਾਲ ਸਬੰਧਤ ਹੈ ਤੇ ਉਸ ਨੇ ਦੱਖਣੀ ਪੱਛਮੀ ਹਰਟਫੋਰਡਸ਼ਾਇਰ ਤੋਂ ਜਿੱਤ ਦਰਜ ਕੀਤੀ ਹੈ।

ਬਰਤਾਨੀਆ 'ਚ ਹੋਈਆਂ ਇਨ੍ਹਾਂ ਚੋਣਾਂ ਦੌਰਾਨ ਭਾਜਪਾ ਸਮਰਥਕਾਂ ਨੇ ਕਸ਼ਮੀਰ ਮੁੱਦੇ ਉਤੇ ਤਨਮਨਜੀਤ ਸਿੰਘ ਢੇਸੀ, ਪ੍ਰੀਤ ਕੌਰ ਗਿੱਲ ਅਤੇ ਸੀਮਾ ਮਲਹੋਤਰਾ ਦਾ ਜ਼ੋਰਦਾਰ ਵਿਰੋਧ ਕੀਤਾ ਸੀ, ਉਥੇ ਵੱਸਦੇ ਭਾਜਪਾ ਸਮਰਥਕਾਂ ਨੇ ਇਨ੍ਹਾਂ ਤਿੰਨਾਂ ਵਿਰੁੱਧ ਵੋਟ ਪਾਉਣ ਲਈ ਵੀ ਡੱਟ ਕੇ ਪ੍ਰਚਾਰ ਕੀਤਾ ਸੀ। ਤਨਮਨਜੀਤ ਸਿੰਘ ਢੇਸੀ ਦਾ ਤਾਂ ਕਸ਼ਮੀਰ ਮੁੱਦੇ ਬਾਰੇ ਤਿੱਖਾ ਵਿਰੋਧ ਪਹਿਲਾਂ ਹੀ ਕੀਤਾ ਜਾ ਰਿਹਾ ਸੀ। ਉਨ੍ਹਾਂ ਕਸ਼ਮੀਰੀਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਸੀ। ਢੇਸੀ ਨੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਉਤੇ ਸੰਸਦ 'ਚ ਉਸ ਵੇਲੇ ਵੀ ਤਿੱਖਾ ਹਮਲਾ ਕੀਤਾ ਸੀ ਜਦ ਉਨ੍ਹਾਂ ਨੇ ਨਸਲੀ ਟਿੱਪਣੀ ਕੀਤੀ ਸੀ। ਢੇਸੀ ਤੇ ਪ੍ਰੀਤ ਗਿੱਲ ਦੋਵੇਂ ਆਪਸ ਵਿਚ ਨੇੜਲੇ ਰਿਸ਼ਤੇਦਾਰ ਵੀ ਹਨ। ਤਨਮਨਜੀਤ ਸਿੰਘ ਦਾ ਪਿੰਡ ਜਲੰਧਰ ਜ਼ਿਲ੍ਹੇ ਵਿਚ ਰਾਏਪੁਰ ਹੈ। ਪ੍ਰੀਤ ਗਿੱਲ ਜਮਸ਼ੇਰ ਖੈੜਾ ਪਿੰਡ ਨਾਲ ਸਬੰਧ ਰੱਖਦੀ ਹੈ। ਉਨ੍ਹਾਂ ਦੇ ਪਿਤਾ ਦਲਜੀਤ ਸਿੰਘ ਸ਼ੇਰਗਿੱਲ 1962 'ਚ ਇੰਗਲੈਂਡ ਚਲੇ ਗਏ ਸਨ ਅਤੇ ਉਥੇ ਉਹ ਗੁਰਦੁਆਰਾ ਸਮੈਦਿਕ ਦੇ ਲੰਮੇ ਸਮੇਂ ਤੱਕ ਪ੍ਰਧਾਨ ਰਹੇ ਸਨ।

# ਐਮੀ ਬੇਰਾ ਏਸ਼ੀਆ ਕਮੇਟੀ ਦੇ ਚੇਅਰਮੈਨ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਐਮੀ ਬੇਰਾ ਨੂੰ ਕਾਂਗਰਸ ਦੀ ਅਹਿਮ ਸਬ ਕਮੇਟੀ ਦਾ ਚੇਅਰਮੈਨ ਲਾਇਆ ਗਿਆ ਹੈ ਅਤੇ ਭਾਰਤ ਵੀ ਇਸ ਦੇ ਅਧੀਨ ਆਉਂਦਾ ਹੈ। ਕੈਲੀਫੋਰਨੀਆ ਤੋਂ ਚੌਥੀ ਵਾਰ ਕਾਂਗਰਸ ਦੇ ਡੈਮੋਕਰੈਟਿਕ ਮੈਂਬਰ ਬੇਰਾ ਸ੍ਰੀ ਬਰਾਡ ਸ਼ੇਰਮਨ ਦੀ ਥਾਂ ਲੈਣਗੇ। ਇਸ ਕਮੇਟੀ ਦੇ ਅਧਿਕਾਰ ਖੇਤਰ ਵਿਚ ਏਸ਼ੀਆ, ਪ੍ਰਸ਼ਾਂਤ ਖੇਤਰ ਅਤੇ ਗੈਰਅਪਸਾਰ ਵਰਗੇ ਅਹਿਮ ਖੇਤਰ ਹਨ।

ਸ੍ਰੀ ਬੇਰਾ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਨ੍ਹਾਂ ਨੂੰ ਏਸ਼ੀਆ ਬਾਰੇ ਅਹਿਮ ਸਬ ਕਮੇਟੀ ਦੀ ਚੇਅਰਮੈਨਸ਼ਿਪ ਕਰਨ ਦਾ ਮੌਕਾ ਮਿਲਿਆ ਹੈ। ਏਸ਼ੀਆ ਦੁਨੀਆਂ ਦੇ ਅਤਿ ਅਹਿਮ ਪਰਮਾਣਿਕ ਖਿੱਤਿਆਂ 'ਚੋਂ ਇਕ ਹੈ, ਜਿਸ ਨਾਲ ਅਮਰੀਕਾ ਦੇ ਮਜ਼ਬੂਤ ਤੇ ਡੂੰਘੇ ਸਬੰਧ ਹਨ। ਉਨ੍ਹਾਂ ਦੀ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਇਸ ਖਿੱਤੇ ਵਿਚ ਅਮਰੀਕਾ ਦੇ ਭਾਈਵਾਲਾਂ ਨੂੰ ਕਿਸ ਤਰ੍ਹਾਂ ਮਜ਼ਬੂਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਅਮਰੀਕਾ ਇਥੇ ਆਪਣੇ ਹਿੱਤਾਂ ਲਈ ਸਰਗਰਮੀਆਂ ਕਰਨ ਸਮੇਂ ਮਨੁੱਖੀ ਅਧਿਕਾਰਾਂ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਪ੍ਰਤੀ ਪਾਬੰਦ ਰਹੇਗਾ ਅਤੇ ਖਿੱਤੇ ਦੀ ਸਦੀਵੀ ਸਥਿਰਤਾ ਅਮਰੀਕਾ ਲਈ ਅਹਿਮ ਹੈ।


ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਮਿਸ਼ੀਗਨ)

48055 E. Michigan Ave., Canton, MI 48188 (Ph: 734-322-0211)

ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਲਾਸਾਨੀ ਸ਼ਹਾਦਤ ਨੂੰ ਕੋਟਾਨਿ ਕੋਟਿ ਪ੍ਰਣਾਮ

ਸ਼ਹੀਦੀ ਪੁਰਬ ਸਮਾਗਮ

28 ਦਸੰਬਰ 2019 (ਸਨਿਚਰਵਾਰ)

ਦਸਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਜਦਾ ਕਰਨ ਲਈ ਹਰ ਸਾਲ ਦੀ ਤਰ੍ਹਾਂ 28 ਦਸੰਬਰ 2019, ਸਨਿਚਰਵਾਰ ਨੂੰ ਸ਼ਹੀਦ ਪੁਰਬ ਮਨਾਇਆ ਜਾ ਰਿਹਾ ਹੈ

ਪ੍ਰੋਗਰਾਮ ਦਾ ਵੇਰਵਾ

26 ਦਸੰਬਰ 2019 (ਵੀਰਵਾਰ) ਅਰੰਭ ਸ੍ਰੀ ਅਖੰਡ ਪਾਠ ਸਵੇਰੇ 5 ਵਜੇ
28 ਦਸੰਬਰ 2019 (ਸਨਿਚਰਵਾਰ) ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਉਪਰੰਤ ਕੀਰਤਨੀ ਜਥੇ ਅਤੇ ਢਾਡੀ ਜਥੇ ਸ਼ਾਮ 4 ਵਜੇ ਤੱਕ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਸ਼ਹੀਦੀ ਵਾਰਾਂ ਸਰਵਣ ਕਰਵਾਉਣਗੇ।



ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ ਪਹੁੰਚ ਕੇ ਅਤੇ ਸੇਵਾ ਕਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਸੇਵਾ ਅਤੇ ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:
ਫੋਨ: 734-637-4217 ਜਾਂ 734-732-7997

ਵਲੋਂ: ਸਮੂਹ ਸਾਧ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ



# The Law Firm
## Of Fatima Johnson

3737 N. Meridian St., Ste 106, Indianapolis, IN 46208

vitalvisa
THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੁਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

*We are experienced in.*

- Deportation Defense
- VAWA
- Asylum
- Work Permit
- Family and Marriage Based
- Investor Visa (H1B, E-2, EB-5)
- SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

*Licensed to Practice Immigration Law in all 50 States.*

**Ph: 317-252-0013**

info@vitalvisa.com

**This is an attorney advertisement**




## BTS Truck Shop Major & Minor Work
@ 39115 Maple Ave., Wayne, MI 48184

## Hiring Owner operator & Drivers

### Long and local route

Driver rate 45 to 55 cents per mile

Owner operator (Own truck/trailer & insurance) will be paid 92% after 8% dispatch. If company trailer used then will 80% gross.

Fuel discount: Pilot, Fly J, TA and Petro will pay 25 to 40 cents per gallon.

Direct deposit also available.

*For more information please contacts:*

Rusty Singh 734-233-8464
Dave Aujla 734-419-1408

# ਗੁਰਦੁਆਰਾ ਸਿੰਘ ਸਭਾ ਆਫ ਮਿਸ਼ੀਗਨ, ਕੈਂਟਨ

3310 S Canton Center Rd, Canton, MI 48188; Phone: (734) 397-7281

ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਦੀ ਨਿੱਘੀ ਯਾਦ ਵਿਚ

## ਸ਼ਹੀਦੀ ਸਮਾਗਮ

**29 ਦਸੰਬਰ 2019 (ਐਤਵਾਰ)**

ਭੋਗ ਸਹਿਜ ਪਾਠ ਸਵੇਰੇ 9:30 ਵਜੇ
ਉਪਰੰਤ ਕੀਰਤਨ ਤੇ ਢਾਡੀ ਦਰਬਾਰ ਸਜਣਗੇ



31 ਦਸੰਬਰ 2019 (ਮੰਗਲਵਾਰ) ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪਰੰਤ 12 ਵਜੇ ਤੱਕ ਕੀਰਤਨ ਅਤੇ ਢਾਡੀ ਦਰਬਾਰ ਸਜਣਗੇ

## ਪ੍ਰਕਾਸ਼ ਪੁਰਬ ਗੁਰੂ ਗੋਬਿੰਦ ਸਿੰਘ ਜੀ - 5 ਜਨਵਰੀ 2019 (ਐਤਵਾਰ)

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਪ੍ਰਕਾਸ਼ ਪੁਰਬ 5 ਜਨਵਰੀ 2019 (ਐਤਵਾਰ) ਨੂੰ ਮਨਾਇਆ ਜਾਵੇਗਾ। ਸਹਿਜ ਪਾਠ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਣਗੇ ਅਤੇ ਭਾਈ ਜਗਤਾਰ ਸਿੰਘ ਜਾਚਕ ਗੁਰਮਤਿ ਵਿਚਾਰਾਂ ਕਰਨਗੇ।

ਨੋਟ: ਭਾਈ ਜਗਤਾਰ ਸਿੰਘ ਜਾਚਕ 3, 4 ਅਤੇ 5 ਜਨਵਰੀ 2020 ਨੂੰ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ।

*ਆਪ ਜੀ ਨੂੰ ਬੇਨਤੀ ਹੈ ਕਿ ਹੁਮ-ਹੁਮਾ ਕੇ ਦਰਸ਼ਨ ਦਿਓ ਜੀ*

# ਬਾਦਲਾਂ ਹੱਥ ਹੀ ਰਹੇਗੀ ਅਕਾਲੀ ਦਲ ਦੀ ਕਮਾਨ, ਸੁਖਬੀਰ ਮੁੜ ਪ੍ਰਧਾਨ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ 99ਵੇਂ ਸਥਾਪਨਾ ਦਿਵਸ ਮੌਕੇ ਡੈਲੀਗੇਟ ਇਜਲਾਸ ਵਿਚ ਸੁਖਬੀਰ ਸਿੰਘ ਬਾਦਲ ਨੂੰ ਮੁੜ ਤੀਜੀ ਵਾਰ ਸਰਬਸੰਮਤੀ ਨਾਲ ਪਾਰਟੀ ਦਾ ਪ੍ਰਧਾਨ ਚੁਣਿਆ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਡੈਲੀਗੇਟ ਇਜਲਾਸ ਦੌਰਾਨ ਸਰਬਸੰਮਤੀ ਨਾਲ ਸੁਖਬੀਰ ਸਿੰਘ ਬਾਦਲ ਨੂੰ ਅਗਲੇ ਪੰਜ ਸਾਲਾਂ ਵਾਸਤੇ ਪਾਰਟੀ ਦਾ ਤੀਜੀ ਵਾਰ ਮੁੜ ਪ੍ਰਧਾਨ ਚੁਣਿਆ ਹੈ।

ਇਜਲਾਸ ਦੌਰਾਨ ਸੁਖਬੀਰ ਸਿੰਘ ਬਾਦਲ ਦੇ ਮੁਕਾਬਲੇ ਪ੍ਰਧਾਨ ਦੇ ਉਮੀਦਵਾਰ ਵਾਸਤੇ ਕੋਈ ਹੋਰ ਨਾਂ ਸਾਹਮਣੇ ਨਾ ਆਉਣ ਉਤੇ ਚੋਣ ਨਿਗਰਾਨ ਬਣੇ ਬਲਵਿੰਦਰ ਸਿੰਘ ਭੂੰਦੜ ਨੇ ਉਨ੍ਹਾਂ ਨੂੰ ਪਾਰਟੀ ਪ੍ਰਧਾਨ ਐਲਾਨਿਆ। ਇਸ ਤੋਂ ਪਹਿਲਾਂ ਜਥੇਦਾਰ ਤੋਤਾ ਸਿੰਘ ਨੇ ਪ੍ਰਧਾਨ ਦੇ ਉਮੀਦਵਾਰ ਵਜੋਂ ਸੁਖਬੀਰ ਸਿੰਘ ਬਾਦਲ ਦਾ ਨਾਂ ਪੇਸ਼ ਕੀਤਾ, ਜਿਸ ਦੀ ਤਾਈਦ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਤਾਈਦ ਮਜੀਦ ਜਗਮੀਤ ਸਿੰਘ ਬਰਾੜ ਨੇ ਕੀਤੀ। ਤੀਜੀ ਵਾਰ ਪ੍ਰਧਾਨ ਚੁਣੇ ਜਾਣ ਉਤੇ ਇਜਲਾਸ ਵਿਚ ਹਾਜ਼ਰ ਡੈਲੀਗੇਟਾਂ ਨੇ ਜੈਕਾਰਿਆਂ ਅਤੇ ਸਿਰੋਪਾਉ ਨਾਲ ਸ੍ਰੀ ਬਾਦਲ ਦਾ ਸਨਮਾਨ ਕੀਤਾ।

ਪ੍ਰਧਾਨ ਚੁਣੇ ਜਾਣ ਮਗਰੋਂ ਡੈਲੀਗੇਟਾਂ ਦਾ ਧੰਨਵਾਦ ਕਰਦਿਆਂ ਸ੍ਰੀ ਬਾਦਲ ਨੇ ਭਰੋਸਾ ਦਿੱਤਾ ਕਿ ਉਹ ਪਾਰਟੀ ਹਿੱਤਾਂ ਨੂੰ ਹਮੇਸ਼ਾ ਉਪਰ ਰੱਖਣਗੇ ਅਤੇ ਇਨ੍ਹਾਂ ਦੀ ਪੂਰਤੀ ਲਈ ਕਦੇ ਵੀ ਪਿੱਛੇ ਨਹੀਂ ਹਟਣਗੇ। ਇਸ ਮੌਕੇ ਉਨ੍ਹਾਂ ਡੈਲੀਗੇਟਾਂ ਨੂੰ ਮਿਸ਼ਨ 2022 ਦੀ ਜਾਣਕਾਰੀ ਦਿੰਦਿਆਂ ਮੁੜ ਅਕਾਲੀ ਸਰਕਾਰ ਸਥਾਪਤ ਕਰਨ ਲਈ ਅਗਲੇ ਦੋ ਸਾਲ ਪਾਰਟੀ ਵਾਸਤੇ ਜੀਅ ਜਾਨ ਨਾਲ ਡਟਣ ਦਾ ਸੱਦਾ ਦਿੱਤਾ। ਟਕਸਾਲੀਆਂ ਬਾਰੇ ਗੱਲ ਕਰਦਿਆਂ ਬਿਨਾਂ ਕਿਸੇ ਦਾ ਨਾਂ ਲਏ ਉਨ੍ਹਾਂ ਆਖਿਆ ਕਿ ਟਕਸਾਲੀ ਉਹ ਹਨ, ਜੋ ਪਾਰਟੀ ਨਾਲ ਪੱਕੇ ਤੌਰ ਉਤੇ ਖੜ੍ਹੇ ਹਨ ਅਤੇ ਨਿੱਜੀ ਮੁਫਾਦਾਂ ਤੋਂ ਉਪਰ ਉਠ ਕੇ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਧੜਿਆਂ ਬਾਰੇ ਸੋਚ ਕੇ ਆਪਣੀ ਸ਼ਕਤੀ ਵਿਅਰਥ ਕਰਨ ਦੀ ਥਾਂ ਉਹ ਪਾਰਟੀ ਨੂੰ ਹੋਰ ਬੁਲੰਦੀ ਵੱਲ ਲਿਜਾਣ ਲਈ ਸੋਚਣਗੇ। ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੇ ਪਾਰਟੀ ਪ੍ਰਤੀ ਕੀਤੇ ਕੰਮਾਂ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਨੇ ਆਪਣੇ ਜੀਵਨ ਦਾ ਵਧੇਰਾ ਸਮਾਂ ਪਾਰਟੀ ਲਈ ਕੰਮ ਕੀਤਾ ਹੈ।

ਉਨ੍ਹਾਂ ਕਿਹਾ ਕਿ ਪਾਰਟੀ ਦਾ ਮੁੱਖ ਏਜੰਡਾ ਦੇਸ਼ ਅਤੇ ਸੂਬੇ ਦੀ ਤਰੱਕੀ ਹੈ ਪਰ ਸੂਬਾ ਤਾਂ ਹੀ ਤਰੱਕੀ ਕਰ ਸਕਦਾ ਹੈ ਅਤੇ ਖੁਸ਼ਹਾਲ ਹੋ ਸਕਦਾ ਹੈ, ਜੇ ਸੂਬੇ ਕੋਲ ਵਧੇਰੇ ਹੱਕ ਹੋਣ। ਉਨ੍ਹਾਂ ਨੇ ਸੰਘੀ ਢਾਂਚੇ ਦੀ ਸਥਾਪਤੀ ਦੀ ਮੰਗ ਕੀਤੀ। ਨਾਗਰਿਕਤਾ ਬਿੱਲ ਬਾਰੇ ਉਨ੍ਹਾਂ ਕਿਹਾ ਕਿ ਪਾਰਟੀ ਨੇ ਬਿੱਲ ਦਾ ਸਮਰਥਨ ਕੀਤਾ ਹੈ ਪਰ ਬਿੱਲ ਵਿਚ ਮੁਸਲਿਮ ਭਾਈਚਾਰੇ ਦਾ ਨਾਂ ਸ਼ਾਮਲ ਕਰਨ ਲਈ ਵੀ ਆਖਿਆ ਹੈ। ਉਨ੍ਹਾਂ ਕਾਂਗਰਸ ਨੂੰ ਵੀ ਕਰੜੇ ਹੱਥੀਂ ਲੈਂਦਿਆਂ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਤੇ ਦੋਸ਼ ਲਾਇਆ ਕਿ ਗੁਟਕੇ ਦੀ ਸਹੁੰ ਚੁੱਕ ਕੇ ਵੀ ਸੂਬੇ ਦਾ ਕੋਈ ਫਿਕਰ ਨਹੀਂ ਕੀਤਾ।

ਚੋਣ ਪਿਛੋਂ ਸੁਖਬੀਰ ਸਿੰਘ ਬਾਦਲ ਸਮੂਹ ਆਗੂਆਂ ਤੇ ਡੈਲੀਗੇਟਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ੁਕਰਾਨੇ ਵਜੋਂ ਮੱਥਾ ਵੀ ਟੇਕਿਆ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਉਨ੍ਹਾਂ ਨਾਲ ਸਨ। ਇਜਲਾਸ 'ਚ 500 ਤੋਂ ਵੱਧ ਡੈਲੀਗੇਟ ਹਾਜ਼ਰ ਹੋਏ, ਪਰ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨਹੀਂ ਪੁੱਜੇ, ਉਨ੍ਹਾਂ ਦਾ ਡੈਲੀਗੇਟਾਂ ਪ੍ਰਤੀ ਸੁਨੇਹਾ ਪੜ੍ਹ ਕੇ ਸੁਣਾਇਆ ਗਿਆ।



## ਪਾਰਟੀ ਸੰਵਿਧਾਨ 'ਚ ਸੋਧਾਂ ਨੂੰ ਪ੍ਰਵਾਨਗੀ

**ਅੰਮ੍ਰਿਤਸਰ:** ਪਾਰਟੀ ਦੇ ਸਕੱਤਰ ਜਨਰਲ ਡਾ. ਦਲਜੀਤ ਸਿੰਘ ਚੀਮਾ ਨੇ ਇਜਲਾਸ ਦੀ ਕਾਰਵਾਈ ਦੀ ਸ਼ੁਰੂ ਕਰਦਿਆਂ ਪਾਰਟੀ ਦੇ ਸੰਵਿਧਾਨ ਵਿਚ ਕੁਝ ਸੋਧਾਂ ਅਤੇ ਵਿੱਤੀ ਮਾਮਲਿਆਂ ਦੀ ਰਿਪੋਰਟ ਆਦਿ ਨੂੰ ਇਜਲਾਸ 'ਚ ਰੱਖਿਆ, ਜਿਸ ਨੂੰ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨਗੀ ਦਿੱਤੀ ਗਈ। ਸੰਵਿਧਾਨ 'ਚ ਕੀਤੀ ਸੋਧ ਮੁਤਾਬਕ ਹੁਣ ਪਾਰਟੀ ਦੇ ਅਹੁਦੇਦਾਰਾਂ ਦੀ ਗਿਣਤੀ ਵਧਾ ਕੇ 74 ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਤਹਿਤ ਸਰਪ੍ਰਸਤ ਅਤੇ ਪ੍ਰਧਾਨ ਤੋਂ ਬਾਅਦ 8 ਸੀਨੀਅਰ ਮੀਤ ਪ੍ਰਧਾਨ, 12 ਜੂਨੀਅਰ ਮੀਤ ਪ੍ਰਧਾਨ, ਸਕੱਤਰ ਜਨਰਲ ਇਕ ਅਤੇ 8 ਸਕੱਤਰ ਸਮੇਤ ਕੁਲ 74 ਅਹੁਦੇਦਾਰ ਹੋਣਗੇ। ਵਰਕਿੰਗ ਕਮੇਟੀ ਮੈਂਬਰਾਂ ਦੀ ਗਿਣਤੀ 101 ਹੋਵੇਗੀ। ਸਰਕਲ ਇਕਾਈ ਦੀ ਥਾਂ ਹੁਣ ਪਿੰਡਾਂ ਵਿਚ 25 ਹਜ਼ਾਰ ਵੋਟਾਂ ਤੱਕ ਨੂੰ ਇਕ ਇਕਾਈ ਬਣਾਇਆ ਜਾਵੇਗਾ। 50 ਹਜ਼ਾਰ ਵੋਟਾਂ ਵਾਲੇ ਕਸਬਿਆਂ ਵਿਚ ਸ਼ਹਿਰੀ ਪ੍ਰਧਾਨ ਨਿਯੁਕਤ ਹੋਵੇਗਾ। ਇਸੇ ਤਰ੍ਹਾਂ 50 ਹਜ਼ਾਰ ਵੋਟਾਂ ਵਾਲੇ ਸ਼ਹਿਰਾਂ 'ਚ ਚਾਰ ਵਾਰਡਾਂ ਨੂੰ ਇਕੱਠਾ ਕਰ ਕੇ ਪ੍ਰਧਾਨ ਬਣਾਇਆ ਜਾਵੇਗਾ।

## ਡੈਲੀਗੇਟ ਇਜਲਾਸ ਦੌਰਾਨ 15 ਮਤੇ ਪਾਸ

**ਅੰਮ੍ਰਿਤਸਰ:** ਡੈਲੀਗੇਟ ਇਜਲਾਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ 15 ਮਤੇ ਪਾਸ ਕੀਤੇ। ਇਹ ਮਤੇ ਜਥੇਬੰਦੀ ਦੇ ਵੱਖ ਵੱਖ ਆਗੂਆਂ ਨੇ ਪੜ੍ਹੇ। ਇਕ ਮਤੇ ਰਾਹੀਂ ਸੂਬੇ ਦੀ ਕਾਂਗਰਸ ਸਰਕਾਰ ਉਤੇ ਚੋਣ ਮਨੋਰਥ ਪੱਤਰ ਨੂੰ ਲਾਗੂ ਨਾ ਕਰਨ ਦਾ ਦੋਸ਼ ਲਾਉਂਦਿਆਂ ਚੋਣ ਕਮਿਸ਼ਨ ਤੋਂ ਕਾਂਗਰਸ ਸਰਕਾਰ ਦੀ ਮਾਨਤਾ ਰੱਦ ਕਰਨ ਦੀ ਮੰਗ ਕੀਤੀ ਗਈ। ਹੋਰ ਮਤਿਆਂ ਰਾਹੀਂ ਕੇਂਦਰ ਸਰਕਾਰ ਕੋਲੋਂ ਹਰਿਆਣਾ, ਹਿਮਾਚਲ, ਦਿੱਲੀ ਅਤੇ ਹੋਰ ਪੰਜਾਬੀ ਵਸੋਂ ਵਾਲੇ ਸੂਬਿਆਂ 'ਚ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਸਨਮਾਨ ਦਿਵਾਉਣ ਲਈ ਉਪਰਾਲੇ ਕਰਨ ਤੋਂ ਇਲਾਵਾ ਗੁਰਦੁਆਰਾ ਗਿਆਨ ਗੋਦੜੀ, ਗੁਰਦੁਆਰਾ ਡਾਂਗਮਾਰ, ਗੁਰਦੁਆਰਾ ਬਾਵਲੀ ਮੱਠ, ਮੰਗੂ ਮੱਠ, ਪੰਜਾਬੀ ਮੱਠ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਦੀ ਮੰਗ ਕੀਤੀ ਗਈ। ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਖਤਮ ਕਰ ਕੇ ਉਸ ਦੀ ਰਿਹਾਈ ਅਤੇ ਰਜੀਵ ਗਾਂਧੀ ਨੂੰ ਦਿੱਤਾ ਭਾਰਤ ਰਤਨ ਐਵਾਰਡ ਵਾਪਸ ਲੈਣ, ਪਾਣੀਆਂ ਦੀ ਵੰਡ ਬਾਰੇ ਫੈਸਲਾ ਰਿਪੇਰੀਅਨ ਕਾਨੂੰਨ ਮੁਤਾਬਕ ਕਰਨ ਦੀ ਮੰਗ ਕੀਤੀ ਗਈ।

## ਢੀਂਡਸਾ ਪਰਿਵਾਰ ਦੀ ਗੈਰਹਾਜ਼ਰੀ ਰੜਕੀ

**ਅੰਮ੍ਰਿਤਸਰ:** ਸਥਾਪਨਾ ਦਿਵਸ ਸਮਾਗਮ ਵਿਚ ਢੀਂਡਸਾ ਪਰਿਵਾਰ ਦੀ ਗੈਰਹਾਜ਼ਰੀ ਰੜਕਦੀ ਰਹੀ। ਖਾਸ ਕਰ ਕੇ ਪਰਮਿੰਦਰ ਸਿੰਘ ਢੀਂਡਸਾ ਵੀ ਸਮਾਗਮ ਵਿਚ ਨਹੀਂ ਸ਼ਾਮਲ ਹੋਏ, ਜਿਸ ਬਾਰੇ ਮਗਰੋਂ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਪਰਮਿੰਦਰ ਸਿੰਘ ਢੀਂਡਸਾ ਨੂੰ ਕੋਈ ਜ਼ਰੂਰੀ ਕੰਮ ਸੀ ਅਤੇ ਸਮਾਗਮ 'ਚ ਨਾ ਆਉਣ ਸਬੰਧੀ ਉਸ ਨੇ ਅਗਾਊਂ ਪ੍ਰਵਾਨਗੀ ਲਈ ਸੀ। ਉਨ੍ਹਾਂ ਦਾਅਵਾ ਕੀਤਾ ਕਿ ਸ੍ਰੀ ਢੀਂਡਸਾ ਪੂਰੀ ਤਰ੍ਹਾਂ ਪਾਰਟੀ ਦੇ ਨਾਲ ਹਨ।

# ਸਿੱਖ ਸੰਸਥਾਵਾਂ ਨੂੰ ਬਾਦਲਾਂ ਤੋਂ ਆਜ਼ਾਦ ਕਰਵਾਉਣ ਲਈ ਇਕਜੁਟਤਾ ਦਾ ਸੱਦਾ

**ਅੰਮ੍ਰਿਤਸਰ:** ਬਾਦਲਾਂ ਤੋਂ ਨਾਰਾਜ਼ ਅਕਾਲੀ ਦਲਾਂ ਦੇ ਆਗੂਆਂ ਨੇ ਇਕ ਮੰਚ ਉਤੇ ਇਕੱਠੇ ਹੋ ਕੇ ਸ਼੍ਰੋਮਣੀ ਅਕਾਲੀ ਦਲ ਦਾ ਸਥਾਪਨਾ ਦਿਵਸ ਮਨਾਇਆ। ਇਨ੍ਹਾਂ ਆਗੂਆਂ ਨੇ ਸੱਦਾ ਦਿੱਤਾ ਕਿ ਇਕਜੁੱਟ ਹੋ ਕੇ ਇਕ ਹੋਰ ਗੁਰਦੁਆਰਾ ਸੁਧਾਰ ਲਹਿਰ ਚਲਾਈ ਜਾਵੇ ਜਿਸ ਤਹਿਤ ਬਾਦਲ ਪਰਿਵਾਰ ਕੋਲੋਂ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਆਜ਼ਾਦ ਕਰਵਾਇਆ ਜਾਵੇ।

ਚੀਫ ਖਾਲਸਾ ਦੀਵਾਨ ਦੇ ਪ੍ਰਬੰਧ ਹੇਠ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਮਜੀਠਾ ਰੋਡ ਦੇ ਵਿਹੜੇ ਵਿਚ ਪਾਰਟੀ ਦਾ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਤੋਂ ਨਿਰਾਸ਼ ਆਗੂ ਮੰਚ ਉਤੇ ਪੁੱਜੇ ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਮੁਖੀ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ, ਬੀਰ ਦਵਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ, ਅਕਾਲੀ ਦਲ 1920 ਦੇ ਮੁਖੀ ਰਵੀਇੰਦਰ ਸਿੰਘ, ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਹਰਵਿੰਦਰ ਸਿੰਘ ਸਰਨਾ, ਜਾਗੋ ਪਾਰਟੀ ਦੇ ਮੁਖੀ ਅਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ, ਸਾਬਕਾ ਅਕਾਲੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਫੈਡਰੇਸ਼ਨ ਦੇ ਸਾਬਕਾ ਆਗੂ ਕਰਨੈਲ ਸਿੰਘ ਪੀਰ ਮੁਹੰਮਦ, ਬਾਦਲ ਪਰਿਵਾਰ ਨਾਲ ਸਬੰਧਤ ਹਰਸੁਖਇੰਦਰ ਸਿੰਘ ਬੱਬੀ ਬਾਦਲ, ਚੀਫ ਖਾਲਸਾ ਦੀਵਾਨ ਦੇ ਸਾਬਕਾ ਆਨਰੇਰੀ ਸਕੱਤਰ ਭਾਗ ਸਿੰਘ ਅਣਖੀ ਅਤੇ ਹੋਰ ਫੈਡਰੇਸ਼ਨਾਂ ਤੇ ਜਥੇਬੰਦੀਆਂ ਦੇ ਆਗੂ ਸ਼ਾਮਲ ਸਨ।

ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਪਾਰਟੀ ਵਿਚ ਪਰਿਵਾਰਵਾਦ ਨੂੰ ਉਤਸ਼ਾਹਿਤ ਕੀਤਾ ਹੈ ਜਿਸ ਨਾਲ ਪਾਰਟੀ ਪ੍ਰਭਾਵਿਤ ਹੋਈ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਬਚਾਉਣ ਲਈ ਪਾਰਟੀ ਨੂੰ ਬਾਦਲਾਂ ਤੋਂ ਮੁਕਤ ਕਰਨ ਦੀ ਲੋੜ ਹੈ। ਆਪਣੇ ਆਪ ਨੂੰ ਅਕਾਲੀ ਆਗੂ ਆਖਦਿਆਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੁਣ ਉਹ ਪੁਰਾਤਨ ਪਾਰਟੀ ਨਹੀਂ ਰਹੀ, ਇਸ ਵਿਚ ਸੁਧਾਰ ਲਿਆਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੋਵਾਂ ਨੂੰ ਬਾਦਲ ਪਰਿਵਾਰ ਤੋਂ ਮੁਕਤ ਕਰਾਉਣ ਦੀ ਲੋੜ ਹੈ। ਇਸ ਵੇਲੇ ਸਿੱਖ ਸੰਸਥਾਵਾਂ ਦੀ ਮਾਣ ਮਰਿਆਦਾ ਨੂੰ ਮੁੜ ਬਹਾਲ ਕਰਨ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਉਹ ਭਵਿੱਖ ਵਿਚ ਕੋਈ ਚੋਣ ਨਹੀਂ ਲੜਨਗੇ ਅਤੇ ਆਪਣਾ ਸਮੁੱਚਾ ਸਮਾਂ ਪਾਰਟੀ ਦੀ ਮੁੜ ਸੁਰਜੀਤੀ ਤੇ ਮਜ਼ਬੂਤੀ ਨੂੰ ਸਮਰਪਿਤ ਕਰਨਗੇ।

ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸਮੂਹ ਧੜਿਆਂ ਨੂੰ ਇਕਜੁੱਟ ਹੋਣ ਅਤੇ ਗੁਰਦੁਆਰਿਆਂ ਨੂੰ ਬਾਦਲਾਂ ਦੇ ਕਬਜ਼ੇ ਵਿਚੋਂ ਛੁਡਾਉਣ ਦਾ ਹੋਕਾ ਦਿੱਤਾ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਆਖਿਆ ਕਿ ਦਿੱਲੀ ਦੇ ਲੋਕ ਬਾਦਲਾਂ ਤੋਂ ਤੰਗ ਹਨ। ਪਿਛਲੀਆਂ ਚੋਣਾਂ ਵਿਚ ਉਨ੍ਹਾਂ ਨੂੰ ਪ੍ਰਚਾਰ ਵੇਲੇ ਬਾਦਲ ਦੀ ਫੋਟੋ ਤੱਕ ਹਟਾਉਣੀ ਪਈ ਸੀ। ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਦੋਸ਼ ਲਾਇਆ ਕਿ ਇਸ ਵੇਲੇ ਸਿੱਖ ਸੰਸਥਾਵਾਂ ਅਤੇ ਇਨ੍ਹਾਂ ਦੇ ਟਰੱਸਟ ਬਾਦਲ ਦੇ ਕਬਜ਼ੇ ਹੇਠ ਹਨ ਜਿਨ੍ਹਾਂ ਦੀ ਨਿੱਜੀ ਹਿੱਤਾਂ ਲਈ ਦੁਰਵਰਤੋਂ ਹੋ ਰਹੀ ਹੈ।

ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਨੇ ਸਮੂਹ ਧੜਿਆਂ ਅਤੇ ਅਕਾਲੀ ਆਗੂਆਂ ਨੂੰ ਸੱਦਾ ਦਿੱਤਾ ਕਿ ਉਹ ਇਕ ਮੰਚ ਉਤੇ ਇਕੱਠੇ ਹੋਣ ਤਾਂ ਜੋ ਬਾਦਲਾਂ ਨੂੰ ਭਾਂਜ ਦਿੱਤੀ ਜਾ ਸਕੇ।



## ਬਾਦਲ ਵਿਰੋਧੀਆਂ ਵੱਲੋਂ ਅੱਠ ਮਤੇ ਪਾਸ

**ਅੰਮ੍ਰਿਤਸਰ:** ਕਾਨਫਰੰਸ 'ਚ 8 ਮਤਿਆਂ ਵਾਲੀਆਂ ਕਾਪੀਆਂ ਪੱਤਰਕਾਰਾਂ ਨੂੰ ਵੰਡੀਆਂ ਗਈਆਂ, ਜਿਸ 'ਚ ਸ਼੍ਰੋਮਣੀ ਕਮੇਟੀ ਦਾ ਸਿਆਸੀਕਰਨ ਕਰਨ, ਅਕਾਲ ਤਖਤ ਤੋਂ ਰਾਮ ਰਹੀਮ ਨੂੰ ਮੁਆਫੀ ਦੇਣ, ਬਰਗਾੜੀ ਤੇ ਬਹਿਬਲ ਕਲਾਂ ਕਾਂਡ ਦੀ ਨਿਖੇਧੀ ਕੀਤੀ ਗਈ ਤੇ ਦੋਸ਼ੀਆਂ ਖਿਲਾਫ ਕਾਰਵਾਈ ਨਾ ਕਰਨ ਉਤੇ ਕੈਪਟਨ ਸਰਕਾਰ ਨੂੰ ਬਰਾਬਰ ਦਾ ਜ਼ਿੰਮੇਵਾਰ ਦੱਸਿਆ ਗਿਆ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ, ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੇ ਆਧਾਰਿਤ ਰਾਜਾਂ ਨੂੰ ਸ਼ਕਤੀਆਂ ਦੇਣ, ਚੰਡੀਗੜ੍ਹ ਤੇ ਹੋਰ ਪੰਜਾਬੀ ਬੋਲਦੇ ਇਲਾਕੇ ਹਾਸਲ ਕਰਨ ਲਈ ਸੰਘਰਸ਼ ਵਿੱਢਣ, ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕਰਨ ਦੀ ਨਿੰਦਾ ਕਰਦੇ ਹੋਏ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਇੰਨ ਬਿੰਨ ਲਾਗੂ ਕਰਨ, ਕਿਸਾਨਾਂ ਦੇ ਕਰਜ਼ੇ ਮੁਆਫ ਕਰਨ, ਬੀਜਾਂ ਦੀਆਂ ਕੀਮਤਾਂ ਵਿਚ ਕਟੌਤੀ ਕਰਨ ਦੀ ਮੰਗ ਕੀਤੀ। ਸ਼੍ਰੋਮਣੀ ਅਕਾਲੀ ਦਲ (ਬ) ਨੂੰ ਗੈਰ ਪੰਥਕ ਪਾਰਟੀ ਦਾ ਨਾਂ ਦਿੱਤਾ ਗਿਆ। ਸਮਾਜਿਕ ਬੁਰਾਈਆਂ ਨਸ਼ਿਆਂ, ਰਿਸ਼ਵਤਖੋਰੀ, ਦਾਜ ਦੀ ਲਾਹਨਤ, ਪਤਿਤਪੁਣੇ ਤੇ ਭਰੂਣ ਹੱਤਿਆ ਨੂੰ ਜੜ੍ਹੋਂ ਪੁੱਟਣ, ਸਿੱਖ ਵਿਰਸੇ ਨੂੰ ਸੰਭਾਲਣ ਲਈ ਪ੍ਰੋਗਰਾਮ ਉਲੀਕਣ ਮਤੇ ਪੇਸ਼ ਕੀਤੇ ਗਏ।

## ਬਾਦਲਾਂ ਦਾ ਕਬਜ਼ਾ ਟੁੱਟਣਾ ਚਾਹੀਦਾ ਹੈ: ਦਾਦੂਵਾਲ

**ਅੰਮ੍ਰਿਤਸਰ:** ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੋਂ ਬਾਦਲ ਪਰਿਵਾਰ ਦਾ ਕਬਜ਼ਾ ਹਟਾਉਣ ਲਈ ਸਾਰੇ ਬਾਦਲ ਵਿਰੋਧੀ ਦਲਾਂ ਨੂੰ ਇਕੱਠੇ ਹੋ ਜਾਣਾ ਚਾਹੀਦਾ ਹੈ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਖਾਲਸਾ ਪੰਥ ਨੇ ਆਪਣੀ ਸਿਆਸੀ ਅਗਵਾਈ ਵਾਸਤੇ ਬਹੁਤ ਸ਼ਹਾਦਤਾਂ ਦੇ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਹੋਂਦ ਵਿਚ ਲਿਆਂਦਾ ਸੀ। ਇਸ ਜਥੇਬੰਦੀ ਦੇ ਪ੍ਰਧਾਨ ਰਹੇ ਬਾਬਾ ਖੜਕ ਸਿੰਘ ਅਤੇ ਜਥੇਦਾਰ ਮੋਹਨ ਸਿੰਘ ਤੁੜ ਨੇ ਸਿੱਖ ਪੰਥ ਨੂੰ ਬੁਲੰਦੀਆਂ ਉਤੇ ਲਿਜਾਣ ਵਾਸਤੇ ਦਿਨ-ਰਾਤ ਇਕ ਕੀਤਾ ਪਰ ਜਦੋਂ ਦਾ ਸ਼੍ਰੋਮਣੀ ਅਕਾਲੀ ਦਲ ਬਾਦਲ ਪਰਿਵਾਰ ਦੇ ਕਬਜ਼ੇ ਵਿਚ ਆਇਆ ਹੈ, ਉਨ੍ਹਾਂ ਨੇ ਸ਼ਹੀਦਾਂ ਦੀ ਇਸ ਮਹਾਨ ਜਥੇਬੰਦੀ ਨੂੰ ਆਪਣੀ ਨਿੱਜੀ ਜਾਗੀਰ ਬਣਾ ਲਿਆ ਹੈ ਅਤੇ ਪੰਥ ਦਰਦੀ ਆਗੂਆਂ ਨੂੰ ਪਾਰਟੀ 'ਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਜਾਂ ਜਥੇਬੰਦੀ ਛੱਡਣ ਲਈ ਮਜਬੂਰ ਕਰ ਦਿੱਤਾ।

# ਸਿਆਸੀ ਜਮਾਤ ਮਰਿਆਦਾ ਦੇ ਗਿਆਨ ਤੇ ਸਿਧਾਂਤਾਂ ਤੋਂ ਸੱਖਣੀ: ਜਥੇਦਾਰ

**ਸ੍ਰੀ ਆਨੰਦਪੁਰ ਸਾਹਿਬ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸਾਡੀ ਸਿਆਸੀ ਲੀਡਰਸ਼ਿਪ ਮਰਿਆਦਾ ਦੇ ਗਿਆਨ ਅਤੇ ਸਿਧਾਂਤਾਂ ਤੋਂ ਸੱਖਣੀ ਹੋ ਚੁੱਕੀ ਹੈ। ਇਥੋਂ ਤੱਕ ਕਿ ਸਾਡੀਆਂ ਸੰਸਥਾਵਾਂ ਦੀ ਅਗਵਾਈ ਕਰਨ ਵਾਲੇ ਆਗੂ ਕਿਸੇ ਹੋਰ ਦੀ ਗੱਲ ਸੁਣਨ ਲਈ ਵੀ ਤਿਆਰ ਨਹੀਂ ਜਿਸ ਕਰਕੇ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਨ੍ਹਾਂ ਕਿਹਾ ਕਿ ਅੱਜ ਕੌਮ ਵਿਚ ਪੈਦਾ ਹੋਈ ਟਕਰਾਅ ਦੀ ਸਥਿਤੀ, ਸੋਸ਼ਲ ਮੀਡੀਆ ਦੇ ਵਧ ਰਹੇ ਦੁਰਪ੍ਰਭਾਵ, ਸੰਪਰਦਾਵਾਂ ਅਤੇ ਮਿਸ਼ਨਰੀਆਂ ਦਰਮਿਆਨ ਪੈਦਾ ਹੋਏ ਵਿਵਾਦਾਂ ਕਾਰਨ ਨਿਘਾਰ ਆ ਰਿਹਾ ਹੈ। ਸਿੱਖ ਸੰਗਤ ਦੀ ਉਠ ਰਹੀ ਮੰਗ ਬਾਰੇ ਜਥੇਦਾਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਭਾਵੇਂ ਜਨਰਲ ਇਜਲਾਸ ਸੱਦੇ ਜਾਂ ਨਾ ਸੱਦੇ ਪਰ ਅਕਾਲ ਤਖਤ ਸਾਹਿਬ ਵੱਲੋਂ ਮਾਰਚ 2020 ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੌਮੀ ਇਜਲਾਸ ਕਰਵਾਇਆ ਜਾਵੇਗਾ। ਕੌਮ ਦੀ ਪ੍ਰਤੀਨਿਧਤਾ ਕਰ ਰਹੀਆਂ ਸੰਸਥਾਵਾਂ ਜਿਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰ, ਦਿੱਲੀ ਕਮੇਟੀ ਦੇ ਮੈਂਬਰ, ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਬੋਰਡ ਦੇ ਮੈਂਬਰ ਤੇ ਚੀਫ ਖਾਲਸਾ ਦੀਵਾਨ ਦੇ ਮੈਂਬਰਾਂ ਨੂੰ ਸੁਣਿਆ ਨਹੀਂ ਜਾ ਰਿਹਾ ਤੇ ਬਹੁਤ ਸਾਰੇ ਮੈਂਬਰ ਤੇ ਆਗੂ ਕੁਝ ਕਹਿਣਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਫੈਸਲਾ ਲਿਆ ਹੈ ਕਿ ਮਾਰਚ 2020 ਨੂੰ ਹੋਣ ਵਾਲੇ ਇਜਲਾਸ ਵਿਚ ਸਾਰੀਆਂ ਪੰਥਕ ਧਿਰਾਂ ਦੇ ਪ੍ਰਤੀਨਿਧਾਂ ਨੂੰ ਬੁਲਾ ਕੇ ਉਨ੍ਹਾਂ ਦੀ ਗੱਲ ਸੁਣੀ ਜਾਵੇਗੀ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਅਤਿ ਆਧੁਨਿਕ ਸਕੱਤਰੇਤ ਦੀ ਲੋੜ ਹੈ। ਇਸ ਦੇ ਨਿਰਮਾਣ ਲਈ ਸਿੱਖ ਸੰਗਤ ਅੱਗੇ ਆਵੇ ਪਰ ਇਸ ਲਈ ਕੋਈ ਸਰਕਾਰੀ ਸਹਿਯੋਗ ਨਹੀਂ ਲਿਆ ਜਾਵੇਗਾ।

## ਪੱਤਰਕਾਰ ਸ਼ੰਗਾਰਾ ਸਿੰਘ ਭੁੱਲਰ ਦਾ ਦੇਹਾਂਤ

**ਮੁਹਾਲੀ:** ਸੀਨੀਅਰ ਪੱਤਰਕਾਰ ਤੇ ਕਾਲਮਨਵੀਸ ਸ਼ੰਗਾਰਾ ਸਿੰਘ ਭੁੱਲਰ (74 ਸਾਲ) ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਸਨ। ਉਹ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਦੋ ਪੁੱਤਰ ਤੇ ਇਕ ਧੀ ਛੱਡ ਗਏ ਹਨ। ਪੰਜਾਬੀ ਪੱਤਰਕਾਰੀ ਵਿਚ ਉਹ ਇਕੋ ਇਕ ਅਜਿਹੇ ਪੱਤਰਕਾਰ ਸਨ, ਜਿਨ੍ਹਾਂ ਨੂੰ ਚਾਰ ਰੋਜ਼ਾਨਾ ਅਖਬਾਰਾਂ ਵਿਚ ਬਤੌਰ ਸੰਪਾਦਕ ਕੰਮ ਕਰਨ ਦਾ ਮਾਣ ਮਿਲਿਆ। ਉਹ ਜ਼ਿਲਾ ਗੁਰਦਾਸਪੁਰ ਦੇ ਪਿੰਡ ਭੁੱਲਰ ਦੇ ਜੰਮਪਲ ਸਨ।



ਸ੍ਰੀ ਭੁੱਲਰ ਨੇ 28 ਸਾਲ 'ਪੰਜਾਬੀ ਟ੍ਰਿਬਿਊਨ' ਵਿਚ ਸੇਵਾਵਾਂ ਨਿਭਾਈਆਂ ਤੇ 2006 ਵਿਚ ਸੰਪਾਦਕ ਵਜੋਂ ਸੇਵਾਮੁਕਤ ਹੋਏ। ਹੁਣ ਉਹ ਮੁਹਾਲੀ ਤੋਂ ਪ੍ਰਕਾਸ਼ਿਤ ਹੁੰਦੇ 'ਸਪੋਕਸਮੈਨ' ਦੇ ਸੰਪਾਦਕ ਸਨ। ਉਨ੍ਹਾਂ ਨੂੰ ਭਾਸ਼ਾ ਵਿਭਾਗ ਦਾ 'ਸ਼੍ਰੋਮਣੀ ਪੱਤਰਕਾਰ' ਦਾ ਖਿਤਾਬ ਵੀ ਮਿਲ ਚੁੱਕਾ ਹੈ।

# ਅੰਦਰੂਨੀ ਖਿੱਚੋਤਾਣ ਨੇ ਕੈਪਟਨ ਸਰਕਾਰ ਨੂੰ ਸੋਚੀਂ ਪਾਇਆ

**ਚੰਡੀਗੜ੍ਹ:** ਪੰਜਾਬ ਦੀ ਕੈਪਟਨ ਸਰਕਾਰ ਆਪਣੇ ਤਿੰਨ ਸਾਲ ਪੂਰੇ ਹੋਣ ਉਤੇ ਵੱਡੇ ਅੰਦਰੂਨੀ ਸੰਕਟ ਵਿਚ ਫਸਦੀ ਨਜ਼ਰ ਆ ਰਹੀ ਹੈ ਤੇ ਇਸ ਵੇਲੇ ਕਾਂਗਰਸੀਆਂ ਨੂੰ ਰਾਜ ਅੰਦਰ ਆਪਣੀ ਸਰਕਾਰ ਨਾ ਹੋਣ ਦਾ ਅਹਿਸਾਸ ਬੇਹੱਦ ਚੁੱਭਣ ਲੱਗ ਪਿਆ ਹੈ। ਆਮ ਕਰਕੇ ਵਿਰੋਧੀ ਧਿਰਾਂ ਜਾਂ ਆਮ ਲੋਕਾਂ ਵੱਲੋਂ ਸਰਕਾਰ ਦੀ ਕਾਰਜਸ਼ੈਲੀ ਬਾਰੇ ਨਾਰਾਜ਼ਗੀ ਪ੍ਰਗਟ ਕੀਤੀ ਜਾਂਦੀ ਹੈ, ਪਰ ਸ਼ਾਇਦ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਹਕੂਮਤੀ ਪਾਰਟੀ ਦੇ ਆਮ ਵਰਕਰ ਤੋਂ ਲੈ ਕੇ ਸਿਖਰਲੀ ਲੀਡਰਸ਼ਿਪ ਤੱਕ ਸਰਕਾਰ ਖਾਸ ਕਰ ਮੁੱਖ ਮੰਤਰੀ ਦੀ ਕਾਰਜਸ਼ੈਲੀ ਉਤੇ ਸਵਾਲ ਚੁੱਕ ਰਹੇ ਹਨ।

ਹੁਣ ਖੁਦ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੀ ਅਫਸਰਸ਼ਾਹੀ ਤੋਂ ਰਾਜ ਨੂੰ ਨਿਜਾਤ ਦੁਆਉਣ ਲਈ ਸਰਕਾਰ ਦੀ ਕਮਾਨ ਸੰਭਾਲਣ ਦਾ ਬਿਆਨ ਦੇ ਕੇ ਕੈਪਟਨ ਅਮਰਿੰਦਰ ਸਿੰਘ ਦੀ ਕਾਰਜਸ਼ੈਲੀ ਨੂੰ ਵੱਡੀ ਵੰਗਾਰ ਪੇਸ਼ ਕਰ ਦਿੱਤੀ ਹੈ। ਕਾਂਗਰਸ ਅੰਦਰ ਵਿਸਫੋਟਕ ਹਾਲਾਤ ਦਾ ਸਪੱਸ਼ਟ ਸੰਕੇਤ 9 ਦਸੰਬਰ ਨੂੰ ਜਲੰਧਰ ਸ਼ਹਿਰੀ ਤੇ ਦਿਹਾਤੀ ਕਾਂਗਰਸ ਕਮੇਟੀਆਂ ਦੇ ਵਰਕਰਾਂ ਦੀ ਸ੍ਰੀ ਜਾਖੜ ਤੇ ਲੀਡਰਸ਼ਿਪ ਨਾਲ ਹੋਈ ਮੀਟਿੰਗ ਵਿਚ ਸਾਹਮਣੇ ਆਇਆ ਸੀ। ਹੈਰਾਨੀ ਦੀ ਗੱਲ ਹੈ ਕਿ ਕਰੀਬ 6 ਘੰਟੇ ਚੱਲੀਆਂ ਮੀਟਿੰਗਾਂ ਵਿਚ ਕਿਸੇ ਇਕ ਵੀ ਬੁਲਾਰੇ ਨੇ ਸਰਕਾਰ ਦੀ ਤਾਰੀਫ ਨਹੀਂ ਕੀਤੀ, ਸਗੋਂ ਇਕ ਤੋਂ ਬਾਅਦ ਇਕ ਬੁਲਾਰਾ ਭਰਿਆ ਪੀਤਾ ਸਰਕਾਰ ਦੀ ਕਾਰਗੁਜ਼ਾਰੀ ਨੂੰ ਆੜੇ ਹੱਥੀਂ ਲੈ ਰਿਹਾ ਸੀ। ਬੇਅਦਬੀ ਮਾਮਲੇ 'ਚ ਕੋਈ ਕਾਰਵਾਈ ਨਾ ਹੋਣ ਕਾਰਨ ਮਾਝੇ ਦੇ ਕਈ ਮੰਤਰੀ ਪਹਿਲਾਂ ਹੀ ਨਾਰਾਜ਼ਗੀ ਜ਼ਾਹਰ ਕਰਦੇ ਆ ਰਹੇ ਹਨ। ਸਰਕਾਰ ਅੰਦਰ ਅਫਸਰਸ਼ਾਹੀ ਦੇ ਬੋਲਬਾਲੇ ਤੇ ਪਾਰਟੀ ਆਗੂਆਂ ਤੇ ਵਰਕਰਾਂ ਦੀ ਸਰਕਾਰੇ-ਦਰਬਾਰੇ ਕੋਈ ਪੁੱਛ ਨਾ ਹੋਣ ਦਾ ਮਾਮਲਾ ਇਸ ਵੇਲੇ ਬੇਹੱਦ ਭਖਿਆ ਹੋਇਆ ਹੈ।

## ਕੈਪਟਨ ਨੂੰ ਹੁਣ ਵੀ ਮੌਕਾ ਸਾਂਭਣ ਦੀ ਸਲਾਹ



ਸਿਆਸੀ ਮਾਹਿਰ ਹੈਰਾਨ ਹਨ ਕਿ ਫਰਵਰੀ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਦੋ ਤਿਹਾਈ ਬਹੁਮਤ ਨਾਲ ਜਿੱਤ ਦੇ ਬਾਵਜੂਦ ਕਾਂਗਰਸ ਆਗੂਆਂ ਨੂੰ ਇਹ ਅਨੁਭਵ ਕਿਉਂ ਨਹੀਂ ਹੋ ਰਿਹਾ ਕਿ ਪੰਜਾਬ ਵਿਚ ਉਨ੍ਹਾਂ ਦੀ ਸਰਕਾਰ ਹੈ। ਇਸ ਦਾ ਸਬੂਤ ਕਈ ਕਾਂਗਰਸ ਵਿਧਾਇਕਾਂ ਦੁਆਰਾ ਖੁੱਲ੍ਹੇ ਬਗਾਵਤੀ ਮੂਡ ਵਿਚ ਕੀਤੀ ਗਈ ਬਿਆਨਬਾਜ਼ੀ ਹੈ। ਹੁਣ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਪੰਜਾਬ ਵਿਚ ਫਿਲਹਾਲ ਲੋਕਾਂ ਦੀ ਸਰਕਾਰ ਨਹੀਂ ਹੈ। ਉਨ੍ਹਾਂ ਦੀ ਇਹ ਧਾਰਨਾ ਪਾਰਟੀ ਕਾਰਕੁਨਾਂ ਨਾਲ ਮੀਟਿੰਗਾਂ ਤੋਂ ਬਾਅਦ ਸਾਹਮਣੇ ਆਈ ਹੈ। ਜਾਖੜ ਦੇ ਇਸ ਕਥਨ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਕਮਾਨ ਆਪਣੇ ਹੱਥ ਲੈਣ, ਦੇ ਅਰਥ ਬਹੁਤ ਗਹਿਰੇ ਹਨ। ਇਕ ਤਰ੍ਹਾਂ ਨਾਲ ਕਾਂਗਰਸੀ ਆਗੂ ਇਹ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੈਪਟਨ ਸਰਕਾਰ ਚਲਾਉਣ ਵਿਚ ਦਿਲਚਸਪੀ ਨਹੀਂ ਲੈ ਰਹੇ ਅਤੇ ਸਾਰਾ ਕੰਮ ਅਫਸਰਸ਼ਾਹੀ ਉੱਤੇ ਛੱਡ ਰੱਖਿਆ ਹੈ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਉੱਤੇ ਪੰਥਕ ਜਥੇਬੰਦੀਆਂ ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਹਨ। ਪਿਛਲੇ ਦਿਨੀਂ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਘਰ ਸਾਹਮਣੇ ਰੋਸ ਪ੍ਰਗਟ ਕਰਦਿਆਂ ਮੰਤਰੀ ਨੂੰ ਸੰਗਤ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਦੀ ਯਾਦ ਤਾਜ਼ਾ ਕਰਵਾਈ ਗਈ। ਖੁਦ ਰੰਧਾਵਾ ਉਨ੍ਹਾਂ ਦੇ ਰੋਸ ਧਰਨੇ ਵਿਚ ਆ ਬੈਠੇ ਅਤੇ ਆਪਣਾ ਪੁਰਾਣਾ ਬਿਆਨ ਦੁਹਰਾਇਆ ਕਿ ਅਹੁਦੇ ਆਉਂਦੇ ਰਹਿੰਦੇ ਹਨ ਪਰ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾ ਜ਼ਰੂਰ ਮਿਲੇਗੀ। ਪੰਥਕ ਜਥੇਬੰਦੀਆਂ ਦਾ ਇਲਜ਼ਾਮ ਹੈ ਕਿ ਸਰਕਾਰ ਨੇ ਇਸ ਜਾਂਚ ਨੂੰ ਸੀ.ਬੀ.ਆਈ. ਅਤੇ ਪੰਜਾਬ ਪੁਲਿਸ ਦੇ ਚੱਕਰ ਵਿਚ ਫਸਾ ਰੱਖਿਆ ਹੈ। ਆਮ ਆਦਮੀ ਪਾਰਟੀ ਅਤੇ ਹੋਰ ਵਿਰੋਧੀ ਧਿਰਾਂ ਇਹ ਦੋਸ਼ ਵੀ ਲਗਾਉਂਦੀਆਂ ਰਹੀਆਂ ਹਨ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਦਰਮਿਆਨ ਕਿਤੇ ਨਾ ਕਿਤੇ ਆਪਸੀ ਸਮਝੌਤਾ ਹੋ ਚੁੱਕਾ ਹੈ। ਲੋਕਾਂ ਵਿਚ ਜਾ ਰਿਹਾ ਇਹ ਪ੍ਰਭਾਵ ਕਾਂਗਰਸ ਲਈ ਨੁਕਸਾਨਦੇਹ ਹੋ ਸਕਦਾ ਹੈ।

ਕਿਸਾਨਾਂ-ਮਜ਼ਦੂਰਾਂ ਦਾ ਕਰਜ਼ਾ ਮੁਆਫੀ ਦਾ ਕੰਮ ਅਜੇ ਬਾਕੀ ਹੈ। ਘਰ ਘਰ ਨੌਕਰੀ ਅਤੇ ਪੰਜਾਬ 'ਚੋਂ ਨਸ਼ਾ ਤਸਕਰੀ ਦਾ ਲੱਕ ਤੋੜ ਦੇਣ ਦੇ ਵਾਅਦੇ ਵੀ ਨਿਭਾਏ ਨਹੀਂ ਗਏ। ਮੁਲਾਜ਼ਮਾਂ ਨੂੰ ਤਨਖਾਹਾਂ ਦੇਣ 'ਚ ਮੁਸ਼ਕਲ ਆ ਰਹੀ ਹੈ। ਸਰਕਾਰੀ ਦਫਤਰਾਂ 'ਚ ਆਮ ਲੋਕਾਂ ਦੀ ਪੁੱਛ ਨਹੀਂ ਹੈ। ਬਹੁਤ ਸਾਰੇ ਲੋਕ ਅਮਰਿੰਦਰ ਸਿੰਘ ਦੇ 2002 ਤੋਂ 2007 ਤੱਕ ਦੀ ਸਰਕਾਰ ਨਾਲ ਤੁਲਨਾ ਕਰਦਿਆਂ ਕਹਿੰਦੇ ਹਨ ਕਿ ਉਸ ਵਕਤ ਪ੍ਰਸ਼ਾਸਨਿਕ ਤੰਤਰ ਚੁਸਤ ਦਰੁਸਤ ਦਿਖਾਈ ਦਿੰਦਾ ਸੀ, ਇਸ ਨੇ ਕੈਪਟਨ ਦਾ ਸਿਆਸੀ ਕੱਦ ਵਧਾਇਆ ਸੀ। ਕੇਂਦਰੀ ਲੀਡਰਸ਼ਿਪ ਕਮਜ਼ੋਰ ਹੋਣ ਕਰਕੇ ਕਾਂਗਰਸੀਆਂ ਅੰਦਰਲੀ ਬਗਾਵਤ ਪਹਿਲਾਂ ਵਰਗਾ ਰੂਪ ਨਹੀਂ ਲੈ ਰਹੀ ਪਰ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿ ਅੰਦਰ ਪੈਦਾ ਹੋ ਰਿਹਾ ਲਾਵਾ ਕਦੋਂ ਫਟ ਜਾਵੇ।

## ਅਫਸਰਸ਼ਾਹੀ ਤੇ ਸੂਬੇ ਦੇ ਲੋਕਾਂ ਵਿਚਾਲੇ ਪਾੜਾ ਵਧਿਆ: ਜਾਖੜ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਲੋਕਾਂ, ਕਾਂਗਰਸੀ ਵਰਕਰਾਂ ਤੇ ਸੂਬੇ ਦੀ ਅਫਸਰਸ਼ਾਹੀ ਵਿਚਾਲੇ ਰਾਜ ਦੀਆਂ ਮੁਸ਼ਕਲਾਂ ਬਾਰੇ ਬਹੁਤ ਵੱਡਾ ਪਾੜਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਮੱਸਿਆਵਾਂ ਦੀ ਪਛਾਣ ਕਰਕੇ ਇਨ੍ਹਾਂ ਨੂੰ ਹੱਲ ਕਰਨਾ ਚਾਹੀਦਾ ਹੈ। ਜਾਖੜ ਨੇ ਕਿਹਾ ਕਿ ਪਾਰਟੀ ਅਤੇ ਲੋਕ ਸਮੱਸਿਆਵਾਂ ਹੱਲ ਨਾ ਹੋਣ ਕਰ ਕੇ ਪਰੇਸ਼ਾਨ ਹਨ ਪਰ ਸੂਬੇ ਦੀ ਚੰਡੀਗੜ੍ਹ ਵਿਚ ਬੈਠੀ ਅਫਸਰਸ਼ਾਹੀ ਇਸ ਦੀ ਸਹੀ ਤਸਵੀਰ ਪੇਸ਼ ਨਹੀਂ ਕਰ ਰਹੀ ਤੇ ਸੂਬੇ ਦੀ ਹਾਲਤ ਨੂੰ ਠੀਕ-ਠਾਕ ਹੀ ਦੱਸਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਪਹਿਲਾਂ ਸੂਬੇ ਦੇ ਲੋਕਾਂ, ਕਾਂਗਰਸੀ ਵਰਕਰਾਂ ਦੀਆਂ ਸਮੱਸਿਆਵਾਂ ਦੀ ਸ਼ਨਾਖਤ ਕਰਨ। ਮਗਰੋਂ ਹੱਲ ਲਈ ਢੁਕਵੇਂ ਕਦਮ ਚੁੱਕੇ ਜਾ ਸਕਦੇ ਹਨ।

# ਨਵਜੋਤ ਸਿੱਧੂ ਨੂੰ ਲੈ ਕੇ ਚਰਚਾ ਮੁੜ ਸਿਖਰਾਂ 'ਤੇ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਦੇ ਮੰਤਰੀ ਮੰਡਲ ਵਿਚੋਂ ਪਿਛਲੇ ਜੁਲਾਈ ਮਹੀਨੇ 'ਚ ਅਸਤੀਫਾ ਦੇ ਕੇ ਕਾਂਗਰਸ ਦੀ ਸਰਗਰਮ ਸਿਆਸਤ ਵਿਚੋਂ ਦੂਰੀ ਬਣਾ ਚੁੱਕੇ ਨਵਜੋਤ ਸਿੰਘ ਸਿੱਧੂ ਇਕ ਵਾਰ ਫਿਰ ਸੁਰਖੀਆਂ ਵਿਚ ਆ ਗਏ ਹਨ।

ਪੰਜਾਬ ਦੇ ਸਿਆਸੀ ਹਲਕਿਆਂ ਵਿਚ ਇਸ ਗੱਲ ਦੀ ਚਰਚਾ ਜ਼ੋਰਾਂ ਉਤੇ ਹੈ ਕਿ ਸ. ਸਿੱਧੂ ਨੂੰ ਉਪ ਮੁੱਖ ਮੰਤਰੀ ਦਾ ਅਹੁਦਾ ਦੇ ਕੇ ਫਿਰ ਤੋਂ ਸਰਗਰਮ ਰਾਜਨੀਤੀ 'ਚ ਵਾਪਸ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ, ਹਾਲਾਂਕਿ ਪੰਜਾਬ 'ਚ ਕੈਪਟਨ ਸਮੇਤ ਕਿਸੇ ਵੀ ਹੋਰ ਸੀਨੀਅਰ ਕਾਂਗਰਸੀ ਨੇਤਾ ਨੇ ਇਸ ਚਰਚਾ ਨੂੰ ਸਹੀ ਦੱਸਦੇ ਹੋਏ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ ਪਰ ਦੱਸਿਆ ਜਾ ਰਿਹਾ ਹੈ ਕਿ ਇਹ ਚਰਚਾ ਇਸ ਲਈ ਤੇਜ਼ ਹੋਈ ਕਿਉਂਕਿ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਨਵੀਂ ਦਿੱਲੀ 'ਚ ਇਕ ਨਿੱਜੀ ਚੈਨਲ ਨਾਲ ਗੱਲਬਾਤ ਕਰਦੇ ਹੋਏ ਨਵਜੋਤ ਸਿੰਘ ਸਿੱਧੂ ਨੂੰ ਮੁੜ ਸਰਗਰਮ ਕਰਕੇ ਚੰਗੀ ਥਾਂ ਬਿਠਾਉਣ ਦੇ ਸੰਕੇਤ ਦੇ ਦਿੱਤੇ।



ਪ੍ਰਿਅੰਕਾ ਗਾਂਧੀ ਦੇ ਇਸ ਬਿਆਨ ਮਗਰੋਂ ਪੰਜਾਬ ਕਾਂਗਰਸ 'ਚ ਅਟਕਲਾਂ ਤੇਜ਼ ਹੋ ਗਈਆਂ ਕਿ ਸਿੱਧੂ ਨੂੰ ਰਾਜ ਦਾ ਉਪ-ਮੁੱਖ ਮੰਤਰੀ ਬਣਿਆ ਜਾ ਸਕਦਾ ਹੈ। ਇਨ੍ਹਾਂ ਚਰਚਾਵਾਂ ਨੂੰ ਹੋਰ ਹਵਾ ਦਿੰਦੇ ਹੋਏ ਕਾਂਗਰਸੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਹ ਕਹਿ ਦਿੱਤਾ ਕਿ ਜੇਕਰ ਹਾਈ ਕਮਾਂਡ ਸਿੱਧੂ ਨੂੰ ਉਪ ਮੁੱਖ ਮੰਤਰੀ ਬਣਾਉਂਦੀ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਕਿਉਂਕਿ ਸਿੱਧੂ ਪਾਰਟੀ ਦੇ ਸੀਨੀਅਰ ਅਤੇ ਕੱਦਾਵਰ ਨੇਤਾ ਹਨ। ਇਸ ਮਗਰੋਂ ਪੰਜਾਬ ਦੇ ਕੈਬਨਿਟ ਮੰਤਰੀਆਂ ਅਤੇ ਸੀਨੀਅਰ ਆਗੂਆਂ ਵਿਚ ਸਿੱਧੂ ਨੂੰ ਲੈ ਕੇ ਚਰਚਾ ਨੇ ਜ਼ੋਰ ਫੜ ਲਿਆ। ਰਾਜਾ ਵੜਿੰਗ ਸਮੇਤ ਕੁਝ ਹੋਰ ਵਿਧਾਇਕਾਂ ਨੇ ਜਿਥੇ ਦਬਵੀਂ ਆਵਾਜ਼ 'ਚ ਇਸ ਦਾ ਸਵਾਗਤ ਕੀਤਾ ਹੈ, ਉਥੇ ਹੀ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਇੰਨਾ ਹੀ ਕਿਹਾ ਕਿ ਸਿੱਧੂ ਪਾਰਟੀ ਦੇ ਸੀਨੀਅਰ ਨੇਤਾ ਹਨ ਅਤੇ ਪਾਰਟੀ ਨੂੰ ਉਨ੍ਹਾਂ ਦੇ ਯੋਗਦਾਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਹਾਈ ਕਮਾਂਡ ਜੋ ਵੀ ਫੈਸਲਾ ਕਰੇਗੀ, ਸਾਰੇ ਉਸ ਦਾ ਸਤਿਕਾਰ ਕਰਨਗੇ।

# ਕੈਪਟਨ ਤੇ ਸਿੱਧੂ ਦੀ ਦਿੱਲੀ ਰੈਲੀ ਤੋਂ ਦੂਰੀ ਬਾਰੇ ਉਠੇ ਸਵਾਲ

**ਚੰਡੀਗੜ੍ਹ:** ਕਾਂਗਰਸ ਦੀ ਦਿੱਲੀ ਵਿਚ ਹੋਈ 'ਭਾਰਤ ਬਚਾਓ ਰੈਲੀ' ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਸ਼ਿਰਕਤ ਨਾ ਕਰਨ ਦੀ ਚਰਚਾ ਤੇਜ਼ ਹੋ ਗਈ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦਾ ਹੈਲੀਕਾਪਟਰ ਖਰਾਬ ਮੌਸਮ ਚੰਡੀਗੜ੍ਹ ਤੋਂ ਉਡਾਣ ਨਹੀਂ ਭਰ ਸਕਿਆ ਤੇ ਇਸ ਕਰ ਕੇ ਉਹ ਰੈਲੀ ਵਿਚ ਪਹੁੰਚ ਨਹੀਂ ਸਕੇ। ਹਾਲਾਂਕਿ ਕਾਂਗਰਸ ਦੀ ਸੱਤਾ ਵਾਲੇ ਦੂਜੇ ਸੂਬਿਆਂ ਦੇ ਮੁੱਖ ਮੰਤਰੀ ਰੈਲੀ ਵਿਚ ਸ਼ਿਰਕਤ ਕਰਨ ਲਈ ਇਕ ਦਿਨ ਪਹਿਲਾਂ ਹੀ ਦਿੱਲੀ ਪਹੁੰਚ ਗਏ ਸਨ। ਰੈਲੀ ਵਿਚ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੀ ਨਹੀਂ ਪਹੁੰਚੇ। ਇਸ ਕਰਕੇ ਕਾਂਗਰਸੀ ਹਲਕਿਆਂ ਵਿਚ ਦੋਵਾਂ ਦੇ ਰੈਲੀ 'ਚ ਨਾ ਪੁੱਜਣ ਦੀ ਚਰਚਾ ਹੁੰਦੀ ਰਹੀ। ਦੋਵਾਂ ਆਗੂਆਂ ਦੇ ਰੈਲੀ ਵਿਚ ਨਾ ਪਹੁੰਚਣ ਦਾ ਕਾਂਗਰਸ ਹਾਈ ਕਮਾਂਡ ਕੋਈ ਨੋਟਿਸ ਲਵੇਗੀ ਜਾਂ ਨਹੀਂ, ਇਸ ਬਾਰੇ ਵੀ ਚੁੰਝ ਚਰਚਾ ਹੋਈ। ਰਾਜ ਸਭਾ ਮੈਂਬਰ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਸੁਝਾਅ ਦਿੱਤਾ ਹੈ ਕਿ ਪੰਜਾਬ ਵਿਚ ਤਿੰਨ ਉਪ ਮੁੱਖ ਮੰਤਰੀ ਬਣਾ ਦੇਣੇ ਚਾਹੀਦੇ ਹਨ ਤਾਂ ਕਿ ਸਬੰਧਤ ਧਿਰਾਂ ਨੂੰ ਪੂਰੀ ਨੁਮਾਇੰਦਗੀ ਮਿਲ ਸਕੇ। ਉਨ੍ਹਾਂ ਕਿਹਾ ਕਿ ਦਲਿਤ ਭਾਈਚਾਰੇ ਤੇ ਹਿੰਦੂ ਭਾਈਚਾਰੇ ਵਿਚੋਂ ਇਕ-ਇਕ ਆਗੂ ਨੂੰ ਉਪ ਮੁੱਖ ਮੰਤਰੀ ਬਣਾ ਦੇਣਾ ਚਾਹੀਦਾ ਹੈ। ਬਾਜਵਾ ਨੇ ਕਿਹਾ ਕਿ ਪੰਜਾਬ ਵਜ਼ਾਰਤ ਤੋਂ ਬਾਹਰ ਹੋਏ ਨਵਜੋਤ ਸਿੰਘ ਸਿੱਧੂ ਨੂੰ ਉਪ ਮੁੱਖ ਮੰਤਰੀ ਬਣਾਇਆ ਜਾਣਾ ਚਾਹੀਦਾ ਹੈ। ਤਿੰਨ ਉਪ ਮੁੱਖ ਮੰਤਰੀ ਬਣਾਉਣ ਨਾਲ ਸਾਰੀਆਂ ਧਿਰਾਂ ਦੀ ਨਾਰਾਜ਼ਗੀ ਦੂਰ ਹੋ ਜਾਵੇਗੀ। ਉਨ੍ਹਾਂ ਕੈਬਨਿਟ ਵਿਚ ਫੇਰਬਦਲ ਦਾ ਵੀ ਜ਼ਿਕਰ ਕੀਤਾ।

# ਕੈਪਟਨ ਨੇ ਵਜ਼ਾਰਤ ਵਿਚ ਵੱਡੇ ਫੇਰਬਦਲ ਦੀ ਤਿਆਰੀ ਕੱਸੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਆਗੂਆਂ ਤੇ ਵਿਧਾਇਕਾਂ ਵੱਲੋਂ ਸਰਕਾਰ ਖਾਸ ਕਰ ਮੁੱਖ ਮੰਤਰੀ ਦੀ ਕਾਰਜਸ਼ੈਲੀ ਉਤੇ ਉਠਾਏ ਜਾ ਰਹੇ ਸਵਾਲਾਂ ਦੇ ਮੱਦੇਨਜ਼ਰ ਪਤਾ ਲੱਗਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਜ਼ਾਰਤ ਵਿਚ ਵੱਡੀ ਫੇਰ ਬਦਲ ਕਰਨ ਦਾ ਮਨ ਬਣਾ ਲਿਆ ਹੈ।

ਦੱਸਿਆ ਜਾਂਦਾ ਹੈ ਕਿ ਨਵੀਂ ਸਿਆਸੀ ਕਵਾਇਦ ਵਿਚ ਤਿੰਨ ਨਵੇਂ ਮੰਤਰੀ ਵਜ਼ਾਰਤ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ ਤੇ ਬਾਕੀ ਕਰੀਬ ਸਾਰੇ ਹੀ ਮੰਤਰੀਆਂ ਦੇ ਵਿਭਾਗਾਂ ਵਿਚ ਅਦਲਾ-ਬਦਲੀ ਹੋਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਦੇ ਨੇੜਲੇ ਸੂਤਰਾਂ ਅਨੁਸਾਰ ਪਹਿਲਾਂ ਦਸੰਬਰ ਮਹੀਨੇ ਦੇ ਅਖੀਰ ਵਿਚ ਵਜ਼ਾਰਤੀ ਫੇਰ ਬਦਲ ਦਾ ਮਨ ਬਣਾਇਆ ਸੀ ਪਰ ਹੁਣ ਫਿਲਹਾਲ ਜਨਵਰੀ ਦੇ ਦੂਜੇ ਹਫਤੇ ਕਿਸੇ ਵੇਲੇ ਅਜਿਹਾ ਹੋਣਾ ਸੰਭਵ ਹੈ। ਕਈ ਤੱਤੇ ਨਾਰਾਜ਼ ਵਿਧਾਇਕਾਂ ਨੂੰ ਕੁਝ ਸਮਾਂ ਪਹਿਲਾਂ ਕੈਬਨਿਟ ਰੈਂਕ ਨਾਲ ਸਲਾਹਕਾਰ ਬਣਾ ਕੇ ਝੰਡੀਆਂ ਵਾਲੀਆਂ ਕਾਰਾਂ ਵਿਚ ਬਿਠਾਇਆ ਗਿਆ ਤੇ ਹੁਣ ਜਿਥੇ ਵਜ਼ਾਰਤ 'ਚ ਪ੍ਰਤੀਨਿਧਤਾ ਪੱਖੋਂ ਬਾਹਰ ਰਹਿ ਗਏ ਖੇਤਰਾਂ ਤੇ ਵਰਗਾਂ ਨੂੰ ਨੁਮਾਇੰਦਗੀ ਦੇਣ ਬਾਰੇ ਸੋਚਿਆ ਜਾ ਰਿਹਾ ਹੈ, ਉਥੇ ਵਜ਼ੀਰਾਂ ਦੀ ਕਾਰਗੁਜ਼ਾਰੀ ਦੇ ਆਧਾਰ ਉਤੇ ਵਿਭਾਗਾਂ ਦੀ ਨਵੇਂ ਸਿਰੇ ਤੋਂ ਵੰਡ ਦੀ ਤਜਵੀਜ਼ ਹੈ। ਇਹ ਵੀ ਪਤਾ ਲੱਗਾ ਹੈ ਕਿ ਮੌਜੂਦਾ ਵਜ਼ਾਰਤੀ ਗਰੁੱਪ ਹਾਲਤ ਜਿਉਂ ਦੀ ਤਿਉਂ ਹੀ ਰੱਖਣ ਲਈ ਜ਼ੋਰ ਪਾਇਆ ਜਾ ਰਿਹਾ ਹੈ ਤੇ ਕੁਝ ਵਜ਼ੀਰਾਂ ਵਲੋਂ ਤਾਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਨਵਜੋਤ ਸਿੰਘ ਸਿੱਧੂ ਨੂੰ ਮਨਾ ਕੇ ਮੁੜ ਵਜ਼ਾਰਤ 'ਚ ਸ਼ਾਮਲ ਕਰ ਲਿਆ ਜਾਵੇ ਤਾਂ ਕਿ ਵਜ਼ਾਰਤੀ ਫੇਰਬਦਲ ਦੀ ਜ਼ਰੂਰਤ ਨਾ ਰਹੇ।

ਪਤਾ ਲੱਗਾ ਹੈ ਕਿ ਮੁੱਖ ਮੰਤਰੀ ਕੈਂਪ ਖਾਸ ਕਰ ਉਨ੍ਹਾਂ ਦੀ ਕਿਚਨ ਕੈਬਨਿਟ ਬਣੀ-ਅਫਸਰਸ਼ਾਹੀ ਦੀ ਲਾਬੀ ਅਜਿਹੇ ਸੁਝਾਅ ਨੂੰ ਸੁਣਨ ਲਈ ਤਿਆਰ ਨਹੀਂ। ਭਰੋਸੇਯੋਗ ਸੂਤਰਾਂ ਅਨੁਸਾਰ ਕਾਰਗੁਜ਼ਾਰੀ ਦੇ ਆਧਾਰ ਉਤੇ ਮਾਝਾ ਖੇਤਰ ਨਾਲ ਸਬੰਧਤ ਇਕ ਮੰਤਰੀ ਦੀ ਛੁੱਟੀ ਹੋ ਸਕਦੀ ਹੈ ਤੇ ਨਵਜੋਤ ਸਿੰਘ ਸਿੱਧੂ ਦੇ ਅਸਤੀਫਾ ਦੇਣ ਨਾਲ ਇਕ ਵਜ਼ਾਰਤੀ ਅਹੁਦਾ ਪਹਿਲਾਂ ਹੀ ਖਾਲੀ ਹੈ। ਪਤਾ ਲੱਗਾ ਇਕ ਵਜ਼ੀਰ ਸਿਹਤ ਠੀਕ ਨਾ ਰਹਿਣ ਕਾਰਨ ਸਪੀਕਰ ਬਣਾਏ ਜਾਣ ਦੀ ਤਮੰਨਾ ਜ਼ਾਹਰ ਕਰ ਰਿਹਾ ਹੈ। ਇਸ ਤਰ੍ਹਾਂ ਤਿੰਨ ਨਵੇਂ ਵਜ਼ੀਰ ਵਜ਼ਾਰਤ ਵਿਚ ਸ਼ਾਮਲ ਹੋਣ ਦਾ ਰਾਹ ਖੁੱਲ੍ਹ ਜਾਵੇਗਾ। ਵਜ਼ਾਰਤ ਵਿਚ ਸ਼ਾਮਲ ਹੋਣ ਲਈ ਵਿਧਾਇਕਾਂ ਵੱਲੋਂ ਚੰਡੀਗੜ੍ਹ ਤੇ ਦਿੱਲੀ 'ਚ ਜ਼ੋਰ-ਅਜ਼ਮਾਈ ਸ਼ੁਰੂ ਹੋ ਚੁੱਕੀ ਹੈ। ਦੁਆਬਾ ਖੇਤਰ ਦੀ ਭਰਵੀਂ ਪ੍ਰਤੀਨਿਧਤਾ ਲਈ ਰਾਣਾ ਗੁਰਜੀਤ ਸਿੰਘ ਮੁੜ ਵਜ਼ਾਰਤ ਵਿਚ ਸ਼ਾਮਲ ਹੋਣ ਤਤਪਰ ਹਨ ਤੇ ਇਸ ਵੇਲੇ ਉਹ ਮੁੱਖ ਮੰਤਰੀ ਦੀਆਂ ਨਿਗਾਹਾਂ ਵਿਚ ਦੱਸੇ ਜਾਂਦੇ ਹਨ। ਪੰਜਾਬ ਵਜ਼ਾਰਤ ਤੇ ਚੇਅਰਮੈਨੀਆਂ ਦੀ ਵੰਡ 'ਚ ਵਾਲਮੀਕਿ-ਮਜ਼ਬੀ ਸਿੱਖ ਭਾਈਚਾਰੇ ਨੂੰ ਪ੍ਰਤੀਨਿਧਤਾ ਨਾ ਮਿਲਣ ਦਾ ਮੁੱਦਾ ਵੀ ਬੜੇ ਜ਼ੋਰ ਨਾਲ ਉਠਿਆ ਹੈ ਤੇ ਇਸ ਵਰਗ ਨੂੰ ਪ੍ਰਤੀਨਿਧਤਾ ਦਿੱਤੇ ਜਾਣ ਬਾਰੇ ਗੰਭੀਰਤਾ ਨਾਲ ਵਿਚਾਰਿਆ ਵੀ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਕੈਬਨਿਟ ਰੈਂਕ ਵਾਲੇ ਪੰਜਾਬ ਗੁਦਾਮ ਨਿਗਮ ਦੇ ਚੇਅਰਮੈਨ ਰਾਜ ਕੁਮਾਰ ਵੇਰਕਾ ਆਪਣਾ ਅਹੁਦਾ ਛੱਡ ਕੇ ਵਜ਼ਾਰਤ 'ਚ ਸ਼ਾਮਲ ਹੋਣ ਲਈ ਦਿੱਲੀ ਹਾਈਕਮਾਨ ਤੱਕ ਪਹੁੰਚ ਕਰ ਰਹੇ ਹਨ। ਮਜ਼ਬੀ ਸਿੱਖ ਭਾਈਚਾਰੇ ਨਾਲ ਸਬੰਧਤ ਜੰਡਿਆਲਾ ਗੁਰੂ ਦੇ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਵੀ ਸਰਗਰਮ ਦੱਸੇ ਜਾਂਦੇ ਹਨ।

ਇਨ੍ਹਾਂ ਤੋਂ ਇਲਾਵਾ ਲੁਧਿਆਣਾ ਦੇ ਹਲਕਾ ਗਿੱਲ ਦੇ ਵਿਧਾਇਕ ਕੁਲਦੀਪ ਸਿੰਘ ਵੈਦ ਤੇ ਹਲਕਾ ਸ਼ਾਮਚੁਰਾਸੀ ਦੇ ਵਿਧਾਇਕ ਪਵਨ ਆਦੀਆ ਵੀ ਮੰਤਰੀ ਬਣਨ ਦੀ ਕਤਾਰ ਵਿਚ ਹਨ। ਜੇਕਰ ਦੁਆਬੇ 'ਚ ਆਦਿ ਧਰਮੀ ਵਰਗ ਨੂੰ ਪ੍ਰਤੀਨਿਧਤਾ ਮਿਲਦੀ ਹੈ ਤਾਂ ਜਲੰਧਰ ਪੱਛਮੀ ਹਲਕੇ ਦੇ ਵਿਧਾਇਕ ਸੁਸ਼ੀਲ ਰਿੰਕੂ ਵੀ ਜ਼ੋਰ-ਅਜ਼ਮਾਈ ਵਿਚ ਦੱਸੇ ਜਾਂਦੇ ਹਨ। ਪਤਾ ਲੱਗਾ ਹੈ ਕਿ ਜੇਕਰ ਸਪੀਕਰ ਬਦਲਿਆ ਜਾਂਦਾ ਹੈ ਤਾਂ ਮੌਜੂਦਾ ਸਪੀਕਰ ਰਾਣਾ ਕੇ. ਪੀ. ਸਿੰਘ ਵਜ਼ਾਰਤ ਵਿਚ ਸ਼ਾਮਲ ਕੀਤੇ ਜਾਣਾ ਸੰਭਵ ਹੈ।



## ਵਿਭਾਗ ਕੰਮ ਦੇ ਆਧਾਰ 'ਤੇ ਬਦਲੇ ਜਾਣ ਵਿਭਾਗ: ਵੜਿੰਗ

**ਚੰਡੀਗੜ੍ਹ:** ਗਿੱਦੜਬਾਹਾ ਤੋਂ ਕਾਂਗਰਸ ਵਿਧਾਇਕ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰ ਰਾਜਾ ਵੜਿੰਗ ਨੇ ਮੁੱਖ ਮੰਤਰੀ ਨੂੰ ਆਪਣੀ ਸਲਾਹ ਦਿੰਦੇ ਹੋਏ ਕਿਹਾ ਹੈ ਕਿ ਮੰਤਰੀਆਂ ਦੀ ਕਾਰਗੁਜ਼ਾਰੀ ਦੇ ਆਧਾਰ ਉਨ੍ਹਾਂ ਦੇ ਵਿਭਾਗ ਬਦਲੇ ਜਾਣੇ ਚਾਹੀਦੇ ਹਨ। ਪੰਜਾਬ 'ਚ ਕਾਂਗਰਸ ਸਰਕਾਰ ਦੇ ਤਿੰਨ ਸਾਲ ਗੁਜ਼ਰ ਚੁੱਕੇ ਹਨ ਅਤੇ ਹੁਣ ਮੁੱਖ ਮੰਤਰੀ ਨੂੰ ਆਪਣੇ ਮੰਤਰੀ ਮੰਡਲ ਵਿਚ ਫੇਰਬਦਲ ਕਰ ਕੇ ਵਿਧਾਇਕਾਂ ਨੂੰ ਮੰਤਰੀ ਬਣਨ ਦਾ ਮੌਕਾ ਦੇਣਾ ਚਾਹੀਦਾ ਹੈ। ਰਾਜਾ ਵੜਿੰਗ ਨੇ ਕਿਹਾ ਕਿ ਹਾਲਾਂਕਿ ਇਹ ਮੁੱਖ ਮੰਤਰੀ ਦਾ ਅਧਿਕਾਰ ਹੈ ਕਿ ਉਹ ਆਪਣੇ ਮੰਤਰੀ ਮੰਡਲ ਵਿਚ ਫੇਰਬਦਲ ਕਰਨ ਜਾਂ ਨਾ ਕਰਨ ਪਰ ਸਰਕਾਰ ਦਾ ਤਿੰਨ ਸਾਲ ਦਾ ਕਾਰਜਕਾਲ ਗੁਜ਼ਰ ਚੁੱਕਿਆ ਹੈ ਅਤੇ ਹੁਣ ਮੁੱਖ ਮੰਤਰੀ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਮੰਤਰੀ ਮੰਡਲ ਵਿਚ ਸ਼ਾਮਲ ਮੰਤਰੀਆਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਦੇ ਹੋਏ ਜੋ ਮੰਤਰੀ ਆਪਣੇ ਕੰਮ ਵਿਚ ਖਰੇ ਨਹੀਂ ਉਤਰੇ, ਉਨ੍ਹਾਂ ਨੂੰ ਮੰਤਰੀ ਮੰਡਲ ਤੋਂ ਬਾਹਰ ਕਰਕੇ ਨਵੇਂ ਚਿਹਰੇ ਸ਼ਾਮਲ ਕਰ ਲੈਣ।

**Punjab Times**
**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੂੰ ਫਾਂਸੀ ਦੀ ਸਜ਼ਾ

**ਇਸਲਾਮਾਬਾਦ:** ਪਾਕਿਸਤਾਨ ਦੀ ਇਕ ਅਦਾਲਤ ਨੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੂੰ ਦੇਸ਼ਧ੍ਰੋਹ ਦੇ ਮਾਮਲੇ 'ਚ ਮੌਤ ਦੀ ਸਜ਼ਾ ਸੁਣਾਈ ਹੈ। ਪਾਕਿਸਤਾਨ ਦੀ ਸਪੈਸ਼ਲ ਕੋਰਟ ਨੇ ਮੁਸ਼ੱਰਫ ਨੂੰ ਸਜ਼ਾ ਸੁਣਾਈ ਹੈ। ਇਹ ਨਵੰਬਰ 2007 'ਚ ਐਮਰਜੈਂਸੀ ਲਾਉਣ ਦਾ ਮਾਮਲਾ ਹੈ। ਮੁਸ਼ੱਰਫ ਫਿਲਹਾਲ ਦੁਬਈ 'ਚ ਹੈ।

ਪਾਕਿਸਤਾਨ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਫੌਜ ਦੇ ਕਿਸੇ ਸ਼ਾਸਕ ਨੂੰ ਮੌਤ ਦੀ ਸਜ਼ਾ ਸੁਣਾਈ ਹੋਵੇ। ਦਰਅਸਲ ਮੁਸ਼ੱਰਫ ਨੂੰ ਇਹ ਸਜ਼ਾ ਸਾਲ 2007 ਵਿਚ ਦੇਸ਼ ਦੇ ਸੰਵਿਧਾਨ ਨੂੰ ਭੰਗ ਕਰਨ ਅਤੇ ਦੇਸ਼ਧ੍ਰੋਹ ਮਾਮਲੇ 'ਚ ਹੋਈ ਹੈ, ਜਦੋਂ ਉਸ ਨੇ ਰਾਜਨੀਤਿਕ ਵਿਰੋਧੀ ਲਹਿਰ ਨੂੰ ਨਾਕਾਮ ਕਰਨ ਦੀ ਕੋਸ਼ਿਸ਼ ਵਿਚ ਦੇਸ਼ ਵਿਚ ਐਮਰਜੈਂਸੀ ਲਾਗੂ ਕਰ ਦਿੱਤੀ ਸੀ। ਦੇਸ਼ਧ੍ਰੋਹ ਦਾ ਇਹ ਕੇਸ 2013 ਵਿਚ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਸਰਕਾਰ ਵੱਲੋਂ ਦਰਜ ਕਰਵਾਇਆ ਗਿਆ ਸੀ।

ਨਵਾਜ਼ ਸ਼ਰੀਫ ਅਤੇ ਸਾਬਕਾ ਫੌਜੀ ਸ਼ਾਸਕ ਪ੍ਰਤੀ ਵੈਰ-ਵਿਰੋਧ ਦਾ ਇਤਿਹਾਸ ਪੁਰਾਣਾ ਹੈ। ਦਸੰਬਰ, 2013 ਵਿਚ ਸੁਣਵਾਈ ਸ਼ੁਰੂ ਕੀਤੀ ਗਈ ਸੀ। ਮਾਰਚ 2014 ਵਿਚ ਮੁਸ਼ੱਰਫ ਨੂੰ ਦੇਸ਼ਧ੍ਰੋਹ ਦਾ ਦੋਸ਼ੀ ਠਹਿਰਾ ਦਿੱਤਾ ਗਿਆ ਸੀ। ਮੁਸ਼ੱਰਫ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਅਤੇ ਜ਼ੋਰ ਦੇ ਕੇ ਕਿਹਾ ਹੈ ਕਿ ਉਸ ਵਿਰੁੱਧ ਕੇਸ ਇਕ ਰਾਜਨੀਤਿਕ ਬਦਲਾਖੋਰੀ ਸੀ।

# ਅਮਰੀਕਾ ਨੇ ਪਾਕਿ ਦੇ 'ਐਨਕਾਊਂਟਰ ਮਾਹਿਰ' ਨੂੰ ਕਾਲੀ ਸੂਚੀ 'ਚ ਪਾਇਆ

**ਵਾਸ਼ਿੰਗਟਨ:** ਅਮਰੀਕਾ ਨੇ ਪਾਕਿਸਤਾਨ ਦੇ ਸੇਵਾ ਮੁਕਤ ਪੁਲਿਸ ਅਧਿਕਾਰੀ ਰਾਓ ਅਨਵਰ ਅਹਿਮਦ ਖਾਨ, ਜਿਸ ਨੂੰ 'ਐਨਕਾਊਂਟਰ ਮਾਹਿਰ' ਵਜੋਂ ਜਾਣਿਆ ਜਾਂਦਾ ਹੈ, ਨੂੰ ਮਨੁੱਖੀ ਹੱਕਾਂ ਦੇ ਘਾਣ ਲਈ ਕਾਲੀ ਸੂਚੀ ਵਿਚ ਰੱਖਿਆ ਹੈ। ਉਸ ਉਤੇ ਸਿੰਧ ਸੂਬੇ 'ਚ ਫਰਜ਼ੀ ਮੁਕਾਬਲੇ ਕਰਨ ਦਾ ਦੋਸ਼ ਲੱਗਾ ਹੈ। ਉਹ ਕਰਾਚੀ ਦੇ ਮਲੀਰ ਜ਼ਿਲ੍ਹੇ 'ਚ ਐਸ.ਐਸ.ਪੀ. ਵਜੋਂ ਨਿਯੁਕਤ ਰਿਹਾ ਸੀ।

ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਅਮਰੀਕਾ ਦੇ ਵਿਦੇਸ਼ੀ ਸੰਪਤੀ ਕੰਟਰੋਲ ਦਫਤਰ ਨੇ ਅਨਵਰ ਨੂੰ ਨਾਮਜ਼ਦ ਕਰਦਿਆਂ ਕਿਹਾ ਕਿ ਉਸ ਨੇ ਫਰਜ਼ੀ ਮੁਕਾਬਲਿਆਂ ਦੌਰਾਨ ਕਈ ਵਿਅਕਤੀਆਂ ਦੀਆਂ ਹੱਤਿਆਵਾਂ ਕੀਤੀਆਂ। ਸਾਬਕਾ ਪੁਲਿਸ ਅਧਿਕਾਰੀ ਫਿਰੌਤੀ, ਜ਼ਮੀਨ ਹਥਿਆਉਣ, ਨਾਰਕੋਟਿਕਸ ਅਤੇ ਹੱਤਿਆਵਾਂ ਕਰਨ ਲਈ ਵੀ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਵਿਦੇਸ਼ੀ ਸੰਪਤੀ ਕੰਟਰੋਲ ਦਫਤਰ ਦੇ ਸਕੱਤਰ ਸਟੀਵਨ ਟੀ ਮਨੂਚਿਨ ਨੇ ਦੱਸਿਆ ਕਿ ਅਨਵਰ ਨੇ ਮਲੀਰ ਜ਼ਿਲ੍ਹੇ 'ਚ 190 ਪੁਲਿਸ ਮੁਕਾਬਲੇ ਕੀਤੇ ਜਿਸ ਨਾਲ 400 ਤੋਂ ਵੱਧ ਲੋਕਾਂ ਦੀ ਮੌਤ ਹੋਈ ਅਤੇ ਇਨ੍ਹਾਂ 'ਚੋਂ ਜ਼ਿਆਦਾਤਰ ਫਰਜ਼ੀ ਮੁਕਾਬਲੇ ਸਨ।

ਰਾਓ 37 ਸਾਲਾਂ ਦੀ ਸੇਵਾ ਮੁਕੰਮਲ ਕਰਨ ਮਗਰੋਂ 2018 'ਚ ਸੇਵਾ ਮੁਕਤ ਹੋਇਆ ਸੀ। ਉਸ ਤੋਂ ਇਲਾਵਾ ਅਮਰੀਕਾ ਨੇ ਮਿਆਂਮਾਰ, ਲਿਬੀਆ, ਸਲੋਵਾਕੀਆ, ਕਾਂਗੋ ਅਤੇ ਦੱਖਣੀ ਸੂਡਾਨ 'ਚ ਮਨੁੱਖੀ ਹੱਕਾਂ ਦੇ ਘਾਣ ਲਈ 17 ਹੋਰ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ। ਛੇ ਕੰਪਨੀਆਂ ਨੂੰ ਵੀ ਕਾਲੀ ਸੂਚੀ 'ਚ ਰੱਖਿਆ ਗਿਆ ਹੈ।

## ਜਨਰਲ ਨਰਵਾਣੇ ਹੋਣਗੇ ਅਗਲੇ ਥਲ ਸੈਨਾ ਮੁਖੀ

**ਨਵੀਂ ਦਿੱਲੀ:** ਲੈਫਟੀਨੈਂਟ ਜਨਰਲ ਮਨੋਜ ਮੁਕੁੰਦ ਨਰਵਾਣੇ ਭਾਰਤੀ ਥਲ ਸੈਨਾ ਦੇ ਅਗਲੇ ਮੁਖੀ ਹੋਣਗੇ। ਉਹ ਮੌਜੂਦਾ ਸਮੇਂ ਥਲ ਸੈਨਾ ਦੇ ਵਾਈਸ ਚੀਫ ਵਜੋਂ ਸੇਵਾਵਾਂ ਨਿਭਾ ਰਹੇ ਹਨ। ਸੂਤਰਾਂ ਮੁਤਾਬਕ ਸਿਖਰਲੇ ਪੱਧਰ 'ਤੇ ਨਰਵਾਣੇ ਦੀ ਨਿਯੁਕਤੀ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ ਤੇ ਸਰਕਾਰ ਨੇ ਇਸ ਮੌਕੇ ਸੀਨੀਆਰਤਾ ਦਾ ਵਿਸ਼ੇਸ਼ ਖਿਆਲ ਰੱਖਿਆ ਹੈ।

ਲੈਫਟੀਨੈਂਟ ਜਨਰਲ ਨਰਵਾਣੇ, ਜਨਰਲ ਬਿਪਿਨ ਰਾਵਤ ਦੀ ਥਾਂ ਲੈਣਗੇ। ਜਨਰਲ ਰਾਵਤ ਤਿੰਨ ਸਾਲ ਦੇ ਕਾਰਜਕਾਲ ਮਗਰੋਂ 31 ਦਸੰਬਰ ਨੂੰ ਸੇਵਾ ਮੁਕਤ ਹੋ ਰਹੇ ਹਨ ਤੇ ਉਨ੍ਹਾਂ ਨੂੰ ਮੁਲਕ ਦਾ ਅਗਲਾ ਚੀਫ ਆਫ ਡਿਫੈਂਸ ਸਟਾਫ ਲਾਏ ਜਾਣ ਦੀ ਸੰਭਾਵਨਾ ਹੈ। ਇਸ ਸਾਲ ਸਤੰਬਰ ਵਿਚ ਥਲ ਸੈਨਾ 'ਚ ਵਾਈਸ ਚੀਫ ਦਾ ਚਾਰਜ ਸੰਭਾਲਣ ਤੋਂ ਪਹਿਲਾਂ ਲੈਫਟੀਨੈਂਟ ਜਨਰਲ ਨਰਵਾਣੇ ਫੌਜ ਦੀ ਪੂਰਬੀ ਕਮਾਂਡ ਦੇ ਮੁਖੀ ਸਨ, ਜੋ ਚੀਨ ਨਾਲ ਲੱਗਦੀ ਚਾਰ ਹਜ਼ਾਰ ਕਿਲੋਮੀਟਰ ਲੰਮੀ ਸਰਹੱਦ ਦੀ ਨਿਗਰਾਨੀ ਕਰਦੀ ਹੈ।

## ਭਾਜਪਾ ਵਿਧਾਇਕ ਸੇਂਗਰ ਜਬਰ ਜਨਾਹ ਦਾ ਦੋਸ਼ੀ ਕਰਾਰ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਭਾਜਪਾ ਤੋਂ ਬਰਖਾਸਤ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ 2017 'ਚ ਨਾਬਾਲਿਗ ਨਾਲ ਜਬਰ ਜਨਾਹ ਦਾ ਦੋਸ਼ੀ ਕਰਾਰ ਦਿੰਦਿਆਂ ਕਿਹਾ ਕਿ 'ਤਾਕਤਵਰ ਵਿਅਕਤੀ' ਖਿਲਾਫ ਪੀੜਤਾ ਦੀ ਗਵਾਹੀ 'ਸੱਚੀ ਅਤੇ ਬੇਦਾਗ' ਹੈ।

ਅਦਾਲਤ ਨੇ ਸੇਂਗਰ ਨੂੰ ਆਈ.ਪੀ.ਸੀ. ਤਹਿਤ ਜਬਰ ਜਨਾਹ ਅਤੇ ਪੋਕਸੋ ਐਕਟ ਤਹਿਤ ਜਨ ਸੇਵਕ ਵੱਲੋਂ ਬੱਚੀ ਖਿਲਾਫ ਜਿਨਸੀ ਹਮਲੇ ਦੇ ਜੁਰਮ ਦਾ ਦੋਸ਼ੀ ਠਹਿਰਾਇਆ ਹੈ। ਉਂਜ ਜ਼ਿਲ੍ਹਾ ਜੱਜ ਧਰਮੇਸ਼ ਸ਼ਰਮਾ ਨੇ ਸਹਿ ਮੁਲਜ਼ਮ ਸ਼ਸ਼ੀ ਸਿੰਘ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ।

ਪੋਕਸੋ ਐਕਟ ਤਹਿਤ ਸੇਂਗਰ ਨੂੰ ਦੋਸ਼ੀ ਠਹਿਰਾਉਂਦਿਆਂ ਅਦਾਲਤ ਨੇ ਕਿਹਾ ਕਿ ਸੀ.ਬੀ.ਆਈ. ਨੇ ਸਾਬਤ ਕੀਤਾ ਹੈ ਕਿ ਪੀੜਤਾ ਨਾਬਾਲਿਗ ਸੀ ਅਤੇ ਇਸ ਵਿਸ਼ੇਸ਼ ਕਾਨੂੰਨ ਤਹਿਤ ਚਲਾਇਆ ਗਿਆ ਮੁਕੱਦਮਾ ਸਹੀ ਸੀ। ਜੱਜ ਨੇ ਜਦੋਂ ਫੈਸਲਾ ਸੁਣਾਉਣਾ ਸ਼ੁਰੂ ਕੀਤਾ ਤਾਂ ਸਹਿ-ਮੁਲਜ਼ਮ ਸ਼ਸ਼ੀ ਸਿੰਘ ਬੇਹੋਸ਼ ਹੋ ਗਈ। ਅਦਾਲਤ ਨੇ ਇਹ ਵੀ ਕਿਹਾ ਕਿ ਪੀੜਤਾ ਵੱਲੋਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਚਿੱਠੀ ਲਿਖੇ ਜਾਣ ਤੋਂ ਬਾਅਦ ਉਸ ਦੇ ਪਰਿਵਾਰ ਵਾਲਿਆਂ ਖਿਲਾਫ ਕਈ ਮੁਕੱਦਮੇ ਦਰਜ ਕੀਤੇ ਗਏ ਅਤੇ ਉਨ੍ਹਾਂ 'ਤੇ 'ਸੇਂਗਰ ਦੀ ਛਾਪ' ਸੀ।

ਅਦਾਲਤ ਨੇ ਜਬਰ ਜਨਾਹ ਕੇਸ 'ਚ ਸੀ.ਬੀ.ਆਈ. ਵੱਲੋਂ ਚਾਰਜਸ਼ੀਟ ਦਾਖਲ ਕਰਨ 'ਚ ਕੀਤੀ ਗਈ ਦੇਰੀ 'ਤੇ ਵੀ ਹੈਰਾਨੀ ਜਤਾਈ ਜਿਸ ਕਾਰਨ ਸੇਂਗਰ ਅਤੇ ਹੋਰਾਂ ਖਿਲਾਫ ਮੁਕੱਦਮਾ ਲੰਬਾ ਚਲਿਆ।

ਪੋਕਸੋ ਦਾ ਜ਼ਿਕਰ ਕਰਦਿਆਂ ਅਦਾਲਤ ਨੇ ਕਿਹਾ ਕਿ ਕਾਨੂੰਨ 'ਚ ਕੁਝ ਵੀ ਗਲਤ ਨਹੀਂ ਹੈ ਪਰ ਇਸ ਨੂੰ ਜ਼ਮੀਨੀ ਪੱਧਰ ਉਤੇ ਅਸਰਦਾਰ ਢੰਗ ਨਾਲ ਲਾਗੂ ਕਰਨ ਅਤੇ ਸਬੰਧਤ ਅਧਿਕਾਰੀਆਂ 'ਚ ਮਾਨਵੀ ਰਵੱਈਏ ਦੀ ਘਾਟ ਕਰਕੇ ਅਕਸਰ ਅਜਿਹੇ ਹਾਲਾਤ ਬਣ ਜਾਂਦੇ ਹਨ ਜਿਥੇ ਇਨਸਾਫ 'ਚ ਦੇਰੀ ਹੋ ਜਾਂਦੀ ਹੈ।

## ਪੰਜਾਬ ਸਰਕਾਰ ਚੰਡੀਗੜ੍ਹ ਨੇੜੇ ਬਣਾਏਗੀ ਫਿਲਮ ਸਿਟੀ

**ਅੰਮ੍ਰਿਤਸਰ:** ਬੌਲੀਵੁੱਡ ਵਿਚ ਪੰਜਾਬੀ ਸਭਿਆਚਾਰ ਅਤੇ ਪੰਜਾਬੀਅਤ ਦੀ ਵਧ ਰਹੀ ਮੰਗ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਚੰਡੀਗੜ੍ਹ ਨੇੜੇ ਫਿਲਮ ਸਿਟੀ ਬਣਾਉਣ ਦਾ ਫੈਸਲਾ ਲਿਆ ਹੈ। ਇਸ ਸਬੰਧੀ ਵਿਭਾਗੀ ਕਾਰਵਾਈ ਸ਼ੁਰੂ ਹੋ ਚੁੱਕੀ ਹੈ।

ਫਿਲਮ ਸਿਟੀ ਬਣਨ ਨਾਲ ਜਿਥੇ ਪੰਜਾਬੀ ਸਿਨੇਮਾ ਨੂੰ ਮਜ਼ਬੂਤੀ ਮਿਲੇਗੀ, ਉਥੇ ਹੀ ਬੌਲੀਵੁੱਡ ਤੋਂ ਇਥੇ ਆਉਣ ਵਾਲੇ ਨਿਰਮਾਤਾ-ਨਿਰਦੇਸ਼ਕਾਂ ਨੂੰ ਵੀ ਫਿਲਮਾਂ ਦੀ ਸ਼ੂਟਿੰਗ ਲਈ ਚੰਗੀ ਥਾਂ ਮਿਲ ਸਕੇਗੀ। ਇਹ ਪ੍ਰਗਟਾਵਾ ਸੈਰ ਸਪਾਟਾ ਤੇ ਸਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੇ ਵਧੀਕ ਡਾਇਰੈਕਟਰ ਲਖਮੀਰ ਸਿੰਘ ਨੇ ਕੀਤਾ। ਉਹ ਇਥੇ 14ਵੇਂ ਪੰਜਾਬ ਇੰਟਰਨੈਸ਼ਨਲ ਟਰੇਡ ਐਕਸਪੋ (ਪਾਈਟੈਕਸ) ਦੌਰਾਨ ਕਰਵਾਏ ਸੈਮੀਨਾਰ ਵਿਚ ਸ਼ਾਮਲ ਹੋਣ ਆਏ ਸਨ।

# ਨਾਗਰਿਕਤਾ ਐਕਟ ਖਿਲਾਫ ਵਿਦਿਆਰਥੀ ਰੋਹ ਫੈਲਿਆ

*(ਸਫਾ ਇਕ ਦੀ ਬਾਕੀ)*

ਆਈਆਂ ਹਨ ਅਤੇ ਇਹ ਰੋਹ ਪੂਰੇ ਦੇਸ਼ ਵਿਚ ਫੈਲ ਗਿਆ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਅਤੇ ਹੋਰ ਥਾਈਂ ਵੀ ਸਰਕਾਰ ਖਿਲਾਫ ਵਿਖਾਵੇ ਹੋ ਰਹੇ ਹਨ। ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਨੇ ਵਿਦਿਆਰਥੀਆਂ ਦੀ ਕੁੱਟਮਾਰ ਦੀ ਜਾਂਚ ਸੁਪਰੀਮ ਕੋਰਟ ਦੇ ਜੱਜ ਤੋਂ ਕਰਵਾਉਣ ਦੀ ਮੰਗ ਕੀਤੀ ਹੈ। ਯਾਦ ਰਹੇ ਕਿ ਮੋਦੀ ਸਰਕਾਰ ਵਲੋਂ ਬਣਾਏ ਨਾਗਰਿਕਤਾ ਸੋਧ ਐਕਟ ਮੁਤਾਬਕ ਅਫਗਾਨਿਸਤਾਨ, ਪਾਕਿਸਤਾਨ ਅਤੇ ਬੰਗਲਾਦੇਸ਼ ਤੋਂ ਆਏ ਹਿੰਦੂ, ਸਿੱਖ, ਇਸਾਈ, ਬੁੱਧ ਅਤੇ ਜੈਨ ਧਰਮ ਨਾਲ ਸਬੰਧਤ ਲੋਕਾਂ ਨੂੰ ਬਾਕਾਇਦਾ ਭਾਰਤ ਦੀ ਨਾਗਰਿਕਤਾ ਦੇ ਦਿੱਤੀ ਜਾਏਗੀ ਪਰ ਇਨ੍ਹਾਂ ਦੇਸ਼ਾਂ ਤੋਂ ਆਏ ਮੁਸਲਮਾਨਾਂ ਨੂੰ ਨਾਗਰਿਕਤਾ ਨਹੀਂ ਦਿੱਤੀ ਜਾਏਗੀ।

ਵਿਰੋਧੀ ਧਿਰਾਂ ਸਮੇਤ ਦੇਸ਼ ਦੇ ਸੈਂਕੜੇ ਵਿਗਿਆਨੀਆਂ, ਬੁੱਧੀਜੀਵੀਆਂ ਅਤੇ ਕਲਾਕਾਰਾਂ ਨੇ ਐਕਟ ਵਿਚੋਂ ਮੁਸਲਮਾਨਾਂ ਨੂੰ ਬਾਹਰ ਰੱਖਣ ਵਿਰੁੱਧ ਇਤਰਾਜ਼ ਜਤਾਇਆ ਹੈ ਪਰ ਮੋਦੀ ਸਰਕਾਰ ਦੀ ਅੜੀ ਬਰਕਰਾਰ ਹੈ। ਉਤਰ-ਪੂਰਬੀ ਭਾਰਤ ਦੇ ਰਾਜਾਂ ਵਿਚ ਵੀ ਇਸ ਐਕਟ ਦਾ ਤਿੱਖਾ ਵਿਰੋਧ ਹੋ ਰਿਹਾ ਹੈ। ਇਸ ਕਾਰਨ ਆਸਾਮ ਵਿਚ ਤਾਂ ਕੁਝ ਹਿੰਸਕ ਘਟਨਾਵਾਂ ਵੀ ਵਾਪਰੀਆਂ ਹਨ। ਗੁਹਾਟੀ ਵਿਚ ਅਣਮਿਥੇ ਸਮੇਂ ਲਈ ਕਰਫਿਊ ਲਗਾ ਦਿੱਤਾ ਗਿਆ।

ਹਾਲ ਹੀ ਵਿਚ ਰਾਸ਼ਟਰੀ ਨਾਗਰਿਕਤਾ ਰਜਿਸਟਰ ਦੇ ਸਰਵੇਖਣ ਦੇ ਆਧਾਰ ਉਤੇ ਅਸਾਮ ਦੇ 19 ਲੱਖ ਲੋਕਾਂ ਨੂੰ ਗੈਰਕਾਨੂੰਨੀ ਘੁਸਪੈਠੀਏ ਕਰਾਰ ਦਿੱਤਾ ਗਿਆ ਸੀ। ਇਨ੍ਹਾਂ ਵਿਚ ਵੱਡੀ ਗਿਣਤੀ ਹਿੰਦੂ ਵੀ ਸ਼ਾਮਲ ਹਨ ਜਿਸ ਕਾਰਨ ਭਾਜਪਾ ਦੇ ਸਥਾਨਕ ਤੇ ਕੌਮੀ ਆਗੂਆਂ ਨੇ ਵੀ ਇਸ ਸਰਵੇਖਣ ਸਬੰਧੀ ਕਈ ਤਰ੍ਹਾਂ ਦੇ ਇਤਰਾਜ਼ ਉਠਾਏ ਸਨ। ਇਸੇ ਕਰਕੇ ਭਾਜਪਾ ਨੂੰ ਨਵਾਂ ਨਾਗਰਿਕਤਾ ਕਾਨੂੰਨ ਲਿਆਉਣ ਦੀ ਲੋੜ ਪਈ ਪਰ ਮੋਦੀ ਸਰਕਾਰ ਨੇ ਚਲਾਕੀ ਨਾਲ ਹਿੰਦੂਆਂ ਨੂੰ ਤਾਂ ਦੇਸ਼ ਤੋਂ ਬਾਹਰ ਜਾਣ ਤੋਂ ਬਚਾ ਲਿਆ ਪਰ ਮੁਸਲਮਾਨਾਂ ਨੂੰ ਮਿਥ ਕੇ ਇਸ ਨਵੇਂ ਕਾਨੂੰਨ ਤੋਂ ਬਾਹਰ ਰੱਖਿਆ ਗਿਆ ਹੈ। ਸਰਕਾਰ ਦਾਅਵਾ ਕਰ ਰਹੀ ਹੈ ਕਿ ਗੁਆਂਢੀ ਮੁਲਕ ਮੁਸਲਮਾਨ ਦੇਸ਼ ਹਨ, ਇਸ ਲਈ ਮੁਸਲਮਾਨਾਂ ਨੂੰ ਇਸ ਨਵੇਂ ਕਾਨੂੰਨ ਤੋਂ ਬਾਹਰ ਰੱਖਿਆ ਗਿਆ ਹੈ ਪਰ ਸਵਾਲ ਇਹ ਉਠ ਰਹੇ ਹਨ ਕਿ ਇਨ੍ਹਾਂ ਦੇਸ਼ਾਂ ਵਿਚ ਸ਼ੀਆ, ਹਜ਼ਾਰਾ ਤੇ ਅਹਿਮਦੀਆ ਲੋਕ ਜੋ ਇਸਲਾਮ ਧਰਮ ਨਾਲ ਹੀ ਸਬੰਧਤ ਹਨ, ਨਾਲ ਵੀ ਜ਼ਿਆਦਤੀਆਂ ਹੋ ਰਹੀਆਂ ਹਨ; ਇਸ ਲਈ ਹੋਰਾਂ ਦੇਸ਼ਾਂ ਤੋਂ ਆਏ ਹਿੰਦੂਆਂ ਵਾਂਗ ਇਹ ਵੀ ਸ਼ਰਨ ਦੇ ਹੱਕਦਾਰ ਹਨ।

## ਅਮਰੀਕਾ ਨੇ 2018 'ਚ 10 ਹਜ਼ਾਰ ਭਾਰਤੀਆਂ ਨੂੰ ਹਿਰਾਸਤ 'ਚ ਲਿਆ

**ਵਾਸ਼ਿੰਗਟਨ:** ਅਮਰੀਕਾ ਵਿਚ ਵੱਖ-ਵੱਖ ਏਜੰਸੀਆਂ ਨੇ 2018 'ਚ ਕਰੀਬ 10,000 ਭਾਰਤੀਆਂ ਨੂੰ ਕੌਮੀ ਤੇ ਜਨਤਕ ਸੁਰੱਖਿਆ ਲਈ ਖਤਰਾ ਖੜ੍ਹਾ ਕਰਨ ਦੇ ਦੋਸ਼ ਹੇਠ ਹਿਰਾਸਤ ਵਿਚ ਲਿਆ ਹੈ। ਸਰਕਾਰੀ ਰਿਪੋਰਟ ਮੁਤਾਬਕ ਏਜੰਸੀਆਂ ਨੇ ਇਨ੍ਹਾਂ ਦੀ ਸ਼ਨਾਖਤ ਕਰ ਕੇ ਮੁਲਕ ਤੋਂ ਬਾਹਰ ਭੇਜਣ ਦੀ ਕਾਰਵਾਈ ਵੀ ਆਰੰਭੀ ਹੈ। ਤਕਰੀਬਨ 831 ਜਣਿਆਂ ਨੂੰ ਅਮਰੀਕਾ ਤੋਂ ਵਾਪਸ ਭੇਜ ਦਿੱਤਾ ਗਿਆ ਹੈ।

ਰਿਪੋਰਟ 'ਇਮੀਗ੍ਰੇਸ਼ਨ ਐਨਫੋਰਸਮੈਂਟ: ਅਰੈਸਟ, ਡਿਟੈਨਸ਼ਨਜ਼ ਤੇ ਰਿਮੂਵਲ' ਦੱਸਦੀ ਹੈ ਕਿ 2015 ਤੋਂ 2018 ਤੱਕ ਹਿਰਾਸਤ ਵਿਚ ਲਏ ਗਏ ਭਾਰਤੀਆਂ ਦੀ ਗਿਣਤੀ ਦੁੱਗਣੀ ਤੋਂ ਵੀ ਵੱਧ ਹੋ ਗਈ ਹੈ। ਸੰਨ 2015 ਵਿਚ 3,532 ਭਾਰਤੀ ਹਿਰਾਸਤ ਵਿਚ ਲਏ ਗਏ ਸਨ ਜੋ ਕਿ 2016 ਵਿਚ ਵਧ ਕੇ 3,913 ਹੋ ਗਏ। ਇਸ ਤੋਂ ਬਾਅਦ 2017 ਵਿਚ ਇਹ ਗਿਣਤੀ 5322 ਤੇ 2018 ਵਿਚ 9,811 ਹੋ ਗਈ। ਇਮੀਗ੍ਰੇਸ਼ਨ ਤੇ ਕਸਟਮ ਇਨਫੋਰਸਮੈਂਟ ਨੇ 2018 ਵਿਚ 831 ਜਣਿਆਂ ਨੂੰ ਵਾਪਸ ਭੇਜ ਦਿੱਤਾ। 2015 ਵਿਚ 296, 2016 ਵਿਚ 387 ਤੇ 2017 ਵਿਚ 474 ਜਣੇ ਵਾਪਸ ਭਾਰਤ ਭੇਜੇ ਗਏ ਸਨ। ਏਜੰਸੀ ਨੇ 2015 'ਚ 317 ਗ੍ਰਿਫਤਾਰੀਆਂ ਕੀਤੀਆਂ ਸਨ ਜੋ 2016 ਵਿਚ ਵਧ ਕੇ 390 ਹੋ ਗਈਆਂ। ਸੰਨ 2017 ਵਿਚ 536 ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ 2018 ਵਿਚ ਗਿਣਤੀ ਵੱਧ ਕੇ 620 ਹੋ ਗਈ। ਡੇਟਾ ਦਿਖਾਉਂਦਾ ਹੈ ਕਿ ਟਰਾਂਸਜੈਂਡਰ, ਗਰਭਵਤੀ ਮਹਿਲਾਵਾਂ ਤੇ ਅੰਗਹੀਣਾਂ ਨੂੰ ਹਿਰਾਸਤ ਵਿਚ ਲੈਣ ਦੇ ਮਾਮਲੇ ਵੀ ਵਧੇ ਹਨ।

## ਪੰਜਾਬ 'ਚ ਪੰਥਕ ਏਕੇ ਦੀ ਗੂੰਜ ਪਈ

*(ਸਫਾ ਇਕ ਦੀ ਬਾਕੀ)*

ਸੁਖਦੇਵ ਸਿੰਘ ਢੀਂਡਸਾ, ਅਕਾਲੀ ਦਲ 1920 ਦੇ ਮੁਖੀ ਰਵੀਇੰਦਰ ਸਿੰਘ, ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਹਰਵਿੰਦਰ ਸਿੰਘ ਸਰਨਾ, ਜਾਗੋ ਪਾਰਟੀ ਦੇ ਮੁਖੀ ਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ, ਸਾਬਕਾ ਅਕਾਲੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਫੈਡਰੇਸ਼ਨ ਦੇ ਸਾਬਕਾ ਆਗੂ ਕਰਨੈਲ ਸਿੰਘ ਪੀਰ ਮੁਹੰਮਦ, ਚੀਫ ਖਾਲਸਾ ਦੀਵਾਨ ਦੇ ਸਾਬਕਾ ਆਨਰੇਰੀ ਸਕੱਤਰ ਭਾਗ ਸਿੰਘ ਅਣਖੀ ਤੇ ਹੋਰ ਫੈਡਰੇਸ਼ਨਾਂ ਤੇ ਜਥੇਬੰਦੀਆਂ ਪੰਥਕ ਸਿਆਸਤ ਨੂੰ ਨਵੀਂ ਦਿਸ਼ਾ ਲਈ ਪੱਬਾਂ ਭਾਰ ਨਜ਼ਰ ਆਏ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਕੇਂਦਰ ਸਰਕਾਰ ਕੋਲ ਨਹੀਂ ਕਿਸਾਨ ਖੁਦਕੁਸ਼ੀਆਂ ਦਾ ਰਿਕਾਰਡ

**ਨਵੀਂ ਦਿੱਲੀ:** ਖੇਤੀ ਖੇਤਰ ਨਾਲ ਜੁੜੇ ਕੁੱਲ 11,379 ਜਣਿਆਂ ਨੇ 2016 ਦੌਰਾਨ ਖੁਦਕੁਸ਼ੀ ਕੀਤੀ ਸੀ ਪਰ ਉਸ ਤੋਂ ਬਾਅਦ ਕਿਸਾਨਾਂ ਵੱਲੋਂ ਆਤਮਹੱਤਿਆ ਕਰਨ ਸਬੰਧੀ ਸਰਕਾਰ ਨੇ ਕੋਈ ਰਿਪੋਰਟ ਪ੍ਰਕਾਸ਼ਿਤ ਨਹੀਂ ਕੀਤੀ ਹੈ। ਕੇਂਦਰ ਸਰਕਾਰ ਦੇ ਇਕ ਮੰਤਰੀ ਨੇ ਖੁਦ ਸੰਸਦ ਵਿਚ ਇਹ ਜਵਾਬ ਦਿੱਤਾ ਹੈ।

ਸੰਸਦ ਦੇ ਸਰਦ ਰੁੱਤ ਸੈਸ਼ਨ ਦੌਰਾਨ ਇਕ ਸਵਾਲ ਦੇ ਜਵਾਬ ਵਿਚ ਖੇਤੀ ਤੇ ਕਿਸਾਨ ਭਲਾਈ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਦੱਸਿਆ ਕਿ ਖੇਤੀ ਖੇਤਰ ਵਿਚ ਸ਼ਾਮਲ ਕੁੱਲ 11,379 ਵਿਅਕਤੀਆਂ (ਜਿਨ੍ਹਾਂ ਵਿਚ 6,270 ਕਿਸਾਨ ਤੇ ਖੇਤ ਮਜ਼ਦੂਰ ਅਤੇ 5109 ਖੇਤੀ ਕਾਮੇ ਸ਼ਾਮਲ ਹਨ) ਨੇ ਆਤਮ ਹੱਤਿਆ ਕੀਤੀ ਹੈ। ਉਨ੍ਹਾਂ ਦੱਸਿਆ ਕਿ ਗ੍ਰਹਿ ਮੰਤਰਾਲੇ ਅਧੀਨ ਆਉਣ ਵਾਲਾ ਕੌਮੀ ਅਪਰਾਧ ਰਿਕਾਰਡ ਬਿਊਰੋ ਭਾਰਤ ਵਿਚ ਹਾਦਸਿਆਂ ਨਾਲ ਹੋਣ ਵਾਲੀਆਂ ਮੌਤਾਂ ਤੇ ਖੁਦਕੁਸ਼ੀਆਂ ਸਬੰਧੀ ਆਪਣੇ ਪ੍ਰਕਾਸ਼ਨ ਵਿਚ ਅਜਿਹੀਆਂ ਖੁਦਕੁਸ਼ੀਆਂ ਦੇ ਅੰਕੜੇ ਜੋੜਦਾ ਹੈ। ਮੰਤਰੀ ਨੇ ਦੱਸਿਆ ਕਿ ਖੁਦਕੁਸ਼ੀਆਂ ਸਬੰਧੀ ਸਾਲ 2016 ਤੱਕ ਦੀ ਸੂਚਨਾ ਬਿਊਰੋ ਦੀ ਵੈੱਬਸਾਈਟ 'ਤੇ ਉਪਲਬਧ ਹੈ ਪਰ ਸਾਲ 2017 ਤੋਂ ਬਾਅਦ ਇਹ ਰਿਪੋਰਟ ਪ੍ਰਕਾਸ਼ਿਤ ਨਹੀਂ ਹੋਈ ਹੈ। ਮੰਤਰੀ ਨੇ ਦੱਸਿਆ ਕਿ ਸਰਕਾਰ ਨੇ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਕਾਰਜਪ੍ਰਣਾਲੀ ਦੀ ਸਿਫਾਰਸ਼ ਕਰਨ ਦੇ ਮੰਤਵ ਨਾਲ 2016 ਤੱਕ ਵੱਖ-ਵੱਖ ਮੰਤਰਾਲਿਆਂ ਦੀ ਇਕ ਕਮੇਟੀ ਦਾ ਗਠਨ ਕੀਤਾ ਸੀ। ਕਮੇਟੀ ਨੇ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਹੈ ਤੇ ਸਰਕਾਰ ਨੇ ਅਗਲੇ ਅਮਲ ਦੀ ਨਿਗਰਾਨੀ ਲਈ ਉੱਚ ਪੱਧਰੀ ਅਥਾਰਿਟੀ ਦਾ ਗਠਨ ਕੀਤਾ ਹੈ।

ਖੇਤੀ ਮੰਤਰੀ ਨੇ ਦੱਸਿਆ ਕਿ ਖੇਤੀ ਰਾਜ ਦਾ ਵਿਸ਼ਾ ਹੈ। ਰਾਜ ਸਰਕਾਰਾਂ ਖੇਤਰੀ ਵਿਕਾਸ ਲਈ ਪ੍ਰੋਗਰਾਮਾਂ ਦੀ ਨਿਗਰਾਨੀ ਕਰ ਰਹੀਆਂ ਹਨ। ਭਾਰਤ ਸਰਕਾਰ ਵੱਖ-ਵੱਖ ਪ੍ਰੋਗਰਾਮਾਂ ਤੇ ਸਕੀਮਾਂ ਰਾਹੀਂ ਸੂਬਾਈ ਸਰਕਾਰਾਂ ਦੇ ਯਤਨਾਂ ਨੂੰ ਸਹਿਯੋਗ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਮਧੂ ਮੱਖੀ ਪਾਲਣ, ਸੰਸਥਾਗਤ ਕਰਜ਼ਿਆਂ, ਪਸ਼ੂ ਪਾਲਣ, ਮੁਰਗੀ ਪਾਲਣ, ਡੇਅਰੀ, ਮੱਛੀ ਪਾਲਣ ਜਿਹੇ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਨ ਲਈ ਵੀ ਕਦਮ ਚੁੱਕੇ ਜਾ ਰਹੇ ਹਨ। ਕਿਸਾਨਾਂ ਦੀ ਸਮਾਜਿਕ ਸੁਰੱਖਿਆ ਯਕੀਨੀ ਬਣਾਉਣ ਲਈ ਪੈਨਸ਼ਨ ਦੀ ਤਜਵੀਜ਼ ਵੀ ਹੈ।


## Wanted Workers

**Need workers for Restaurant and Gas stations In Eureka, CA.**

***Housing and food provide.***

**ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ**

*ਰਿਹਾਇਸ਼ ਅਤੇ ਖਾਣਾ ਮੁਫਤ*

**Call, Gurpreet Singh Sohal**

**Ph: 707-498-9325**

redwoodpetroleum@gmail.com

48-51



## Desi Bazar

**Under new management.**

916 E. Main Street #118, Greenwood, IN, 46143

**Tel: 317-888-2040, Fax: 317-887-6116**

**Lakhvir S. Johal, Ph: 317-709-7800**

*We specialize in all kind of Indian Groceries and Sweets*

- FRESH VEGETABLES EVERY THURSDAY
- FRESH GOAT MEAT

*10% off on all Gurudwara supplies and Religious programs!!*

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ



## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

**ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ**

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

22+


## ਚਿੱਟ ਫੰਡ ਘੁਟਾਲਾ: ਸੱਤ ਜਣਿਆਂ ਨੂੰ ਕੈਦ ਤੇ ਜੁਰਮਾਨਾ

**ਬਰਨਾਲਾ:** ਅਦਾਲਤ ਨੇ ਕਰਾਊਨ ਚਿੱਟ ਫੰਡ ਕੰਪਨੀ 'ਚ ਮੋਟੀ ਕਮਾਈ ਦਾ ਲਾਲਚ ਦੇ ਕੇ ਪੈਸੇ ਠੱਗਣ ਵਾਲੇ ਸੱਤ ਦੋਸ਼ੀਆਂ ਨੂੰ 3-3 ਸਾਲ ਦੀ ਕੈਦ ਤੇ ਹਰ ਦੋਸ਼ੀ ਨੂੰ 10 ਹਜ਼ਾਰ ਰੁਪਏ ਜੁਰਮਾਨੇ ਦਾ ਹੁਕਮ ਸੁਣਾਇਆ ਹੈ। ਮੁੱਦਈ ਦਲਜੀਤ ਸਿੰਘ ਵਾਸੀ ਤਲਵੰਡੀ ਹਾਲ ਆਬਾਦ ਬਰਨਾਲਾ ਟਰਾਲਾ ਚਲਾਉਂਦਾ ਸੀ। ਈਸ਼ ਕੁਮਾਰ, ਪ੍ਰਮੋਦ ਕੁਮਾਰ, ਮੀਨਾ ਰਾਣੀ, ਹਨੀ ਗਰਗ, ਰਾਜੇਸ਼, ਨੀਰੂ ਸਿੰਗਲਾ ਤੇ ਨਛੱਤਰ ਸਿੰਘ ਨੇ ਉਸ ਨੂੰ ਮੋਟੀ ਕਮਾਈ ਦਾ ਲਾਲਚ ਦੇ ਕੇ ਕਰਾਊਨ ਚਿੱਟ ਫੰਡ ਕੰਪਨੀ 'ਚ ਪੈਸੇ ਲਾਉਣ ਲਈ ਕਿਹਾ ਸੀ। ਮੁੱਦਈ ਨੇ ਆਪਣਾ ਟਰਾਲਾ, ਜ਼ਮੀਨ, ਪਤਨੀ ਦੇ ਗਹਿਣੇ, ਮਕਾਨ ਤੇ ਰਿਸ਼ਤੇਦਾਰਾਂ ਤੋਂ ਫੜ ਕੇ ਇਕ ਕਰੋੜ, 97 ਲੱਖ 87 ਹਜ਼ਾਰ ਰੁਪਏ ਕੰਪਨੀ 'ਚ ਲਾ ਦਿੱਤੇ ਸਨ, ਜੋ ਦੋਸ਼ੀਆਂ ਨੇ ਹੜੱਪ ਲਏ।

## ਫਾਰੂਕ ਅਬਦੁੱਲਾ ਦੀ ਹਿਰਾਸਤ 'ਚ ਤਿੰਨ ਮਹੀਨਿਆਂ ਦਾ ਵਾਧਾ

**ਸ੍ਰੀਨਗਰ:** ਤਿੰਨ ਵਾਰ ਸੂਬੇ ਦੇ ਮੁੱਖ ਮੰਤਰੀ ਰਹੇ ਅਤੇ ਨੈਸ਼ਨਲ ਕਾਨਫਰੰਸ ਪਾਰਟੀ ਦੇ ਆਗੂ ਫਾਰੂਕ ਅਬਦੁੱਲਾ ਦੀ ਹਿਰਾਸਤੀ ਮਿਆਦ ਤਿੰਨ ਮਹੀਨਿਆਂ ਲਈ ਵਧਾ ਦਿੱਤੀ ਗਈ ਹੈ। ਅਧਿਕਾਰੀਆਂ ਨੇ ਕਿਹਾ ਕਿ ਸ੍ਰੀ ਅਬਦੁੱਲਾ ਆਪਣੀ ਰਿਹਾਇਸ਼, ਜਿਸ ਨੂੰ ਸਬ-ਜੇਲ੍ਹ ਐਲਾਨਿਆ ਗਿਆ ਹੈ, ਵਿਚ ਹੀ ਨਜ਼ਰਬੰਦ ਰਹਿਣਗੇ। ਸ੍ਰੀ ਅਬਦੁੱਲਾ ਲੋਕ ਸੁਰੱਖਿਆ ਐਕਟ ਤਹਿਤ ਇਥੇ ਗੁਪਕਰ ਰੋਡ ਸਥਿਤ ਆਪਣੀ ਰਿਹਾਇਸ਼ 'ਤੇ ਨਜ਼ਰਬੰਦ ਹਨ। 82 ਸਾਲਾ ਨੂੰ ਢੁੱਕੇ ਅਬਦੁੱਲਾ ਨੂੰ 5 ਅਗਸਤ ਨੂੰ ਜੰਮੂ ਤੇ ਕਸ਼ਮੀਰ 'ਚੋਂ ਧਾਰਾ 370 ਮਨਸੂਖ ਕਰਨ ਤੇ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਵੰਡਣ ਮੌਕੇ ਹੋਰਨਾਂ ਆਗੂਆਂ ਤੇ ਕਾਰਕੁਨਾਂ ਸਮੇਤ ਹਿਰਾਸਤ ਵਿਚ ਲੈ ਲਿਆ ਗਿਆ ਸੀ।


## Matrimonials

### ਲੜਕੇ ਦੀ ਲੋੜ ਹੈ

Seeking a suitable vegetarian, educated boy for Canadian born Punjabi Tonk Kshatriya girl, 35 yrs, 5'-3'', educated in accounting. Caste no bar. Pl. send bio-data and photos at: canadian.alliance@yahoo.ca 51-2

ਜੱਟ ਸਿੱਖ ਅਮਰੀਕਨ ਸਿਟੀਜ਼ਨ, RN, ਅੰਮ੍ਰਿਤਧਾਰੀ, ਮਿਸ਼ੀਗਨ ਰਹਿੰਦੀ ਲੜਕੀ ਉਮਰ 28 ਸਾਲ, ਕੱਦ 5'4" ਲਈ ਅਮਰੀਕਾ ਜਾਂ ਕੈਨੇਡਾ ਤੋਂ ਬਰਾਬਰ ਦੀ ਯੋਗਤਾ ਵਾਲੇ ਅੰਮ੍ਰਿਤਧਾਰੀ ਗੁਰਸਿੱਖ ਲੜਕੇ ਦੀ ਲੋੜ ਹੈ। ਮਾਲਵੇ ਨੂੰ ਪਹਿਲ ਤੇ ਜ਼ਮੀਨ-ਜਾਇਦਾਦ ਹੋਣੀ ਜ਼ਰੂਰੀ। ਸੰਪਰਕ ਕਰੋ: ਫੋਨ 519-732-9090 ਜਾਂ 661-800-8400 50+4

Suitable Ramgariha Sikh match sought for our Beautiful and slim daughter, 28 years, 5'-7", M.Sc. (Botany), Currently enrolled in LPN (US), Working as a Cert. Pharmacy tech at Wal-Mart pharmacy. Residing in Chicago. Pl. Contact: manpreets1211@gmail.com

Looking for a good match for a Jatt Sikh girl, MSc, MPhil, PhD botany, lecturer in a university in Punjab, age 34, height 5'-4". Please send bio-data to Hargun1900@gmail.com 48-51

### ਲੜਕੀ ਦੀ ਲੋੜ ਹੈ

ਕੈਨੇਡੀਅਨ ਇਮੀਗ੍ਰਾਂਟ, ਜੱਟ ਸਿੱਖ ਸਿੱਧੂ, 26 ਸਾਲ, ਕੱਦ 6 ਫੁੱਟ, ਫਾਰਮੈਸੀ ਅਸਿਸਟੈਂਟ, ਸੋਹਣੇ ਸੁਨੱਖੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਉਹੀ ਸੰਪਰਕ ਕਰਨ, ਜੋ ਇੰਡੀਆ ਰਹਿੰਦੇ ਰਿਸ਼ਤੇਦਾਰ ਜੱਟ ਸਿੱਖ ਸੰਧੂ ਲੜਕੇ 27 ਸਾਲ, ਕੱਦ 6 ਫੁੱਟ, ਗਰੈਜੂਏਟ ਨੂੰ ਕੈਨੇਡਾ ਜਾਂ ਅਮਰੀਕਾ ਵਿਚ ਰਿਸ਼ਤਾ ਕਰਵਾ ਸਕਦੇ ਹੋਣ। ਸੰਪਰਕ ਕਰੋ, ਫੋਨ: 559-394-2388 51-52

Jatt Sikh Sangha parents seeking match for their US Citizen son, 26 years, 6'-2", Vegetarian, non-drinker, working as Software Engineer in Boing, Doing Masters. PL Contact, Ph: 636-577-5615 or E-mail: sangha@charter.net. 46-4

Wanted suitable girl for US citizen Gursikh boy, 36 yrs, height 6', non drinking, own business. Contact, Ph: 269-277-1287 51-2


## ਗੈਂਗਸਟਰ ਰਾਜਵਿੰਦਰ ਘਾਲੀ ਦਾ ਕਤਲ

**ਫਰੀਦਕੋਟ:** ਪੰਜਾਬ ਦੇ ਇਕ ਸਾਬਕਾ ਅਕਾਲੀ ਮੰਤਰੀ ਦੇ ਨੌਕਰ ਤੋਂ ਗੈਂਗਸਟਰ ਬਣੇ ਰਾਜਵਿੰਦਰ ਸਿੰਘ ਉਰਫ ਘਾਲੀ ਦਾ ਕਤਲ ਹੋ ਗਿਆ ਹੈ। ਘਾਲੀ ਦੀ ਲਾਸ਼ ਫਰੀਦਕੋਟ-ਕੋਟਕਪੂਰਾ ਰੋਡ ਉਤੇ ਖੇਤਾਂ ਵਿਚੋਂ ਮਿਲੀ ਹੈ। ਉਸ ਦੇ ਸਿਰ ਉਪਰ ਤੇਜ਼ਧਾਰ ਹਥਿਆਰਾਂ ਦੀਆਂ ਡੂੰਘੀਆਂ ਸੱਟਾਂ ਵੱਜੀਆਂ ਹੋਈਆਂ ਹਨ। ਫਰੀਦਕੋਟ ਪੁਲਿਸ ਨੇ ਲਾਸ਼ ਬਰਾਮਦ ਕਰ ਕੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਲਿਆਂਦੀ ਅਤੇ ਘਾਲੀ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ।

ਘਾਲੀ 'ਤੇ ਕਤਲ, ਇਰਾਦਾ ਕਤਲ, ਅਗਵਾ, ਫਿਰੌਤੀ ਅਤੇ ਅਸਲਾ ਐਕਟ ਦੇ ਇਕ ਦਰਜਨ ਤੋਂ ਵੱਧ ਕੇਸ ਦਰਜ ਸਨ। ਸਾਲ 2013 ਵਿਚ ਹੋਏ ਬਹੁ-ਚਰਚਿਤ ਫਰੀਦਕੋਟ ਨਾਬਾਲਗ ਅਗਵਾ ਕਾਂਡ ਵਿਚ ਰਾਜਵਿੰਦਰ ਸਿੰਘ ਘਾਲੀ ਨੂੰ ਦਸ ਸਾਲ ਦੀ ਕੈਦ ਹੋਈ ਸੀ ਅਤੇ ਉਹ ਕੁਝ ਸਮਾਂ ਪਹਿਲਾਂ ਹੀ ਪੈਰੋਲ ਉਤੇ ਰਿਹਾਅ ਹੋ ਕੇ ਆਇਆ ਸੀ।


## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

Domestic fares available



## ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ

**ਇੰਡੀਅਨ-ਅਮੈਰਿਕਨ ਰੈਸਟੋਰੈਂਟ (ਮਿੱਤਰਾਂ ਦਾ ਢਾਬਾ) ਲਈ ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ।**

**(ਨਾਰਥ ਇੰਡੀਅਨ ਫੂਡ ਲਈ ਸਪੈਸ਼ਲ)**

**ਚੰਗੀ ਤਨਖਾਹ ਅਤੇ ਹੋਰ ਸਹੂਲਤਾਂ**

*ਕਿਰਪਾ ਕਰਕੇ ਪੱਕੇ ਪੇਪਰ ਵਾਲੇ ਹੀ ਸੰਪਰਕ ਕਰਨ*

**ਫੋਨ: 317-786-1022**

**ਜਾਂ 317-782-4547**

48-52

### ਹਿੰਦੂ ਰਾਸ਼ਟਰ ਦਾ ਉਦੈ-3

# ਅਸਾਮ 'ਚ ਨਾਗਰਿਕ ਰਜਿਸਟਰ ਦਾ ਖੌਫ

**ਬੁੱਕਰ ਇਨਾਮ ਜੇਤੂ ਸੰਸਾਰ ਪ੍ਰਸਿਧ ਲੇਖਕਾ ਅਰੁੰਧਤੀ ਰਾਏ ਨੇ ਇਹ ਲੰਮਾ ਪਰਚਾ 12 ਨਵੰਬਰ ਨੂੰ ਨਿਊ ਯਾਰਕ ਵਿਚ ਜੋਨਾਥਨ ਸ਼ੈਲ ਯਾਦਗਾਰੀ ਲੈਕਚਰ-2019 ਦੌਰਾਨ ਪੜ੍ਹਿਆ, ਜਿਸ ਵਿਚ ਭਾਰਤ ਦੇ ਮੌਜੂਦਾ ਹਾਲਤ ਅਤੇ ਪਨਪ ਰਹੇ ਭਿਆਨਕ ਖਤਰਿਆਂ ਦੀ ਚਰਚਾ ਕੀਤੀ ਗਈ ਹੈ। ਆਪਣੀਆਂ ਹੋਰ ਲਿਖਤਾਂ ਵਾਂਗ ਲੇਖਕਾ ਨੇ ਇਸ ਪਰਚੇ ਵਿਚ ਵੀ ਅਣਗਿਣਤ ਸਵਾਲ ਉਠਾਏ ਹਨ। ਇਸ ਲਿਖਤ ਦੀ ਪਹਿਲੀ ਤੇ ਦੂਜੀ ਕਿਸ਼ਤ ਪਾਠਕ ਪਿਛਲੇ ਅੰਕਾਂ ਵਿਚ ਪੜ੍ਹ ਚੁਕੇ ਹਨ; ਐਤਕੀਂ ਇਸ ਪਰਚੇ ਦੀ ਤੀਜੀ ਕਿਸ਼ਤ ਛਾਪ ਰਹੇ ਹਾਂ। -ਸੰਪਾਦਕ**



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪਿਛਲੇ ਕੁਝ ਮਹੀਨਿਆਂ ਵਿਚ ਜੋ ਦਹਿਸ਼ਤ ਕਸ਼ਮੀਰੀਆਂ ਦੇ ਹਿੱਸੇ ਆਈ ਹੈ, ਉਹ 30 ਸਾਲ ਪੁਰਾਣੇ ਉਸ ਹਥਿਆਰਬੰਦ ਸੰਘਰਸ਼ ਤੋਂ ਇਲਾਵਾ ਹੈ, ਜਿਸ ਦੌਰਾਨ ਹੁਣ ਤਕ 70 ਹਜ਼ਾਰ ਲੋਕਾਂ ਦੀਆਂ ਜਾਨਾਂ ਜਾ ਚੁਕੀਆਂ ਹਨ ਅਤੇ ਉਨ੍ਹਾਂ ਦੀ ਘਾਟੀ, ਕਬਰਾਂ ਨਾਲ ਢਕੀ ਗਈ ਹੈ। ਇਨ੍ਹਾਂ ਲੋਕਾਂ ਨੇ ਸਭ ਕੁਝ ਝੱਲਿਆ-ਜੰਗ, ਪੈਸਾ, ਤਸੀਹੇ, ਬੇਸ਼ੁਮਾਰ ਲੋਕਾਂ ਦੀ ਗੁੰਮਸ਼ੁਦਗੀ, ਪੰਜ ਲੱਖ ਤੋਂ ਵੱਧ ਫੌਜ ਦੀ ਤਾਇਨਾਤੀ ਅਤੇ ਉਨ੍ਹਾਂ ਦੇ ਖਿਲਾਫ ਕੂੜ-ਪ੍ਰਚਾਰ, ਜੋ ਪੂਰੀ ਆਬਾਦੀ ਨੂੰ ਹੀ ਹਤਿਆਰੇ ਕੱਟੜਪੰਥੀ ਦੱਸਦਾ ਹੈ।

ਕਸ਼ਮੀਰ ਦੀ ਘੇਰਾਬੰਦੀ ਨੂੰ ਤਿੰਨ ਮਹੀਨੇ (ਹੁਣ ਚਾਰ ਮਹੀਨੇ) ਤੋਂ ਵੱਧ ਹੋ ਚੁਕੇ ਹਨ।

**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ**

ਕਸ਼ਮੀਰੀ ਆਗੂ ਅਜੇ ਵੀ ਜੇਲ੍ਹਾਂ ਵਿਚ ਕੈਦ ਹਨ। ਉਨ੍ਹਾਂ ਨੂੰ ਸਿਰਫ ਇਸ ਸ਼ਰਤ 'ਤੇ ਰਿਹਾ ਕਰਨ ਦੀ ਪੇਸ਼ਕਸ਼ ਹੈ ਕਿ ਉਹ ਲਿਖ ਕੇ ਦੇਣਗੇ ਕਿ ਉਹ ਇਕ ਸਾਲ ਤਕ ਕੋਈ ਬਿਆਨ ਨਹੀਂ ਦੇਣਗੇ। ਬਹੁਤੇ ਲੋਕਾਂ ਨੇ ਇਹ ਸ਼ਰਤ ਠੁਕਰਾ ਦਿੱਤੀ ਹੈ।

ਫਿਲਹਾਲ ਕਰਫਿਊ ਵਿਚ ਢਿੱਲ ਦੇ ਦਿੱਤੀ ਗਈ ਹੈ, ਸਕੂਲ ਮੁੜ ਖੁੱਲ੍ਹ ਗਏ ਹਨ ਅਤੇ ਕੁਝ ਫੋਨ ਲਾਈਨਾਂ ਵੀ ਚੱਲ ਪਈਆਂ ਹਨ। ਹਾਲਾਤ 'ਆਮ' ਹੋਣ ਦਾ ਐਲਾਨ ਕਰ ਦਿੱਤਾ ਗਿਆ ਹੈ। ਕਸ਼ਮੀਰ ਵਿਚ ਹਾਲਾਤ ਦਾ ਆਮ ਹੋਣਾ ਹਮੇਸ਼ਾ ਹੀ ਸਿਰਫ ਐਲਾਨ ਹੁੰਦਾ ਹੈ, ਜਿਸ ਨੂੰ ਸਰਕਾਰ ਜਾਂ ਫੌਜ ਜਾਰੀ ਕਰਦੀ ਹੈ। ਇਸ ਦਾ ਲੋਕਾਂ ਅਤੇ ਉਨ੍ਹਾਂ ਦੀ ਰੋਜ਼ਮੱਰਾ ਜ਼ਿੰਦਗੀ 'ਤੇ ਨਾਂਮਾਤਰ ਅਸਰ ਪੈਂਦਾ ਹੈ।

ਕਸ਼ਮੀਰੀਆਂ ਨੇ ਇਸ ਨਵੀਂ ਸਹਿਜ ਹਾਲਤ ਨੂੰ ਮਨਜ਼ੂਰ ਕਰਨ ਤੋਂ ਫਿਲਹਾਲ ਨਾਂਹ ਕਰ ਦਿੱਤੀ ਹੈ। ਸਕੂਲ ਸੁੰਨੇ ਪਏ ਹਨ ਅਤੇ ਸੇਬਾਂ ਦੀ ਭਰਪੂਰ ਪੈਦਾਵਾਰ ਬਗੀਚਿਆਂ ਵਿਚ ਸੜ ਰਹੀ ਹੈ। ਮਾਂ-ਬਾਪ ਅਤੇ ਕਿਸਾਨਾਂ ਲਈ ਇਸ ਤੋਂ ਵੱਧ ਔਖੇ ਹਾਲਾਤ ਭਲਾ ਕੀ ਹੋ ਸਕਦੇ ਹਨ! ਹਾਂ, ਸ਼ਾਇਦ ਇਹੀ ਕਿ ਉਨ੍ਹਾਂ ਦੀ ਹੋਂਦ ਹੀ ਮਿਟਾ ਦਿੱਤੀ ਜਾਵੇ।

ਕਸ਼ਮੀਰ ਵਿਚ ਸੰਘਰਸ਼ ਦਾ ਨਵਾਂ ਦੌਰ ਸ਼ੁਰੂ ਹੋ ਚੁਕਾ ਹੈ। ਅਤਿਵਾਦੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਹੁਣ ਉਹ ਸਾਰੇ ਭਾਰਤੀਆਂ ਨੂੰ ਜਾਇਜ਼ ਨਿਸ਼ਾਨਾ ਸਮਝਣਗੇ। ਹੁਣ ਤਕ 10 ਤੋਂ ਵੱਧ ਗਰੀਬ ਗੈਰ-ਕਸ਼ਮੀਰੀ ਮਜ਼ਦੂਰ ਮਾਰੇ ਜਾ ਚੁਕੇ ਹਨ (ਜੀ ਹਾਂ ਗਰੀਬ, ਹਮੇਸ਼ਾ ਗਰੀਬ ਹੀ ਐਸੀਆਂ ਲੜਾਈਆਂ ਦਾ ਸ਼ਿਕਾਰ ਬਣਦੇ ਹਨ)। ਇਹ ਹੋਰ ਵੀ ਘਿਨਾਉਣਾ ਹੋਣ ਵਾਲਾ ਹੈ, ਬੇਹੱਦ ਘਿਨਾਉਣਾ।

ਛੇਤੀ ਹੀ ਹਾਲੀਆ ਘਟਨਾਵਾਂ ਨੂੰ ਭੁਲਾ ਦਿੱਤਾ ਜਾਵੇਗਾ ਅਤੇ ਇਕ ਵਾਰ ਫਿਰ ਟੀ. ਵੀ. ਸਟੂਡੀਓ ਵਿਚ ਭਾਰਤੀ ਲਸ਼ਕਰਾਂ ਅਤੇ ਕਸ਼ਮੀਰੀ ਦਹਿਸ਼ਤਗਰਦਾਂ ਦੀਆਂ ਜ਼ਿਆਦਤੀਆਂ 'ਤੇ ਤੁਲਨਾਤਮਕ ਬਹਿਸਾਂ ਹੋਣਗੀਆਂ। ਕਸ਼ਮੀਰ ਦੀ ਗੱਲ ਕਰਨ 'ਤੇ ਭਾਰਤ ਸਰਕਾਰ ਅਤੇ ਉਸ ਦਾ ਮੀਡੀਆ ਝੱਟ ਤੁਹਾਨੂੰ ਪਾਕਿਸਤਾਨ ਬਾਰੇ ਦੱਸਣਾ ਸ਼ੁਰੂ ਕਰ ਦੇਵੇਗਾ। ਐਸਾ ਜਾਣ-ਬੁੱਝ ਕੇ ਕੀਤਾ ਜਾਵੇਗਾ ਤਾਂ ਜੋ ਫੌਜ ਦੇ ਕਬਜ਼ੇ ਹੇਠ ਜੀ ਰਹੇ ਆਮ ਲੋਕਾਂ ਦੀਆਂ ਜਮਹੂਰੀ ਮੰਗਾਂ ਨੂੰ ਵਿਦੇਸ਼ੀ ਰਾਜ ਦੇ ਕੁਕਰਮਾਂ ਨਾਲ ਰਲਗੱਡ ਕੀਤਾ ਜਾ ਸਕੇ। ਭਾਰਤ ਸਰਕਾਰ ਨੇ ਸਾਫ ਕਰ ਦਿੱਤਾ ਹੈ ਕਿ ਕਸ਼ਮੀਰੀਆਂ ਸਾਹਮਣੇ ਬੱਸ ਇਕ ਹੀ ਚਾਰਾ ਬਚਿਆ ਹੈ, ਤੇ ਉਹ ਹੈ ਪੂਰੀ ਤਰ੍ਹਾਂ ਗੋਡੇ ਟੇਕ ਦੇਣਾ। ਸਰਕਾਰ ਨੂੰ ਕਿਸੇ ਵੀ ਤਰ੍ਹਾਂ ਦਾ ਵਿਰੋਧ ਮਨਜ਼ੂਰ ਨਹੀਂ, ਫਿਰ ਚਾਹੇ ਉਹ ਹਿੰਸਕ ਹੋਵੇ ਜਾਂ ਅਹਿੰਸਕ, ਬੋਲ ਕੇ ਕੀਤਾ ਜਾਵੇ ਜਾਂ ਲਿਖ ਕੇ ਜਾਂ ਗੀਤ ਗਾ ਕੇ। ਫਿਰ ਵੀ ਕਸ਼ਮੀਰੀ ਜਾਣਦੇ ਹਨ ਕਿ ਜੇ ਜ਼ਿੰਦਾ ਰਹਿਣਾ ਹੈ ਤਾਂ ਟਾਕਰਾ ਕਰਨਾ ਹੀ ਪਵੇਗਾ।

ਭਲਾ ਇਹ ਲੋਕ ਭਾਰਤ ਦਾ ਅੰਗ ਕਿਉਂ ਬਣਨਾ ਚਾਹੁਣਗੇ? ਦੁਨੀਆਂ ਵਿਚ ਇਸ ਦੀ ਕੋਈ ਵਜ੍ਹਾ ਹੋਵੇ ਤਾਂ ਦੱਸੋ? ਜੇ ਉਹ ਲੋਕ ਆਜ਼ਾਦੀ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਜ਼ਾਦੀ ਮਿਲਣੀ ਹੀ ਚਾਹੀਦੀ ਹੈ।

ਇਹੀ ਤਾਂ ਭਾਰਤੀਆਂ ਦੀ ਇੱਛਾ ਵੀ ਹੋਣੀ ਚਾਹੀਦੀ ਹੈ। ਕਸ਼ਮੀਰੀਆਂ ਲਈ ਨਹੀਂ ਸਗੋਂ ਆਪਣੇ ਲਈ। ਉਨ੍ਹਾਂ ਦੇ ਨਾਂ 'ਤੇ ਜੋ ਜ਼ੁਲਮ ਢਾਹੇ ਜਾ ਰਹੇ ਹਨ, ਉਹ ਐਸਾ ਖੋਰਾ ਹੈ, ਜਿਸ ਨੂੰ ਭਾਰਤ ਝੱਲ ਨਹੀਂ ਸਕੇਗਾ। ਹੋ ਸਕਦਾ ਹੈ ਕਿ ਕਸ਼ਮੀਰ ਭਾਰਤ ਨੂੰ ਹਰਾ ਨਾ ਸਕੇ, ਪਰ ਉਹ ਭਾਰਤ ਨੂੰ ਨਿਗਲ ਜ਼ਰੂਰ ਜਾਵੇਗਾ। ਕਈ ਤਰ੍ਹਾਂ ਨਾਲ, ਐਸਾ ਹੋ ਵੀ ਚੁਕਾ ਹੈ।

ਹਿਊਸਟਨ ਸਟੇਡੀਅਮ ਵਿਚ ਤਾੜੀਆਂ ਵਜਾਉਣ ਵਾਲੇ ਉਨ੍ਹਾਂ 60 ਹਜ਼ਾਰ ਭਾਰਤੀਆਂ ਲਈ ਇਸ ਦਾ ਸ਼ਾਇਦ ਕੋਈ ਬਹੁਤਾ ਮਹੱਤਵ ਨਾ ਹੋਵੇ, ਜੋ ਅਮਰੀਕਾ ਜਾ ਕੇ ਵਸਣ ਦੇ ਸਭ ਤੋਂ ਵੱਡੇ ਭਾਰਤੀ ਸੁਪਨੇ ਨੂੰ ਪੂਰਾ ਕਰ ਚੁਕੇ ਹਨ। ਉਨ੍ਹਾਂ ਲਈ ਕਸ਼ਮੀਰ ਹੰਭ ਚੁਕਾ ਪੁਰਾਣਾ ਮਸਲਾ ਹੈ, ਜਿਸ ਬਾਰੇ ਉਨ੍ਹਾਂ ਨੇ ਬੜੀ ਬੇਵਕੂਫੀ ਨਾਲ ਮੰਨ ਲਿਆ ਹੈ ਕਿ ਭਾਜਪਾ ਨੇ ਇਸ ਦਾ ਹਮੇਸ਼ਾ ਲਈ ਟੈਂਟਾ ਮੁਕਾ ਦਿੱਤਾ ਹੈ; ਪਰ ਨਿਸ਼ਚੇ ਹੀ, ਕਿਉਂਕਿ ਉਹ ਸਾਰੇ ਪਰਵਾਸੀ ਹਨ, ਇਸ ਲਈ ਉਨ੍ਹਾਂ ਤੋਂ ਇਹ ਉਮੀਦ ਤਾਂ ਕੀਤੀ ਹੀ ਜਾ ਸਕਦੀ ਹੈ ਕਿ ਉਹ ਅਸਾਮ ਵਿਚ ਜੋ ਹੋ ਰਿਹਾ ਹੈ, ਉਸ ਨੂੰ ਸ਼ਾਇਦ ਵੱਧ ਸਮਝਦੇ ਹੋਣਗੇ; ਜਾਂ ਸ਼ਾਇਦ ਇਹ ਬਹੁਤੀ ਉਮੀਦ ਰੱਖਣ ਵਾਲੀ ਗੱਲ ਹੈ, ਕਿਉਂਕਿ ਇਹ ਉਹੀ ਲੋਕ ਹਨ, ਜੋ ਸ਼ਰਨਾਰਥੀ ਸੰਕਟ ਦਾ ਸਾਹਮਣਾ ਕਰ ਰਹੀ ਦੁਨੀਆਂ ਦੇ ਸਭ ਤੋਂ ਭਾਗਾਂ ਵਾਲੇ ਸ਼ਰਨਾਰਥੀ ਹਨ। ਹਿਊਸਟਨ ਵਿਚ ਆਏ ਬਹੁਤੇ ਲੋਕ ਅਜਿਹੇ ਸਨ, ਜਿਨ੍ਹਾਂ ਕੋਲ ਹਾਲੀਡੇ ਹੋਮ ਹੁੰਦੇ ਹਨ, ਇਨ੍ਹਾਂ ਕੋਲ ਸ਼ਾਇਦ ਅਮਰੀਕੀ ਨਾਗਰਿਕਤਾ ਅਤੇ ਸਮੁੰਦਰੋਂ ਪਾਰ ਭਾਰਤੀ ਨਾਗਰਿਕ ਦਾ ਸਰਟੀਫਿਕੇਟ ਵੀ ਹੋਵੇ।

'ਹਾਓਡੀ ਮੋਦੀ!' ਅਸਾਮ ਦੇ 20 ਲੱਖ ਲੋਕਾਂ ਨੂੰ ਨੈਸ਼ਨਲ ਸਿਟੀਜ਼ਨ ਰਜਿਸਟਰ (ਐਨ. ਆਰ. ਸੀ.) ਵਿਚ ਆਪਣਾ ਨਾਂ ਗਾਇਬ ਮਿਲਣ ਦੇ 22ਵੇਂ ਦਿਨ ਹੋ ਰਿਹਾ ਸੀ।

ਕਸ਼ਮੀਰ ਵਾਂਗ ਹੀ ਅਸਾਮ ਵੀ ਸਰਹੱਦੀ ਰਾਜ ਹੈ, ਜਿਸ ਦੇ ਇਤਿਹਾਸ ਵਿਚ ਕਈ ਪ੍ਰਭੂਸੱਤਾ ਸੰਪਨ ਰਾਜ ਹੋਂਦ ਵਿਚ ਆਏ ਅਤੇ ਲੋਪ ਹੋ ਗਏ। ਇਥੇ ਸਦੀਆਂ ਤੋਂ ਪਰਵਾਸ ਹੁੰਦਾ ਰਿਹਾ ਹੈ, ਯੁੱਧ ਤੇ ਘੁਸਪੈਠਾਂ ਹੁੰਦੀਆਂ ਰਹੀਆਂ ਹਨ, ਇਥੋਂ ਦੀਆਂ ਸਰਹੱਦਾਂ ਬਦਲਦੀਆਂ ਰਹੀਆਂ ਹਨ। ਬਰਤਾਨਵੀ ਬਸਤੀਵਾਦ ਅਤੇ 70 ਸਾਲ ਦੇ ਸਾਡੇ ਚੋਣ ਲੋਕਤੰਤਰ ਨੇ ਇਸ ਖਤਰਨਾਕ ਹੱਦ ਤਕ ਬਾਰੂਦ ਦਾ ਢੇਰ ਬਣ ਚੁਕੇ ਸਮਾਜ ਵਿਚ ਦਰਾੜਾਂ ਹੋਰ ਡੂੰਘੀਆਂ ਕਰ ਦਿੱਤੀਆਂ ਹਨ।

ਅਸਾਮ ਵਿਚ ਐਨ. ਆਰ. ਸੀ. ਲਾਗੂ ਕੀਤਾ ਗਿਆ, ਇਸ ਦੀ ਵਜ੍ਹਾ ਉਸ ਦਾ ਵਿਸ਼ੇਸ਼ ਸਭਿਆਚਾਰਕ ਇਤਿਹਾਸ ਹੈ। 1826 ਵਿਚ ਅੰਗਰੇਜ਼-ਬਰਮਾ (ਹੁਣ ਮਿਆਂਮਾਰ) ਯੁੱਧ ਤੋਂ ਬਾਅਦ ਅੰਗਰੇਜ਼ਾਂ ਨਾਲ ਸ਼ਾਂਤੀ ਸਮਝੌਤੇ ਤਹਿਤ ਇਸ ਖੇਤਰ ਨੂੰ ਬਰਮਾ (ਮਿਆਂਮਾਰ) ਨੇ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ ਸੀ। ਉਸ ਵਕਤ ਇਥੇ ਸੰਘਣੇ ਜੰਗਲ ਹੁੰਦੇ ਸਨ ਅਤੇ ਇਥੇ ਵਸੋਂ ਬਹੁਤ ਹੀ ਵਿਰਲੀ ਸੀ। ਇਥੇ ਬੋਡੋ, ਸੰਥਾਲ, ਕਚਾਰ, ਮਿਸਿੰਗ, ਲਾਲੂੰਗ, ਅਹੋਮੀ ਹਿੰਦੂ, ਅਹੋਮੀ ਮੁਸਲਮਾਨਾਂ ਜਿਹੇ ਸੈਂਕੜੇ ਭਾਈਚਾਰੇ ਰਹਿੰਦੇ ਸਨ। ਹਰ ਭਾਈਚਾਰੇ ਦੀ ਆਪਣੀ ਬੋਲੀ ਸੀ, ਜਮੀਨ ਦੇ ਨਾਲ ਕੁਦਰਤੀ ਤੌਰ 'ਤੇ ਵਿਕਸਿਤ ਹੋਏ ਰਿਸ਼ਤੇ ਸਨ, ਜਦਕਿ ਇਸ ਸਬੰਧ ਨੂੰ ਦਸਤਾਵੇਜ਼ਾਂ ਨਾਲ ਸਾਬਤ ਨਹੀਂ ਕੀਤਾ ਜਾ ਸਕਦਾ। ਅਸਾਮ ਹਮੇਸ਼ਾ ਹੀ ਘੱਟਗਿਣਤੀਆਂ ਦਾ ਗੁਲਦਸਤਾ ਰਿਹਾ ਹੈ, ਜੋ ਨਸਲੀ ਅਤੇ ਭਾਸ਼ਾਈ ਗੱਠਜੋੜ ਕਰਕੇ ਬਹੁਗਿਣਤੀ ਬਣ ਜਾਂਦੇ ਸਨ। ਕੋਈ ਵੀ ਸ਼ੈਅ, ਜੋ ਇਸ ਤਵਾਜ਼ਨ ਨੂੰ ਵਿਗਾੜਨ ਜਾਂ ਉਸ ਲਈ ਖਤਰਾ ਬਣੇ, ਉਹ ਸੰਭਾਵੀ ਹਿੰਸਾ ਦਾ ਕਾਰਨ ਬਣ ਜਾਂਦੀ ਸੀ।

1826 ਵਿਚ ਇਸ ਤਵਾਜ਼ਨ ਨੂੰ ਵਿਗਾੜਨ ਦੇ ਬੀਜ ਬੀਜੇ ਗਏ। ਅਸਾਮ ਦੇ ਨਵੇਂ ਮਾਲਕ, ਅੰਗਰੇਜ਼ਾਂ ਨੇ ਬੰਗਾਲੀ ਭਾਸ਼ਾ ਨੂੰ ਇਥੋਂ ਦੀ ਅਧਿਕਾਰਕ ਭਾਸ਼ਾ ਬਣਾ ਦਿੱਤਾ। ਇਸ ਦਾ ਮਤਲਬ ਸੀ ਕਿ ਲਗਭਗ ਤਮਾਮ ਪ੍ਰਸ਼ਾਸਨਿਕ ਅਤੇ ਸਰਕਾਰੀ ਨੌਕਰੀਆਂ ਪੜ੍ਹੇ-ਲਿਖੇ ਬੰਗਾਲੀ ਬੋਲਦੇ ਹਿੰਦੂ ਲੋਕਾਂ ਨੇ ਲੈ ਲਈਆਂ; ਹਾਲਾਂਕਿ ਇਸ ਨੀਤੀ ਨੂੰ 1877 ਵਿਚ ਬਦਲ ਦਿੱਤਾ ਗਿਆ ਅਤੇ ਬੰਗਾਲੀ ਦੇ ਨਾਲ ਅਸਾਮੀ ਭਾਸ਼ਾ ਨੂੰ ਵੀ ਅਧਿਕਾਰਕ ਮਾਨਤਾ ਦੇ ਦਿੱਤੀ ਗਈ, ਜਿਸ ਨੇ ਤਾਕਤ ਦੇ ਤਵਾਜ਼ਨ ਨੂੰ ਗੰਭੀਰ ਰੂਪ ਵਿਚ ਬਦਲ ਦਿੱਤਾ। ਇਸ ਦੇ ਨਾਲ ਹੀ ਅਸਾਮੀ ਅਤੇ ਬੰਗਾਲੀ ਭਾਸ਼ਾ ਬੋਲਣ ਵਾਲਿਆਂ ਦੀ ਦੁਸ਼ਮਣੀ ਦਾ ਮੁੱਢ ਬੱਝ ਗਿਆ, ਜੋ ਹੁਣ ਦੋ ਸਦੀਆਂ ਪੁਰਾਣੀ ਹੋ ਚੁਕੀ ਹੈ।

19ਵੀਂ ਸਦੀ ਦੇ ਅਖੀਰ ਵਿਚ ਬਰਤਾਨਵੀ ਲੋਕਾਂ ਨੂੰ ਪਤਾ ਲੱਗਾ ਕਿ ਇਸ ਖੇਤਰ ਦੀ ਮਿੱਟੀ ਅਤੇ ਵਾਤਾਵਰਣ ਚਾਹ ਦੀ ਖੇਤੀ ਲਈ ਮੁਆਫਕ ਹੈ। ਸਥਾਨਕ ਲੋਕ ਚਾਹ ਦੇ ਬਾਗਾਂ ਵਿਚ ਗੁਲਾਮਾਂ ਵਾਂਗ ਕੰਮ ਨਹੀਂ ਸਨ ਕਰਨਾ ਚਾਹੁੰਦੇ। ਇਸ ਲਈ ਮੱਧ ਹਿੰਦੁਸਤਾਨ ਤੋਂ ਮੂਲ ਨਿਵਾਸੀਆਂ ਨੂੰ ਇਥੇ ਲਿਆ ਕੇ ਵੱਡੀ ਤਾਦਾਦ ਵਿਚ ਵਸਾਇਆ ਗਿਆ। ਇਹ ਉਨ੍ਹਾਂ ਠੇਕਾ ਮਜ਼ਦੂਰਾਂ ਤੋਂ ਵੱਖਰੇ ਨਹੀਂ ਸਨ, ਜਿਨ੍ਹਾਂ ਨੂੰ ਅੰਗਰੇਜ਼ ਜਹਾਜ਼ ਭਰ ਭਰ ਕੇ ਦੁਨੀਆਂ ਭਰ ਵਿਚ ਆਪਣੀਆਂ ਬਸਤੀਆਂ ਵਿਚ ਲੈ ਜਾਂਦੇ ਸਨ। ਅੱਜ ਚਾਹ ਦੇ ਬਾਗਾਂ ਵਿਚ ਕੰਮ ਕਰਨ ਵਾਲੇ ਲੋਕ ਅਸਾਮ ਦੀ ਆਬਾਦੀ ਦਾ 15 ਤੋਂ 20 ਫੀਸਦੀ ਹਨ, ਪਰ ਅਫਰੀਕਾ ਦੇ ਭਾਰਤੀ ਮੂਲ ਦੇ ਲੋਕਾਂ ਤੋਂ ਉਲਟ ਇਨ੍ਹਾਂ ਲੋਕਾਂ ਨੂੰ ਸ਼ਰਮਨਾਕ ਤਰੀਕੇ ਨਾਲ ਅੱਜ ਵੀ ਨੀਚ ਸਮਝਿਆ ਜਾਂਦਾ ਹੈ ਅਤੇ ਇਹ ਅੱਜ ਵੀ ਚਾਹ ਬਾਗਾਂ ਵਿਚ ਹੀ ਰਹਿੰਦੇ ਹਨ, ਗੁਲਾਮਾਂ ਨੂੰ ਦਿੱਤਾ ਜਾਣ ਵਾਲਾ ਭੱਤਾ ਲੈਂਦੇ ਹਨ ਅਤੇ ਬਾਗਾਂ ਦੇ ਮਾਲਕਾਂ ਦੇ ਰਹਿਮ 'ਤੇ ਜ਼ਿੰਦਾ ਹਨ।



**ਅਸਾਮ ਵਿਚ ਕੌਮੀ ਨਾਗਰਿਕ ਰਜਿਸਟਰ (ਐਨ.ਸੀ.ਆਰ.) ਦੇ ਐਲਾਨ ਮਗਰੋਂ ਰਜਿਸਟਰੇਸ਼ਨ ਲਈ ਖੱਜਲ ਹੋ ਰਹੇ ਲੋਕ।**

1890 ਦੇ ਦਹਾਕੇ ਦੇ ਅਖੀਰ ਤੱਕ ਗੁਆਂਢੀ ਪੂਰਬੀ ਬੰਗਾਲ ਦੇ ਤਰਾਈ ਖੇਤਰ ਵਿਚ ਚਾਹ ਬਾਗਾਂ ਦਾ ਵਿਕਾਸ ਇਸ ਕਦਰ ਹੋ ਚੁਕਾ ਸੀ ਕਿ ਹੋਰ ਵੱਧ ਚਾਹ ਦੇ ਬਾਗ ਨਹੀਂ ਸਨ ਲਾਏ ਜਾ ਸਕਦੇ। ਇਸ ਲਈ ਅੰਗਰੇਜ਼ਾਂ ਨੇ ਬੰਗਾਲੀ ਮੁਸਲਿਮ ਕਿਸਾਨਾਂ, ਜੋ ਬ੍ਰਹਮਪੁੱਤਰ ਨਦੀ ਦੇ ਉਪਜਾਊ, ਦਲਦਲੀ ਕੰਢਿਆਂ ਤੇ ਡੁੱਬਦੇ-ਤਰਦੇ ਟਾਪੂਆਂ (ਇਨ੍ਹਾਂ ਨੂੰ ਚਾਰ ਕਿਹਾ ਜਾਂਦਾ ਹੈ) ਵਿਚ ਝੋਨੇ ਦੀ ਖੇਤੀ ਕਰਨ ਦੇ ਮਾਹਰ ਸਨ, ਨੂੰ ਅਸਾਮ ਆਉਣ ਲਈ ਭਰਮਾਇਆ। ਅੰਗਰੇਜ਼ਾਂ ਲਈ ਅਸਾਮ ਦੇ ਜੰਗਲ ਅਤੇ ਤਰਾਈ ਵਾਲਾ ਹਿੱਸਾ ਜੋ ਲਾਵਾਰਿਸ ਨਹੀਂ ਵੀ ਸੀ ਤਾਂ ਇਹ ਜਮੀਨ ਲਗਭਗ ਲਾਵਾਰਿਸ ਹੀ ਸੀ। ਇਸ ਖੇਤਰ ਵਿਚ ਬਹੁਤ ਸਾਰੇ ਅਸਾਮੀ ਆਦਿਵਾਸੀ ਕਬੀਲਿਆਂ ਦੀ ਮੌਜੂਦਗੀ ਨੂੰ ਨਜ਼ਰਅੰਦਾਜ਼ ਕਰਦਿਆਂ ਅੰਗਰੇਜ਼ਾਂ ਨੇ ਸਧਾਰਨ ਆਦਿਵਾਸੀਆਂ ਦੀਆਂ ਜਮੀਨਾਂ ਇਨ੍ਹਾਂ 'ਉਤਪਾਦਕ' ਕਿਸਾਨਾਂ ਨੂੰ ਦੇਣੀਆਂ ਸ਼ੁਰੂ ਕਰ ਦਿੱਤੀਆਂ, ਜਿਨ੍ਹਾਂ ਨੇ ਆਉਣ ਵਾਲੇ ਸਮੇਂ ਵਿਚ ਬਰਤਾਨਵੀ ਸਰਕਾਰੀ ਖਜ਼ਾਨੇ ਵਿਚ ਹਿੱਸਾ ਪਾਉਣਾ ਸੀ। ਹਜ਼ਾਰਾਂ ਦੀ ਤਾਦਾਦ 'ਚ ਪਰਵਾਸੀ ਇਥੇ ਆ ਕੇ ਵਸ ਗਏ। ਇਨ੍ਹਾਂ ਲੋਕਾਂ ਨੇ ਜੰਗਲ ਸਾਫ ਕੀਤੇ ਅਤੇ ਇਥੋਂ ਦੀ ਦਲਦਲੀ ਜਮੀਨ ਨੂੰ ਖੇਤਾਂ ਵਿਚ ਬਦਲ ਕੇ ਅਨਾਜੀ ਫਸਲਾਂ ਤੇ ਪਟਸਨ ਦੀ ਖੇਤੀ ਕੀਤੀ। 1930 ਤਕ ਪਰਵਾਸ ਨੇ ਇਥੋਂ ਦੀ ਆਬਾਦੀ ਦੇ ਤਵਾਜ਼ਨ ਅਤੇ ਆਰਥਕਤਾ ਨੂੰ ਵੱਡੇ ਪੈਮਾਨੇ 'ਤੇ ਬਦਲ ਦਿੱਤਾ।

ਸ਼ੁਰੂ 'ਚ ਅਸਾਮ ਦੇ ਰਾਸ਼ਟਰਵਾਦੀ ਸਮੂਹਾਂ ਨੇ ਪਰਵਾਸੀਆਂ ਦਾ ਸਵਾਗਤ ਕੀਤਾ, ਪਰ ਛੇਤੀ ਹੀ ਜਾਤੀ, ਧਾਰਮਿਕ ਅਤੇ ਭਾਸ਼ਾਈ ਤਣਾਓ ਸ਼ੁਰੂ ਹੋ ਗਿਆ। ਇਹ ਤਣਾਓ ਉਸ ਵਕਤ ਘੱਟ ਹੋਇਆ, ਜਦ 1937 ਦੀ ਮਰਦਮਸ਼ੁਮਾਰੀ ਵਿਚ ਬੰਗਾਲੀ ਭਾਸ਼ਾਈ ਮੁਸਲਮਾਨਾਂ, ਜਿਨ੍ਹਾਂ ਦੀਆਂ ਸਮੁੱਚੀਆਂ ਸਥਾਨਕ ਬੋਲੀਆਂ ਨੂੰ ਮਿਲਾ ਕੇ 'ਮੀਆਂ ਭਾਸ਼ਾ' ਵੀ ਕਹਿੰਦੇ ਹਨ, ਨੂੰ ਆਪਣੇ ਨਵੇਂ ਵਤਨ ਪ੍ਰਤੀ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਆਪਣੀ ਮਾਂ-ਬੋਲੀ ਅਸਾਮੀ ਐਲਾਨ ਕਰ ਦਿੱਤੀ ਤਾਂ ਜੁ ਇਹ ਭਾਸ਼ਾ ਆਪਣਾ ਅਧਿਕਾਰਕ ਭਾਸ਼ਾ ਦਾ ਦਰਜਾ ਬਰਕਰਾਰ ਰੱਖ ਸਕੇ। ਅੱਜ ਵੀ ਮੀਆਂ ਬੋਲੀਆਂ ਅਸਾਮੀ ਲਿਪੀ ਵਿਚ ਹੀ ਲਿਖੀਆਂ ਜਾਂਦੀਆਂ ਹਨ।

ਪਿਛੋਂ ਸਾਲਾਂ ਵਿਚ ਅਸਾਮ ਦੀਆਂ ਸਰਹੱਦਾਂ ਵਿਚ ਵਾਰ-ਵਾਰ ਫੇਰਬਦਲ ਹੁੰਦਾ ਰਿਹਾ, ਕਰੀਬ ਹੈਰਾਨੀਜਨਕ ਹੱਦ ਤੱਕ ਤੇਜ਼ੀ ਨਾਲ। 1905 ਵਿਚ ਜਦ ਅੰਗਰੇਜ਼ਾਂ ਨੇ ਬੰਗਾਲ ਦੀ ਵੰਡ ਕੀਤੀ ਤਾਂ ਉਨ੍ਹਾਂ ਨੇ ਅਸਾਮ ਨੂੰ ਮੁਸਲਿਮ ਬਹੁਗਿਣਤੀ ਵਾਲੇ ਪੂਰਬੀ ਬੰਗਾਲ ਨਾਲ ਮਿਲਾ ਦਿੱਤਾ, ਜਿਸ ਦੀ ਰਾਜਧਾਨੀ ਢਾਕਾ ਸੀ। ਅਚਾਨਕ ਹੀ ਅਸਾਮ ਦੀ ਪਰਵਾਸੀ ਆਬਾਦੀ ਹੁਣ ਪਰਵਾਸੀ ਨਾ ਰਹੀ, ਸਗੋਂ ਬਹੁਗਿਣਤੀ ਆਬਾਦੀ ਦਾ ਹਿੱਸਾ ਬਣ ਗਈ। ਇਸ ਤੋਂ ਸੱਤ ਸਾਲ ਪਿਛੋਂ ਜਦ ਬੰਗਾਲ ਨੂੰ ਮੁੜ ਇਕ ਕੀਤਾ ਗਿਆ ਤਾਂ ਅਸਾਮ ਖੁਦ ਰਾਜ ਬਣ ਗਿਆ ਅਤੇ ਇਸ ਦੀ ਬੰਗਾਲੀ ਆਬਾਦੀ ਇਕ ਵਾਰ ਫਿਰ ਪਰਵਾਸੀ ਹੋ ਗਈ। 1947 ਦੀ ਵੰਡ ਪਿਛੋਂ ਪੂਰਬੀ ਬੰਗਾਲ ਪੂਰਬੀ ਪਾਕਿਸਤਾਨ ਬਣ ਗਿਆ ਅਤੇ ਅਸਾਮ ਵਿਚ ਵਸੇ ਬੰਗਾਲੀ ਮੁਸਲਮਾਨਾਂ ਨੇ ਅਸਾਮ 'ਚ ਹੀ ਰਹਿਣਾ ਕਬੂਲ ਕਰ ਲਿਆ, ਪਰ ਵੰਡ ਪਿਛੋਂ ਅਸਾਮ 'ਚ ਵੱਡੀ ਤਾਦਾਦ 'ਚ ਬੰਗਾਲੀ ਸ਼ਰਨਾਰਥੀ, ਹਿੰਦੂ ਅਤੇ ਮੁਸਲਮਾਨ ਆਏ। ਇਸ ਪਿਛੋਂ 1971 ਵਿਚ ਜਦੋਂ ਪਾਕਿਸਤਾਨੀ ਫੌਜ ਨੇ ਪੂਰਬੀ ਪਾਕਿਸਤਾਨ ਵਿਚ ਨਸਲੀ ਕਤਲੇਆਮ ਨੂੰ ਅੰਜਾਮ ਦਿੱਤਾ ਅਤੇ ਲੱਖਾਂ ਲੋਕ ਮਾਰੇ ਗਏ ਤਾਂ ਇਕ ਵਾਰ ਫਿਰ ਇਸ ਖੇਤਰ ਵਿਚ ਸ਼ਰਨਾਰਥੀਆਂ ਦਾ ਹੜ੍ਹ ਆ ਗਿਆ। ਮੁਕਤੀ ਯੁੱਧ ਪਿਛੋਂ ਨਵਾਂ ਮੁਲਕ ਬੰਗਲਾਦੇਸ਼ ਹੋਂਦ ਵਿਚ ਆ ਗਿਆ।

ਇਉਂ ਅਸਾਮ ਪਹਿਲਾਂ ਪੂਰਬੀ ਬੰਗਾਲ ਦਾ ਹਿੱਸਾ ਸੀ ਅਤੇ ਪਿਛੋਂ ਉਸ ਦਾ ਹਿੱਸਾ ਨਹੀਂ ਰਿਹਾ। ਪੂਰਬੀ ਬੰਗਾਲ ਪੂਰਬੀ ਪਾਕਿਸਤਾਨ ਬਣਿਆ ਅਤੇ ਪੂਰਬੀ ਪਾਕਿਸਤਾਨ ਬੰਗਲਾਦੇਸ਼ ਬਣ ਗਿਆ। ਮੁਲਕ ਬਦਲ ਗਏ, ਝੰਡੇ ਬਦਲ ਗਏ ਅਤੇ ਰਾਸ਼ਟਰੀ ਗੀਤ ਬਦਲ ਗਿਆ। ਸ਼ਹਿਰ ਫੈਲੇ, ਜੰਗਲ ਸੁੰਗੜ ਗਏ, ਦਲਦਲੀ ਜਮੀਨ ਖੇਤੀ ਕਰਨ ਦੇ ਲਾਇਕ ਬਣਾ ਦਿੱਤੀ ਗਈ ਅਤੇ ਆਦਿਵਾਸੀਆਂ ਦੀ ਜਮੀਨ ਆਧੁਨਿਕ ਵਿਕਾਸ ਨੇ ਹੜੱਪ ਲਈ। ਲੋਕਾਂ ਵਿਚਲੀਆਂ ਦਰਾੜਾਂ ਪੁਰਾਣੀਆਂ ਪੈ ਕੇ ਕਠੋਰ ਅਤੇ ਇੰਨੀਆਂ ਡੂੰਘੀਆਂ ਹੋ ਗਈਆਂ ਕਿ ਹੁਣ ਉਨ੍ਹਾਂ ਨੂੰ ਭਰਿਆ ਨਹੀਂ ਸੀ ਜਾ ਸਕਦਾ।

ਭਾਰਤ ਸਰਕਾਰ ਨੂੰ ਬੰਗਲਾਦੇਸ਼ ਦੇ ਮੁਕਤੀ ਯੁੱਧ ਵਿਚ ਆਪਣੀ ਭੂਮਿਕਾ 'ਤੇ ਬਹੁਤ ਫਖਰ ਹੈ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਾਕਿਸਤਾਨ ਦੇ ਸਹਿਯੋਗੀ ਮੁਲਕਾਂ ਚੀਨ ਤੇ ਅਮਰੀਕਾ ਦੀਆਂ ਧਮਕੀਆਂ ਦੀ ਪ੍ਰਵਾਹ ਨਾ ਕੀਤੀ ਅਤੇ ਨਸਲਕੁਸ਼ੀ ਨੂੰ ਰੋਕਣ ਲਈ ਭਾਰਤੀ ਫੌਜ ਭੇਜ ਦਿੱਤੀ। 'ਹੱਕੀ ਯੁੱਧ' ਲੜਨ ਦਾ ਮਾਣ ਨਿਆਂ ਜਾਂ ਅਸਲੀ ਮੁੱਦਿਆਂ ਦੇ ਹੱਲ ਦਾ ਕਾਰਨ ਨਹੀਂ ਬਣ ਸਕਿਆ ਅਤੇ ਨਾ ਹੀ ਅਸਾਮ ਅਤੇ ਗੁਆਂਢੀ ਰਾਜਾਂ ਦੇ ਲੋਕਾਂ ਤੇ ਸ਼ਰਨਾਰਥੀਆਂ ਲਈ ਸੋਚ-ਵਿਚਾਰ ਕੇ ਕੋਈ ਨੀਤੀ ਬਣਾਈ ਗਈ।

ਇਸ ਨਿਆਰੇ ਅਤੇ ਗੁੰਝਲਦਾਰ ਇਤਿਹਾਸ ਦੇ ਕਾਰਨ ਹੀ ਅਸਾਮ ਵਿਚ ਨੈਸ਼ਨਲ ਸਿਟੀਜ਼ਨ ਰਜਿਸਟਰ ਦੀ ਮੰਗ ਉਠੀ। ਹਾਸੋਹੀਣੀ ਗੱਲ ਤਾਂ ਇਹ ਹੈ ਕਿ ਇਥੇ 'ਰਾਸ਼ਟਰੀ' ਦਾ ਅਰਥ ਭਾਰਤ ਘੱਟ ਅਤੇ ਅਸਾਮ ਜ਼ਿਆਦਾ ਹੈ। 1979 ਅਤੇ 1985 ਦਰਮਿਆਨ ਅਸਾਮ ਦੇ ਵਿਦਿਆਰਥੀਆਂ ਦੀ ਅਗਵਾਈ ਵਿਚ ਚੱਲੇ ਅਸਾਮੀ ਕੌਮੀ ਅੰਦੋਲਨ ਦੇ ਦੌਰਾਨ 1951 ਵਿਚ ਤਿਆਰ ਕੀਤੇ ਪਹਿਲੇ ਐਨ. ਆਰ. ਸੀ. ਨੂੰ ਅਪਡੇਟ ਕਰਨ ਦੀ ਮੰਗ ਉਠੀ। ਵਿਦਿਆਰਥੀ ਅੰਦੋਲਨ ਦੇ ਨਾਲ ਹੀ ਹਿੰਸਕ ਵੱਖਵਾਦੀ ਅੰਦੋਲਨ ਵੀ ਹੋਇਆ, ਜਿਸ ਵਿਚ


(ਬਾਕੀ ਅਗਲੇ ਸਫੇ 'ਤੇ)



**ਬ੍ਰਹਮਪੁੱਤਰ ਦਰਿਆ ਦੇ ਕੰਢੇ ਆਪਣਾ ਸਮਾਨ ਵੇਚ ਰਿਹਾ ਇਕ ਕਾਮਾ।**

# ਧਾਰਾ 370 ਪਿਛੋਂ ਹੁਣ ਨਾਗਰਿਕਤਾ ਸੋਧ ਬਿੱਲ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦਾ ਸ਼ਾਇਦ ਹੀ ਕੋਈ ਫੈਸਲਾ ਏਦਾਂ ਦਾ ਹੋਵੇ, ਜਿਸ ਦੀ ਹਮਾਇਤ ਕਰਨ ਲਈ ਸਾਡੇ ਜਿਹੇ ਲੋਕਾਂ ਦਾ ਦਿਲ ਮੰਨਿਆ ਹੋਵੇ। ਇਸ ਦੇ ਬਾਵਜੂਦ ਜਦੋਂ ਉਹ ਹਾਲੇ ਇਸ ਦੇਸ਼ ਦਾ ਪ੍ਰਧਾਨ ਮੰਤਰੀ ਨਹੀਂ ਸੀ ਬਣਿਆ ਅਤੇ ਇੱਕ ਰਾਜ ਦਾ ਮੁੱਖ ਮੰਤਰੀ ਹੁੰਦਾ ਸੀ, ਉਸ ਉਤੇ ਅਮਰੀਕਾ ਵੱਲੋਂ ਲਾਈ ਗਈ ਵੀਜ਼ਾ ਪਾਬੰਦੀ ਨੂੰ ਮੈਂ ਗਲਤ ਕਿਹਾ ਸੀ ਅਤੇ ਇਸ ਪਾਬੰਦੀ ਦਾ ਸਵਾਗਤ ਕਰਨ ਵਾਲਿਆਂ ਨੂੰ ਵੀ ਗਲਤ ਕਿਹਾ ਸੀ। ਮੇਰੀ ਇਹ ਧਾਰਨਾ ਆਪਣੇ ਨੇੜ ਵਾਲੇ ਕਈ ਲੋਕਾਂ ਨੂੰ ਵੀ ਭਾਵੇਂ ਪਸੰਦ ਨਹੀਂ ਸੀ ਆਈ, ਪਰ ਮੈਂ ਕਿਹਾ ਸੀ ਕਿ ਭਾਰਤ ਦੇ ਖਿਲਾਫ ਬੋਲਣ ਵਾਲੇ ਕਿਸੇ ਵੀ ਅਮਰੀਕੀ ਆਗੂ ਦਾ ਵੀਜ਼ਾ ਰੋਕਿਆ ਜਾਵੇ ਤਾਂ ਉਹ ਭੜਕਦੇ ਹਨ, ਨਰਿੰਦਰ ਮੋਦੀ ਗਲਤ ਹੈ ਜਾਂ ਠੀਕ, ਉਸ ਲਈ ਕਿੰਦਾਂ ਦਾ ਵਤੀਰਾ ਰੱਖਣਾ ਹੈ, ਲੋਕਤੰਤਰੀ ਧਾਰਨਾ ਹੇਠ ਇਹ ਭਾਰਤੀ ਲੋਕਾਂ ਦਾ ਹੱਕ ਹੈ, ਕਿਸੇ ਬਾਹਰਲੇ ਦਾ ਨਹੀਂ।

ਫਿਰ ਉਹ ਦਿਨ ਵੇਖੇ, ਜਦੋਂ ਉਸ ਨੂੰ ਵੀਜ਼ੇ ਤੋਂ ਨਾਂਹ ਕਰਨ ਵਾਲਿਆਂ ਨੇ ਉਸ ਦੀ ਜਿੱਤ ਹੋਣ ਤੋਂ ਵੀ ਪਹਿਲਾਂ ਖੁਦ ਗੁਜਰਾਤ ਜਾ ਕੇ ਵੀਜ਼ੇ ਦੀ ਪੇਸ਼ਕਸ਼ ਕਰ ਦਿੱਤੀ ਤੇ ਉਸ ਨੇ ਵੀ ਪਹਿਲੇ ਇਨਕਾਰ ਦੀ ਗੱਲ ਭੁਲਾ ਦਿੱਤੀ ਸੀ। ਅਮਰੀਕਾ ਦੇ ਜੋ ਹਾਕਮ ਉਸ ਵਕਤ ਮੋਦੀ ਨੂੰ ਮਨੁੱਖੀ ਹੱਕਾਂ ਦਾ ਘਾਣ ਕਰਨ ਅਤੇ ਲੋਕਤੰਤਰੀ ਮਰਿਆਦਾ ਦੀ ਉਲੰਘਣਾ ਕਰਨ ਵਾਲਿਆਂ ਵਿਚ ਸ਼ਾਮਲ ਮੰਨਦੇ ਸਨ, ਉਹੀ ਪਿਛੋਂ ਉਸ ਦੇ ਬਗਲਗੀਰ ਹੋਣ ਲੱਗ ਪਏ ਸਨ। ਸਗੋਂ ਉਹ ਲੋਕ ਏਦੂੰ ਅੱਗੇ ਵਧ ਕੇ ਉਸ ਦੇ ਨਾਲ ਖੜੋਣ ਵਿਚ ਇੱਕ ਦੂਜੇ ਦੇ ਪੈਰ ਮਿੱਧਣ ਤੱਕ ਪਹੁੰਚ ਗਏ ਸਨ।

ਅੱਜ ਜਦੋਂ ਇੱਕ ਪਾਸੇ ਉਹ ਲੋਕ ਭਾਰਤੀ ਲੋਕਾਂ ਸਾਹਮਣੇ ਨਰਿੰਦਰ ਮੋਦੀ ਦੀਆਂ ਨੀਤੀਆਂ ਦੇ ਸੋਹਲੇ ਗਾਉਂਦੇ ਫਿਰਦੇ ਹਨ, ਤਾਂ ਦੂਜੇ ਪਾਸੇ ਮੋਦੀ ਸਾਬ੍ਹ ਅਮਰੀਕਾ ਵਿਚ ਹੋਏ 'ਹਾਓਡੀ ਮੋਦੀ' ਪ੍ਰੋਗਰਾਮ ਦੇ ਮੰਚ ਤੋਂ ਭਾਰਤੀ ਮੂਲ ਦੇ ਲੋਕਾਂ ਨੂੰ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਮੰਤਰ ਸਿੱਖਾਉਣ ਤੱਕ ਚਲੇ ਗਏ ਹਨ। ਭਾਰਤੀ ਮੂਲ ਦੇ ਅਮਰੀਕੀ ਲੋਕ ਇਸ ਤੋਂ ਖੁਸ਼ ਨਹੀਂ ਹੋਏ ਹੋਣੇ ਕਿ ਉਸ ਦੇਸ਼ ਵਿਚ ਜਿਸ ਬੰਦੇ ਨੂੰ ਕੱਟੜਪੰਥੀ ਜਨੂੰਨ ਭੜਕਾਉਣ ਵਾਲਾ ਸਮਝਿਆ ਜਾਂਦਾ ਹੈ, ਮੋਦੀ ਸਾਬ੍ਹ ਉਸ ਦੇ ਪੱਖ ਵਿਚ ਭੁਗਤੇ ਹਨ, ਪਰ ਸਾਨੂੰ ਇਸ ਪਿਛੇ ਲੁਕੀ ਖੇਡ ਦੀ ਉਦੋਂ ਹੀ ਸਮਝ ਆ ਗਈ ਸੀ। ਟਰੰਪ ਅਤੇ ਉਹ ਦੋਵੇਂ ਜਣੇ ਇੱਕੋ ਨੀਤੀ 'ਤੇ ਚੱਲਦੇ ਹਨ ਤੇ ਦੋਵੇਂ ਨਹੀਂ, ਕਈ ਹੋਰ ਦੇਸ਼ਾਂ ਵਿਚ ਵੀ ਇਨ੍ਹਾਂ ਵਾਲਾ ਫਾਰਮੂਲਾ ਵਰਤਣ ਦਾ ਲਾਭ ਲਿਆ ਜਾਣ ਲੱਗ ਪਿਆ ਹੈ।

ਇਸ ਹਫਤੇ ਬ੍ਰਿਟੇਨ ਦੀਆਂ ਚੋਣਾਂ ਦੇ ਪ੍ਰਚਾਰ ਦੌਰਾਨ ਆਖਰੀ ਪੜਾਅ 'ਤੇ ਉਥੋਂ ਦੇ ਪ੍ਰਧਾਨ ਮੰਤਰੀ ਨੇ ਜਿਵੇਂ ਹਿੰਦੂ ਮੰਦਿਰ ਦਾ ਗੇੜਾ ਲਾਉਣ ਮੌਕੇ ਨਰਿੰਦਰ ਮੋਦੀ ਦੀਆਂ ਸਿਫਤਾਂ ਕੀਤੀਆਂ ਤੇ ਹਿੰਦੂ ਧਰਮ ਦੇ ਪੱਖ ਵਿਚ ਉਚੇਚੇ ਵਿਚਾਰ ਪ੍ਰਗਟਾਏ, ਉਸ ਦੇ ਪਿੱਛੇ ਵੀ ਇਹੋ ਖੇਡ ਸੀ ਤੇ ਇਸ ਦਾ ਲਾਭ ਉਸ ਨੂੰ ਇਹ ਹੋਇਆ ਕਿ ਅੱਜ ਤੱਕ ਕੰਜ਼ਰਵੇਟਿਵ ਪਾਰਟੀ ਤੋਂ ਦੂਰੀ 'ਤੇ ਰਹਿੰਦੇ ਰਹੇ ਭਾਰਤੀ ਲੋਕਾਂ ਦੇ ਇੱਕ ਹਿੱਸੇ ਦੀਆਂ ਵੋਟਾਂ ਵੀ ਉਸ ਨੂੰ ਮਿਲ ਗਈਆਂ ਹਨ, ਜਿਸ ਦੀ ਪੁਸ਼ਟੀ ਖੁਦ ਬੋਰਿਸ ਜਾਨਸਨ ਨੇ ਕੀਤੀ ਹੈ। ਇਹ ਫਾਰਮੂਲਾ ਸੰਸਾਰ ਭਰ ਵਿਚ ਵਰਤਣ ਦੇ ਦਿਨ ਆ ਗਏ ਹਨ ਕਿ ਆਪੋ ਆਪਣੇ ਦੇਸ਼ ਵਿਚ ਕੁਰਸੀ ਖਾਤਰ ਜਨੂੰਨ ਭੜਕਾ ਲੈਣਾ ਵੀ ਗਲਤ ਨਹੀਂ।

ਐਨ ਉਦੋਂ ਜਦੋਂ ਇਸ ਹਫਤੇ ਬ੍ਰਿਟੇਨ ਵਿਚ ਮੋਦੀ-ਫਾਰਮੂਲਾ ਵਰਤਿਆ ਜਾ ਰਿਹਾ ਸੀ, ਮੋਦੀ ਸਰਕਾਰ ਨੇ ਆਪਣੀ ਪਿਛਲੀ ਰਵਾਨੀ ਕਾਇਮ ਰੱਖਦਿਆਂ ਨਵਾਂ ਦਾਅ ਖੇਡ ਦਿੱਤਾ ਹੈ, ਜਿਸ ਨੂੰ ਸਿਟੀਜ਼ਨਸ਼ਿਪ ਸੋਧ ਬਿੱਲ ਕਿਹਾ ਗਿਆ ਹੈ ਤੇ ਪਾਰਲੀਮੈਂਟ ਦੇ ਦੋਹਾਂ ਸਦਨਾਂ ਤੋਂ ਪਾਸ ਹੋਣ ਪਿਛੋਂ ਇਹ ਕਾਨੂੰਨ ਵੀ ਬਣ ਚੁਕਾ ਹੈ। ਇੱਕ ਪਾਸੇ ਇਹ ਬਿੱਲ ਰਾਸ਼ਟਰਪਤੀ ਦੀ ਪ੍ਰਵਾਨਗੀ ਨਾਲ ਕਾਨੂੰਨ ਬਣ ਰਿਹਾ ਸੀ ਅਤੇ ਦੂਜੇ ਪਾਸੇ ਅਸਾਮ ਤੋਂ ਸ਼ੁਰੂ ਹੋਇਆ ਇਸ ਦਾ ਵਿਰੋਧ ਭਾਰਤ ਦੇ ਉਸ ਖਿੱਤੇ ਦੇ ਹੋਰਨਾਂ ਰਾਜਾਂ ਤੋਂ ਹੁੰਦਾ ਪੱਛਮੀ ਬੰਗਾਲ ਤੇ ਫਿਰ ਉੱਤਰ ਪ੍ਰਦੇਸ਼ ਤਕ ਆਣ ਪਹੁੰਚਿਆ ਹੈ।

ਹਾਲੇ ਕੁਝ ਦਿਨ ਹੋਏ ਹਨ ਕਿ ਭਾਰਤ ਵਿਚ ਇੱਕ ਐਨ. ਆਰ. ਸੀ. ਵਾਲੇ ਮੁੱਦੇ ਦਾ ਰੌਲਾ ਪੈਂਦਾ ਸੀ, ਇਹ ਸੋਧ ਬਿੱਲ ਉਸ ਤੋਂ ਅਗਲੀ ਕਿਸਮ ਦੇ ਰੌਲੇ ਦੀ ਜੜ੍ਹ ਬਣਨ ਵਾਲਾ ਸਾਬਤ ਹੋਇਆ ਹੈ। ਜਦੋਂ ਤੱਕ ਇਹ ਬਿੱਲ ਪਾਸ ਨਾ ਹੋ ਗਿਆ, ਇਸ ਦੀ ਕੋਈ ਪ੍ਰਤੀਕ੍ਰਿਆ ਨਹੀਂ ਸੀ ਸਾਹਮਣੇ ਆ ਰਹੀ ਤੇ ਜਦੋਂ ਇਸ ਦਾ ਹੀਜ-ਪਿਆਜ ਪਤਾ ਲੱਗਾ ਤਾਂ ਸਭ ਤੋਂ ਪਹਿਲਾਂ ਓਸੇ ਆਸਾਮ ਦੇ ਲੋਕਾਂ ਨੇ ਇਸ ਦਾ ਵਿਰੋਧ ਸ਼ੁਰੂ ਕੀਤਾ, ਜੋ ਪਹਿਲਾਂ ਐਨ. ਆਰ. ਸੀ. ਵਾਸਤੇ ਬੜੇ ਕਾਹਲੇ ਸਨ।

ਪਾਕਿਸਤਾਨ ਨਾਲ ਤੀਜੀ ਜੰਗ ਵੇਲੇ ਜਦੋਂ ਬੰਗਲਾ ਦੇਸ਼ ਬਣਿਆ ਸੀ, ਉਸ ਵੇਲੇ ਉਥੋਂ ਆਏ ਸ਼ਰਨਾਰਥੀਆਂ ਦੇ ਕਾਫਲੇ ਅਸਾਮ ਤੇ ਬੰਗਾਲ ਵਿਚ ਹੀ ਟਿਕੇ ਸਨ ਤੇ ਜਦੋਂ ਜੰਗ ਮੁੱਕ ਗਈ ਤਾਂ ਉਨ੍ਹਾਂ ਵਿਚੋਂ ਬਹੁਤ ਸਾਰੇ ਉਥੇ ਟਿਕੇ ਰਹਿ ਗਏ ਸਨ। ਛੇ ਸਾਲ ਬਾਅਦ ਉਨ੍ਹਾਂ ਨੂੰ ਕੱਢਣ ਦੀ ਜੋ ਮੰਗ ਉਠੀ ਤੇ ਜਿਸ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਬਣਨ ਦੇ ਦਿਨ ਤੋਂ ਇਸ ਪਾਰਟੀ ਦੇ ਆਗੂਆਂ ਨੇ ਹਮਾਇਤ ਕਰਨੀ ਜਾਰੀ ਰੱਖੀ ਸੀ, ਉਸ ਬਾਰੇ ਸਮਝੌਤਾ ਰਾਜੀਵ ਗਾਂਧੀ ਵੇਲੇ ਹੋਇਆ ਸੀ। ਉਹ ਸਮਝੌਤਾ ਵੀ ਪੰਜਾਬ ਦੇ ਸਮਝੌਤੇ ਵਾਂਗ ਲਾਗੂ ਨਾ ਹੋ ਸਕਿਆ ਤੇ ਫਿਰ ਭਾਜਪਾ ਇਸ ਨੂੰ ਮੁੱਦਾ ਬਣਾ ਕੇ ਵਿਦੇਸ਼ੀ ਲੋਕਾਂ ਨੂੰ ਕੱਢਣ ਦੇ ਨਾਅਰੇ ਨਾਲ ਉਸ ਰਾਜ ਵਿਚ ਇੱਕ ਦਲ-ਬਦਲੂ ਕਾਂਗਰਸੀ ਨੂੰ ਅੱਗੇ ਲਾ ਕੇ ਸਰਕਾਰ ਬਣਾਉਣ ਜੋਗੀ ਹੋ ਗਈ।

ਇਸ ਪਿਛੋਂ ਐਨ. ਆਰ. ਸੀ. ਵਾਲਾ ਚੱਕਰ ਚਲਾ ਕੇ ਕਿਹਾ ਗਿਆ ਕਿ ਵਿਦੇਸ਼ੀਆਂ ਦੀ ਨਿਸ਼ਾਨਦੇਹੀ ਕਰਨੀ ਹੈ ਤਾਂ ਅਸਾਮ ਦੇ ਜਿਨ੍ਹਾਂ ਵਰਗਾਂ ਨੇ ਇਸ ਦਾ ਪੱਖ ਪੂਰਿਆ ਸੀ, ਉਹ ਨਵਾਂ ਨਾਗਰਿਕਤਾ ਸੋਧ ਬਿੱਲ ਪਾਸ ਹੁੰਦਾ ਵੇਖ ਕੇ ਭੜਕ ਪਏ। ਜਿਸ ਨਵੀਂ ਸੋਧ ਤੋਂ ਉਹ ਲੋਕ ਭੜਕੇ ਹਨ, ਉਸ ਮੁਤਾਬਕ ਤਿੰਨ ਗਵਾਂਢੀ ਦੇਸ਼ਾਂ ਤੋਂ ਭਾਰਤ ਵਿਚ ਆਏ ਹਿੰਦੂਆਂ, ਸਿੱਖਾਂ ਅਤੇ ਚਾਰ ਹੋਰ ਧਰਮਾਂ ਦੇ ਲੋਕਾਂ ਨੂੰ ਇਥੇ ਪਨਾਹ ਦੇਣ ਦਾ ਪ੍ਰਬੰਧ ਹੈ, ਸਿਰਫ ਮੁਸਲਮਾਨਾਂ ਨੂੰ ਪਨਾਹ ਨਹੀਂ ਦੇਣੀ।

ਅਸਾਮ ਦੇ ਜਿਨ੍ਹਾਂ ਲੋਕਾਂ ਨੇ ਪਹਿਲਾ ਸੰਘਰਸ਼ ਕੀਤਾ ਸੀ, ਉਨ੍ਹਾਂ ਦੀ ਮੰਗ ਸਾਰੇ ਵਿਦੇਸ਼ੀਆਂ ਨੂੰ ਹਿੰਦੂ-ਮੁਸਲਿਮ ਦਾ ਫਰਕ ਕੀਤੇ ਬਿਨਾ ਕੱਢਣ ਦੀ ਸੀ, ਜਦੋਂ ਵੇਖਿਆ ਕਿ ਸਿਰਫ ਮੁਸਲਮਾਨ ਕੱਢਣੇ ਤੇ ਹਿੰਦੂ ਵਿਦੇਸ਼ੀ ਟਿਕਾਈ ਰੱਖਣੇ ਹਨ ਤਾਂ ਉਹ ਭੜਕ ਪਏ ਕਿ ਸਾਡੀਆਂ ਨੌਕਰੀਆਂ ਖੋਹਣ ਵਾਲਾ ਇੱਕ ਵਰਗ ਇਥੇ ਰੱਖਿਆ ਜਾਣਾ ਹੈ। ਇਹੀ ਨਹੀਂ, ਅਗਲੀ ਗੱਲ ਇਹ ਸੀ ਕਿ ਤਿੰਨਾਂ ਦੇਸ਼ਾਂ ਤੋਂ ਜੋ ਲੋਕ, ਮੁਸਲਮਾਨਾਂ ਨੂੰ ਛੱਡ ਕੇ, ਭਾਰਤ ਵਿਚ ਆਉਣਾ ਚਾਹੁਣਗੇ, ਉਨ੍ਹਾਂ ਨੂੰ ਪਨਾਹ ਅਤੇ ਨਾਗਰਿਕਤਾ ਦੇਣ ਵਿਚ ਕਿਸੇ ਤਰ੍ਹਾਂ ਦੀ ਝਿਜਕ ਨਹੀਂ ਹੋਣੀ। ਪਾਕਿਸਤਾਨ ਤੋਂ ਤਾਂ ਕੋਈ ਇੱਕਾ-ਦੁੱਕਾ ਦੁਖੀ ਹੋਇਆ ਪਰਿਵਾਰ ਹੀ ਆਉਣਾ ਹੈ, ਪਰ ਇਸ ਤੋਂ ਉਲਟ ਬੰਗਲਾ ਦੇਸ਼ ਤੋਂ ਅੱਜ ਵੀ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਆਉਣ ਨੂੰ ਤਿਆਰ ਬੈਠੇ ਹਨ ਤੇ ਉਹ ਬਹੁਤੇ ਅਸਾਮ ਤੇ ਪੱਛਮੀ ਬੰਗਾਲ ਵਿਚ ਹੀ ਆ ਸਕਦੇ ਹਨ। ਜਦੋਂ ਉਹ ਲੋਕ ਆਏ ਤਾਂ ਸਥਿਤੀ ਪਹਿਲਾਂ ਤੋਂ ਵੱਧ ਭੈੜੀ ਹੋ ਸਕਦੀ ਹੈ।

ਸਭ ਨੂੰ ਪਤਾ ਹੈ ਕਿ ਇਸੇ ਸਾਲ ਦੀ ਪੰਜ ਅਗਸਤ ਨੂੰ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਦੀ ਧਾਰਾ 370 ਤੋੜੇ ਜਾਣ ਪਿਛੋਂ ਉਥੇ ਲਾਈਆਂ ਪਾਬੰਦੀਆਂ ਦਾ ਵੱਡਾ ਹਿੱਸਾ ਹਾਲੇ ਤੱਕ ਜਾਰੀ ਹੈ। ਉਹ ਪੁਆੜਾ ਮੁੱਕਣ ਤੋਂ ਪਹਿਲਾਂ ਦੇਸ਼ ਦੇ ਉਤਰ ਪੂਰਬ ਵਿਚ ਅਸਾਮ ਅਤੇ ਸੱਤ ਹੋਰ ਰਾਜਾਂ ਵਿਚ ਮੁਸੀਬਤ ਖੜੀ ਕਰ ਦਿੱਤੀ ਗਈ ਹੈ। ਕਸ਼ਮੀਰ ਦੇ ਜਿਸ ਇਲਾਕੇ ਵਿਚ ਪਹਿਲੇ ਕਦਮ ਨਾਲ ਸਥਿਤੀ ਵਿਗੜੀ ਤੇ ਅਜੇ ਤੱਕ ਸਾਂਭੀ ਨਹੀਂ ਜਾ ਸਕੀ, ਉਸ ਦੇ ਇੱਕ ਪਾਸੇ ਚੀਨ ਨਾਲ ਸਰਹੱਦ ਸਾਂਝੀ ਹੈ ਤੇ ਦੂਜੇ ਪਾਸੇ ਪਾਕਿਸਤਾਨ ਨਾਲ ਕੰਟਰੋਲ ਰੇਖਾ ਵਾਹ ਕੇ ਡੰਗ ਸਾਰਿਆ ਜਾ ਰਿਹਾ ਹੈ ਤੇ ਜਿਸ ਉਤਰ ਪੂਰਬ ਵਿਚ ਹਾਲਾਤ ਦਾ ਨਵਾਂ ਵਹਿਣ ਵਗਣਾ ਹੈ, ਹਾਲਤ ਉਥੇ ਵੀ ਸੁਖਾਲੀ ਨਹੀਂ।

ਭਾਰਤ ਦੀ ਸਰਹੱਦ ਇਧਰ ਚੀਨ ਨਾਲ ਜੋੜਦੀ ਹੈ ਤਾਂ ਉਧਰ ਵੀ ਚੀਨ ਨਾਲ ਬਾਰਡਰ ਸਾਂਝਾ ਹੈ, ਜਿੱਥੇ ਕਈ ਵਾਰੀ ਦੋਹਾਂ ਦੇ ਫੌਜੀ ਆਪਸ ਵਿਚ ਹੱਥੋ-ਪਾਈ ਤੱਕ ਹੋ ਚੁਕੇ ਹਨ। ਓਧਰ ਬੰਗਲਾ ਦੇਸ਼ ਅਤੇ ਪੁਰਾਣੇ ਬਰਮਾ ਨਾਲ ਵੀ ਬਾਰਡਰ ਸਾਂਝਾ ਹੈ, ਜਿਸ ਨੂੰ ਨਵੇਂ ਨਾਂ ਮਿਆਮਾਰ ਵਜੋਂ ਜਾਣਿਆ ਜਾਂਦਾ ਹੈ। ਦੇਸ਼ ਦੀ ਸਰਕਾਰ ਦਾ ਫਰਜ਼ ਆਪਣੀਆਂ ਹੱਦਾਂ ਦੀ ਰਾਖੀ ਤੇ ਹੱਦਾਂ ਨੇੜੇ ਦੇ ਇਲਾਕੇ ਵਿਚ ਸ਼ਾਂਤੀ ਦਾ ਮਾਹੌਲ ਬਣਾ ਕੇ ਰੱਖਣਾ ਹੁੰਦਾ ਹੈ ਤਾਂ ਕਿ ਲੋਕ ਅਭੀ-ਨਭੀ ਵੇਲੇ ਸਰਕਾਰ ਦੀ ਧਿਰ ਬਣਨ ਤੇ ਉਨ੍ਹਾਂ ਵਿਚ ਇਹੋ ਜਿਹੀ ਬੇਗਾਨਗੀ ਨਹੀਂ ਪੈਦਾ ਹੋਣ ਦੇਣੀ ਚਾਹੀਦੀ ਕਿ ਉਹ ਲੋੜ ਪੈਣ ਵੇਲੇ ਨਾਲ ਨਾ ਖੜ੍ਹਨ, ਪਰ ਮੋਦੀ ਸਰਕਾਰ ਇਸ ਤਰੀਕੇ ਨਾਲ ਚੱਲਦੀ ਪਈ ਹੈ ਕਿ ਸਰਹੱਦੀ ਸੂਬਿਆਂ ਵਿਚ ਹੀ ਹਾਲਾਤ ਸੁਖਾਲੇ ਨਹੀਂ ਰਹਿਣ ਦਿੱਤੇ।

ਕਰਨੀ ਹੋਵੇ ਤਾਂ ਅਸੀਂ ਇਹ ਚਰਚਾ ਵੀ ਕਰ ਸਕਦੇ ਹਾਂ ਕਿ ਨਾਗਰਿਕਤਾ ਸੋਧ ਬਿੱਲ ਨੂੰ ਪਾਸ ਕਰਦੇ ਸਮੇਂ ਇਸ ਸਰਕਾਰ ਨੇ ਸੰਵਿਧਾਨ ਦੀ ਧਾਰਾ 5 ਅਤੇ ਧਾਰਾ 14 ਦੀ ਉਲੰਘਣਾ ਤੋਂ ਵੀ ਗੁਰੇਜ਼ ਨਹੀਂ ਕੀਤਾ। ਧਾਰਾ 5 ਕਹਿੰਦੀ ਹੈ ਕਿ 'ਇਸ ਸੰਵਿਧਾਨ ਦੇ ਲਾਗੂ ਹੋਣ ਪਿੱਛੋਂ ਹਰ ਵਿਅਕਤੀ, ਜੋ ਭਾਰਤ ਦਾ ਵਸਨੀਕ ਹੈ ਅਤੇ (ਏ) ਭਾਰਤ ਦੇ ਇਲਾਕੇ ਵਿਚ ਉਸ ਦਾ ਜਨਮ ਹੋਇਆ ਹੈ, ਜਾਂ (ਬੀ) ਜਿਸ ਦੇ ਮਾਪਿਆਂ ਦਾ ਜਨਮ ਭਾਰਤ ਦੇ ਖੇਤਰ ਵਿਚ ਹੋਇਆ ਹੈ, ਜਾਂ (ਸੀ) ਜੋ ਪੰਜ ਸਾਲ ਤੋਂ ਵੱਧ ਸਮੇਂ ਤੋਂ ਭਾਰਤ ਵਿਚ ਰਹਿੰਦਾ ਹੋਵੇ, ਭਾਰਤੀ ਨਾਗਰਿਕ ਮੰਨਿਆ ਜਾਵੇਗਾ।'

ਇਥੇ ਕੋਈ ਵੀ ਅਗਲੀ ਗੱਲ ਕਹਿਣ ਤੋਂ ਪਹਿਲਾਂ ਇਹ ਸੋਚ ਲਿਆ ਜਾਵੇ ਕਿ ਬੰਗਲਾ ਦੇਸ਼ ਬਣਨ ਨੂੰ 48 ਸਾਲ ਹੋ ਚੁਕੇ ਹਨ ਅਤੇ ਉਸ ਵੇਲੇ ਇਥੇ ਆਏ ਲੋਕਾਂ ਦੀ ਤੀਜੀ ਪੀੜ੍ਹੀ ਇਸ ਸਮੇਂ ਤੱਕ ਪੈਦਾ ਹੋ ਚੁਕੀ ਹੈ, ਸੰਵਿਧਾਨ ਦੀ ਧਾਰਾ 5 ਪੜ੍ਹਨ ਪਿਛੋਂ ਇਥੇ ਜੰਮੇ ਹੋਏ ਉਨ੍ਹਾਂ ਲੋਕਾਂ ਨੂੰ ਵਿਦੇਸ਼ੀ ਕਿਵੇਂ ਕਿਹਾ ਜਾ ਸਕੇਗਾ? ਧਾਰਾ 14 ਕਹਿੰਦੀ ਹੈ ਕਿ 'ਭਾਰਤੀ ਇਲਾਕੇ ਵਿਚ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਮੂਹਰੇ ਬਰਾਬਰੀ ਜਾਂ ਬਰਾਬਰ ਸੁਰੱਖਿਆ ਤੋਂ ਰਾਜ ਇਨਕਾਰ ਨਹੀਂ ਕਰ ਸਕਦਾ।'

ਇਥੇ ਨੋਟ ਕਰਨ ਵਾਲੀ ਖਾਸ ਗੱਲ ਇਹ ਹੈ ਕਿ ਧਾਰਾ 14 ਵਿਚ ਇਸ ਦੇਸ਼ ਵਿਚ 'ਕਿਸੇ ਵੀ ਵਿਅਕਤੀ' ਦੀ ਗੱਲ ਦਰਜ ਹੈ ਤੇ ਇਹ ਨਹੀਂ ਲਿਖਿਆ ਕਿ 'ਕਿਸੇ ਵੀ ਭਾਰਤੀ ਨਾਗਰਿਕ' ਨੂੰ ਇਹ ਹੱਕ ਹਨ। ਇਸ ਦਾ ਅਰਥ ਇਹ ਬਣਦਾ ਹੈ ਕਿ ਇੱਕ ਵਾਰੀ ਭਾਰਤ ਵਿਚ ਆ ਗਏ ਕਿਸੇ ਵੀ ਨਾਗਰਿਕ ਨੂੰ, ਉਹ ਪੱਕਾ ਵਾਸੀ ਹੋਵੇ, ਨਾਗਰਿਕ ਹੋਵੇ ਜਾਂ ਕੁਝ ਦਿਨਾਂ ਦੇ ਲਈ ਆਇਆ ਹੋਵੇ, ਕਾਨੂੰਨ ਦੇ ਸਾਹਮਣੇ 'ਕਿਸੇ ਵੀ ਵਿਅਕਤੀ' ਦੇ ਤੌਰ 'ਤੇ ਬਰਾਬਰੀ ਅਤੇ ਬਰਾਬਰ ਸੁਰੱਖਿਆ ਵਾਲੇ ਸਾਰੇ ਹੱਕ ਸੰਵਿਧਾਨ ਹੇਠ ਮਿਲਣੇ ਹੁੰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਪੱਖਾਂ ਨੂੰ ਗੌਲਿਆ ਹੀ ਨਹੀਂ ਗਿਆ।

ਜਿਵੇਂ ਅਸੀਂ ਕਿਹਾ ਹੈ ਕਿ ਜੇ ਕਰਨੀ ਹੋਵੇ ਤਾਂ ਸੰਵਿਧਾਨ ਦੇ ਇਨ੍ਹਾਂ ਪੱਖਾਂ ਦੀ ਗੱਲ ਵਿਸਥਾਰ ਵਿਚ ਕੀਤੀ ਜਾ ਸਕਦੀ ਹੈ, ਪਰ ਅਸੀਂ ਇਸ ਮੁੱਦੇ ਨੂੰ ਹੋਰ ਫੋਲਣ ਦੀ ਥਾਂ ਇਸ ਗੱਲ ਬਾਰੇ ਚਿੰਤਾ ਵਿਚ ਹਾਂ ਕਿ ਨਾਗਰਿਕਤਾ ਵਾਲਾ ਸੋਧ ਬਿੱਲ ਪਾਸ ਕਰਨ ਪਿੱਛੋਂ ਰਾਜ ਕਰਦੀ ਧਿਰ ਦੇ ਏਜੰਡੇ 'ਤੇ ਅਗਲੀ ਮੱਦ ਕੀ ਹੈ? ਜਿਵੇਂ ਕੱਛ ਵਿਚੋਂ ਕੱਢ ਕੇ ਅਚਾਨਕ ਮੁੰਗਲੀ ਮਾਰਨ ਜਿਹਾ ਰਿਵਾਜ ਪੈ ਚੁਕਾ ਹੈ, ਤੇ ਜੰਮੂ-ਕਸ਼ਮੀਰ ਦੀ ਧਾਰਾ 370 ਤੋੜਨ ਪਿੱਛੋਂ ਇਹ ਲਗਾਤਾਰ ਵਧਦਾ ਜਾ ਰਿਹਾ ਹੈ, ਇਸ ਨੂੰ ਵੇਖ ਕੇ ਇਹ ਜਾਪਦਾ ਹੈ ਕਿ ਗੱਡੀ ਰੁਕਣ ਵਾਲੀ ਨਹੀਂ। ਭਾਰਤ ਦੇ ਲੋਕਾਂ ਨੇ ਸਰਕਾਰ ਏਦਾਂ ਦੇ ਕੰਮਾਂ ਵਾਸਤੇ ਨਹੀਂ ਬਣਾਈ। ਹਰ ਕਦਮ ਏਦਾਂ ਦਾ ਹੀ ਪੁੱਟਿਆ ਜਾਂਦਾ ਰਿਹਾ ਤਾਂ ਇਸ ਦੇਸ਼ ਦਾ ਬਣੇਗਾ ਕੀ?

# ਅਸਾਮ 'ਚ ਨਾਗਰਿਕ ਰਜਿਸਟਰ ਦਾ ਖੌਫ

*(ਪਿਛਲੇ ਸਫੇ ਦੀ ਬਾਕੀ)*

ਹਜ਼ਾਰਾਂ ਲੋਕਾਂ ਦੀਆਂ ਜਾਨਾਂ ਗਈਆਂ। ਅਸਾਮੀ ਕੌਮੀ ਅੰਦੋਲਨ ਨੇ ਵੋਟਰ ਸੂਚੀ ਵਿਚੋਂ 'ਵਿਦੇਸ਼ੀਆਂ' ਦੇ ਨਾਂ ਹਟਾਏ ਜਾਣ ਤੱਕ ਚੋਣਾਂ ਦੇ ਬਾਈਕਾਟ ਦਾ ਸੱਦਾ ਦਿੱਤਾ। '3-ਡੀ' ਦਾ ਨਾਅਰਾ ਗੂੰਜ ਉਠਿਆ-ਡਿਟੈਕਟ, ਡਿਲੀਟ ਐਂਡ ਡੀਪੋਰਟ (ਪਤਾ ਲਗਾਓ, ਹਟਾਓ ਤੇ ਕੱਢ ਦਿਓ)। ਨਿਰੋਲ ਅਨੁਮਾਨ ਦੇ ਆਧਾਰ 'ਤੇ ਦੱਸਿਆ ਗਿਆ ਕਿ ਅਸਾਮ ਵਿਚ ਵਿਦੇਸ਼ੀਆਂ ਦੀ ਤਾਦਾਦ 50 ਤੋਂ 80 ਲੱਖ ਦਰਮਿਆਨ ਹੈ। ਫਿਰ ਇਹ ਅੰਦੋਲਨ ਛੇਤੀ ਹੀ ਹਿੰਸਕ ਹੋ ਗਿਆ। ਕਤਲ, ਅੱਗਜ਼ਨੀ, ਬੰਬ ਧਮਾਕਿਆਂ ਅਤੇ ਮੁਜ਼ਾਹਰਿਆਂ ਨੇ ਘੁਸਪੈਠੀਆਂ ਖਿਲਾਫ ਦੁਸ਼ਮਣੀ ਅਤੇ ਬੇਲਗਾਮ ਗੁੱਸੇ ਦਾ ਮਾਹੌਲ ਬਣਾ ਦਿੱਤਾ। 1979 ਆਉਂਦੇ-ਆਉਂਦੇ ਰਾਜ ਵਿਚ ਹਿੰਸਾ ਦੇ ਭਾਂਬੜ ਮੱਚਣ ਲੱਗੇ। ਹਾਲਾਂਕਿ ਇਹ ਅੰਦੋਲਨ ਮੂਲ ਰੂਪ ਵਿਚ ਬੰਗਾਲੀ ਅਤੇ ਬੰਗਾਲੀ ਭਾਸ਼ਾਈ ਲੋਕਾਂ ਦੇ ਖਿਲਾਫ ਸੀ, ਪਰ ਇਸ ਅੰਦੋਲਨ ਵਿਚ ਸਰਗਰਮ ਹਿੰਦੂ ਫਿਰਕਾਪ੍ਰਸਤ ਤਾਕਤਾਂ ਨੇ ਇਸ ਨੂੰ ਮੁਸਲਿਮ ਵਿਰੋਧੀ ਰੰਗਤ ਦੇ ਦਿੱਤੀ। 1983 ਵਿਚ ਨੇਲੀ ਕਤਲੇਆਮ ਦੇ ਰੂਪ ਵਿਚ ਇਸ ਦਾ ਭਿਆਨਕ ਰੂਪ ਸਾਹਮਣੇ ਆਇਆ। ਛੇ ਘੰਟਿਆਂ ਤੱਕ ਚੱਲੇ ਇਸ ਕਤਲੇਆਮ ਵਿਚ ਬੰਗਾਲੀ ਮੂਲ ਦੇ ਦੋ ਹਜ਼ਾਰ ਮੁਸਲਮਾਨਾਂ ਨੂੰ ਕਤਲ ਕਰ ਦਿੱਤਾ ਗਿਆ (ਅਣਅਧਿਕਾਰਕ ਅੰਕੜੇ ਮਾਰੇ ਜਾਣ ਵਾਲਿਆਂ ਦੀ ਤਾਦਾਦ ਦੁੱਗਣੀ ਦੱਸਦੇ ਹਨ)। ਪੁਲਿਸ ਰਿਕਾਰਡ ਅਨੁਸਾਰ ਕਾਤਲ ਗੁਆਂਢੀ ਪਹਾੜੀ ਮੂਲਨਿਵਾਸੀ ਸਨ। ਇਹ ਕਬੀਲਾ ਹਿੰਦੂ ਨਹੀਂ ਸੀ, ਨਾ ਹੀ ਉਹ ਤੱਤੇ ਖਿਆਲਾਂ ਵਾਲੇ ਮੂਲਵਾਸੀ ਅਸਾਮੀਆਂ ਵਜੋਂ ਜਾਣੇ ਜਾਂਦੇ ਸਨ। ਅਚਾਨਕ ਹੋਈ ਇਸ ਵਹਿਸ਼ੀ ਹਿੰਸਾ ਪਿੱਛੇ ਕੰਮ ਕਰਨ ਵਾਲਾ ਕਾਰਨ ਅੱਜ ਵੀ ਭੇਤ ਬਣਿਆ ਹੋਇਆ ਹੈ। ਲੋਕ ਕਾਨਾਫੂਸੀ ਕਰਦੇ ਦੱਸਦੇ ਹਨ ਕਿ ਇਸ ਲਈ ਉਨ੍ਹਾਂ ਨੂੰ ਅਸਾਮ ਦੇ ਆਰ. ਐਸ. ਐਸ. ਦੇ ਕਾਰਕੁਨਾਂ ਨੇ ਭੜਕਾਇਆ ਸੀ।

ਇਸ ਕਤਲੇਆਮ 'ਤੇ ਬਣੀ ਦਸਤਾਵੇਜ਼ੀ ਫਿਲਮ 'ਵ੍ਹਟ ਦਿ ਫੀਲਡਜ਼ ਰਿਮੈਂਬਰ' ਵਿਚ ਇਕ ਬਜ਼ੁਰਗ ਮੁਸਲਮਾਨ, ਜਿਸ ਦੇ ਸਾਰੇ ਬੱਚੇ ਇਸ ਹਿੰਸਾ ਵਿਚ ਮਾਰੇ ਗਏ ਸਨ, ਦੱਸਦਾ ਹੈ ਕਿ ਕਿਵੇਂ ਮਾਰੇ ਜਾਣ ਤੋਂ ਇਕ ਦਿਨ ਪਹਿਲਾਂ ਉਸ ਦੀ ਧੀ ਨੇ 'ਵਿਦੇਸ਼ੀਆਂ' ਨੂੰ ਬਾਹਰ ਕੱਢਣ ਦੀ ਮੰਗ ਕਰਦੇ ਜਲੂਸ ਵਿਚ ਹਿੱਸਾ ਲਿਆ ਸੀ। ਮਰਦੇ ਵਕਤ ਉਸ ਲੜਕੀ ਦੇ ਬੋਲ ਸਨ, "ਬਾਬਾ, ਕੀ ਅਸੀਂ ਵਿਦੇਸ਼ੀ ਹਾਂ?"



*1971 ਦੀ ਜੰਗ ਪਿਛੋਂ ਭਾਰਤ ਪੁੱਜ ਰਹੇ ਬੰਗਾਲੀ ਸ਼ਰਨਾਰਥੀ।*

1985 ਵਿਚ ਅਸਾਮ ਅੰਦੋਲਨ ਦੇ ਵਿਦਿਆਰਥੀ ਆਗੂਆਂ ਨੇ ਰਾਜ ਵਿਧਾਨ ਸਭਾ ਦੀ ਚੋਣ ਜਿੱਤ ਲਈ ਅਤੇ ਰਾਜ ਵਿਚ ਆਪਣੀ ਸਰਕਾਰ ਬਣਾ ਲਈ। ਉਸੇ ਸਾਲ ਇਨ੍ਹਾਂ ਲੋਕਾਂ ਨੇ ਕੇਂਦਰ ਸਰਕਾਰ ਨਾਲ ਮਿਲ ਕੇ ਅਸਾਮ ਸਮਝੌਤਾ ਕੀਤਾ ਸੀ। ਇਸ ਸਮਝੌਤੇ ਤਹਿਤ ਤੈਅ ਕੀਤਾ ਗਿਆ ਕਿ 24 ਮਾਰਚ 1971 ਦੀ ਅੱਧੀ ਰਾਤ ਪਿਛੋਂ (ਇਸ ਦਿਨ ਪਾਕਿਸਤਾਨੀ ਫੌਜ ਨੇ ਪੂਰਬੀ ਪਾਕਿਸਤਾਨ ਵਿਚ ਨਾਗਰਿਕਾਂ 'ਤੇ ਹਮਲਾ ਵਿੱਢਿਆ ਸੀ) ਅਸਾਮ ਵਿਚ ਆਉਣ ਵਾਲੇ ਲੋਕਾਂ ਨੂੰ ਰਾਜ ਤੋਂ ਬਾਹਰ ਕੱਢ ਦਿੱਤਾ ਜਾਵੇਗਾ। ਐਨ. ਆਰ. ਸੀ. ਦਾ ਮਕਸਦ 1971 ਤੋਂ ਬਾਅਦ ਆਏ 'ਘੁਸਪੈਠੀਆਂ' ਨੂੰ ਰਾਜ ਦੇ ਮੂਲ ਨਾਗਰਿਕਾਂ ਤੋਂ ਵੱਖਰੇ ਕਰਨਾ ਸੀ।

1983 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਕਾਂਗਰਸ ਸਰਕਾਰ ਨੇ ਗੈਰਕਾਨੂੰਨੀ ਆਵਾਸੀ (ਡਿਟੈਕਸ਼ਨ ਬਾਇ ਟ੍ਰਿਬਿਊਨਲ) ਐਕਟ ਪਾਸ ਕੀਤਾ, ਜਿਸ ਤਹਿਤ ਅਗਲੇ ਕਈ ਸਾਲਾਂ ਤੱਕ ਬਾਰਡਰ ਪੁਲਿਸ ਰਾਹੀਂ ਸ਼ਨਾਖਤ ਕੀਤੇ ਗਏ 'ਘੁਸਪੈਠੀਆਂ' ਅਤੇ ਚੋਣ ਅਧਿਕਾਰੀਆਂ ਵਲੋਂ ਸ਼ੱਕੀ ਵੋਟਰ ਯਾਨਿ ਡੀ-ਵੋਟਰ ਕਰਾਰ ਦਿੱਤੇ ਲੋਕਾਂ 'ਤੇ ਲਗਾਤਾਰ ਮੁਕੱਦਮੇ ਚਲਾਏ ਗਏ। ਘੱਟਗਿਣਤੀਆਂ ਨੂੰ ਖੱਜਲ-ਖੁਆਰੀ ਤੋਂ ਬਚਾਉਣ ਲਈ ਇਸ ਕਾਨੂੰਨ 'ਆਈ. ਐਮ. ਡੀ. ਟੀ. ਐਕਟ' ਤਹਿਤ ਨਾਗਰਿਕਤਾ ਸਾਬਤ ਕਰਨ ਦਾ ਜ਼ਿੰਮਾ ਪੁਲਿਸ ਅਤੇ ਦੋਸ਼ ਲਾਉਣ ਵਾਲਿਆਂ 'ਤੇ ਪਾਇਆ ਗਿਆ ਸੀ, ਦੋਸ਼ੀ 'ਤੇ ਨਹੀਂ।

1997 ਤੋਂ ਲੈ ਕੇ ਹੁਣ ਤੱਕ ਤਿੰਨ ਲੱਖ ਤੋਂ ਵੱਧ ਡੀ-ਵੋਟਰ ਅਤੇ ਵਿਦੇਸ਼ੀ ਐਲਾਨੇ ਲੋਕਾਂ 'ਤੇ 'ਵਿਦੇਸ਼ੀਆਂ ਨਾਲ ਸਬੰਧਤ ਕਾਨੂੰਨੀ ਧਾਰਾਵਾਂ' ਤਹਿਤ ਮੁਕੱਦਮੇ ਚਲਾਏ ਜਾ ਚੁਕੇ ਹਨ। ਸੈਂਕੜੇ ਲੋਕ ਅੱਜ ਵੀ ਨਜ਼ਰਬੰਦੀ ਕੇਂਦਰਾਂ ਵਿਚ ਕੈਦ ਹਨ, ਜੋ ਜੇਲ੍ਹ 'ਚ ਬਣੀਆਂ ਜੇਲ੍ਹਾਂ ਹਨ ਅਤੇ ਇਥੇ ਬੰਦ ਲੋਕਾਂ ਨੂੰ ਆਮ ਮੁਜਰਿਮਾਂ ਵਾਲੇ ਹੱਕ ਵੀ ਨਹੀਂ ਹਨ।

2005 ਵਿਚ ਸੁਪਰੀਮ ਕੋਰਟ ਨੇ ਇਕ ਮਾਮਲੇ ਵਿਚ ਫੈਸਲਾ ਦਿੰਦਿਆਂ ਆਈ. ਐਮ. ਡੀ. ਟੀ. ਐਕਟ ਰੱਦ ਕਰਨ ਲਈ ਕਿਹਾ, ਕਿਉਂਕਿ ਇਸ ਤਹਿਤ 'ਗੈਰਕਾਨੂੰਨੀ ਆਵਾਸੀਆਂ ਦੀ ਸ਼ਨਾਖਤ ਅਤੇ ਉਨ੍ਹਾਂ ਨੂੰ ਬਾਹਰ ਕੱਢਣਾ ਕਰੀਬ ਅਸੰਭਵ ਸੀ।' ਅਦਾਲਤ ਨੇ ਆਪਣੇ ਫੈਸਲੇ ਵਿਚ ਲਿਖਿਆ, "ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਬੰਗਲਾਦੇਸ਼ੀ ਨਾਗਰਿਕਾਂ ਦੀ ਗੈਰਕਾਨੂੰਨੀ ਘੁਸਪੈਠ ਕਾਰਨ ਅਸਾਮ ਰਾਜ ਬਾਹਰਲੇ ਹਮਲੇ ਅਤੇ ਅੰਦਰੂਨੀ ਅਸ਼ਾਂਤੀ ਦਾ ਸਾਹਮਣਾ ਕਰ ਰਿਹਾ ਹੈ।"

ਹੁਣ ਨਾਗਰਿਕਤਾ ਸਾਬਤ ਕਰਨ ਦੀ ਜ਼ਿੰਮੇਵਾਰੀ ਨਾਗਰਿਕ 'ਤੇ ਪਾ ਦਿੱਤੀ ਗਈ। ਇਸ ਨੇ ਸਾਰੇ ਸਮੀਕਰਨ ਬਦਲ ਦਿੱਤੇ ਅਤੇ ਨਵੇਂ ਐਨ. ਆਰ. ਸੀ. ਦਾ ਰਾਹ ਖੁੱਲ੍ਹ ਗਿਆ। ਸੁਪਰੀਮ ਕੋਰਟ ਵਿਚ ਇਹ ਮਾਮਲਾ ਆਲ ਅਸਾਮ ਸਟੂਡੈਂਟਸ ਯੂਨੀਅਨ ਦੇ ਸਾਬਕਾ ਪ੍ਰਧਾਨ ਸਰਬਾਨੰਦ ਸੋਨੋਵਾਲ ਨੇ ਦਾਇਰ ਕਰਾਇਆ ਸੀ, ਜੋ ਹੁਣ ਭਾਜਪਾ ਨਾਲ ਹੈ ਅਤੇ ਅਸਾਮ ਦਾ ਮੁੱਖ ਮੰਤਰੀ ਹੈ।

2013 'ਚ ਅਸਾਮ ਪਬਲਿਕ ਵਰਕਸ ਨਾਂ ਦੇ ਐਨ. ਜੀ. ਓ. ਨੇ ਸੁਪਰੀਮ ਕੋਰਟ 'ਚ ਪਟੀਸ਼ਨ ਪਾਈ ਅਤੇ ਗੈਰਕਾਨੂੰਨੀ ਆਵਾਸੀਆਂ ਦੇ ਨਾਂ ਵੋਟਰ ਸੂਚੀ ਵਿਚੋਂ ਹਟਾਉਣ ਦੀ ਮੰਗ ਕੀਤੀ। ਫਿਰ ਐਨ. ਆਰ. ਸੀ. ਪ੍ਰਣਾਲੀ ਨੂੰ ਅੰਤਿਮ ਰੂਪ ਦੇਣ ਦਾ ਜ਼ਿੰਮਾ ਸੁਪਰੀਮ ਕੋਰਟ ਦੇ ਜੱਜ ਰੰਜਨ ਗੋਗੋਈ ਨੂੰ ਦਿੱਤਾ ਗਿਆ, ਜੋ ਖੁਦ ਅਸਾਮ ਤੋਂ ਹੈ।

ਦਸੰਬਰ 2014 ਵਿਚ ਜਸਟਿਸ ਗੋਗੋਈ ਨੇ ਆਦੇਸ਼ ਦਿੱਤਾ ਕਿ ਐਨ. ਆਰ. ਸੀ. ਨੂੰ ਅਪਡੇਟ ਕਰਕੇ ਇਕ ਸਾਲ ਦੇ ਅੰਦਰ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਕਿਸੇ ਨੂੰ ਪਤਾ ਨਹੀਂ ਸੀ ਕਿ ਜਿਨ੍ਹਾਂ 50 ਲੱਖ ਘੁਸਪੈਠੀਆਂ ਦਾ ਪਤਾ ਲਾਏ ਜਾਣ ਦੀ ਉਮੀਦ ਹੈ, ਉਨ੍ਹਾਂ ਦਾ ਕੀ ਕੀਤਾ ਜਾਵੇਗਾ? ਸਵਾਲ ਹੀ ਨਹੀਂ ਉਠਦਾ ਕਿ ਉਨ੍ਹਾਂ ਨੂੰ ਖਦੇੜ ਕੇ ਬੰਗਲਾਦੇਸ਼ ਭੇਜਿਆ ਜਾ ਸਕਦਾ! ਕੀ ਐਨੇ ਲੋਕਾਂ ਨੂੰ ਨਜ਼ਰਬੰਦੀ ਕੈਂਪਾਂ ਵਿਚ ਰੱਖਿਆ ਜਾ ਸਕਦਾ ਹੈ ਅਤੇ ਕਿੰਨੇ ਸਾਲਾਂ ਤੱਕ? ਕੀ ਉਨ੍ਹਾਂ ਦੀ ਨਾਗਰਿਕਤਾ ਖੋਹ ਲਈ ਜਾਵੇਗੀ? ਤੇ ਕੀ ਭਾਰਤ ਦੀ ਸਰਵਉਚ ਅਦਾਲਤ ਇਸ ਵਿਸ਼ਾਲ ਨੌਕਰਸ਼ਾਹ ਕਵਾਇਦ ਦਾ ਬਾਰੀਕੀ ਨਾਲ ਬੰਦੋਬਸਤ ਕਰ ਸਕੇਗੀ, ਜਿਸ ਵਿਚ ਤਿੰਨ ਕਰੋੜ ਲੋਕ ਸ਼ਾਮਲ ਹਨ ਅਤੇ ਜਿਸ ਵਿਚ ਬੇਸ਼ੁਮਾਰ ਪੈਸਾ ਤੇ ਕਰੀਬ 52,000 ਮੁਲਾਜ਼ਮ ਲੱਗਣੇ ਸਨ?

ਦੂਰਦਰਾਜ ਦੇ ਇਲਾਕਿਆਂ ਵਿਚ ਰਹਿਣ ਵਾਲੇ ਲੱਖਾਂ ਪੇਂਡੂ ਲੋਕਾਂ ਤੋਂ ਉਮੀਦ ਕੀਤੀ ਗਈ ਕਿ ਉਹ ਖਾਸ ਕਾਗਜ਼ਾਤ, 'ਲੀਗੇਸੀ ਪੇਪਰ' ਪੇਸ਼ ਕਰਨਗੇ, ਜੋ 1971 ਤੋਂ ਪਹਿਲਾਂ ਉਨ੍ਹਾਂ ਦੇ ਅਸਾਮ ਵਿਚ ਰਹਿੰਦੇ ਹੋਣ ਨੂੰ ਸਾਬਤ ਕਰਦੇ ਹੋਣ। ਸੁਪਰੀਮ ਕੋਰਟ ਦੀ ਡੇਢ ਸਤਰ ਨੇ ਇਸ ਪੂਰੀ ਕਵਾਇਦ ਨੂੰ ਸੁਪਨਾ ਬਣਾ ਦਿੱਤਾ। ਗਰੀਬ ਅਨਪੜ੍ਹ ਪੇਂਡੂਆਂ ਨੂੰ ਨੌਕਰਸ਼ਾਹੀ, ਕਾਨੂੰਨ, ਕਾਗਜ਼ਾਤ, ਅਦਾਲਤੀ ਸੁਣਵਾਈਆਂ ਅਤੇ ਇਨ੍ਹਾਂ ਦੇ ਨਾਲ ਜੁੜੀ ਵਹਿਸ਼ੀ ਜਾਂਚ ਦੇ ਮਕੜ-ਜਾਲ ਵਿਚ ਫਸਾ ਦਿੱਤਾ ਗਿਆ।

(ਚਲਦਾ)

ਪੰਜਾਬ ਟਾਈਮਜ਼

*ਸਨਿਚਰਵਾਰ, 21 ਦਸੰਬਰ 2019*

# ਹਿੰਦੂਤਵੀ ਏਜੰਡਾ, ਭਾਰਤ ਅਤੇ ਲੋਕ

**ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਅਤੇ ਇਸ ਦੀ ਸਿਆਸੀ ਜਮਾਤ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਨਵਾਂ ਨਾਗਰਿਕਤਾ ਐਕਟ/ਕਾਨੂੰਨ ਬਣਾ ਕੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਆਪਣਾ ਪਹਿਲਾ ਕਦਮ ਚੁੱਕ ਲਿਆ ਜਾਪਦਾ ਹੈ। ਇਹ ਜਮਾਤ ਪਿਛਲੇ ਛੇ ਸਾਲਾਂ ਤੋਂ ਸੱਤਾ ਵਿਚ ਹੈ ਅਤੇ ਹੁਣ ਤਕ ਇਸ ਨੇ ਆਪਣੇ ਏਜੰਡੇ ਨੂੰ ਲਾਗੂ ਕਰਨ ਲਈ ਬਹੁਤ ਸਾਰੀਆਂ ਪੇਸ਼ਬੰਦੀਆਂ ਕਰ ਲਈਆਂ ਹਨ। ਵਿਰੋਧੀ ਧਿਰ ਦੀ ਅਣਹੋਂਦ ਕਾਰਨ ਇਹ ਸਿਆਸੀ ਜਮਾਤ ਹੁਣ ਖੁੱਲ੍ਹ ਕੇ ਮਨਮਰਜ਼ੀ ਕਰ ਰਹੀ ਹੈ ਅਤੇ ਵਿਰੋਧ ਦੀ ਜੋ ਵੀ ਆਵਾਜ਼ ਉਠਦੀ ਹੈ, ਉਸ ਨੂੰ ਸਖਤੀ ਨਾਲ ਦਬਾ ਦਿੱਤਾ ਜਾਂਦਾ ਹੈ। ਹੁਣ ਜਦੋਂ ਸਰਕਾਰ ਦੇ ਨਵੇਂ ਨਾਗਰਿਕਤਾ ਐਕਟ ਦਾ ਵਿਰੋਧ, ਖਾਸ ਕਰਕੇ ਵਿਦਿਆਰਥੀਆਂ ਵਲੋਂ, ਸ਼ੁਰੂ ਹੋਇਆ ਤਾਂ ਸਰਕਾਰੀ ਮਸ਼ੀਨਰੀ ਦੇ ਨਾਲ-ਨਾਲ ਆਰ. ਐਸ. ਐਸ. ਦਾ ਕਾਡਰ ਵੀ ਪੂਰਾ ਸਰਗਰਮ ਹੋ ਗਿਆ। ਜਾਮੀਆ ਮਿਲੀਆ ਇਸਲਾਮੀਆ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਵਿਰੋਧ ਕਰ ਰਹੇ ਵਿਦਿਆਰਥੀਆਂ ਉਤੇ ਲਾਠੀਆਂ ਵਰ੍ਹਾਈਆਂ ਗਈਆਂ ਅਤੇ ਵਿਦਿਆਰਥੀਆਂ ਨੂੰ ਲਾਇਬਰੇਰੀ ਦੇ ਅੰਦਰ ਤਕ ਜਾ ਕੇ ਕੁੱਟਿਆ-ਮਾਰਿਆ ਗਿਆ। ਮੀਡੀਆ ਵਿਚ ਸਾਹਮਣੇ ਆਏ ਤੱਥ ਦਰਸਾਉਂਦੇ ਹਨ ਕਿ ਪੁਲਿਸ ਦੀ ਇਸ ਕਾਰਵਾਈ ਵਿਚ ਆਰ. ਐਸ. ਐਸ. ਕਾਰਕੁਨ ਵੀ ਇਸ ਦੇ ਨਾਲ ਸਨ ਅਤੇ ਇਨ੍ਹਾਂ ਨੇ ਵਿਦਿਆਰਥੀਆਂ ਨਾਲ ਰੱਜ ਕੇ ਬੁਰਛਾਗਰਦੀ ਕੀਤੀ।**

**ਕੇਂਦਰ ਸਰਕਾਰ ਅਤੇ ਪੁਲਿਸ ਦੀ ਇਸ ਜ਼ਿਆਦਤੀ ਦਾ ਤੁਰੰਤ ਵਿਰੋਧ ਵੀ ਦਰਜ ਹੋਇਆ ਹੈ। ਪੂਰੇ ਮੁਲਕ ਵਿਚ ਵੱਖ-ਵੱਖ ਥਾਂਈਂ ਵਿਦਿਆਰਥੀਆਂ ਨੇ ਇਸ ਜ਼ਿਆਦਤੀ ਖਿਲਾਫ ਰੋਸ ਮੁਜਾਹਰੇ ਕੀਤੇ ਹਨ। ਇਨ੍ਹਾਂ ਰੋਸ ਵਿਖਾਵਿਆਂ ਵਿਚ ਪੰਜਾਬ ਦੇ ਵਿਦਿਆਰਥੀ ਵੀ ਪਿਛੇ ਨਹੀਂ ਰਹੇ ਹਨ। ਅਮਰੀਕਾ, ਇੰਗਲੈਂਡ ਅਤੇ ਕੁਝ ਹੋਰ ਦੇਸ਼ਾਂ ਦੀਆਂ ਨਾਮੀ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਵੀ ਭਾਰਤੀ ਵਿਦਿਆਰਥੀਆਂ ਉਤੇ ਕੀਤੀ ਹਿੰਸਾ ਦੇ ਖਿਲਾਫ ਹਾਅ ਦਾ ਨਾਅਰਾ ਮਾਰਿਆ ਹੈ। ਮੁਲਕ ਦੀਆਂ ਸਿਆਸੀ ਪਾਰਟੀਆਂ ਵੀ ਜਾਗੀਆਂ ਹਨ ਅਤੇ ਇਸ ਸਿਲਸਿਲੇ ਵਿਚ ਕਾਂਗਰਸ, ਸਮਾਜਵਾਦੀ ਪਾਰਟੀ, ਸੀ.ਪੀ.ਆਈ., ਸੀ.ਪੀ.ਐਮ., ਡੀ.ਐਮ.ਕੇ, ਤ੍ਰਿਣਮੂਲ ਕਾਂਗਰਸ, ਰਾਸ਼ਟਰੀ ਜਨਤਾ ਦਲ ਸਮੇਤ ਕਰੀਬ 12 ਪਾਰਟੀਆਂ ਦਾ ਵਫਦ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਮਿਲਿਆ ਹੈ ਅਤੇ ਵਿਦਿਆਰਥੀਆਂ ਉਤੇ ਵਰ੍ਹਾਈ ਜਾ ਰਹੀ ਹਿੰਸਾ ਨੂੰ ਤੁਰੰਤ ਰੋਕਣ ਤੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਉਧਰ, ਸੁਪਰੀਮ ਕੋਰਟ ਨੇ ਭਾਰਤ ਸਰਕਾਰ ਦੇ ਹੱਕ ਵਿਚ ਸਟੈਂਡ ਲੈਂਦਿਆਂ ਇਨ੍ਹਾਂ ਘਟਨਾਵਾਂ ਦੀ ਜਾਂਚ ਲਈ ਕੋਈ ਕਮੇਟੀ ਬਣਾਉਣ ਤੋਂ ਇਨਕਾਰ ਕਰ ਦਿੱਤਾ ਹੈ। ਇਹੀ ਨਹੀਂ, ਸੁਪਰੀਮ ਕੋਰਟ ਤਾਂ ਇਸ ਤੋਂ ਵੀ ਇਕ ਕਦਮ ਅਗਾਂਹ ਨਿਕਲ ਗਿਆ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਐਸ. ਏ. ਬੋਬੜੇ ਨੇ ਕਿਹਾ ਹੈ ਕਿ 'ਜੇ ਕੋਈ ਕਾਨੂੰਨ ਤੋੜਦਾ ਹੈ, ਪਥਰਾਓ ਕਰਦਾ ਹੈ, ਬੱਸਾਂ ਸਾੜਦਾ ਹੈ ਤਾਂ ਪੁਲਿਸ ਕੀ ਕਰੇਗੀ? ਭਾਵ ਪੁਲਿਸ ਇਸੇ ਤਰ੍ਹਾਂ ਹਿੰਸਾ ਵਰ੍ਹਾਏਗੀ।**

**ਉਧਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਰੰਗ ਵਿਚ ਆ ਗਿਆ ਹੈ। ਉਸ ਨੇ ਪਾਕਿਸਤਾਨ ਦੀ ਮੁਹਾਰਨੀ ਇਕ ਵਾਰ ਫਿਰ ਪੜ੍ਹੀ ਹੈ ਤਾਂ ਕਿ ਆਪਣਾ ਹਿੰਦੂ ਵੋਟ ਬੈਂਕ ਹੋਰ ਮਜ਼ਬੂਤ ਕੀਤਾ ਜਾ ਸਕੇ। ਉਸ ਨੇ ਕਿਹਾ ਹੈ ਕਿ ਜੇ ਕਾਂਗਰਸ ਨਵੇਂ ਨਾਗਰਿਕਤਾ ਬਿਲ ਤੋਂ ਬਹੁਤਾ ਹੀ ਔਖੀ ਹੈ ਤਾਂ ਸਾਰੇ ਪਾਕਿਸਤਾਨੀਆਂ ਨੂੰ ਭਾਰਤ ਦੀ ਨਾਗਰਿਕਤਾ ਦਿਵਾਉਣ ਲਈ ਚਾਰਾਜੋਈ ਕਰ ਲਵੇ। ਅਸਲ ਵਿਚ, ਮੋਦੀ ਸਰਕਾਰ ਨੇ ਨਵੇਂ ਨਾਗਰਿਕਤਾ ਬਿਲ ਅਤੇ ਕੌਮੀ ਨਾਗਰਿਕਤਾ ਰਜਿਸਟਰ ਵਿਚ ਅਜਿਹੀਆਂ ਮੱਦਾਂ ਜੋੜ ਦਿੱਤੀਆਂ ਹਨ, ਜਿਸ ਨਾਲ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਰਾਹ ਖੁੱਲ੍ਹ ਜਾਵੇਗਾ। ਕੌਮੀ ਨਾਗਰਿਕਤਾ ਰਜਿਸਟਰ ਅਤੇ ਨਵਾਂ ਨਾਗਰਿਕਤਾ ਐਕਟ ਲਾਗੂ ਹੋਣ ਨਾਲ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਦੀ ਲੋੜ ਨਹੀਂ ਰਹੇਗੀ; ਇਨ੍ਹਾਂ ਕਾਰਵਾਈਆਂ ਨਾਲ ਮੁਲਕ ਉਂਜ ਹੀ ਹਿੰਦੂ ਰਾਸ਼ਟਰ ਬਣ ਜਾਵੇਗਾ। ਫਿਲਹਾਲ ਕੌਮੀ ਨਾਗਰਿਕਤਾ ਰਜਿਸਟਰ ਅਤੇ ਨਵੇਂ ਨਾਗਰਿਕਤਾ ਐਕਟ ਦਾ ਨਿਸ਼ਾਨਾ ਮੁਸਲਮਾਨ ਹਨ, ਫਿਰ ਇਸ ਦਾ ਘੇਰਾ ਹੋਰ ਘੱਟ ਗਿਣਤੀਆਂ ਤਕ ਵਧਣਾ ਹੈ। ਪਹਿਲਾਂ-ਪਹਿਲਾਂ ਜਦੋਂ ਅਸਾਮ ਵਿਚ ਕੌਮੀ ਨਾਗਰਿਕਤਾ ਰਜਿਸਟਰ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਸੀ ਤਾਂ ਕਿਹਾ ਗਿਆ ਸੀ ਕਿ ਇਹ ਤਾਂ ਸਿਰਫ ਅਸਾਮ ਲਈ ਹੀ ਹੈ ਪਰ ਹੁਣ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤਕ ਭਾਜਪਾ ਦੇ ਸਭ ਆਗੂ ਐਲਾਨ ਕਰ ਰਹੇ ਹਨ ਕਿ ਕੌਮੀ ਨਾਗਰਿਕਤਾ ਰਜਿਸਟਰ ਅਗਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ-ਪਹਿਲਾਂ ਪੂਰੇ ਮੁਲਕ ਵਿਚ ਲਾਗੂ ਕਰ ਦਿੱਤਾ ਜਾਵੇਗਾ।**

**ਹੁਣ ਇਕ ਗੱਲ ਤਾਂ ਸਪਸ਼ਟ ਹੈ ਕਿ ਆਰ. ਐਸ. ਐਸ. ਅਤੇ ਭਾਜਪਾ ਆਪਣੀ ਆਈ 'ਤੇ ਆ ਗਈਆਂ ਹਨ। ਪਿਛਲੇ ਛੇ ਸਾਲਾਂ ਦੌਰਾਨ ਇਨ੍ਹਾਂ ਨੇ ਮੁਲਕ ਦੀ ਹਰ ਸੰਸਥਾ ਅਤੇ ਹਰ ਵੱਡੇ ਅਹੁਦੇ 'ਤੇ ਕਬਜ਼ਾ ਕਰ ਲਿਆ ਹੈ ਅਤੇ ਉਥੇ ਆਰ. ਐਸ. ਐਸ. ਦੇ ਕਾਰਕੁਨ ਜਾਂ ਆਰ. ਐਸ. ਐਸ. ਪੱਖੀ ਬੰਦੇ ਬਿਠਾ ਦਿੱਤੇ ਹਨ। ਵਿਰੋਧੀ ਧਿਰ ਇਕਮੁੱਠ ਨਹੀਂ। ਕਿਸੇ ਵੇਲੇ ਸਿਆਸੀ ਤਾਕਤ ਸਮਝੀਆਂ ਜਾਂਦੀਆਂ ਖੇਤਰੀ ਪਾਰਟੀਆਂ ਵਿਚੋਂ ਕੁਝ ਨੂੰ ਭਾਜਪਾ ਨੇ ਆਪਣੇ ਕੈਂਪ ਵਿਚ ਸ਼ਾਮਲ ਕਰ ਲਿਆ ਹੋਇਆ ਹੈ। ਇਨ੍ਹਾਂ ਵਿਚੋਂ ਸਭ ਤੋਂ ਉਘੜਵੀਂ ਮਿਸਾਲ ਸ਼੍ਰੋਮਣੀ ਅਕਾਲੀ ਦਲ ਦੀ ਹੈ, ਜਿਸ ਵਲੋਂ ਬਿਨਾਂ ਸ਼ਰਤ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੀ ਅੰਨ੍ਹੀ ਹਮਾਇਤ ਕੀਤੀ ਜਾ ਰਹੀ ਹੈ। ਇਸ ਸਿਆਸੀ ਖੜੋਤ ਦੇ ਬਾਵਜੂਦ ਵਿਦਿਆਰਥੀਆਂ ਦੇ ਰੋਹ ਤੇ ਰੋਸ ਨੇ ਅਤੇ ਇਨ੍ਹਾਂ ਨੂੰ ਮਿਲੇ ਭਰਵੇਂ ਹੁੰਗਾਰੇ ਨੇ ਆਸ ਦੀ ਕਿਰਨ ਜ਼ਰੂਰ ਜਗਾਈ ਹੈ। ਸੜਕਾਂ ਉਤੇ ਕੀਤੇ ਜਾ ਰਹੇ ਸੰਘਰਸ਼ ਵਿਚੋਂ ਜੇ ਕੋਈ ਨਵੀਂ ਲੀਡਰਸ਼ਿਪ ਉਭਰ ਕੇ ਸਾਹਮਣੇ ਆ ਜਾਵੇ ਤਾਂ ਆਰ. ਐਸ. ਐਸ. ਦੀਆਂ ਇਨ੍ਹਾਂ ਬੁਰਛਾਗਰਦੀਆਂ ਨੂੰ ਵੰਗਾਰ ਦਿੱਤੀ ਜਾ ਸਕਦੀ ਹੈ। ਨਵੀਂ ਪੀੜ੍ਹੀ ਆਪਣੇ ਰੋਹ ਨੂੰ ਸਿਆਸਤ ਦਾ ਜਾਮਾ ਪੁਆ ਸਕਦੀ ਹੈ ਜਾਂ ਨਹੀਂ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਹਕੀਕਤ ਇਹ ਹੈ ਕਿ ਆਉਣ ਵਾਲਾ ਸਮਾਂ ਸੱਚਮੁੱਚ ਮੁਲਕ ਦੇ ਲੋਕਾਂ ਲਈ ਬਹੁਤ ਅਹਿਮ ਹੈ ਅਤੇ ਨੌਜਵਾਨਾਂ ਦੀ ਭੂਮਿਕਾ ਬਹੁਤ ਅਹਿਮ ਹੋਵੇਗੀ।**

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬੰਸਰੀ ਵਜਾਉਂਦੇ ਨੀਰੋ!*

ਲੋਕਾਂ ਦਾ ਧਿਆਨ ਭਟਕਾਉਣ ਵਾਲਾ 'ਫਾਰਮੂਲਾ', ਰੌਲੇ-ਗੌਲੇ ਵਿਚ ਹੀ ਨਾਕਾਮੀਆਂ ਦਬਾ ਰਹੇ।
ਵੱਖੋ ਵੱਖ ਰੰਗਾਂ ਦੀ ਮਹੱਤਤਾ ਨਕਾਰ ਕੇ ਤੇ ਮਨਭਾਉਂਦੇ 'ਇੱਕੋ ਰੰਗ' ਤਾਂਈਂ ਹੀ ਸਜਾ ਰਹੇ।
ਪਾਟੋ-ਧਾੜ ਵਾਲੇ ਬੀਜ ਬੀਜਦੇ ਨੇ ਦਿਲਾਂ ਵਿਚ; ਪਿਆਰ, ਇਤਫਾਕ, ਸਾਂਝ ਦੇਸ਼ 'ਚੋਂ ਭਜਾ ਰਹੇ।
ਰੱਖਦੇ 'ਫਰਕ' ਇੱਕੋ ਅੱਖ ਨਾਲ ਦੇਖਦੇ ਨਾ, ਨੱਕ ਨਾਲ ਚਣੇ 'ਗਿਣ-ਮਿੱਥ' ਕੇ ਚਬਾ ਰਹੇ।
ਥੱਲੇ ਵੱਲ ਜਾ ਰਿਹਾ 'ਗ੍ਰਾਫ' ਹਰ ਪੱਖ ਤੋਂ ਹੀ, ਸ਼ਾਂਤੀ ਨੂੰ ਅੱਗ ਲਾ ਕੇ ਤਲਖੀ ਵਧਾ ਰਹੇ।
ਰੋਮ ਵਿਚ ਇੱਕ ਨੀਰੋ ਬੰਸਰੀ ਵਜਾਉਂਦਾ ਸੀਗਾ, ਦੇਖੋ ਹੁਣ ਦੇਸ਼ ਵਿਚ 'ਦੋ ਜਣੇ' ਵਜਾ ਰਹੇ!

# ਪੁਲਿਸ 'ਮੁਕਾਬਲਿਆਂ' ਦੀ ਨੌਬਤ ਕਿਵੇਂ ਆਈ?

***ਹੈਦਰਾਬਾਦ ਦੇ ਝੂਠੇ ਪੁਲਿਸ ਮੁਕਾਬਲੇ ਨੇ ਇਕ ਨਵੀਂ ਬਹਿਸ ਛੇੜੀ ਹੈ। ਇਸ ਨੇ ਪੁਲਿਸ ਦੇ ਕਿਰਦਾਰ ਅਤੇ ਤੌਰ-ਤਰੀਕਿਆਂ ਬਾਰੇ ਅਣਗਿਣਤ ਸਵਾਲ ਖੜ੍ਹੇ ਕੀਤੇ ਹਨ। ਇਸ ਦੇ ਨਾਲ ਹੀ ਇਨ੍ਹਾਂ ਹਾਲਾਤ ਲਈ ਜ਼ਿੰਮੇਵਾਰ ਸਿਆਸਤਦਾਨਾਂ ਨੂੰ ਵੀ ਘੇਰਿਆ ਜਾ ਰਿਹਾ ਹੈ। ਇਸ ਲੇਖ ਵਿਚ ਗੁਰਬਚਨ ਜਗਤ ਨੇ ਇਨ੍ਹਾਂ ਸਾਰੇ ਸਵਾਲਾਂ ਬਾਰੇ ਚਰਚਾ ਕੀਤੀ ਹੈ। ਉਹ ਖੁਦ ਪੁਲਿਸ ਵਿਚ ਵੱਖ-ਵੱਖ ਉਚ ਅਹੁਦਿਆਂ 'ਤੇ ਰਹੇ ਹਨ ਅਤੇ ਉਨ੍ਹਾਂ ਬੀ.ਐਸ.ਐਫ. ਦੀ ਕਮਾਨ ਵੀ ਸੰਭਾਲੀ ਸੀ। -ਸੰਪਾਦਕ***

ਅੱਜ ਕੱਲ੍ਹ ਅਖਬਾਰ ਵਿਅਕਤੀਗਤ, ਸਮੂਹਿਕ, ਫਿਰਕੂ ਹਿੰਸਾ ਆਦਿ ਦੀਆਂ ਡਰਾਉਣੀਆਂ ਖਬਰਾਂ ਨਾਲ ਭਰੇ ਹੁੰਦੇ ਹਨ। ਸਾਡੇ ਕੋਲ ਦਰਜਨਾਂ ਵਿਸ਼ਲੇਸ਼ਕ ਅਤੇ ਹੋਰ ਅਨੇਕਾਂ ਪੁਲਿਸ ਅਧਿਕਾਰੀ, ਪ੍ਰਸ਼ਾਸਕ, ਨਿਆਇਕ ਤੇ ਰੱਖਿਆ ਅਫਸਰ ਹਨ ਜਿਹੜੇ ਇਨ੍ਹਾਂ ਜੁਰਮਾਂ ਅਤੇ ਇਨ੍ਹਾਂ ਦੇ ਹੱਲ ਬਾਰੇ ਜਾਣਕਾਰੀ ਭਰਪੂਰ ਕਿਤਾਬਾਂ ਲਿਖਦੇ ਰਹਿੰਦੇ ਹਨ।

ਇਹ ਕਿਸੇ ਅੰਨ੍ਹੇ ਆਦਮੀ ਅਤੇ ਹਾਥੀ ਦੀ ਕਹਾਣੀ ਵਾਂਗ ਹੈ, ਜਿਥੇ ਅੰਨ੍ਹਾ ਆਦਮੀ ਹਾਥੀ ਬਾਰੇ ਉਵੇਂ ਬਿਆਨ ਕਰਦਾ ਹੈ, ਜਿਵੇਂ ਉਹ ਮਹਿਸੂਸ ਕਰਦਾ ਹੈ। ਦਰਅਸਲ, ਹਾਲਾਤ ਹੁਣ ਅਪਰਾਧਿਕ ਨਿਆਂ ਪ੍ਰਣਾਲੀ ਦੇ ਸਾਂਝੇ ਤੌਰ 'ਤੇ ਨਾਕਾਮ ਹੋ ਜਾਣ ਵਾਲੇ ਹਨ। ਨਿਆਂ ਪਾਲਿਕਾ, ਪੁਲਿਸ, ਸਿਵਲ

ਗੁਰਬਚਨ ਜਗਤ

ਪ੍ਰਸ਼ਾਸਨ ਤੇ ਸਿਆਸਤਦਾਨ ਅੱਜ ਇਸ ਹਾਲਤ ਵਿਚ ਹੀ ਨਹੀਂ ਹਨ ਕਿ ਉਹ ਇਸ ਹਾਲਾਤ ਲਈ ਇਕ-ਦੂਜੇ ਨੂੰ ਦੋਸ਼ੀ ਠਹਿਰਾ ਸਕਣ। ਅਸੀਂ ਅਜਿਹੇ ਦੌਰ ਵਿਚ ਜ਼ਿੰਦਗੀ ਦੇ ਹਰ ਪਹਿਲੂ 'ਚ ਦਹਾਕਿਆਂ ਦੀ ਬਦਇੰਤਜ਼ਾਮੀ ਅਤੇ ਕੁਸ਼ਾਸਨ ਕਾਰਨ ਪੁੱਜੇ ਹਾਂ। ਅਸੀਂ ਪਿਛਾਂਹ ਮੁੜ ਕੇ ਦੇਖੀਏ ਤਾਂ ਸਾਨੂੰ ਸਾਲ ਦਰ ਸਾਲ ਤੇ ਦਹਾਕਾ ਦਰ ਦਹਾਕਾ ਪ੍ਰਸ਼ਾਸਨ ਦੀ ਹਾਲਤ ਨਿੱਘਰਦੀ ਦਿਖਾਈ ਦੇਵੇਗੀ।

ਅੱਜ ਜਦੋਂ ਵੀ ਕੋਈ ਵੱਡਾ ਜੁਰਮ ਵਾਪਰਦਾ ਹੈ, ਸਰਕਾਰ ਦਾ ਫੌਰੀ ਪ੍ਰਤੀਕਰਮ ਹੁੰਦਾ ਹੈ ਕਿ ਇਸ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਕਾਇਮ ਕਰ ਦਿਉ। ਕੁਝ ਮਾਮਲਿਆਂ ਵਿਚ ਜਾਂਚ ਲਈ ਕੇਸ ਸੀ.ਬੀ.ਆਈ., ਐਨ.ਆਈ.ਏ. ਆਦਿ ਦੇ ਹਵਾਲੇ ਕਰ ਦਿੱਤੇ ਜਾਂਦੇ ਹਨ। ਅਕਸਰ ਹਾਈ ਕੋਰਟਾਂ ਜਾਂ ਸੁਪਰੀਮ ਕੋਰਟ ਵਲੋਂ ਵੀ ਕਈ ਮਾਮਲਿਆਂ ਦੀ ਜਾਂਚ ਸੂਬਾਈ ਪੁਲਿਸ ਤੋਂ ਲੈ ਕੇ ਆਪਣੀ ਨਿਗਰਾਨੀ ਤਹਿਤ ਹੋਰ ਏਜੰਸੀਆਂ ਨੂੰ ਸੌਂਪ ਦਿੱਤੀ ਜਾਂਦੀ ਹੈ।

ਇਸ ਤਰ੍ਹਾਂ ਦੀ 'ਬੈਂਡ-ਏਡ' ਲਾ ਕੇ ਕੰਮ ਚਲਾਉਣ ਵਾਲੀ ਰਣਨੀਤੀ ਕਾਰਨ ਜ਼ਿੰਮੇਵਾਰੀ ਥਾਣਿਆਂ ਅਤੇ ਸੂਬਾਈ ਪੁਲਿਸ ਤੋਂ ਹਟ ਕੇ ਹੋਰ ਅਦਾਰਿਆਂ ਸਿਰ ਚਲੇ ਜਾਂਦੀ ਹੈ। ਇਹ ਥਾਣਿਆਂ ਅਤੇ ਸੂਬਾਈ ਪੁਲਿਸ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਦਾਇਰਾ-ਅਖਤਿਆਰ ਵਿਚ ਹੋਣ ਵਾਲੇ ਜੁਰਮਾਂ ਦੀ ਜਾਂਚ ਕਰਨ ਤੇ ਮੁਕੱਦਮਾ ਚਲਾਉਣ ਪਰ ਜਾਂਚ ਤੇ ਮੁਕੱਦਮੇਬਾਜ਼ੀ ਦਾ ਮਿਆਰ ਡਿੱਗਦੇ ਜਾਣ, ਤੇ ਨਾਲ ਹੀ ਲੋਕਾਂ ਦਾ ਮੁਕਾਮੀ ਪੁਲਿਸ ਤੋਂ ਭਰੋਸਾ ਉੱਠਦੇ ਜਾਣ ਕਾਰਨ, ਇਹ ਬਦਲਵੇਂ (ਭਾਵ ਪੁਲਿਸ ਮੁਕਾਬਲਿਆਂ ਵਾਲੇ) ਢੰਗ-ਤਰੀਕੇ ਅਪਨਾਏ ਜਾਂਦੇ ਹਨ। ਅਫਸੋਸ ਦੀ ਗੱਲ ਹੈ ਕਿ ਇਸ ਨਾਲ ਸੂਬਾਈ ਪੁਲਿਸ ਦੀ ਪੇਸ਼ੇਵਰ ਪਹੁੰਚ ਹੋਰ ਨਿੱਘਰਦੀ ਹੈ।

ਇਹ ਨਿਘਾਰ ਕਿਵੇਂ ਆਇਆ? ਮੱਧ-1960ਵਿਆਂ ਤੋਂ ਲੈ ਕੇ, ਸੂਬਾਈ ਪ੍ਰਸ਼ਾਸਨ ਤੇ ਖਾਸਕਰ ਪੁਲਿਸ ਨੂੰ ਲਗਾਤਾਰ ਸਿਆਸੀ ਜਮਾਤ ਦੇ ਹਮਲਿਆਂ ਦਾ ਸ਼ਿਕਾਰ ਹੋਣਾ ਪਿਆ ਜਿਸ ਦਾ ਅਣਐਲਾਨਿਆ ਮਕਸਦ ਇਸ ਅਦਾਰੇ (ਪੁਲਿਸ) ਨੂੰ ਕਮਜ਼ੋਰ ਕਰਨਾ ਸੀ ਤਾਂ ਕਿ ਇਸ ਨੂੰ ਝੁਕਾ ਕੇ ਕਾਨੂੰਨ ਦੀ ਹਕੂਮਤ ਦੀ ਥਾਂ ਹਾਕਮ ਪਾਰਟੀਆਂ ਦਾ ਆਗਿਆਕਾਰੀ ਬਣਾਇਆ ਜਾ ਸਕੇ।

ਇਹ ਮਕਸਦ ਪੂਰਾ ਕਰਨ ਲਈ ਮਨਮਰਜ਼ੀ ਦੀਆਂ ਨਿਯੁਕਤੀਆਂ, ਤਬਾਦਲੇ, ਇਨਾਮ ਤੇ ਸਜ਼ਾਵਾਂ ਦੇਣ ਦਾ ਸਿਸਟਮ ਬਣਾਇਆ ਗਿਆ। ਸਿਆਸੀ ਮਾਲਕਾਂ ਦੇ ਇਨ੍ਹਾਂ ਹਥਕੰਡਿਆਂ ਰਾਹੀਂ ਸਮਰੱਥ ਅਤੇ ਦਿਆਨਤਦਾਰ ਅਫਸਰਾਂ ਨੂੰ ਖੂੰਜੇ ਲਾ ਕੇ, ਉਨ੍ਹਾਂ ਦੀ ਥਾਂ ਪੁਲਿਸ ਫੋਰਸ ਦੇ ਮਾੜੇ ਅਨਸਰਾਂ ਨੂੰ ਵਧੀਆ ਤੇ ਅਹਿਮ ਅਹੁਦਿਆਂ ਨਾਲ ਨਵਾਜਿਆ ਜਾਣ ਲੱਗਾ। ਅਜਿਹਾ ਸਾਰੇ ਹੀ ਰਾਜਾਂ ਵਿਚ ਸੱਤਾ ਵਿਚ ਆਉਣ ਵਾਲੀ ਹਰ ਪਾਰਟੀ ਨੇ ਕੀਤਾ। ਪੁਲਿਸ ਦੀ ਬਣਤਰ ਅਤੇ ਅੰਦਰੂਨੀ ਅਨੁਸ਼ਾਸਨ ਵਿਚਲੀ ਇਸ ਟੁੱਟ-ਭੱਜ ਦੇ ਸਿੱਟੇ ਵਜੋਂ ਪੇਸ਼ੇਵਰ ਕੰਮ-ਢੰਗ ਤੇ ਦਿਆਨਤਦਾਰੀ ਦਾ ਮਿਆਰ ਬੁਰੀ ਤਰ੍ਹਾਂ ਡਿੱਗ ਗਿਆ। ਪੁਲਿਸ ਅਫਸਰਾਂ ਨੂੰ ਸਮਝ ਆ ਗਈ ਕਿ ਉਨ੍ਹਾਂ ਦਾ ਵਧੀਆ ਭਵਿਖ ਪੁਲਿਸ ਦੇ ਨਿਯਮਾਂ ਦਾ ਪਾਲਣ ਕਰਨ ਵਿਚ ਨਹੀਂ ਸਗੋਂ ਸਿਆਸਤਦਾਨਾਂ ਦੀਆਂ ਨਜ਼ਰਾਂ ਵਿਚ ਚੰਗੇ/ਅੱਛੇ ਬਣਨ ਵਿਚ ਹੈ।

ਜਾਂਚ ਤੇ ਮੁਕੱਦਮੇ ਦੀ ਨਿੱਘਰਦੀ ਹਾਲਤ ਦਾ ਅੰਦਾਜ਼ਾ ਵੱਖ-ਵੱਖ ਸੰਗੀਨ ਜੁਰਮਾਂ ਜਿਵੇਂ ਕਤਲ, ਇਰਾਦਾ ਕਤਲ, ਅਗਵਾ ਤੇ ਬਲਾਤਕਾਰ ਆਦਿ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਦੀ ਦਰ ਬਿਲਕੁਲ ਹੀ ਘਟ ਜਾਣ ਤੋਂ ਲਾਇਆ ਜਾ ਸਕਦਾ ਹੈ।

ਸੂਬਾਈ ਪੁਲਿਸ ਦੇ ਕੰਮ-ਢੰਗ ਵਿਚ ਗਿਰਾਵਟ ਆਉਣ ਦਾ ਇਕ ਹੋਰ ਅਹਿਮ ਕਾਰਨ ਇਹ ਹੈ ਕਿ ਪੁਲਿਸ ਨੂੰ ਅੱਜ ਕੱਲ੍ਹ ਬਹੁਤ ਜ਼ਿਆਦਾ ਤਵੱਜੋ ਦਹਿਸ਼ਤੀ ਸਰਗਰਮੀਆਂ ਅਤੇ ਫਿਰਕੂ ਹਿੰਸਾ ਨੂੰ ਕਾਬੂ ਕਰਨ ਲਈ ਦੇਣੀ ਪੈਂਦੀ ਹੈ। ਗੌਰਤਲਬ ਹੈ ਕਿ ਕਈ ਦਹਾਕੇ ਪਹਿਲਾਂ ਸੂਬਾਈ ਪੁਲਿਸ ਫੋਰਸ ਨੂੰ ਨਾ ਤਾਂ ਵੱਖੋ-ਵੱਖ ਕਿਸਮਾਂ ਦੀ ਦਹਿਸ਼ਤਗਰਦੀ ਦੇ ਟਾਕਰੇ ਦੀ ਸਿਖਲਾਈ ਹਾਸਲ ਹੁੰਦੀ ਸੀ ਤੇ ਨਾ ਉਨ੍ਹਾਂ ਕੋਲ ਇਸ ਲਈ ਲੋੜੀਂਦੇ ਆਧੁਨਿਕ ਹਥਿਆਰ ਆਦਿ ਹੀ ਹੁੰਦੇ ਸਨ।

ਇਸ ਸਮੇਂ ਦੌਰਾਨ ਪੰਜਾਬ ਤੋਂ ਇਲਾਵਾ ਆਂਧਰਾ ਪ੍ਰਦੇਸ਼, ਉੜੀਸਾ, ਮੱਧ ਪ੍ਰਦੇਸ਼, ਛੱਤੀਸਗੜ੍ਹ, ਬਿਹਾਰ ਅਤੇ ਝਾਰਖੰਡ ਸੂਬਿਆਂ ਦੀਆਂ ਕਬਾਇਲੀ ਪੱਟੀਆਂ ਵਿਚ ਦਹਿਸ਼ਤਗਰਦ ਲਹਿਰਾਂ ਨੇ ਸਿਰ ਚੁੱਕਿਆ। ਇਸ ਤੋਂ ਇਲਾਵਾ ਜੰਮੂ ਕਸ਼ਮੀਰ ਤੇ ਉਤਰ ਪੂਰਬ ਵਿਚ ਲਗਾਤਾਰ ਸਮੱਸਿਆਵਾਂ ਚੱਲੀਆਂ ਆ ਰਹੀਆਂ ਹਨ। ਇਹ ਦੇ ਨਾਲ ਹੀ ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਇਨ੍ਹਾਂ ਵਿਚੋਂ ਬਹੁਤੀਆਂ ਮੁਹਿੰਮਾਂ ਦੇ ਉਭਾਰ ਦਾ ਕਾਰਨ ਵੱਖੋ-ਵੱਖ ਸਿਆਸੀ ਪਾਰਟੀਆਂ ਦੇ ਨਾਪਾਕ ਮਕਸਦ ਅਤੇ ਮਾੜੀਆਂ ਭੂਮਿਕਾਵਾਂ ਸਨ। ਸਿਆਸੀ ਪਾਰਟੀਆਂ ਹੀ ਨਹੀਂ ਸਗੋਂ ਸਿਆਸੀ ਪਾਰਟੀਆਂ ਵਿਚਲੇ ਵੱਖ-ਵੱਖ ਧੜਿਆਂ ਨੇ ਵੱਖ-ਵੱਖ ਢੰਗਾਂ ਰਾਹੀਂ ਇਨ੍ਹਾਂ ਖਾੜਕੂ ਲਹਿਰਾਂ ਦੇ ਜਨਮ ਤੇ ਉਭਾਰ ਵਿਚ ਯੋਗਦਾਨ ਪਾਇਆ। ਇਸ ਲਈ ਉਨ੍ਹਾਂ ਦਾ ਮਕਸਦ ਭਾਵੇਂ ਆਪਣਾ ਸਿਆਸੀ ਲਾਹਾ ਹੀ ਹੋਵੇ ਪਰ ਸਮਾਂ ਪੈ ਕੇ ਇਹ ਲਹਿਰਾਂ ਉਨ੍ਹਾਂ ਦੇ ਹੱਥਾਂ 'ਚੋਂ ਨਿਕਲ ਗਈਆਂ ਅਤੇ ਇਸ ਕਾਰਨ ਪੁਲਿਸ ਤੇ ਸੁਰੱਖਿਆ ਦਲਾਂ ਨੂੰ ਉਨ੍ਹਾਂ ਨੂੰ ਕਾਬੂ ਕਰਨ ਲਈ ਮੈਦਾਨ ਵਿਚ ਆਉਣਾ ਪਿਆ।

ਇਸ ਅਮਲ ਦੌਰਾਨ ਕਾਨੂੰਨੀ ਪ੍ਰਕਿਰਿਆ ਅਤੇ ਵਿਭਾਗੀ ਨਿਯਮਾਂ ਨੂੰ ਲਾਂਭੇ ਰੱਖ ਦਿੱਤਾ ਗਿਆ ਅਤੇ ਇਨ੍ਹਾਂ ਦੀ ਥਾਂ ਗੈਰਰਵਾਇਤੀ ਤੇ ਗੈਰਕਾਨੂੰਨੀ ਢੰਗ-ਤਰੀਕੇ ਅਪਨਾ ਲਏ ਗਏ। ਸੰਖੇਪ ਵਿਚ ਆਖੀਏ ਤਾਂ ਮੁਕਾਬਲਿਆਂ, ਖਾਤਮਿਆਂ ਤੇ ਗੁੰਮਸ਼ੁਦਗੀਆਂ ਦਾ ਰੁਝਾਨ ਬਣਨਾ ਸ਼ੁਰੂ ਹੋ ਗਿਆ। ਇਸ ਨੇ ਲੋਕਾਂ ਵਿਚ ਸਹਿਮ ਪੈਦਾ ਕਰਨ ਦੇ ਨਾਲ ਨਾਲ ਪੁਲਿਸ ਫੋਰਸ ਦੇ ਪੇਸ਼ੇਵਰ ਢੰਗ-ਤਰੀਕੇ ਨਾਲ ਕੰਮ ਕਰਨ ਅਤੇ ਦਿਆਨਤਦਾਰੀ 'ਤੇ ਭਾਰੀ ਸੱਟ ਮਾਰੀ। ਇਹ ਵੀ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਇਨ੍ਹਾਂ ਵਿਚੋਂ ਕੁਝ ਦਹਿਸ਼ਤੀ ਲਹਿਰਾਂ ਕਈ ਦਹਾਕਿਆਂ ਤੱਕ ਜਾਰੀ ਰਹੀਆਂ ਜਦੋਂਕਿ ਕੁਝ ਉਤੇ ਕਾਬੂ ਪਾ ਲਿਆ ਗਿਆ। ਇਸ ਵਰਤਾਰੇ ਬਾਰੇ ਇਹ ਸਿੱਟਾ ਕੱਢਣਾ ਕੁਦਰਤੀ ਹੈ ਕਿ ਸੁਰੱਖਿਆ ਦਲਾਂ ਵੱਲੋਂ ਅਪਣਾਏ ਗਏ ਗੈਰਰਵਾਇਤੀ ਤੇ ਗੈਰਕਾਨੂੰਨੀ ਢੰਗ-ਤਰੀਕੇ ਕੇਂਦਰੀ ਤੇ ਸੂਬਾਈ ਸਰਕਾਰਾਂ ਦੀ ਜ਼ਾਹਰਾ ਤੇ ਲੁਕਵੀਂ ਹਮਾਇਤ ਰਾਹੀਂ ਅਮਲ ਵਿਚ ਲਿਆਂਦੇ ਗਏ। ਇਥੇ ਕੇਂਦਰ ਸਰਕਾਰ ਦਾ ਨਾਂ ਇਸ ਕਾਰਨ ਲਿਆ ਗਿਆ ਹੈ ਕਿਉਂਕਿ ਅਜਿਹੇ ਸਮੇਂ ਬਹੁਤੇ ਸੂਬੇ ਲੰਮੇ ਸਮੇਂ ਲਈ ਰਾਸ਼ਟਰਪਤੀ ਰਾਜ ਅਧੀਨ ਸਨ ਅਤੇ ਅਜਿਹੀਆਂ ਹਦਾਇਤਾਂ ਕੇਂਦਰੀ ਗ੍ਰਿਹ ਮੰਤਰਾਲੇ ਤੋਂ ਆਉਂਦੀਆਂ ਸਨ।

ਇਉਂ ਅਜਿਹੇ ਹਾਲਾਤ ਵਿਚ ਪੁਲਿਸ ਦੇ ਕੰਮ-ਕਾਜ ਕਰਨ ਲਈ ਅਪਣਾਏ ਗਏ ਤੌਰ-ਤਰੀਕਿਆਂ ਨੇ ਪੁਲਿਸ ਨੂੰ ਇਸ ਦੇ ਅਸਲ ਫਰਜ਼ਾਂ, ਭਾਵ ਅਪਰਾਧਾਂ ਨੂੰ ਰੋਕਣਾ ਅਤੇ ਇਨ੍ਹਾਂ ਦੀ ਜਾਂਚ ਤੇ ਮੁਕੱਦਮੇਬਾਜ਼ੀ ਨੂੰ ਨਿਭਾਉਣ ਦੇ ਅਯੋਗ ਬਣਾ ਦਿੱਤਾ। ਪੁਲਿਸ ਦਾ ਇਹ ਗੈਰਮਾਮੂਲੀ ਵਤੀਰਾ ਹੀ ਹੁਣ ਉਸ ਦਾ ਨਵਾਂ ਆਮ ਵਤੀਰਾ ਬਣ ਗਿਆ ਹੈ; ਤੇ ਹੁਣ ਪੁਲਿਸ ਦੀ ਇਸ ਜ਼ਹਿਨੀਅਤ ਨੂੰ ਬਦਲਣਾ ਬਹੁਤ ਔਖਾ ਹੋ ਗਿਆ ਹੈ।

ਪੁਲਿਸ ਅਦਾਰਾ, ਇਸ ਦੀ ਅੰਦਰੂਨੀ ਬਣਤਰ ਅਤੇ ਅਨੁਸ਼ਾਸਨ ਹੁਣ ਸਿਆਸੀ ਢਾਂਚੇ ਦੇ ਹੱਥਾਂ ਵਿਚ ਚਲਾ ਗਿਆ ਹੈ ਅਤੇ ਪੁਲਿਸ ਅਧਿਕਾਰੀ ਹੁਣ ਆਪਣੇ ਸੀਨੀਅਰਾਂ ਤੇ ਕਾਨੂੰਨ ਅੱਗੇ ਜਵਾਬਦੇਹ ਨਹੀਂ ਹਨ। ਇਹ ਗੱਠਜੋੜ ਇਨ੍ਹਾਂ ਅਧਿਕਾਰੀਆਂ ਨੂੰ ਆਪਣੀਆਂ ਤਰੱਕੀਆਂ ਲਈ ਤੇ ਸਿਆਸਤਦਾਨਾਂ ਨੂੰ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਆਸਾਨ ਜਾਪਦਾ ਹੈ ਪਰ ਪੁਲਿਸ ਅਦਾਰੇ ਦੇ ਇੰਝ ਟੁੱਟ ਜਾਣ ਨਾਲ ਜਿਥੇ ਇਕ ਪਾਸੇ ਮੁਜਰਮਾਂ ਦੇ ਦਿਲਾਂ ਵਿਚੋਂ ਇਸ ਦਾ ਡਰ-ਭੈਅ ਜਾਂਦਾ ਰਿਹਾ ਹੈ, ਉਥੇ ਦੂਜੇ ਪਾਸੇ ਇਸ ਨਾਲ ਆਮ ਲੋਕਾਂ ਦੇ ਮਨਾਂ ਵਿਚੋਂ ਪੁਲਿਸ ਦਾ ਸਤਿਕਾਰ ਉੱਡ-ਪੁੱਡ ਗਿਆ ਹੈ।

ਇਹ ਸਭ ਕੁਝ ਤਾਂ ਹੀ ਬਦਲ ਸਕਦਾ ਹੈ, ਜੇ ਸੂਬੇ ਦਾ ਮੁੱਖ ਮੰਤਰੀ ਇਹ ਤਬਦੀਲੀ ਚਾਹੇ। ਉਂਝ, ਮਸਲਾ ਸਿਵਲ ਸੇਵਾਵਾਂ ਅਤੇ ਪੁਲਿਸ ਅੰਦਰ ਵਧੀਆ ਅਫਸਰ ਚੁਣਨ ਅਤੇ ਇਨ੍ਹਾਂ ਦੀ ਤਾਇਨਾਤੀ ਦਾ ਹੀ ਹੈ ਜਿਥੇ ਉਹ ਪੂਰੀ ਰੂਹ ਨਾਲ ਲੋਕਾਂ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਰੂ-ਬ-ਰੂ ਹੋ ਸਕਣ ਅਤੇ ਚੰਗਾ ਪ੍ਰਸ਼ਾਸਨ ਦੇਣ। ਵਿਕਾਸ ਕਾਰਜਾਂ ਦੇ ਐਨ ਉਲਟ, ਚੰਗਾ ਪ੍ਰਸ਼ਾਸਨ ਦੇਣ ਲਈ ਤਾਂ ਕਿਸੇ ਵਿੱਤੀ ਖਰਚੇ ਦੀ ਵੀ ਜ਼ਰੂਰਤ ਨਹੀਂ ਹੁੰਦੀ। ਇਹ ਕੋਈ ਅਜਿਹਾ ਕੰਮ ਨਹੀਂ ਹੈ ਜਿਹੜਾ ਸਾਡੀ ਪਹੁੰਚ ਵਿਚ ਨਾ ਹੋਵੇ ਅਤੇ ਇਹ ਵੀ ਕੋਈ ਗੱਲ ਨਹੀਂ ਕਿ ਅਸੀਂ ਐਵੇਂ ਬਦ-ਇੰਤਜ਼ਾਮੀ ਅਤੇ ਮਾੜੇ ਪ੍ਰਸ਼ਾਸਨ ਦਾ ਭਾਰ ਢੋਈ ਜਾਈਏ।

ਅੱਜ ਇਸ ਮਹਾਨ ਮੁਲਕ ਦੀ ਵਿਸ਼ਾਲ ਧਰਤੀ ਉਤੇ ਉਦਾਸੀ ਅਤੇ ਬੇਵਸੀ ਦਾ ਆਲਮ ਤਾਰੀ ਹੋ ਗਿਆ ਹੈ। ਚਾਰ-ਚੁਫੇਰੇ ਅਧੋਗਤੀ ਅਤੇ ਗੜਬੜੀ ਛਾਈ ਹੋਈ ਹੈ। ਸਿਆਸਤ ਅਤੇ ਪ੍ਰਸ਼ਾਸਨ ਦੇ ਖੇਤਰਾਂ ਵਿਚ ਅਸੀਂ ਬੌਣਿਆਂ ਦੀਆਂ ਕਰਤੂਤਾਂ ਦੇਖ ਰਹੇ ਹਾਂ। ਇਨ੍ਹਾਂ ਬੌਣੇ ਲੋਕਾਂ ਨੇ ਮਹਾਨ ਲੀਡਰਾਂ ਅਤੇ ਨਵੇਂ ਰਾਹ ਦਸੇਰਿਆਂ ਦੇ ਨਕਾਬ ਪਾਏ ਹੋਏ ਹਨ। ਆਪਣੇ ਚਾਰ-ਚੁਫੇਰੇ ਅਸੀਂ ਦੇਖ ਰਹੇ ਹਾਂ ਕਿ ਲੋਕ ਮਿਹਨਤ ਕਰਕੇ ਵੀ ਬੇਆਸ ਤੇ ਬੇਆਸਰਾ ਹਨ, ਝੁੱਗੀ-ਝੌਂਪੜੀਆਂ ਤੇ ਹੋਰ ਅਜਿਹੀਆਂ ਕਲੋਨੀਆਂ ਵਿਚ ਰੁਲਦੇ ਬੱਚਿਆਂ ਦੇ ਤਨ ਉਤੇ ਕੱਪੜੇ ਤੇ ਪੈਰੀਂ ਜੁੱਤੀ... ਮੌਜੇ ਨਹੀਂ; ਨਾ ਤਾਂ ਉਨ੍ਹਾਂ ਨੂੰ ਪੜ੍ਹਾਉਣ ਲਈ ਸਹੂਲਤਾਂ ਹਨ ਤੇ ਨਾ ਹੀ ਸਿਹਤ ਦੀ ਸਾਂਭ-ਸੰਭਾਲ ਲਈ।

ਸਭ ਤੋਂ ਭਿਅੰਕਰ ਗੱਲ ਇਹ ਹੈ ਕਿ ਇਨ੍ਹਾਂ ਲਈ ਚਾਨਣ ਦੀ ਕੋਈ ਲਕੀਰ ਵੀ ਨਹੀਂ ਦਿਸ ਰਹੀ। ਕੇਂਦਰ ਅਤੇ ਵੱਖ ਵੱਖ ਸੂਬਾ ਸਰਕਾਰਾਂ ਤੋਂ ਵੀ ਕੋਈ ਖਾਸ ਹੁੰਗਾਰਾ ਨਹੀਂ ਮਿਲ ਰਿਹਾ। ਇਸ ਦੀ ਥਾਂ ਸਗੋਂ ਕਾਨੂੰਨ ਵਿਵਸਥਾ ਲਾਗੂ ਕਰਨ ਵਾਲਿਆਂ ਦੀ ਅਜ਼ਮਾਇਸ਼ ਲਈ ਹੋਰ ਸਮੱਸਿਆਵਾਂ ਪੈਦਾ ਕੀਤੀਆਂ ਜਾ ਰਹੀਆਂ ਹਨ। ਕੁਝ ਅਧਿਕਾਰੀਆਂ ਨੂੰ ਬਲੀ ਦੇ ਬੱਕਰਿਆਂ ਵਾਂਗ (ਅਸਾਮ) ਪਹਿਲਾਂ ਹੀ ਝਟਕਾਇਆ ਜਾ ਚੁੱਕਾ ਹੈ, ਹੁਣ ਬਾਕੀਆਂ ਦੀ ਵਾਰੀ ਹੈ।

ਦਿਸਹੱਦਿਆਂ 'ਤੇ ਅਜਿਹੇ ਜਿਊੜੇ ਲੱਭਣੇ ਮੁਸ਼ਕਿਲ ਹੋ ਰਹੇ ਹਨ ਜਿਨ੍ਹਾਂ ਤੋਂ ਤੁਰੰਤ, ਸਾਵੇਂ ਭਵਿਖ ਦੀ ਆਸ ਕੀਤੀ ਜਾ ਸਕਦੀ ਹੋਵੇ। ਲਿਖਿਆ ਤਾਂ ਹੋਰ ਵੀ ਬਥੇਰਾ ਕੁਝ ਸਕਦਾ ਹੈ ਪਰ ਮੇਰੇ ਆਪਣੇ ਬੋਲ ਹੀ ਮੈਨੂੰ ਉਦਾਸ ਕਰ ਰਹੇ ਹਨ।

# ਨਾਗਰਿਕਤਾ ਸੋਧ ਬਿਲ ਦੀ ਪੁਣਛਾਣ ਕਰਦਿਆਂ

***ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਹਿੰਦੂ ਰਾਸ਼ਟਰ ਦੇ ਏਜੰਡੇ ਤਹਿਤ ਇਕ-ਇਕ ਕਰਕੇ ਚੁੱਕੇ ਜਾ ਰਹੇ ਕਦਮਾਂ ਦੀ ਅਗਲੀ ਕੜੀ ਵਜੋਂ ਭਾਰਤ ਉਪਰ ਨਾਗਰਿਕਤਾ ਸੋਧ ਬਿਲ ਥੋਪ ਦਿੱਤਾ ਹੈ। ਜ਼ੋਰਦਾਰ ਵਿਰੋਧ ਦੇ ਬਾਵਜੂਦ ਮੋਦੀ ਸਰਕਾਰ ਨੇ ਚੁਣੇ ਹੋਏ 'ਨੁਮਾਇੰਦਿਆਂ' ਦੀ ਬਹੁਗਿਣਤੀ ਦੇ ਜ਼ੋਰ ਪਾਰਲੀਮੈਂਟ ਵਿਚ ਬਿਲ ਪਾਸ ਕਰਵਾ ਲਿਆ ਅਤੇ ਰਾਸ਼ਟਰਪਤੀ ਨੇ ਵੀ ਝੱਟ ਇਸ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਬਿਲ ਖਿਲਾਫ ਪੂਰੇ ਮੁਲਕ ਵਿਚ ਮੁਜ਼ਾਹਰੇ ਹੋ ਰਹੇ ਹਨ। ਇਹ ਕੌਮਾਂਤਰੀ ਪੱਧਰ 'ਤੇ ਵੀ ਫਿਕਰਮੰਦੀ ਦਾ ਮੁੱਦਾ ਬਣ ਰਿਹਾ ਹੈ। ਸੰਯੁਕਤ ਰਾਸ਼ਟਰ ਦੇ ਮਨੁੱਖੀ ਹੱਕਾਂ ਬਾਰੇ ਦਫਤਰ ਨੇ ਵੀ ਇਸ ਉਪਰ ਨਾਰਾਜ਼ਗੀ ਜ਼ਾਹਰ ਕੀਤੀ ਹੈ। ਸੱਤਾਧਾਰੀ ਭਾਜਪਾ ਦੇ ਇਸ ਬਿਲ ਦੀ ਵਾਜਬੀਅਤ ਦਰਸਾਉਣ ਲਈ ਪੇਸ਼ ਕੀਤੇ ਗਏ ਕਾਰਨ ਕਿੰਨੇ ਝੂਠੇ ਤੇ ਬੇਬੁਨਿਆਦ ਹਨ ਅਤੇ ਇਹ ਕਦਮ ਭਾਰਤ ਦੀ ਮੂਲ ਧਾਰਨਾ ਲਈ ਕਿੰਨਾ ਵੱਡਾ ਖਤਰਾ ਅਤੇ ਸਮਾਜੀ ਤਾਣੇਬਾਣੇ ਨੂੰ ਖੇਰੂੰ-ਖੇਰੂੰ ਕਰਨ ਵਾਲਾ ਹੈ, ਇਨ੍ਹਾਂ ਸਾਰੇ ਪੱਖਾਂ ਦਾ ਵਿਸ਼ਲੇਸ਼ਣ ਚੋਟੀ ਦੇ ਬੌਧਿਕ ਰਸਾਲੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਦੇ ਨਵੇਂ ਅੰਕ ਦੀ ਸੰਪਾਦਕੀ ਟਿੱਪਣੀ ਵਿਚ ਕੀਤਾ ਗਿਆ ਹੈ। ਮਸਲੇ ਦੀ ਮਹੱਤਤਾ ਦੇ ਮੱਦੇਨਜ਼ਰ ਇਸ ਸੰਪਾਦਕੀ ਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ ਜੋ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***

ਨਾਗਰਿਕਤਾ ਸੋਧ ਬਿਲ (ਸੀ.ਏ.ਬੀ.-ਕੈਬ) ਨੂੰ ਪਾਰਲੀਮੈਂਟ ਦੇ ਦੋਨਾਂ ਸਦਨਾਂ ਵਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ ਜਦਕਿ ਇਹ ਬਿਲ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੇ ਹੀ ਖਿਲਾਫ ਹੈ ਅਤੇ ਮੁਲਕ ਦੇ ਸਮਾਜੀ ਤਾਣੇਬਾਣੇ ਲਈ ਗੰਭੀਰ ਖਤਰਾ ਬਣਦਾ ਹੈ। ਇਸ ਕਪਟੀ ਵਿਧਾਨ ਨੂੰ ਹਿੰਦੂਤਵ ਦੇ ਸਿਆਸੀ ਪ੍ਰਾਜੈਕਟ ਦੀ ਨੀਂਹ ਰੱਖਣ ਵਜੋਂ ਦੇਖਿਆ ਜਾ ਸਕਦਾ ਹੈ ਜੋ ਬਹੁਗਿਣਤੀਵਾਦੀ-ਸਮਾਜੀ ਮੇਲ-ਮਿਲਾਪ ਦਾ ਵਿਰੋਧੀ ਹੈ ਜਿਸ ਦੀ ਪੈਰਵਾਈ ਭਾਰਤੀ ਜਨਤਾ ਪਾਰਟੀ ਕਰ ਰਹੀ ਹੈ। ਇਹ ਇਸ ਕਰਕੇ ਹੈ ਕਿਉਂਕਿ ਇਹ ਇਸ ਸਵਾਲ ਦਾ ਪੱਖਪਾਤੀ ਅਤੇ ਆਪਹੁਦਰਾ ਜਵਾਬ ਦਿੰਦਾ ਹੈ ਕਿ ਭਾਰਤੀ ਕੌਣ ਹੈ ਜਾਂ ਭਾਰਤੀ ਹੋਣ ਦੇ ਮਾਇਨੇ ਕੀ ਹਨ।

ਸੰਵਿਧਾਨ ਘਾੜਿਆਂ ਨੇ ਨਾਗਰਿਕਤਾ ਦੀ ਇਕ ਰਾਜ ਖੇਤਰ ਵਿਚ ਵਸਦੇ ਲੋਕਾਂ ਦੇ ਨਾਗਰਿਕ ਹੋਣ ਦੀ ਧਾਰਨਾ ਅਪਨਾ ਕੇ ਇਸ ਸਵਾਲ ਦਾ ਆਧੁਨਿਕ, ਜਾਗਰੂਕ ਜਵਾਬ ਸੋਚਿਆ ਸੀ ਜਦਕਿ ਇਸ ਵਕਤ ਜੋ ਪਾਰਟੀ ਸੱਤਾਧਾਰੀ ਹੈ ਅਤੇ ਜੋ ਆਪਣੇ ਵਿਚਾਰਧਾਰਕ ਪੁਰਖਿਆਂ ਦੀ ਸੋਚ ਅਨੁਸਾਰ ਚੱਲ ਰਹੀ ਹੈ, ਇਹ ਸੰਕੀਰਨ-ਪਛਾਣਾਂ ਦੀ ਧਾਰਨਾ ਸਥਾਪਤ ਕਰਨ ਦੀ ਕੋਸ਼ਿਸ਼ 'ਚ ਹੈ। ਇਹ ਕਰੂਰ ਵਿਡੰਬਨਾ ਹੀ ਕਹੀ ਜਾ ਸਕਦੀ ਹੈ, ਲੇਕਿਨ ਇਹ ਹੈਰਾਨੀਜਨਕ ਵੀ ਨਹੀਂ ਹੈ ਕਿ ਇਸ ਨਿਸ਼ਾਨੇ ਨੂੰ ਜ਼ੁਲਮ ਦਾ ਸ਼ਿਕਾਰ ਘੱਟਗਿਣਤੀਆਂ ਲਈ ਮਨੁੱਖ ਹਿਤੈਸ਼ੀ ਫਿਕਰਮੰਦੀ ਦਾ ਮੁਖੌਟਾ ਪਾ ਕੇ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸੱਤਾਧਾਰੀ ਪਾਰਟੀ ਦੇ ਮਨੁੱਖ ਹਿਤੈਸ਼ੀ ਦਾਅਵਿਆਂ ਦੀ ਚੀਰਫਾੜ ਨਾ ਸਿਰਫ ਇਨ੍ਹਾਂ ਦੇ ਥੋਥੇਪਣ ਨੂੰ ਨੰਗਾ ਕਰਦੀ ਹੈ ਸਗੋਂ ਇਨ੍ਹਾਂ ਦੇ ਅਸਲ ਉਦੇਸ਼ਾਂ ਨੂੰ ਵੀ ਸਾਹਮਣੇ ਲਿਆਉਂਦੀ ਹੈ ਜੋ ਸਾਡੀ ਸੰਵਿਧਾਨਕ ਜਮਹੂਰੀਅਤ ਲਈ ਘਾਤਕ ਹਨ।

ਪੇਸ਼ ਇਉਂ ਕੀਤਾ ਗਿਆ ਹੈ ਕਿ ਇਹ ਕਾਨੂੰਨ ਬਣਾਉਣ ਦਾ ਮਨੋਰਥ ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਦੇ ਉਨ੍ਹਾਂ ਆਵਾਸੀਆਂ (ਹਿੰਦੂ, ਸਿੱਖ, ਈਸਾਈ, ਪਾਰਟੀ, ਬੋਧੀ, ਜੈਨੀ) ਨੂੰ ਨਾਗਰਿਕਤਾ ਦੇਣਾ ਹੈ ਜਿਨ੍ਹਾਂ ਨੂੰ ਧਾਰਮਿਕ ਜ਼ੁਲਮਾਂ ਕਾਰਨ ਉਥੋਂ ਭੱਜਣਾ ਪਿਆ। ਦੇਖਣ ਨੂੰ ਇਹ ਮਨੋਰਥ ਇਕਦਮ ਉਨ੍ਹਾਂ ਨੂੰ ਪੀੜ ਤੋਂ ਰਾਹਤ ਦੇਣ ਵਾਲਾ ਜਾਪਦਾ ਹੈ ਅਤੇ ਕਾਬਲੇਤਾਰੀਫ ਵੀ; ਲੇਕਿਨ ਜਿਸ ਤਰ੍ਹਾਂ ਖਾਸ ਫਿਰਕਿਆਂ ਅਤੇ ਗੁਆਂਢੀ ਮੁਲਕਾਂ ਨੂੰ ਇਸ ਵਿਚੋਂ ਬਾਹਰ ਰੱਖਿਆ ਗਿਆ ਹੈ, ਉਨ੍ਹਾਂ ਦੇ ਮੱਦੇਨਜ਼ਰ ਇਸ ਦੇ ਨੈਤਿਕ ਤਰਕ ਅਤੇ ਸੰਵਿਧਾਨਕ ਵਾਜਬੀਅਤ ਉਪਰ ਬਹੁਤ ਸਾਰੇ ਸਵਾਲ ਖੜ੍ਹੇ ਹੁੰਦੇ ਹਨ। ਤਿੰਨ ਗੁਆਂਢੀ ਮੁਲਕਾਂ ਨੂੰ ਹੀ ਚੁਣਵੇਂ ਤੌਰ 'ਤੇ ਨਾਗਰਿਕਤਾ ਦੇਣ ਦੀ ਤਜਵੀਜ਼ ਵਿਚ ਸ਼ਾਮਲ ਕੀਤੇ ਜਾਣ ਦੇ ਹੱਕ ਵਿਚ ਦਲੀਲ ਇਹ ਦਿੱਤੀ ਗਈ ਹੈ ਕਿ ਇਹ ਤਿੰਨੇ ਇਸਲਾਮਿਕ ਗਣਰਾਜ ਹਨ, ਜਾਂ ਇਨ੍ਹਾਂ ਦੇ ਸਟੇਟ ਦਾ ਧਰਮ ਇਸਲਾਮ ਹੈ, ਇਸ ਕਰਕੇ ਉਪਰੋਕਤ ਛੇ ਫਿਰਕਿਆਂ ਨੂੰ ਉਥੇ ਧਾਰਮਿਕ ਜ਼ੁਲਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਦਲੀਲ ਅਨੁਸਾਰ ਤਾਂ ਸ੍ਰੀਲੰਕਾ ਅਤੇ ਭੂਟਾਨ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ ਕਿਉਂਕਿ ਇਨ੍ਹਾਂ ਦੋ ਮੁਲਕਾਂ ਦੇ ਸਟੇਟ ਨੇ ਵੀ ਧਰਮ ਅਰਥਾਤ ਬੁੱਧ ਧਰਮ ਨੂੰ ਅਪਣਾਇਆ ਹੋਇਆ ਹੈ। ਸ੍ਰੀਲੰਕਾ ਤੋਂ ਆਏ ਵੱਡੀ ਤਾਦਾਦ 'ਚ ਤਾਮਿਲ ਆਵਾਸੀ (ਹਿੰਦੂ ਤੇ ਮੁਸਲਮਾਨ) ਭਾਰਤ ਅੰਦਰ ਸ਼ਰਨਾਰਥੀ ਕੈਂਪਾਂ ਵਿਚ ਰਹਿ ਰਹੇ ਹਨ, ਤੇ ਸ੍ਰੀਲੰਕਾ ਵਿਚ ਬਹੁਗਿਣਤੀਵਾਦੀ ਤਾਕਤਾਂ ਵਲੋਂ ਘੱਟਗਿਣਤੀਆਂ ਫਿਰਕਿਆਂ ਨੂੰ ਨਿਸ਼ਾਨਾ ਬਣਾਏ ਜਾਣ ਦੀਆਂ ਮਿਸਾਲਾਂ ਸਾਡੇ ਸਾਹਮਣੇ ਮੌਜੂਦ ਹਨ।

ਹੋਰ ਤਾਂ ਹੋਰ, ਇਕ ਖਾਸ ਤਰ੍ਹਾਂ ਦੇ ਗੈਰਇਤਿਹਾਸਕ ਅਤੇ ਤੁਅੱਸਬੀ ਤਰੀਕੇ ਨਾਲ ਮੁਸਲਿਮ ਘੱਟਗਿਣਤੀ ਉਪਰ ਜ਼ੁਲਮਾਂ ਦੀ ਹਕੀਕਤ ਨੂੰ ਮੰਨਣ ਤੋਂ ਹੀ ਸਾਫ ਇਨਕਾਰ ਕੀਤਾ ਗਿਆ ਹੈ, ਜਿਵੇਂ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚ ਕ੍ਰਮਵਾਰ ਅਹਿਮਦੀਆ ਤੇ ਹਜ਼ਾਰਾ ਸੰਪਰਦਾਇ, ਇਸੇ ਤਰ੍ਹਾਂ ਮਿਆਂਮਾਰ (ਬਰਮਾ) ਵਿਚ ਰੋਹਿੰਗਿਆ ਦਾ ਮਾਮਲਾ। ਕੀ ਧਾਰਾ 14 ਤਹਿਤ ਧਾਰਮਿਕ ਚੌਖਟੇ ਨੂੰ ਜਾਇਜ਼ ਵਰਗੀਕਰਨ ਮੰਨਿਆ ਜਾ ਸਕਦਾ ਹੈ ਜੋ ਕਾਨੂੰਨ ਅੱਗੇ ਬਰਾਬਰੀ ਨੂੰ ਬੁਲੰਦ ਕਰਦਾ ਹੈ?

ਹੋਰ ਵੀ ਅਹਿਮ ਗੱਲ, ਕੀ ਮਜ਼ਲੂਮਾਂ ਦੇ ਹੱਕ ਵਿਚ ਖੜ੍ਹਨ ਦੀ ਇਨਸਾਨੀਅਤ ਦੀ ਦਰਦਮੰਦੀ ਚੋਣਵੀਂ ਜਾਂ ਸ਼ਰਤਾਂ ਸਹਿਤ ਜਾਇਜ਼ ਮੰਨੀ ਜਾ ਸਕਦੀ ਹੈ? ਇਸ ਕਾਨੂੰਨ ਨੂੰ ਲੈ ਕੇ ਸਭ ਤੋਂ ਉਘੜਵੀਂ - ਸ਼ਾਇਦ ਜਾਣ-ਬੁੱਝ ਕੇ ਖੜ੍ਹੀ ਕੀਤੀ - ਸਮੱਸਿਆ ਹੀ ਇਹ ਹੈ ਕਿ ਇਹ ਧਾਰਮਿਕ ਜ਼ੁਲਮਾਂ ਨੂੰ ਪ੍ਰੀਭਾਸ਼ਤ ਹੀ ਨਹੀਂ ਕਰਦਾ, ਨਾ ਹੀ ਇਹ ਐਸੇ ਜ਼ੁਲਮਾਂ ਦੇ ਕਿਸੇ ਹਕੀਕੀ ਜਾਇਜ਼ੇ ਉਪਰ ਆਧਾਰਤ ਹੈ। ਜੇ ਇਸ ਦਾ ਉਦੇਸ਼ ਮਜ਼ਲੂਮਾਂ ਲਈ ਸੱਚੀਮੁੱਚੀਂ ਫਿਕਰਮੰਦੀ ਹੁੰਦਾ ਤਾਂ ਇਹ ਬਿਲ ਜ਼ੁਲਮਾਂ ਦਾ ਸ਼ਿਕਾਰ ਘੱਟਗਿਣਤੀਆਂ ਜਾਂ ਜ਼ੁਲਮਾਂ ਦਾ ਸ਼ਿਕਾਰ ਫਿਰਕਿਆਂ ਦੀ ਸਮੁੱਚੀ ਵਿਸ਼ਾਲ ਸ਼੍ਰੇਣੀ ਨੂੰ ਮੁਖਾਤਿਬ ਹੋ ਸਕਦਾ ਸੀ, ਬਜਾਏ ਉਨ੍ਹਾਂ ਫਿਰਕਿਆਂ ਦੇ ਜਿਨ੍ਹਾਂ ਨੂੰ ਇਸ ਵਿਚ ਸ਼ਾਮਲ ਕੀਤਾ ਗਿਆ ਹੈ। ਐਸੀ ਪਹੁੰਚ ਨਾਸਤਿਕਾਂ ਦੇ ਧਾਰਮਿਕ ਦਮਨ ਅਤੇ ਨਾਲ ਦੀ ਨਾਲ ਹੋਰ ਸ਼ਕਲਾਂ ਵਿਚ ਜ਼ੁਲਮਾਂ ਨਾਲ ਵੀ ਨਜਿੱਠ ਸਕਦੀ ਸੀ। ਇਹ ਤਾਂ ਪ੍ਰਸ਼ਾਸਨਿਕ ਕਦਮ




ਚੁੱਕ ਕੇ ਜਾਂ ਸੰਯੁਕਤ ਰਾਸ਼ਟਰ ਦੇ ਸੰਬੰਧਤ ਮਤਿਆਂ/ਕਨਵੈਨਸ਼ਨਾਂ ਉਪਰ ਸਹੀ ਪਾ ਕੇ ਵੀ ਕੀਤਾ ਜਾ ਸਕਦਾ ਸੀ ਅਤੇ ਇਸ ਖਾਤਰ ਇਕ ਵਿਸ਼ੇਸ਼ ਕਾਨੂੰਨ ਲਿਆਉਣ ਦੀ ਤਾਂ ਕੋਈ ਜ਼ਰੂਰਤ ਹੀ ਨਹੀਂ ਸੀ।

ਇਸ ਦੇ ਬਾਵਜੂਦ, ਐਸਾ ਪੱਖਪਾਤੀ ਅਤੇ ਆਪਹੁਦਰਾ ਕਾਨੂੰਨ ਬਣਾਉਣ ਦਾ ਤੱਥ ਇਹੋ ਦਰਸਾਉਂਦਾ ਹੈ ਕਿ ਇਸ ਦਾ ਮਨੋਰਥ ਗੁਆਂਢੀ ਮੁਲਕਾਂ ਅੰਦਰ ਜ਼ੁਲਮਾਂ ਦਾ ਸ਼ਿਕਾਰ ਘੱਟਗਿਣਤੀਆਂ ਪ੍ਰਤੀ ਫਿਕਰਮੰਦੀ ਦਿਖਾਉਣਾ ਨਹੀਂ ਹੈ, ਸਗੋਂ ਇਹ ਤਾਂ ਸੱਤਾਧਾਰੀ ਪਾਰਟੀ ਦੇ ਭਾਰਤ ਵਿਚ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦੇ ਵਿਚਾਰਧਾਰਕ ਜੋਸ਼ ਨੂੰ ਦਿਖਾਉਂਦਾ ਹੈ। 'ਕੈਬ' ਨੂੰ ਕੌਮੀ ਨਾਗਰਿਕ ਰਜਿਸਟਰ (ਐਨ.ਆਰ.ਸੀ.) ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ ਜਿਸ ਨੂੰ ਸੱਤਾਧਾਰੀ ਪਾਰਟੀ ਪੂਰੇ ਮੁਲਕ ਵਿਚ ਲਾਗੂ ਕਰਨਾ ਚਾਹੁੰਦੀ ਹੈ। ਸੱਤਾਧਾਰੀ ਪਾਰਟੀ ਦੇ ਆਗੂਆਂ ਦੇ ਐਲਾਨਾਂ ਅਨੁਸਾਰ 'ਕੈਬ' ਅਤੇ ਐਨ.ਆਰ.ਸੀ. ਦਰਅਸਲ ਜੁੜਵੇਂ ਪ੍ਰਾਜੈਕਟ ਹਨ, ਭਾਵੇਂ ਇਨ੍ਹਾਂ ਦਾ ਜਨਮ ਵੱਖੋ-ਵੱਖਰਾ ਹੋਇਆ ਹੈ ਜਾਂ ਇਨ੍ਹਾਂ ਦੀਆਂ ਅਰਥ-ਸੰਭਾਵਨਾਵਾਂ ਵੀ ਖੇਤਰਾਂ ਅਨੁਸਾਰ ਵੱਖੋ-ਵੱਖਰੀਆਂ ਹਨ, ਜਿਵੇਂ ਅਸਾਮ ਜਾਂ ਹੋਰ ਉਤਰ-ਪੂਰਬੀ ਰਾਜਾਂ ਦਾ ਮਾਮਲਾ ਹੈ।

ਜਾਪਦਾ ਹੈ, ਸੱਤਾਧਾਰੀ ਪਾਰਟੀ 'ਕੈਬ' ਵਿਚ ਸ਼ਾਮਲ ਕੀਤੇ ਫਿਰਕਿਆਂ ਨੂੰ ਸਾਫ ਸੰਕੇਤ ਦੇ ਰਹੀ ਹੈ ਕਿ, ਕੀ ਹੋਇਆ ਜੇ ਉਨ੍ਹਾਂ ਨੂੰ ਐਨ.ਆਰ.ਸੀ. ਤੋਂ ਬਾਹਰ ਕਰ ਦਿੱਤਾ ਗਿਆ, ਹੋਰ ਤਰੀਕੇ ਹਨ ਜਿਨ੍ਹਾਂ ਨਾਲ ਉਨ੍ਹਾਂ ਨੂੰ ਨਾਗਰਿਕਤਾ ਦਿੱਤੀ ਜਾ ਸਕਦੀ ਹੈ। ਇਸ ਯਕੀਨਦਹਾਨੀ ਦੀ ਕਾਨੂੰਨੀ ਵਿਹਾਰਕਤਾ ਦੇ ਹੁੰਦਿਆਂ - ਭਾਵੇਂ ਇਸ ਵਿਚ ਜ਼ਾਹਰਾ ਅੜਿੱਕੇ ਹਨ - ਇਹ ਨਿਰਸੰਦੇਹ ਨਸਲੀ-ਧਾਰਮਿਕ ਆਧਾਰ 'ਤੇ ਖਾਸ ਫਿਰਕਿਆਂ ਲਈ ਦਾਅਵਿਆਂ ਅਤੇ ਹੱਕਾਂ ਦੇ ਸੰਭਵ ਹੋਣ ਦੀ ਵਿਹਾਰਕਤਾ ਦੀ ਤਜਵੀਜ਼ ਪੇਸ਼ ਕਰਦੀ ਹੈ।

ਦੂਜੇ ਪਾਸੇ, ਜਿਨ੍ਹਾਂ ਫਿਰਕਿਆਂ ਨੂੰ 'ਕੈਬ' ਤੋਂ ਬਾਹਰ ਰੱਖਿਆ ਗਿਆ ਹੈ, ਉਨ੍ਹਾਂ ਲਈ ਸਾਫ ਸੰਦੇਸ਼ ਹੈ ਕਿ ਜੇ ਉਹ ਐਨ.ਆਰ.ਸੀ. ਤੋਂ ਬਾਹਰ ਰਹਿ ਗਏ ਹਨ ਤਾਂ ਉਹ ਘੋਰ ਬੇਯਕੀਨੇ ਭਵਿੱਖ ਅਤੇ ਅਸੁਰੱਖਿਆ ਦੇ ਹੀ ਹੱਕਦਾਰ ਹਨ। ਇਸ ਜ਼ਰੀਏ ਉਨ੍ਹਾਂ ਦੀ ਨਾਗਰਿਕਤਾ ਦਾ ਦਰਜਾ ਸੱਚਮੁੱਚ ਹੀ ਗੈਰਨਾਗਰਿਕਤਾ ਜਾਂ ਰਾਜ ਵਿਹੂਣੇ ਨਾਗਰਿਕਾਂ ਦਾ ਬਣਾ ਦਿੱਤਾ ਗਿਆ ਹੈ ਜੋ ਪਹਿਲਾਂ ਹੀ ਦੂਜੇ ਦਰਜੇ ਦੇ ਨਾਗਰਿਕ ਬਣਾ ਦਿੱਤੇ ਗਏ ਸਨ। "ਪਰਾਇਆਂ" ਨੂੰ ਅਲੱਗ-ਥਲੱਗ ਕਰਕੇ ਅਤੇ ਨਿਸ਼ਾਨਾ ਬਣਾ ਕੇ ਬਹੁਗਿਣਤੀ ਫਿਰਕੇ ਵਿਚ ਆਪਣਾ ਆਧਾਰ ਪੱਕਾ ਕਰਨ ਦੀ ਕੋਸ਼ਿਸ਼ 'ਚ ਸੱਤਾਧਾਰੀ ਪਾਰਟੀ ਦੀਆਂ ਇਨ੍ਹਾਂ ਪਾੜ ਪਾਊ ਅਤੇ ਸੰਕੀਰਨ ਗਿਣਤੀਆਂ-ਮਿਣਤੀਆਂ ਨੇ ਸਾਡੇ ਵੰਨ-ਸਵੰਨਤਾ ਅਤੇ ਨਾਬਰਾਬਰੀ ਵਾਲੇ ਸਮਾਜ ਅੰਦਰ ਬਹੁਪੱਖੀ ਦਰਾੜਾਂ ਪੈਦਾ ਕਰਨ ਦਾ ਖਤਰਾ ਪੈਦਾ ਕਰ ਦਿੱਤਾ ਹੈ।

ਅਸਾਮ ਵਿਚ 'ਕੈਬ' ਖਿਲਾਫ ਰੋਸ ਮੁਜ਼ਾਹਰਿਆਂ ਦਾ ਤਾਂਤਾ ਲੱਗ ਜਾਣ ਨਾਲ ਭਾਜਪਾ ਦਾ ਇਹ ਹੱਦੋਂ ਵੱਧ ਜੋਸ਼ੀਲਾ ਵਿਸ਼ਵਾਸ ਪਹਿਲਾਂ ਹੀ ਖੁਰਨਾ ਸ਼ੁਰੂ ਹੋ ਗਿਆ ਕਿ ਇਹ ਇਕ ਤੋਂ ਬਾਅਦ ਇਕ ਤਿਕੜਮਬਾਜ਼ੀਆਂ ਦਾ ਸਹਾਰਾ ਲੈ ਕੇ ਇਨ੍ਹਾਂ ਵਿਰੋਧਤਾਈਆਂ ਉਪਰ ਕਾਬੂ ਪਾ ਲਵੇਗੀ। ਬਹੁਪਰਤੀ ਵੰਨ-ਸਵੰਨਤਾਵਾਂ, ਨਾਬਰਾਬਰੀਆਂ ਅਤੇ ਟਕਰਾਵਾਂ ਵਾਲੇ ਸਮਾਜ ਵਿਚ ਅਵਾਮ ਨੂੰ ਮਨਘੜਤ "ਪਰਾਏ" ਖਿਲਾਫ ਖੜ੍ਹਾ ਕਰਨ ਦੀ ਸਿਆਸਤ ਨਾ ਤਾਂ ਸਥਿਰਤਾ ਵਾਲੀ ਅਤੇ ਟਿਕਾਊ ਹੋ ਸਕਦੀ ਹੈ ਅਤੇ ਨਾ ਹੀ ਇਸ ਨੂੰ ਪ੍ਰਯੋਗਸ਼ਾਲਾ ਦੇ ਤਜਰਬੇ ਦੀ ਤਰ੍ਹਾਂ ਕੰਟਰੋਲ ਕੀਤਾ ਜਾ ਸਕਦਾ ਹੈ। ਇਹ ਤਾਂ ਸਗੋਂ ਐਸੀਆਂ ਪਾਟਕ ਪਾਊ ਰੁਚੀਆਂ ਨੂੰ ਬੇਲਗਾਮ ਕਰ ਸਕਦੀ ਹੈ ਜੋ ਸਮਾਜ ਦੀ ਸਦਭਾਵਨਾ ਅਤੇ ਸ਼ਾਂਤੀ ਲਈ ਹੀ ਖਤਰਾ ਬਣ ਜਾਣਗੀਆਂ ਜਿਸ ਸ਼ਾਂਤੀ ਅਤੇ ਸਦਭਾਵਨਾ ਦੀ ਇੱਛਾ ਅਵਾਮ ਆਪਣੀ ਰੋਜ਼ਮਰਾ ਜ਼ਿੰਦਗੀ ਵਿਚ ਕਰਦੇ ਹਨ।

ਜੇ ਸੱਤਾਧਾਰੀ ਪਾਰਟੀ ਦੇ ਕੜਾਹਾ ਉਬਲਦਾ ਰੱਖਣ ਦੇ ਮਨਸੂਬੇ ਨੂੰ ਰੋਕਣਾ ਹੈ ਤਾਂ ਹਿੰਦੂਆਂ ਦੀ ਵਿਸ਼ਾਲ ਬਹੁਗਿਣਤੀ ਨੂੰ ਇਸ ਬਿਲ ਨੂੰ ਗੰਭੀਰਤਾ ਨਾਲ ਲੈਣਾ ਹੋਵੇਗਾ ਜਿਨ੍ਹਾਂ ਦੇ ਨਾਂ 'ਤੇ ਸੱਤਾਧਾਰੀ ਪਾਰਟੀ ਆਪਣਾ ਸੰਕੀਰਨ ਏਜੰਡਾ ਅੱਗੇ ਵਧਾ ਰਹੀ ਹੈ, ਤੇ ਜਿਸ ਨੂੰ ਉਨ੍ਹਾਂ ਵਿਚੋਂ ਜ਼ਿਆਦਾਤਰ ਹਿੱਸੇ ਮਨਜ਼ੂਰ ਨਹੀਂ ਕਰਨਗੇ। ਉਨ੍ਹਾਂ ਨੂੰ ਇਸ ਹਾਲੀਆ ਬਿਲ ਨੂੰ ਇਸ ਤਰ੍ਹਾਂ ਦੇਖਣਾ ਹੋਵੇਗਾ ਕਿ ਇਸ ਨਾਲ ਸੰਵਿਧਾਨ ਵਿਚ ਦਰਜ ਕਦਰਾਂ-ਕੀਮਤਾਂ ਦੀ ਹੋਂਦ ਹੀ ਖਤਰੇ ਦੇ ਮੂੰਹ ਆ ਗਈ ਹੈ ਅਤੇ ਉਨ੍ਹਾਂ ਨੂੰ ਇਨ੍ਹਾਂ ਕਦਰਾਂ-ਕੀਮਤਾਂ ਦੀ ਰਾਖੀ ਲਈ ਡਟਣਾ ਹੋਵੇਗਾ।

---

# ਨਾਗਰਿਕਤਾ ਦਾ ਮੁੱਦਾ ਤੇ ਸਦਭਾਵਨਾ

ਪਾਕਿਸਤਾਨ, ਬੰਗਲਾਦੇਸ਼ ਤੇ ਅਫਗਾਨਿਸਤਾਨ ਵਿਚੋਂ ਆਉਣ ਵਾਲੇ ਕਿਹੜੇ ਧਰਮਾਂ ਦੇ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇਣੀ ਹੈ ਅਤੇ ਕਿਹੜਿਆਂ ਨੂੰ ਨਹੀਂ, ਇਸ ਦਾ ਫੈਸਲਾ ਕਰਦਾ 'ਨਾਗਰਿਕਤਾ ਸੋਧ ਬਿੱਲ' ਸੰਸਦ ਵਿਚ ਪਾਸ ਹੋਣ ਤੋਂ ਬਾਅਦ ਹੁਣ ਕਾਨੂੰਨ ਬਣ ਚੁੱਕਾ ਹੈ। ਇਹ ਕਾਨੂੰਨ ਆਖਦਾ ਹੈ ਕਿ ਇਨ੍ਹਾਂ

**ਅਮਨਦੀਪ ਸਿੰਘ ਸੇਖੋਂ**

ਦੇਸ਼ਾਂ ਵਿਚੋਂ ਆਉਣ ਵਾਲਾ ਕੋਈ ਵੀ ਹਿੰਦੂ, ਸਿੱਖ, ਬੋਧੀ, ਜੈਨੀ ਜਾਂ ਇਸਾਈ ਭਾਰਤ ਦੀ ਨਾਗਰਿਕਤਾ ਲੈ ਸਕੇਗਾ। ਗੱਲ ਇਹ ਨਹੀਂ ਹੈ ਕਿ ਉਨ੍ਹਾਂ ਦੇਸ਼ਾਂ ਵਿਚੋਂ ਲੱਖਾਂ-ਕਰੋੜਾਂ ਲੋਕ ਸ਼ਰਨਾਰਥੀ ਬਣ ਕੇ ਆ ਰਹੇ ਹਨ ਬਲਕਿ ਸਰਕਾਰ ਨੇ ਆਪਣੇ ਹੀ ਦੇਸ਼ ਵਿਚ ਮਰਦਮਸ਼ੁਮਾਰੀ ਕਰਵਾ ਕੇ 'ਘੁਸਪੈਠੀਆਂ' ਦੀ ਨਿਸ਼ਾਨਦੇਹੀ ਕਰਨੀ ਹੈ, ਫਿਰ ਉਨ੍ਹਾਂ ਨੂੰ ਸ਼ਰਨਾਰਥੀ ਕੈਂਪਾਂ 'ਚ ਧੱਕ ਦੇਣਾ ਹੈ।

ਮਰਦਮਸ਼ੁਮਾਰੀ ਦੀ ਇਹ ਕਾਰਵਾਈ ਜਿਸ ਨੂੰ 'ਰਾਸ਼ਟਰੀ ਨਾਗਰਿਕਤਾ ਰਜਿਸਟਰ' ਆਖਿਆ ਜਾਂਦਾ ਹੈ, ਅਸਾਮ ਵਿਚ ਕੀਤੀ ਜਾ ਚੁੱਕੀ ਹੈ। ਇਹ ਕਾਰਵਾਈ ਅਸਾਮ ਦੇ ਲੋਕਾਂ ਦੀ ਖਾਸ ਮੰਗ ਉਤੇ ਕੀਤੀ ਗਈ ਸੀ। ਆਲ ਆਸਾਮ ਸਟੂਡੈਂਟਸ ਯੂਨੀਅਨ (ਆਸੂ) ਨੇ ਵੱਡਾ ਅੰਦੋਲਨ ਅਸਾਮ ਵਿਚ ਚਲਾਇਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਅਸਾਮ ਦੇ ਸਭਿਆਚਾਰ ਅਤੇ ਰੁਜ਼ਗਾਰ ਨੂੰ ਬਾਹਰੋਂ ਆ ਕੇ ਵਸਣ ਵਾਲੇ ਗੈਰ-ਆਸਾਮੀ ਲੋਕਾਂ ਤੋਂ ਖਤਰਾ ਹੈ। ਇਨ੍ਹਾਂ ਗੈਰ-ਆਸਾਮੀਆਂ ਵਿਚ ਪਹਿਲਾਂ ਤੋਂ ਹੀ ਆਸਾਮ ਵਿਚ ਵਸ ਚੁੱਕੇ ਬੰਗਾਲੀ, ਬਿਹਾਰੀ ਅਤੇ ਉਤਰ ਭਾਰਤੀ ਤਾਂ ਸਨ ਹੀ, ਪਰ 1971 ਵਿਚ ਬਹੁਤ ਸਾਰੇ ਬੰਗਲਾਦੇਸ਼ੀ ਵੀ ਸ਼ਾਮਿਲ ਹੋ ਗਏ। ਪਾਕਿਸਤਾਨੀ ਫੌਜ ਦੇ ਅਤਿਅਚਾਰਾਂ ਤੋਂ ਡਰਦੇ ਲੱਖਾਂ ਬੰਗਲਾਦੇਸ਼ੀ ਸ਼ਰਨਾਰਥੀ ਆਸਾਮ ਅਤੇ ਬੰਗਾਲ ਵਿਚ ਆਏ ਸਨ। ਕਈ ਤਾਂ ਜੰਗ ਦੇ ਖਾਤਮੇ ਪਿੱਛੋਂ ਵਾਪਸ ਚਲੇ ਗਏ ਪਰ ਕਈ ਇਥੇ ਹੀ ਵਸ ਗਏ। 'ਆਸੂ' ਦੇ ਅੰਦੋਲਨ ਤੋਂ ਭੜਕ ਕੇ ਆਸਾਮੀਆਂ ਨੇ ਗੈਰ-ਆਸਾਮੀਆਂ ਨੂੰ ਹਿੰਸਾ ਦਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੱਤਾ। ਸਥਿਤੀ ਜਦੋਂ ਬਹੁਤ ਗੰਭੀਰ ਹੋ ਗਈ ਤਾਂ 1987 ਵਿਚ ਰਾਜੀਵ ਗਾਂਧੀ ਦੀ ਸਰਕਾਰ ਨੇ ਆਸਾਮੀ ਨੇਤਾਵਾਂ ਨਾਲ ਸਮਝੌਤਾ ਕੀਤਾ ਸੀ ਜਿਸ ਦੀ ਸ਼ਰਤ ਸੀ ਕਿ 'ਰਾਸ਼ਟਰੀ ਨਾਗਰਿਕਤਾ ਰਜਿਸਟਰ' ਕਾਇਮ ਕੀਤਾ ਜਾਵੇਗਾ; ਜੋ ਬੰਗਲਾਦੇਸ਼ੀ 1971 ਤੋਂ ਪਿੱਛੋਂ ਭਾਰਤ ਵਿਚ ਆਏ ਹਨ, ਉਨ੍ਹਾਂ ਨੂੰ ਵਾਪਸ ਬੰਗਲਾਦੇਸ਼ ਭੇਜਿਆ ਜਾਵੇਗਾ।

ਆਸਾਮੀਆਂ ਦਾ ਇਤਰਾਜ਼ ਸਾਰੇ ਗੈਰ-ਆਸਾਮੀਆਂ, ਖਾਸ ਤੌਰ ਉਤੇ ਬੰਗਲਾਦੇਸ਼ੀਆਂ ਬਾਰੇ ਸੀ ਪਰ ਉਨ੍ਹਾਂ ਲਈ ਹਿੰਦੂ ਮੁਸਲਮਾਨ ਵਿਚ ਕੋਈ ਫਰਕ ਨਹੀਂ ਸੀ। ਆਸਾਮ ਵਿਚ ਲੱਖਾਂ ਹੀ ਮੁਸਲਮਾਨ 1947 ਤੋਂ ਪਹਿਲਾਂ ਵੀ ਰਹਿੰਦੇ ਸਨ ਪਰ ਭਾਜਪਾ ਨੇ ਅਸਾਮ ਦੇ ਲੋਕਾਂ ਦੀ ਨਾਗਰਿਕਤਾ ਰਜਿਸਟਰ ਦੀ ਮੰਗ ਨੂੰ ਫਿਰਕੂ ਰੰਗਤ ਦੇਣੀ ਸ਼ੁਰੂ ਕੀਤੀ। ਇਹ ਪ੍ਰਚਾਰ ਵਿੱਢਿਆ ਕਿ 4 ਕਰੋੜ ਤੋਂ ਵੱਧ ਬੰਗਲਾਦੇਸ਼ੀ ਮੁਸਲਮਾਨ ਭਾਰਤ ਵਿਚ ਵੜ ਆਏ ਹਨ ਅਤੇ ਇਕੱਲੇ ਆਸਾਮ ਵਿਚ 50 ਲੱਖ ਤੋਂ ਵੱਧ ਬੰਗਲਾਦੇਸ਼ੀ ਹਨ।

ਆਸਾਮ ਦੇ ਭਾਜਪਾ ਆਗੂ ਅਤੇ ਹੁਣ ਮੁੱਖ ਮੰਤਰੀ ਸੋਨੋਵਾਲ ਨੇ ਸੁਪਰੀਮ ਕੋਰਟ ਵਿਚ ਰਾਜੀਵ-ਗਾਂਧੀ ਵਾਲਾ ਸਮਝੌਤਾ ਲਾਗੂ ਕਰਵਾਉਣ ਲਈ ਮੁਕੱਦਮਾ ਕਰ ਦਿੱਤਾ। 2014 ਵਿਚ ਅਦਾਲਤ ਨੇ ਆਪਣੀ ਨਿਗਰਾਨੀ ਵਿਚ ਨਾਗਰਿਕਤਾ ਰਜਿਸਟਰ ਕਾਇਮ ਕਰ ਕੇ ਘੁਸਪੈਠੀਆਂ ਦਾ ਪਤਾ ਲਗਾਉਣ ਦੀ ਕਵਾਇਦ ਸ਼ੁਰੂ ਕਰ ਦਿੱਤੀ।

ਉਂਜ, ਇਸ ਨਾਗਰਿਕਤਾ ਰਜਿਸਟਰ ਦੇ ਜੋ ਨਤੀਜੇ ਆਏ, ਉਨ੍ਹਾਂ ਨੇ ਭਾਜਪਾ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ। ਕਿਥੇ ਤਾਂ ਦਾਅਵਾ 50 ਲੱਖ ਘੁਸਪੈਠੀਆਂ ਦਾ ਸੀ ਪਰ ਸਾਰੀ ਕਾਰਵਾਈ ਵਿਚ ਕੇਵਲ 19 ਲੱਖ ਹੀ ਅਜਿਹੇ ਲੋਕ ਲੱਭੇ ਜਾ ਸਕੇ ਹਨ ਜੋ ਇਹ ਸਾਬਤ ਨਹੀਂ ਕਰ ਸਕੇ ਕਿ ਉਨ੍ਹਾਂ ਦੇ ਪੁਰਖੇ 1971 ਤੋਂ ਪਹਿਲਾਂ ਭਾਰਤ ਦੇ ਵਾਸੀ ਸਨ; ਉਨ੍ਹਾਂ ਵਿਚੋਂ ਵੀ 12 ਲੱਖ ਹਿੰਦੂ ਹਨ। ਨਾਗਰਿਕਤਾ ਕਾਨੂੰਨ ਬਣਨ ਨਾਲ 12 ਲੱਖ ਹਿੰਦੂਆਂ ਬੰਗਲਾਦੇਸ਼ੀਆਂ ਨੂੰ ਨਾਗਰਿਕਤਾ ਦੇ ਦਿੱਤੀ ਜਾਵੇਗੀ।

ਹੁਣ ਭਾਜਪਾ ਨੇ ਇਹ ਐਲਾਨ ਕਰ ਦਿੱਤਾ ਹੈ ਕਿ ਨਾਗਰਿਕਤਾ ਰਜਿਸਟਰ ਦੀ ਇਹ ਕਾਰਵਾਈ ਸਾਰੇ ਦੇਸ਼ ਵਿਚ ਕਰਨੀ ਹੈ। ਭਾਜਪਾ ਦਾ ਕਹਿਣਾ ਹੈ ਕਿ 'ਘੁਸਪੈਠੀਏ' ਸਾਰੇ ਦੇਸ਼ ਵਿਚ ਫੈਲ ਗਏ ਹਨ। ਜੇ ਭਾਜਪਾ 50 ਲੱਖ ਬੰਗਲਾਦੇਸ਼ੀ ਘੁਸਪੈਠੀਏ ਅਸਾਮ ਵਿਚੋਂ ਲੱਭਦੀ-ਲੱਭਦੀ ਕੇਵਲ 19 ਲੱਖ ਹੀ ਲੱਭ ਸਕੀ ਹੈ ਤਾਂ ਪੂਰੇ ਦੇਸ਼ ਵਿਚੋਂ ਕੀ ਲੱਭ ਸਕੇਗੀ? ਹੋ ਸਕਦਾ ਹੈ ਕਿ ਪੂਰੇ ਦੇਸ਼ ਲਈ ਨਾਗਰਿਕਤਾ ਸਾਬਿਤ ਕਰਨ ਦਾ ਸਾਲ 1971 ਤੋਂ ਘਟਾ ਕੇ 1947 ਕਰ ਦਿੱਤਾ ਜਾਵੇ! ਇਸ ਲਈ, ਜਿਵੇਂ ਨੋਟਬੰਦੀ ਵੇਲੇ ਲੋਕ ਕਾਲਾ ਧਨ ਲੱਭਣ ਲਈ ਕਤਾਰਾਂ ਵਿਚ ਲੱਗੇ ਸੀ, ਉਵੇਂ ਹੀ ਨਾਗਰਿਕਤਾ ਸਾਬਿਤ ਕਰਨ ਲਈ ਕਤਾਰਾਂ ਵਿਚ ਲੱਗਣ ਲਈ ਤਿਆਰ ਰਹੋ।

ਦੇਸ਼ ਭਰ ਵਿਚ ਨਾਗਰਿਕਤਾ ਰਜਿਸਟਰ ਲਾਗੂ ਕਰਨ ਉਤੇ 5 ਲੱਖ ਕਰੋੜ ਰੁਪਏ ਦਾ ਖਰਚਾ ਆਵੇਗਾ, ਸਰਕਾਰ ਨੂੰ ਇਸ ਦੀ ਵੀ ਕੋਈ ਚਿੰਤਾ ਨਹੀਂ। ਦੇਸ਼ ਵਿਚ ਪੂੰਜੀ ਲਗਾਉਣ ਲਈ ਕੋਈ ਤਿਆਰ ਨਹੀਂ ਕਿਉਂਕਿ ਭਾਜਪਾ ਦੇ ਕਰਿੰਦਿਆਂ ਦੀ ਅਰਾਜਕਤਾ ਨੇ ਨਿਵੇਸ਼ਕਾਂ ਨੂੰ ਡਰਾ ਦਿੱਤਾ ਹੈ। ਜੇ ਰਾਜਸੀ ਅਤੇ ਸਮਾਜਿਕ ਉਥਲ-ਪੁਥਲ ਹੋਰ ਵਧੀ ਤਾਂ ਭਾਰਤੀ ਨਿਵੇਸ਼ਕ ਵੀ ਬਾਹਰ ਦਾ ਰਾਹ ਫੜ ਲੈਣਗੇ।

ਆਪਣੀ ਕੁਰਸੀ ਤੋਂ ਉਪਰ ਦੇਖ ਸਕਣ ਦੀ ਨਜ਼ਰ ਜੇ ਸਾਡੇ ਨੇਤਾਵਾਂ ਵਿਚ ਨਹੀਂ ਤਾਂ ਪਰਵਾਹ ਸਾਡੇ ਦੇਸ਼ ਦੀ ਆਵਾਮ ਨੂੰ ਵੀ ਨਹੀਂ। ਅਵਾਮ ਨੂੰ ਵੀ 'ਨਾਗਰਿਕਤਾ ਸੋਧ ਬਿੱਲ' ਜਾਂ 'ਨਾਗਰਿਕਤਾ ਰਜਿਸਟਰ' ਨਾਲੋਂ ਵੱਧ ਫਿਕਰ ਗੰਢਿਆਂ ਦੇ ਭਾਅ ਦੀ ਹੀ ਹੈ।

**ਅਣਫੋਲਿਆ ਵਰਕਾ**

# ਕਮਿਊਨਿਸਟ ਇੰਦਰ ਸਿੰਘ ਮੁਰਾਰੀ

## *ਸ਼ਿਵਨਾਥ ਦੀਆਂ ਇੰਦਰ ਸਿੰਘ ਮੁਰਾਰੀ (1895 ਤੋਂ 1981) ਨਾਲ ਗੱਲਾਂ*

ਜਿਨ੍ਹੀਂ ਦਿਨੀਂ ਫਸਾਦ ਸ਼ੁਰੂ ਹੋਏ, ਅਸੀਂ ਲਾਹੌਰ ਤੇਜਾ ਸਿੰਘ ਸੁਤੰਤਰ ਦੀ ਕੋਠੀ ਵਿਚ ਰਹਿੰਦੇ ਸਾਂ। ਇਸ ਥਾਂ ਬੜੀਆਂ ਮੀਟਿੰਗਾਂ ਹੋਈਆਂ ਸਨ। ਕਮਿਊਨਿਸਟ ਪਾਰਟੀ ਦੇ ਕਿਸੇ ਕੰਮ ਮੈਨੂੰ ਸਿਆਲਕੋਟ ਘੱਲਿਆ ਗਿਆ, ਤਾਂ ਉਥੇ ਜਾਂਦਿਆਂ ਨੂੰ ਕਰਫਿਊ ਦਾ ਅਲਾਰਮ! ਲੁਕ-ਲੁਕਾ ਕੇ ਪਾਰਟੀ ਦਫਤਰ ਪੁੱਜਾ ਤਾਂ ਅੱਗੋਂ ਬੂਹਾ ਬੰਦ। ਸੋ ਰਾਤ ਗੁਰਦੁਆਰੇ ਹੀ ਕੱਟਣੀ ਪਈ।

ਦਿਨੇ ਉਠ ਦਫਤਰ ਅੱਪੜਿਆ। ਵੇਖ ਕੇ ਮੁਸਲਮਾਨ ਕਾਮਰੇਡ ਦਾ ਰੰਗ ਫੱਕ। ਆਖੇ, ਤੂੰ ਇਥੇ ਆਉਣ ਦੀ ਬੜੀ ਭੁੱਲ ਕੀਤੀ ਏ, ਘੜੀ-ਘੜੀ ਪਿੱਛੋਂ ਤਾਂ ਇਥੇ ਛੁਰੇ ਚਲ ਰਹੇ ਨੇ।

ਉਸ ਨਾਲ ਦੀ ਦੁਕਾਨ ਤੋਂ ਮੇਰੇ ਖਾਣ ਲਈ ਕੁਝ ਲਿਆ ਕੇ ਦਿੱਤਾ ਤੇ ਫਿਰ ਓਸੇ ਵੇਲੇ ਮੇਰੇ ਨਾਲ ਜਾ ਕੇ ਬੱਸ 'ਤੇ ਬਿਠਾ ਕੇ ਮੈਨੂੰ ਲਾਹੌਰ ਤੋਰ ਦਿੱਤਾ। ਬੱਸ ਵੀ ਉਹ ਫੜ ਕੇ ਦਿੱਤੀ, ਜਿਹਦੇ ਡਰਾਈਵਰ ਤੇ ਕੰਡਕਟਰ ਉਹਦੇ ਜਾਣੂੰ ਸਨ। ਉਸ ਉਨ੍ਹਾਂ ਨੂੰ ਸਮਝਾ ਕੇ ਪੱਕੀ ਕੀਤੀ ਕਿ ਇਹਨੂੰ (ਮੈਨੂੰ) ਆਪਣੀ ਨਿਗਰਾਨੀ 'ਚ ਅਪੜਾ ਕੇ ਆਉਣਾ ਹੈ। ਜਾਂਦਿਆਂ ਨੂੰ ਲਾਹੌਰ ਵੀ ਸੁੰਨ-ਮਸਾਣ। ਕਰਫਿਊ ਇਥੇ ਵੀ ਲੱਗ ਚੁਕਾ ਸੀ।

ਕਿਸੇ ਤਰ੍ਹਾਂ ਆਪਣੇ ਟਿਕਾਣੇ ਪੁੱਜਾ। ਸਾਰੇ ਸਾਥੀਆਂ ਦੇ ਮੂੰਹ ਉਤਰੇ ਹੋਏ ਸਨ, ਗੜਬੜ ਸ਼ਹਿਰ ਦੇ ਬਾਕੀ ਹਿੱਸਿਆਂ ਵਿਚ ਵੀ ਫੈਲ ਗਈ ਸੀ। ਬੜੀ ਸੋਚ-ਵਿਚਾਰ ਪਿਛੋਂ ਫੈਸਲਾ ਹੋਇਆ ਕਿ ਸੁਤੰਤਰ, ਉਹਦੀ ਪਤਨੀ, ਧੀ ਤੇ ਰਾਮ ਸਿੰਘ (ਦੱਤ) ਨੂੰ ਕੱਢ ਕੇ ਅੰਮ੍ਰਿਤਸਰ ਘੱਲ ਦਿੱਤਾ ਜਾਵੇ।

ਇਸ ਕੰਮ ਦੀ ਡਿਊਟੀ ਸੁਰੈਣ ਸਿੰਘ ਖੇਲੇ ਨੇ ਆਪਣੇ ਸਿਰ ਲੈ ਲਈ, ਪਰ ਟੈਕਸੀ ਦਾ ਪਤਾ ਕਰਨ ਗਿਆ, ਉਹ ਆਪ ਹੀ ਮਾਰਿਆ ਜਾਣ ਲੱਗਾ ਸੀ। ਪਤਾ ਨਹੀਂ ਕਿਵੇਂ ਮੁਸਲਮਾਨਾਂ ਦੇ ਟੋਲੇ ਨੂੰ ਸ਼ੱਕ ਪੈ ਗਿਆ ਤੇ ਉਹਨੂੰ ਫੜ ਕੇ ਨੰਗਾ ਕਰਨ ਲੱਗੇ ਸਨ ਕਿ ਉਤੋਂ ਕੁਝ ਹੋਰ ਬੰਦੇ ਆ ਗਏ। ਉਹ ਪਾਰਟੀ ਦੇ ਹਮਦਰਦ ਸਨ; ਉਨ੍ਹਾਂ ਇਹ ਆਖ ਕੇ ਸੁਰੈਣ ਸਿੰਘ ਨੂੰ ਛੁੜਾ ਲਿਆ, "ਭਰਾਓ, ਕਿਉਂ ਬੇਇੱਜਤੀ ਕਰਦੇ ਹੋ? ਇਹ ਤਾਂ ਆਪਣਾ ਈ ਅਬਦੁੱਲ ਰਹਿਮਾਨ ਏ।" ਉਨ੍ਹਾਂ ਫੇਰ ਟੈਕਸੀ ਦਾ ਪ੍ਰਬੰਧ ਵੀ ਕਰ ਦਿੱਤਾ, ਜਿਸ ਵਿਚ ਉਹ ਸੁਤੰਤਰ ਹੋਰਾਂ ਨੂੰ ਸਰਹੱਦੋਂ ਪਾਰ ਲੰਘਾ ਆਇਆ ਸੀ।

ਹੁਣ ਬਾਕੀ ਜਿੰਨੇ ਵੀ ਅਸੀਂ ਕੋਠੀ ਵਿਚ ਰਹਿ ਗਏ ਸਾਂ, ਸਭ ਦੇ ਦਾੜ੍ਹੀ-ਕੇਸ ਮੁਨਾਏ ਹੋਏ ਸਨ। ਜੇ ਕੋਈ ਪੁੱਛੇ ਤਾਂ ਆਖੀਏ, "ਅਸੀਂ ਅੰਮ੍ਰਿਤਸਰ ਦੀ ਉਸ ਕੋਠੀ 'ਚੋਂ ਆਏ ਹਾਂ, ਜਿਦ੍ਹੇ ਵਿਚ ਹੁਣ ਇਸ ਕੋਠੀ ਵਾਲਾ ਸਰਦਾਰ ਗਿਆ ਏ।" ਉਂਜ ਅਸੀਂ ਘਬਰਾਈਏ ਵੀ।

ਫਿਰ ਇਕ ਦਿਨ ਮੈਂ ਤੇ ਨਿਰੰਜਣ ਸਿੰਘ, ਜੋ ਆਜ਼ਾਦ ਹਿੰਦ ਫੌਜ ਦਾ ਬੰਦਾ ਸੀ, ਸੁਤੰਤਰ ਦੀ ਟਾਈਪ ਮਸ਼ੀਨ ਤੇ ਕੁਝ ਕਿਤਾਬਾਂ ਲੈ ਕੇ ਕੋਠੀ 'ਚੋਂ ਬਾਹਰ ਨਿਕਲੇ। ਹਸਪਤਾਲ ਨੂੰ ਟਾਂਗਾ ਫੜਿਆ ਤੇ ਉਥੋਂ ਉਤਰ ਕੇ ਰਫਿਊਜੀ ਕੈਂਪ ਵਿਚ ਜਾ ਵੜੇ। ਕੁਦਰਤੀ ਸਾਡੇ ਖਲੋਤਿਆਂ ਡੋਗਰਾ ਮਿਲਟਰੀ ਦਾ ਕੋਈ ਸੂਬੇਦਾਰ ਕੈਂਪ 'ਚ ਆਣ ਵੜਿਆ। ਉਹ ਆਪਣੇ ਨਾਲ ਰਾਵਲਪਿੰਡੀਓਂ ਸੱਤ ਜੀਆਂ ਵੀ ਭਜਾ ਲਿਆਇਆ ਸੀ। ਉਹਨੂੰ ਵੇਖਦਿਆਂ ਹੀ ਨਿਰੰਜਣ ਸਿੰਘ ਨੇ ਜਾ ਸਲੂਟ ਮਾਰਿਆ। ਉਹਦੇ ਸਲੂਟ ਨੇ ਇੰਨਾ ਕੰਮ ਕੀਤਾ ਕਿ ਸੂਬੇਦਾਰ ਸਾਨੂੰ ਅੰਮ੍ਰਿਤਸਰ ਤਕ ਲੈ ਜਾਣਾ ਮੰਨ ਗਿਆ।

ਅੰਮ੍ਰਿਤਸਰ ਪੁੱਜ ਕੇ ਅਸਾਂ ਸੁਤੰਤਰ ਦਾ ਪਤਾ ਕੀਤਾ। ਉਹ ਜਲੰਧਰ ਵੱਲ ਗਿਆ ਹੋਇਆ ਸੀ। ਜਲੰਧਰੋਂ ਦੰਦੂਆਲ ਦੀ ਦੱਸ ਪਈ, ਜੋ ਕਾਮਰੇਡ ਚੈਨ ਦਾ ਪਿੰਡ ਹੈ। ਉਥੇ ਵੀ ਸਾਡਾ ਮੇਲ ਨਾ ਹੋਇਆ। ਚੈਨ ਆਪ ਵੀ ਘਰ ਨਹੀਂ ਸੀ। ਪਿੰਡ ਵਾਲਿਆਂ ਨਾਲ ਬੰਦਾ ਦੇ ਕੇ ਕਾਮਰੇਡ ਗੁਰਚਰਨ ਸਿੰਘ ਰੰਧਾਵਾ ਦੇ ਪਿੰਡ ਤੋਰ ਦਿੱਤਾ। ਉਹ ਬੰਦਾ ਰਾਹ 'ਚੋਂ ਹੀ ਮੁੜ ਗਿਆ। ਇਕ ਤਾਂ ਸ਼ਾਮ ਦਾ ਵੇਲਾ ਸੀ ਤੇ ਦੂਜਾ ਲੱਕ-ਲੱਕ ਪਾਣੀ ਫਿਰਦਾ ਸੀ। ਮੀਂਹ ਬੜੇ ਪੈ ਰਹੇ ਸਨ।

ਰੰਧਾਵੇ ਸਾਡੇ ਜਾਂਦਿਆਂ ਨੂੰ ਸੁਤੰਤਰ ਤਿਆਰ ਬੈਠਾ ਸੀ। ਉਹ ਉਨ੍ਹੀਂ ਦਿਨੀਂ ਕਿਸੇ ਇਕ ਥਾਂ ਨਹੀਂ ਸੀ ਅਟਕਦਾ। ਥਾਂ-ਥਾਂ ਪਹੁੰਚ ਕੇ ਬਚੇ-ਖੁਚੇ ਮੁਸਲਮਾਨਾਂ ਨੂੰ ਕੱਢ ਕੇ ਕੈਂਪਾਂ ਵਿਚ ਅਪੜਾਉਣ ਦੇ ਜਤਨ ਕਰਦਾ ਸੀ। ਖਾਸ ਕਰ ਉਨ੍ਹਾਂ ਕੁੜੀਆਂ, ਔਰਤਾਂ ਬਾਬਤ ਤਾਂ ਉਹ ਬਹੁਤਾ ਹੀ ਜਜ਼ਬਾਤੀ ਸੀ, ਜੋ ਧੱਕੇ ਨਾਲ ਲੋਕਾਂ ਨੇ ਆਪਣੇ ਘਰੀਂ ਪਾ ਰੱਖੀਆਂ ਸਨ। ਉਹ ਅਜਿਹੇ ਮਸਲੇ ਬੜੇ ਠੰਢੇ ਦਿਮਾਗ ਨਾਲ ਹੱਲ ਕਰਦਾ। ਨਾਲ ਆਪਣੇ ਸਾਥੀਆਂ ਨੂੰ ਵੀ ਸਮਝਾ ਕੇ ਰੱਖਣਾ ਕਿ ਐਸੀ ਹਾਲਤ ਵਿਚ ਆਪਣੇ ਆਪ ਨੂੰ ਕਿਵੇਂ ਬਚਾਅ ਕੇ ਰੱਖਣਾ ਹੈ। ਖੈਰ, ਉਹ ਉਥੋਂ ਬਾਬੇ ਕਰਮ ਸਿੰਘ ਦੇ ਪਿੰਡ ਚੀਮਿਆਂ ਨੂੰ ਚੱਲਿਆ ਸੀ। ਰੋਟੀ ਖੁਆ ਕੇ ਸਾਨੂੰ ਵੀ ਆਪਣੇ ਨਾਲ ਤੋਰ ਲਿਆ।

ਬਾਬੇ ਦੇ ਪਿੰਡੋਂ ਹੁੰਦੇ ਅਸੀਂ ਰੁੜਕੇ ਪਹੁੰਚੇ। ਜਾਂਦਿਆਂ ਨੂੰ ਦੇਖਿਆ ਕਿ 'ਲੋਕਾਂ' ਨੇ ਮੁਸਲਮਾਨਾਂ ਨੂੰ ਮਸੀਤ ਢਾਹੁਣ ਲਾਇਆ ਹੋਇਆ ਏ, ਪਰ ਉਹ ਇੰਨੇ ਸਹਿਮੇ ਹੋਏ ਸਨ ਕਿ ਸਾਨੂੰ ਵੇਖਦਿਆਂ ਹੀ ਸਲਾਮਾਂ ਕਰਨ ਲਗ ਪਏ। ਉਸ ਵੇਲੇ ਸੁਤੰਤਰ ਦੀ ਹਾਲਤ ਵੇਖਣ ਵਾਲੀ ਸੀ। ਉਹਦਾ ਇਕ ਪੈਰ ਮਸੀਤ ਵਲ ਵਧੇ ਤੇ ਦੂਜਾ ਆਪਣੇ ਰਸਤੇ ਤੁਰੀ ਜਾਣ ਵਲ। ਉਹ ਆਪਣੀਆਂ ਉਂਗਲਾਂ ਦੇ ਕੜਾਕੇ ਕੱਢਦਾ ਮੈਂ ਦੇਖਿਆ ਸੀ।

ਉਨ੍ਹੀਂ ਦਿਨੀਂ ਸਾਡੀ ਪਾਰਟੀ ਦੇ ਬੜੇ ਆਦਮੀ ਕਤਲ ਹੋਏ। ਸਾਥੀ ਮੇਘ ਸਿੰਘ, ਸੂਬਾ ਸਿੰਘ ਕੋਟ ਧਰਮ ਚੰਦ ਤੇ ਕਾਮਰੇਡ ਗਹਿਲ ਸਿੰਘ ਛੱਜਲਵੱਢੀ ਜਿਹੇ ਸਿਰਕੱਢ ਬੰਦਿਆਂ ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇੱਥੋਂ ਤਕ ਕਿ ਉਨ੍ਹਾਂ ਨੇ ਤਾਂ ਜੱਲ੍ਹਿਆਂਵਾਲੇ ਬਾਗ ਦੇ ਹੀਰੋ ਹਿੰਦੂ-ਮੁਸਲਿਮ ਏਕੇ ਦੇ ਨਿਸ਼ਾਨ ਡਾ. ਸੈਫ-ਉਦ-ਦੀਨ ਕਿਚਲੂ ਨੂੰ ਵੀ ਨਹੀਂ ਸੀ ਬਖਸ਼ਿਆ।

ਹਿੰਦੂ-ਸਿੱਖ ਜਨੂਨੀਆਂ ਨੇ ਅੰਮ੍ਰਿਤਸਰ ਕਚਹਿਰੀ ਰੋਡ 'ਤੇ ਕਿਚਲੂ ਦੀ ਕੋਠੀ ਨੂੰ ਘੇਰਾ ਪਾ ਲਿਆ। ਇਸ ਗੱਲ ਦਾ ਸੁਤੰਤਰ ਨੂੰ ਬੜਾ ਫਿਕਰ ਸੀ। ਸਵਾਲ ਇਕ ਬੰਦੇ ਦੀ ਜ਼ਿੰਦਗੀ ਬਚਾਉਣ ਦਾ ਨਹੀਂ ਸੀ। ਅਸੀਂ ਚਾਲੀ ਬੰਦੇ ਸਾਂ ਹਥਿਆਰਬੰਦ; ਇੱਕੋ ਜਿਹੇ, ਜੋ ਦਿਨ-ਰਾਤ ਕਿਚਲੂ ਦੇ ਘਰ ਦੁਆਲੇ ਪਹਿਰਾ ਦਿੰਦੇ ਰਹੇ। ਕੋਈ ਮਹੀਨਾ ਕੁ ਇਹ ਕੰਮ ਚਲਦਾ ਰਿਹਾ। ਫਿਰ ਇਕ ਦਿਨ ਮੌਕਾ ਤਾੜ ਕੇ ਅਸੀਂ ਉਹਨੂੰ ਬਾਹਰ ਕੱਢ ਕੇ ਦਿੱਲੀ ਪਹੁੰਚਾ ਕੇ ਆਏ। ਇਸ ਗੱਲ ਦਾ ਅਹਿਸਾਨ ਕਿਚਲੂ ਨੇ ਆਖਰੀ ਸਾਹ ਤਕ ਨਹੀਂ ਸੀ ਭੁਲਾਇਆ।

ਇਕ ਵਾਰੀ ਕਿਸੇ ਨੇ ਕਿਚਲੂ ਨੂੰ ਪੁੱਛਿਆ, "ਤੁਸੀਂ ਸੁਤੰਤਰ ਨੂੰ ਬਦਲੇ ਭੇਸ 'ਚ ਕਿਵੇਂ ਸਿਆਣ ਲੈਂਦੇ ਹੋ?" ਕਿਚਲੂ ਹੱਸ ਕੇ ਆਖਣ ਲੱਗਾ, "ਖੁਦਾ ਕਿਸੇ ਵੀ ਭੇਸ 'ਚ ਹੋਵੇ, ਵੇਖਣ ਵਾਲੀ ਅੱਖ ਨੂੰ ਉਸ ਦੀ ਰਹਿਮਤ ਦਾ ਝਲਕਾਰਾ ਸਾਫ ਨਜ਼ਰ ਆਵੇਗਾ।" ਤੇ ਇਹ ਸੱਚ ਸੀ ਕਿ ਉਹ ਕਾਮਰੇਡ ਸੁਤੰਤਰ ਦਾ ਤੇ ਸੁਤੰਤਰ ਉਹਦਾ ਰੱਬ ਨਾਲੋਂ ਵੀ ਬਹੁਤਾ ਸਤਿਕਾਰ ਕਰਦੇ ਸਨ।

ਰੁੜਕਿਓਂ ਨਿਕਲ ਕੇ ਅੱਗੇ ਨੂੰ ਜਾਣ ਲੱਗੇ ਸਾਂ ਕਿ ਕੋਈ ਆਦਮੀ ਸੁਤੰਤਰ ਨੂੰ ਬਾਹੋਂ ਫੜ ਕੇ ਉਸ ਮਕਾਨ 'ਚ ਲੈ ਗਿਆ, ਜਿੱਥੇ ਉਹਨੇ ਫਸਾਦੀਆਂ ਤੋਂ ਲੁਕੋਏ ਮੁਸਲਮਾਨ ਰੱਖੇ ਹੋਏ ਸਨ। ਰੰਗ ਵਿਚਾਰਿਆਂ ਦੇ ਫੱਕ। ਸਾਰੇ ਹਮਦਰਦੀ ਦੇ ਬੋਲ ਸੁਣ ਕੇ ਰੋਣ ਲੱਗੇ। ਸੁਤੰਤਰ ਨੇ ਉਨ੍ਹਾਂ ਨੂੰ ਹੌਸਲਾ ਦਿੱਤਾ।

ਕਿਸੇ ਕਾਮਰੇਡ ਨੇ ਮਸਲਾ ਪੇਸ਼ ਕੀਤਾ ਕਿ ਕਾਮਰੇਡ ਮੁਬਾਰਕ ਸਾਗਰ ਦੀ ਭਤੀਜੀ ਦਾ ਕੀ ਕਰੀਏ? ਕਾਲਜ ਦੀ ਵਿਦਿਆਰਥਣ ਫਸਾਦੀਆਂ ਦੇ ਘੇਰੇ 'ਚੋਂ ਨੱਸ ਕੇ ਕਿਸੇ ਪਿੰਡ ਵਿਚ ਜਾ ਵੜੀ। ਪਿੰਡ ਵਾਲਿਆਂ ਉਹਨੂੰ ਆਪਣੇ ਟੱਬਰ 'ਚ ਹੀ ਲੁਕੋ ਲਿਆ। ਉਹ ਕਿਸੇ ਕੈਂਪ 'ਚ ਨਹੀਂ ਸੀ ਜਾਣਾ ਚਾਹੁੰਦੀ; ਕਹਿੰਦੀ, ਮੈਨੂੰ ਤਾਂ ਹੁਣ ਆਪਣੇ ਮੁਸਲਮਾਨ ਭਰਾਵਾਂ 'ਤੇ ਵੀ ਇਤਬਾਰ ਨਹੀਂ ਰਿਹਾ। ਸੁਤੰਤਰ ਨੇ ਉਹਦੇ ਚਾਚੇ ਦੇ ਜਾਣੂ ਸਾਥੀਆਂ ਦੀ ਡਿਊਟੀ ਲਾਈ। ਉਹ ਉਹਨੂੰ ਇਹ ਆਖ ਕੇ ਨਾਲ ਤੋਰ ਲਿਆਏ ਕਿ ਅਸੀਂ ਤੈਨੂੰ ਲਾਹੌਰ ਅਪੜਾ ਕੇ ਆਵਾਂਗੇ।

ਆਖ-ਵੇਖ ਕੇ ਪਾਕਿਸਤਾਨੀ ਅਫਸਰਾਂ ਨੂੰ ਵੀ ਮਨਾ ਲਿਆ ਤੇ ਇਸ ਸ਼ਰਤ 'ਤੇ ਇਕ ਆਦਮੀ ਨੂੰ ਨਾਲ ਜਾਣ ਦੀ ਉਨ੍ਹਾਂ ਇਜਾਜ਼ਤ ਦੇ ਦਿੱਤੀ ਕਿ ਉਹ ਆਪ ਮੁਸਲਮਾਨ ਦੇ ਭੇਸ 'ਚ ਹੋਵੇ, ਤੇ ਰਾਖੀ ਦੀ ਗਾਰੰਟੀ ਵੀ ਸਿਰਫ ਲਾਹੌਰ ਤਕ ਦੀ ਦਿੱਤੀ। ਇਸ ਕੰਮ ਲਈ ਮੈਨੂੰ ਤਿਆਰ ਕੀਤਾ ਗਿਆ। ਜਦ ਲਾਹੌਰ ਅੱਪੜ ਕੇ ਕੁੜੀ ਨੂੰ ਕੈਂਪ ਵਿਚ ਛੱਡਣ ਲੱਗਾ, ਤਾਂ ਉਹ ਮੇਰੇ ਨਾਲ ਚੰਬੜ ਕੇ ਰੋਣ ਲਗ ਪਈ। ਮੈਂ ਆਖਿਆ, "ਹੌਸਲਾ ਕਰ। ਰੋ-ਰੋ ਤੂੰ ਮੈਨੂੰ ਮੁਸੀਬਤ 'ਚ ਪਾ ਦੇਵੇਂਗੀ।"

ਮੇਰੀ ਗੱਲ ਸੁਣ ਉਸ ਆਪਣੇ ਹੰਝੂ ਪੂੰਝ ਲਏ, ਪਰ ਕੋਲ ਖਲੋਤੀਆਂ ਔਰਤਾਂ ਸਵਾਲ ਪੁੱਛਣ ਲੱਗੀਆਂ। ਉਹ ਆਖਣ ਲੱਗੀ, "ਇਹ ਮੇਰਾ ਚਚੇਰਾ ਭਰਾ ਏ। ਮੈਨੂੰ ਅੰਬਰਸਰੋਂ ਲੈ ਕੇ ਆਇਐ। ਹੁਣ ਮੇਰੇ ਅੱਬੂ ਦਾ ਪਤਾ ਕਰਨ ਚੱਲਿਆ ਜੇ।"

ਮੈਂ ਸੁਤੰਤਰ ਦੀ ਕੋਠੀਓਂ ਜਾ ਕੇ ਉਹਦਾ ਕੁਝ ਹੋਰ ਸਾਮਾਨ ਲਿਆਉਣਾ ਸੀ, ਜਿੱਥੇ ਮੇਰੇ ਨਾਲ ਗੁਰਚਰਨ ਸਿੰਘ ਸਹਿੰਸਰਾ ਵੀ ਤਿਆਰ ਹੋ ਗਿਆ। ਸਾਨੂੰ ਕੈਂਪ 'ਚ ਉਹ ਲਾਰੀ ਮਿਲ ਗਈ, ਜੋ ਓਧਰ ਰਹਿ ਗਏ ਹਿੰਦੂਆਂ-ਸਿੱਖਾਂ ਨੂੰ ਤੇ ਏਧਰੋਂ ਮੁਸਲਮਾਨਾਂ ਨੂੰ ਲਿਜਾਂਦੀ ਸੀ। ਪਹਿਲਾਂ ਤਾਂ ਡਰਦਾ ਉਹਦੇ ਵਿਚ ਕੋਈ ਪੈਰ ਹੀ ਨਾ ਧਰੇ, ਕਿਉਂਕਿ ਇਸ ਲਾਰੀ ਦਾ ਸਾਰਾ ਅਮਲਾ ਮੁਸਲਮਾਨ ਸੀ, ਪਰ ਸਾਡੇ ਵਲ ਵੇਖ ਕੇ ਇਕ-ਦੋ ਜਣੇ ਹੋਰ ਚੜ੍ਹ ਗਏ। ਵੇਖੋ-ਵੇਖੀ ਸਾਰੀ ਮੋਟਰ ਹੀ ਭਰ ਗਈ।

ਇਸ ਕਿਸਮ ਦੀਆਂ ਮੋਟਰਾਂ ਵਿਚ ਲੋਕ ਉਸ ਵੇਲੇ ਚੜ੍ਹਦੇ ਹੀ ਨਹੀਂ ਸਨ, ਕਿਉਂਕਿ ਅਫਵਾਹ ਸੀ ਕਿ ਇਹ ਲੋਕਾਂ ਨੂੰ ਲਿਜਾ ਕੇ ਰਾਹ 'ਚ ਕਤਲ ਕਰ ਦਿੰਦੇ ਨੇ। ਖੈਰ! ਸਹਿੰਸਰਾ ਤਾਂ ਰਹਿ ਗਿਆ ਅੰਮ੍ਰਿਤਸਰ ਤੇ ਮੈਂ ਉਸੇ ਮੋਟਰ ਵਿਚ ਬੈਠਾ-ਬੈਠਾ ਗੁਰਦਾਸਪੁਰ ਚਲਾ ਗਿਆ। ਖਿਆਲ ਸੀ ਕਿ ਸੁਤੰਤਰ ਦੇ ਪਿੰਡ ਅਲੂਣੇ ਜਾ ਕੇ ਉਹਦਾ ਪਤਾ ਕਰਾਂਗੇ, ਪਰ ਵਟਾਲੇ ਕੋਲ ਐਸੀ ਘਟਨਾ ਹੋਈ ਕਿ ਪਰਤ ਕੇ ਫਿਰ ਅੰਮ੍ਰਿਤਸਰ ਜਾਣਾ ਪਿਆ।

ਵਟਾਲੇ 'ਤੇ ਉਸ ਵੇਲੇ ਫਸਾਦੀਆਂ ਨੇ ਹਮਲਾ ਕੀਤਾ ਹੋਇਆ ਸੀ। ਜਦ ਸਾਡੇ ਵਾਲੀ ਮੋਟਰ ਉਹਦੀ ਹਦੂਦ ਵਿਚ ਦਾਖਿਲ ਹੋਈ, ਤਾਂ ਮੋਟਰਵਾਲਾ ਥੱਲੇ ਉਤਰ ਕੇ ਚੁੰਗੀ ਤੋਂ ਰਾਹਦਾਰੀ ਕਟਵਾਉਣ ਹੀ ਲੱਗਾ ਸੀ ਕਿ ਕਿਸੇ ਨੇ ਪਿੱਛੋਂ ਉਹਨੂੰ ਗੋਲੀ ਮਾਰ ਦਿੱਤੀ ਤੇ ਉਹ ਥਾਏਂ ਢੇਰੀ ਹੋ ਗਿਆ।

ਉਨ੍ਹਾਂ ਦਾ ਤਾਂ ਸਾਰਾ ਅਮਲਾ ਹੀ ਮਾਰਿਆ ਜਾਣਾ ਸੀ, ਪਰ ਡਰਾਈਵਰ ਦੀ ਚੁਸਤੀ ਸਮਝੋ ਕਿ ਉਹਨੇ ਛੇਤੀ ਹੀ ਗੱਡੀ ਕੱਢ ਲਈ। ਰਾਹ ਵਿਚ ਉਹਨੇ ਮਰਨ ਵਾਲੇ ਦਾ ਹਿਰਖ ਕੀਤਾ, "ਵੇਖ ਲੌ, ਤੁਹਾਡੇ ਸਾਹਮਣੇ ਜੋ ਹੋਇਆ। ਹੁਣ ਜੇ ਅਸੀਂ ਚਾਹੀਏ ਤਾਂ ਬਦਲੇ 'ਚ ਤੁਹਾਨੂੰ ਸਭ ਨੂੰ ਖਤਮ ਕਰ ਸਕਦੇ ਆਂ, ਪਰ ਅਜਿਹੀ ਹਰਕਤ ਕੋਈ ਖਬੀਸ (ਮਹਾਂਪਾਪੀ) ਦਾ ਪੁੱਤਰ ਹੀ ਕਰ ਸਕਦਾ ਹੈ।"

---

*(ਰਵੀ ਸਾਹਿਤ, 1979)*

# ਹਿੰਦੋਸਤਾਨ ਕਿ ਰੇਪਿਸਤਾਨ!

**ਕੁਲਵੰਤ ਸਿੰਘ ਢੇਸੀ**

ਇਸ ਦੌਰ-ਏ-ਤਰੱਕੀ ਕੇ
ਅੰਦਾਜ਼ ਨਿਰਾਲੇ ਹੈਂ,
ਜ਼ਿਹਨੋਂ ਮੇਂ ਅੰਧੇਰੇ ਹੈਂ
ਸੜਕੋਂ ਪੇ ਉਜਾਲੇ ਹੈਂ।

ਭਾਰਤ ਵਿਚ ਜਬਰਜਨਾਹ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਅਤੇ ਹੁਣ ਭਾਜਪਾ ਦੇ ਕਾਨੂੰਨ ਤੇ ਨਿਆਂ ਪ੍ਰਬੰਧ ਖਿਲਾਫ ਦੇਸ਼ ਵਿਆਪੀ ਰੋਹ ਉਠਣ ਦੇ ਆਸਾਰ ਬਣ ਗਏ ਹਨ। ਰਾਜ ਸਭਾ ਦੀ ਮੈਂਬਰ ਜਯਾ ਬੱਚਨ ਵਲੋਂ ਰਾਜ ਸਭਾ ਵਿਚ ਇਹ ਬਿਆਨ ਦਿੱਤੇ ਗਏ ਸਨ ਕਿ ਜਬਰਜਨਾਹ ਦੇ ਦੋਸ਼ੀਆਂ ਖਿਲਾਫ 'ਲਿੰਚਿੰਗ' ਹੋਣੀ ਚਾਹੀਦੀ ਹੈ, ਭਾਵ ਉਨ੍ਹਾਂ ਨੂੰ ਜਨਤਾ ਦੇ ਹਵਾਲੇ ਕਰ ਦਿੱਤਾ ਜਾਣਾ ਚਾਹੀਦਾ ਹੈ, ਜੋ ਪੱਥਰ ਮਾਰ ਮਾਰ ਕੇ ਦੋਸ਼ੀਆਂ ਨੂੰ ਮਾਰ ਦੇਣ। ਅਨੇਕਾਂ ਜਿੰਮੇਵਾਰ ਵਿਅਕਤੀਆਂ ਨੇ ਪੁਲਿਸ ਵਲੋਂ ਹਿਰਾਸਤ ਵਿਚ ਚਾਰ ਦੋਸ਼ੀਆਂ ਦੇ ਬਣਾਏ ਗਏ ਝੂਠੇ ਪੁਲਿਸ ਮੁਕਾਬਲੇ ਨੂੰ ਜਾਇਜ਼ ਕਰਾਰ ਦਿੱਤਾ ਹੈ ਕਿ ਹੁਣ ਪੁਲਿਸ ਹੀ ਅਦਾਲਤ ਦੇ ਫੈਸਲੇ ਕਰਕੇ ਦੋਸ਼ੀਆਂ ਨੂੰ ਸਜ਼ਾ ਦਿਆ ਕਰੇ, ਕਿਉਂਕਿ ਨਿਆਂ ਪਾਲਿਕਾ ਬੜੀ ਸੁਸਤ ਹੈ ਅਤੇ ਅਕਸਰ ਦੋਸ਼ੀ ਬਚ ਨਿਕਲਦੇ ਹਨ।

ਜਬਰਜਨਾਹ ਦੀਆਂ ਅਨੇਕਾਂ ਘਟਨਾਵਾਂ ਵਿਚੋਂ ਪ੍ਰਮੁਖ ਘਟਨਾ ਹੈਦਰਾਬਾਦ ਵਿਚ ਇੱਕ ਪੈਟਰੋਲ ਪੰਪ 'ਤੇ ਇੱਕ ਵੈਟਰਨਰੀ ਔਰਤ ਡਾਕਟਰ ਨੂੰ 4 ਬੱਸ ਡਰਾਈਵਰਾਂ ਵਲੋਂ ਬਲਾਤਕਾਰ ਕਰਕੇ ਸਾੜ ਦੇਣ ਦੀ ਹੈ। ਇਹ ਦੋਸ਼ੀ ਪੁਲਿਸ ਦੇ ਹਵਾਲੇ ਸਨ, ਜਿਨ੍ਹਾਂ ਨੂੰ ਪੁਲਿਸ ਨੇ ਘਟਨਾ ਵਾਲੀ ਥਾਂ 'ਤੇ ਲਿਜਾ ਕੇ ਮੁਕਾਬਲਾ ਬਣਾਇਆ ਅਤੇ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਪੁਲਿਸ ਨੇ ਆਪਣੀ ਸਫਾਈ ਵਿਚ ਕਿਹਾ ਹੈ ਕਿ ਦੋਸ਼ੀ ਇੱਕ ਪੁਲਿਸ ਵਾਲੇ ਦੀ ਬੰਦੂਕ ਖੋਹਣ ਦੀ ਕੋਸ਼ਿਸ਼ ਵਿਚ ਸੀ ਕਿ ਮੁਕਾਬਲਾ ਹੋ ਗਿਆ ਅਤੇ ਦੋਸ਼ੀ ਮਾਰੇ ਗਏ। ਇਸ 'ਬਹਾਦਰੀ' 'ਤੇ ਜਨਤਾ ਨੇ ਪੁਲਿਸ ਵਾਲਿਆਂ 'ਤੇ ਫੁੱਲ ਬਿਖੇਰ ਕੇ ਉਨ੍ਹਾਂ ਨੂੰ ਸਰਾਹਿਆ ਹੈ।

ਇਸ ਪ੍ਰਤੀ ਸਮਝਦਾਰ ਲੋਕਾਂ ਦੇ ਬਿਆਨ ਤਾਂ ਇਹੀ ਹਨ ਕਿ ਜੇ ਇਸ ਤਰ੍ਹਾਂ ਪੁਲਿਸ ਹੀ ਅਦਾਲਤੀ ਫੈਸਲੇ ਕਰਨ ਲੱਗੀ ਤਾਂ ਦੇਸ਼ ਵਿਚ ਇਨਸਾਫ ਨਾਂ ਦੀ ਕੋਈ ਚੀਜ਼ ਨਹੀਂ ਰਹੇਗੀ; ਪਰ ਹੁਗਲੀ ਤੋਂ ਭਾਜਪਾ ਦੀ ਸੰਸਦ ਮੈਂਬਰ ਲਾਕੇਟ ਚੈਟਰਜੀ ਨੇ ਕਿਹਾ ਹੈ ਕਿ ਅਜਿਹੇ ਮੁਕਾਬਲੇ ਨੂੰ ਕਾਨੂੰਨੀ ਬਣਾਇਆ ਜਾਣਾ ਚਾਹੀਦਾ ਹੈ, ਜਿਸ ਦਾ ਮਤਲਬ ਹੈ ਕਿ ਪੰਜਾਬ ਅਤੇ ਕਸ਼ਮੀਰ ਜਿਹੇ ਰਾਜਾਂ ਵਿਚ ਹੁਣ ਪੁਲਿਸ ਨੂੰ ਹੋਰ ਵੀ ਖੁੱਲ੍ਹੀ ਛੁੱਟੀ ਮਿਲ ਜਾਵੇਗੀ ਕਿ ਉਹ ਭਾਜਪਾ ਵਿਰੋਧੀਆਂ ਨੂੰ ਵੀ ਗੋਲੀਆਂ ਨਾਲ ਭੁੰਨਣ ਲੱਗ ਪਵੇ, ਜਦ ਕਿ ਪਹਿਲਾਂ ਹੀ ਹਜ਼ਾਰਾਂ ਲੋਕ ਇਨ੍ਹਾਂ ਰਾਜਾਂ ਵਿਚ ਝੂਠੇ ਪੁਲਿਸ ਮੁਕਾਬਲਿਆਂ ਦਾ ਸ਼ਿਕਾਰ ਹੋ ਚੁਕੇ ਹਨ। ਇਸੇ ਤਰ੍ਹਾਂ ਹੀ ਭਾਜਪਾ ਦੀ ਸੰਸਦ ਮੈਂਬਰ ਉਮਾ ਭਾਰਤੀ ਨੇ ਵੀ ਪੁਲਿਸ ਦੇ ਪੈਂਤੜੇ ਨੂੰ ਸਹੀ ਕਰਾਰ ਦਿੱਤਾ ਹੈ, ਜਦ ਕਿ ਮੇਨਕਾ ਗਾਂਧੀ ਅਤੇ ਔਰਤ ਅਧਿਕਾਰ ਸੰਸਥਾਵਾਂ ਨੇ ਪੁਲਿਸ ਨੂੰ ਇਸ ਤਰ੍ਹਾਂ ਦੇ ਹੱਕ ਦਿੱਤੇ ਜਾਣ ਦਾ ਵਿਰੋਧ ਕੀਤਾ ਹੈ।

ਜ਼ਿਕਰਯੋਗ ਹੈ ਕਿ ਇਨ੍ਹੀਂ ਦਿਨੀਂ ਇੱਕ ਸਿਆਸੀ ਲੀਡਰ ਦੀ ਇੱਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿਚ ਇਹ ਲੀਡਰ ਇੱਕ ਮੀਡੀਆ ਕਰਮੀ ਨੂੰ ਤਾੜਨਾ ਕਰ ਰਿਹਾ ਹੈ ਕਿ ਕਿਸੇ ਵੀ ਪੱਤਰਕਾਰ ਨੂੰ ਭਾਜਪਾ ਦੀ ਕਾਰਗੁਜ਼ਾਰੀ ਦੇ ਖਿਲਾਫ ਸਵਾਲ ਕਰਨ ਦਾ ਹੱਕ ਨਹੀਂ ਹੈ, ਕਿਉਂਕਿ ਐਸਾ ਕਰਨ ਵਾਲੇ ਪੱਤਰਕਾਰਾਂ ਨੂੰ ਗੋਲੀਆਂ ਮਾਰ ਦਿੱਤੀਆਂ ਜਾਂਦੀਆਂ ਹਨ। ਹੁਣ ਤੱਕ ਚਾਰ ਪੱਤਰਕਾਰਾਂ ਨੂੰ ਮਾਰ ਵੀ ਦਿੱਤਾ ਗਿਆ ਹੈ। ਸੋ ਮਸਲਾ ਸਿਰਫ ਬਲਾਤਕਾਰੀਆਂ ਨੂੰ ਸਜ਼ਾ ਦੇਣ ਦਾ ਹੀ ਨਹੀਂ, ਸਗੋਂ ਇਸ ਤੋਂ ਕਿਤੇ ਭਿਆਨਕ ਹੋਵੇਗਾ, ਪੁਲਿਸ ਨੂੰ ਗੋਲੀ ਮਾਰਨ ਦੀ ਖੁੱਲ੍ਹੀ ਛੁੱਟੀ ਦੇ ਦੇਣਾ।

ਜਬਰਜਨਾਹ ਦੀਆਂ ਵਧ ਰਹੀਆਂ ਘਟਨਾਵਾਂ ਬਹੁਤ ਚਿੰਤਾਜਨਕ ਹਨ, ਪਰ ਇਸ ਦਾ ਇਹ ਮਤਲਬ ਨਹੀਂ ਕਿ ਦੇਸ਼ ਵਿਚ ਨਿਆਂ ਦੇ ਸਾਰੇ ਹੱਕ ਪੁਲਿਸ ਨੂੰ ਦੇ ਦਿੱਤੇ ਜਾਣ। ਭਾਰਤੀ ਪੁਲਿਸ ਤਾਂ ਵੈਸੇ ਵੀ ਆਪਣੇ ਦਾਨਵੀ ਕਿਰਦਾਰ ਕਰਕੇ ਦੁਨੀਆਂ ਵਿਚ ਬਦਨਾਮ ਹੈ। ਇਹ ਉਹੀ ਪੁਲਿਸ ਹੈ, ਜਿਸ ਨੇ ਇੰਦਰਾ ਗਾਂਧੀ ਦੇ ਕਤਲ ਪਿਛੋਂ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਸਿੱਖਾਂ ਨੂੰ ਜਿਉਂਦੇ ਸਾੜਨ ਲਈ ਦੋਸ਼ੀਆਂ ਦੀ ਸ਼ਰੇਆਮ ਮਦਦ ਕੀਤੀ ਸੀ। ਭਾਰਤੀ ਨਿਆਂ ਪ੍ਰਣਾਲੀ ਨੇ ਦੋਸ਼ੀ ਪੁਲਿਸ ਵਾਲਿਆਂ ਤੇ ਕਾਂਗਰਸੀ ਸਿਆਸਤਦਾਨਾਂ ਖਿਲਾਫ ਬਣਦੀ ਕਾਰਵਾਈ ਨਹੀਂ ਕੀਤੀ ਅਤੇ ਇਨ੍ਹਾਂ ਮੁਕੱਦਮਿਆਂ ਨੂੰ ਦਹਾਕਿਆਂ ਬੱਧੀ ਲਮਕਾ ਦਿੱਤਾ ਤਾਂ ਕਿ ਗਵਾਹਾਂ ਤੇ ਹੋਰ ਲੋੜੀਂਦੇ ਸਬੂਤਾਂ ਨੂੰ ਖਤਮ ਕੀਤਾ ਜਾ ਸਕੇ।

ਭਾਰਤੀ ਅਮਨ ਕਾਨੂੰਨ ਸਬੰਧੀ ਮਾਮਲਾ ਸਿਰਫ ਰਿਸ਼ਵਤਖੋਰ, ਸਿਫਾਰਸ਼ੀ ਅਤੇ ਰਾਜ ਦਰਬਾਰ ਦੇ ਤਲੇ ਚੱਟਣ ਵਾਲੀ ਪੁਲਿਸ ਦਾ ਹੀ ਨਹੀਂ, ਸਗੋਂ ਇਸ ਤੋਂ ਵੀ ਗੰਭੀਰ ਮਸਲਾ ਸੁਸਤ ਨਿਆਂ ਪ੍ਰਣਾਲੀ ਦਾ ਹੈ। ਸੱਤ ਸਾਲ ਪਹਿਲਾਂ ਜਬਰਜਨਾਹ ਦੇ ਨਿਰਭਇਆ ਕਾਂਡ ਦਾ ਨਿਆਂ ਅੱਜ ਤਕ ਲਮਕਦਾ ਹੀ ਚਲਿਆ ਜਾ ਰਿਹਾ ਹੈ, ਪਰ ਜੇ ਪੁਲਿਸ ਨੂੰ ਨਿਆਂ ਕਰਨ ਦੇ ਹੱਕ ਦੇ ਦਿੱਤੇ ਗਏ ਤਾਂ ਰਿਸ਼ਵਤਖੋਰ ਅਤੇ ਰਾਜ ਦਰਬਾਰ ਦੇ ਤਲੇ ਚੱਟਣ ਵਾਲੀ ਪੁਲਿਸ ਕਿਸੇ ਵੀ ਮਾਸੂਮ ਨੂੰ ਗੋਲੀ ਦਾ ਨਿਸ਼ਾਨਾ ਬਣਾਉਣ ਲੱਗ ਪਏਗੀ ਅਤੇ ਜਿਹਨੂੰ ਮਰਜ਼ੀ ਬਰੀ ਵੀ ਕਰ ਦੇਵੇਗੀ। ਖਾਸ ਕਰਕੇ ਉਨ੍ਹਾਂ ਕੇਸਾਂ ਵਿਚ, ਜਿਥੇ ਦੋਸ਼ੀ ਜਾਂ ਦੋਸ਼ੀਆਂ ਦੇ ਸੰਪਰਕ ਰਾਜ ਭਾਗ ਨਾਲ ਜੁੜੇ ਹੋਏ ਹੋਣ ਅਤੇ ਪੀੜਤ ਘੱਟਗਿਣਤੀ ਨਾਲ ਜਾਂ ਦਲਿਤ ਸਮਾਜ ਨਾਲ ਸਬੰਧਤ ਹੋਣ।

ਉਨਾਓ, ਯੂ. ਪੀ. ਵਿਚ ਕੇਸ ਭੁਗਤਣ ਜਾ ਰਹੀ ਜਬਰਜਨਾਹ ਪੀੜਤਾ ਨੂੰ ਦੋਸ਼ੀਆਂ ਵਲੋਂ ਜ਼ਿੰਦਾ ਸਾੜ ਦੇਣ ਅਤੇ ਬੰਗਲੂਰ ਵਿਚ 9 ਸਾਲ ਦੀ ਬੱਚੀ ਨਾਲ ਜਬਰਜਨਾਹ ਪਿਛੋਂ ਕਤਲ ਕਰ ਦੇਣ ਜਿਹੀਆਂ ਘਟਨਾਵਾਂ ਭਾਰਤ ਵਿਚ ਆਮ ਹਨ, ਪਰ ਅਮਨ ਕਾਨੂੰਨ ਦੇ ਰਾਖੇ ਸਿਆਸਤਦਾਨਾਂ ਦੇ ਸਿਰਾਂ 'ਤੇ ਜੂੰਅ ਨਹੀਂ ਸਰਕਦੀ, ਕਿਉਂਕਿ ਜੇ ਅਮਨ ਕਾਨੂੰਨ ਵਿਚ ਸੁਧਾਰ ਹੁੰਦਾ ਹੈ ਤਾਂ ਇਹ ਗੱਲ ਉਨ੍ਹਾਂ ਦੇ ਵਿਰੁਧ ਜਾਂਦੀ ਹੈ, ਜਿਨ੍ਹਾਂ ਨੇ ਕਿਸੇ ਨਾ ਕਿਸੇ ਬਹਾਨੇ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਣਾ ਹੁੰਦਾ ਹੈ। ਕਸ਼ਮੀਰ ਵਿਚ ਕਠੂਆ ਇਲਾਕੇ ਦੀ 7 ਸਾਲਾ ਬੱਚੀ ਦੇ ਬਲਾਤਕਾਰੀਆਂ ਨੂੰ ਭਾਰਤ ਦੀਆਂ ਫਾਸਟ ਟਰੈਕ ਅਦਾਲਤਾਂ ਨੇ ਅਜੇ ਤਕ ਸਜ਼ਾ ਨਹੀਂ ਦਿੱਤੀ।

ਜਦੋਂ ਕਸ਼ਮੀਰ ਵਿਚ ਧਾਰਾ 370 ਖਤਮ ਕੀਤੀ ਗਈ ਤਾਂ ਹਰਿਆਣਾ ਦੇ ਮੁਖ ਮੰਤਰੀ ਮਨੋਹਰ ਖੱਟਰ ਦਾ ਇਹ ਕਹਿਣਾ ਕਿ ਹੁਣ ਕਸ਼ਮੀਰ ਤੋਂ ਦੁਲਹਨਾਂ ਲਿਆਉਣ ਦੀ ਮੌਜ ਹੋ ਜਾਵੇਗੀ, ਵੀ ਮਨੁੱਖ ਦੇ ਹੈਵਾਨੀਅਤ ਦੇ ਕਿਰਦਾਰ ਨੂੰ ਹਵਾ ਦੇਣ ਦਾ ਹੀ ਕੋਝਾ ਰੂਪ ਸੀ।

ਭਾਰਤ ਵਿਚ ਸਾਲ 2019 ਵਿਚ ਕਰੀਬ 35,000 ਬਲਾਤਕਾਰ ਦੇ ਕੇਸ ਪੁਲਿਸ ਦੇ ਰਿਕਾਰਡ ਵਿਚ ਆਏ ਦੱਸੇ ਜਾਂਦੇ ਹਨ, ਜਿਨ੍ਹਾਂ ਵਿਚ ਤੀਜਾ ਹਿੱਸਾ ਨਾਬਾਲਗ ਲੜਕੀਆਂ ਦੇ ਕੇਸ ਹਨ। ਸਾਲ 2018 ਨਾਲੋਂ ਇਨ੍ਹਾਂ ਕੇਸਾਂ ਵਿਚ 10% ਦਾ ਵਾਧਾ ਹੋਇਆ ਦੱਸਿਆ ਜਾਂਦਾ ਹੈ। ਇਨ੍ਹਾਂ ਵਿਚ ਉਨ੍ਹਾਂ ਕੇਸਾਂ ਦੀ ਗਿਣਤੀ ਸ਼ੁਮਾਰ ਨਹੀਂ ਹੈ, ਜੋ ਪੁਲਿਸ ਤਕ ਨਹੀਂ ਪਹੁੰਚੇ, ਕਿਉਂਕਿ ਭਾਰਤੀ ਸਮਾਜ ਵਿਚ ਖਾਨਦਾਨੀ ਮਾਣ ਮਰਿਆਦਾ ਲਈ ਬਹੁਤ ਕੁਝ ਅੰਦਰ ਹੀ ਅੰਦਰ ਦਬਾ ਦਿਤਾ ਜਾਂਦਾ ਹੈ। ਮਨੁੱਖੀ ਸੁਭਾਅ ਵਿਚ ਜਾਂਗਲੀ ਪ੍ਰਵਿਰਤੀਆਂ ਦੇ ਵਾਧੇ ਦੇ ਕਾਰਨ ਬਹੁਪੱਖੀ ਹਨ। ਅਜੋਕਾ ਸੋਸ਼ਲ ਮੀਡੀਆ, ਗੀਤ ਸੰਗੀਤ ਅਤੇ ਫਿਲਮੀ ਦੁਨੀਆਂ ਵੀ ਔਰਤ ਦੇ ਸਰੀਰ 'ਤੇ ਬੁਰੀ ਤਰ੍ਹਾਂ ਹਮਲਾਵਰ ਹਨ ਤੇ ਉਹ ਅਸ਼ਲੀਲਤਾ ਦੀ ਮੰਡੀ ਨੂੰ ਖੁਲ੍ਹਮ ਖੁਲ੍ਹੀ ਹਵਾ ਦੇ ਰਹੇ ਹਨ।

ਪ੍ਰੇਮ ਅਤੇ ਕਾਮ ਦੇ ਅੰਤਰ ਦੀ ਗੱਲ ਕਰਦਿਆਂ ਓਸ਼ੋ ਰਜਨੀਸ਼ ਨੇ ਇੱਕ ਥਾਂ ਲਿਖਿਆ ਹੈ ਕਿ ਪ੍ਰੇਮ ਵਿਚ ਦੂਜੇ ਦਾ ਹਿੱਤ ਪਹਿਲਾਂ ਹੁੰਦਾ ਹੈ, ਜਦ ਕਿ ਕਾਮ ਚੇਸ਼ਟਾ ਵਿਚ ਆਪਣਾ ਹਿੱਤ ਪਹਿਲਾਂ ਹੁੰਦਾ ਹੈ। ਇਸੇ ਤਰ੍ਹਾਂ ਇੱਕ ਹੋਰ ਚਿੰਤਕ ਦੇ ਵਿਚਾਰ ਹਨ ਕਿ ਅਸੀਂ ਆਪਣੀਆਂ ਗਿਆਨ ਇੰਦਰੀਆਂ ਦੀ ਬੇਹੋਸ਼ੀ ਕਰਕੇ ਭੋਗੀ ਅਤੇ ਰੋਗੀ ਹੁੰਦੇ ਜਾ ਰਹੇ ਹਾਂ। ਜੇ ਗੱਲ ਵਿਸ਼ਵ ਪੱਧਰ 'ਤੇ ਕਰਨੀ ਹੋਵੇ ਤਾਂ ਅਜੋਕੇ ਮਨੁੱਖ ਦੀ ਇਹ ਬੜੀ ਵੱਡੀ ਪੀੜਾ ਹੈ ਕਿ ਬਿਖੈ ਰਸਾਂ ਨੇ ਉਸ ਦਾ ਜੀਵਨ ਜਿਉਣ ਜੋਗਾ ਨਹੀਂ ਰਹਿਣ ਦਿੱਤਾ, ਪਰ ਤਾਂ ਵੀ ਮਨੁੱਖ ਉਸ ਪਾਸੇ ਵਲ ਮੁੜਨ ਲਈ ਤਿਆਰ ਨਹੀਂ, ਜਿੱਥੋਂ ਉਸ ਦੀ ਮਾਨਸਿਕਤਾ ਨੂੰ ਪਾਵਨ, ਪਵਿੱਤਰ ਅਤੇ ਰੱਬੀ ਅਰਥ ਮਿਲਣੇ ਹਨ।

ਭਾਰਤ ਵਿਚ ਧਰਮ ਕਰਮ ਦੇ ਨਾਂ 'ਤੇ ਚਲਦੇ ਡੇਰਿਆਂ ਵਿਚ ਜਬਰਜਨਾਹ ਜਿਹੇ ਅਪਰਾਧ ਹੋ ਰਹੇ ਹਨ। ਆਸਾ ਰਾਮ ਅਤੇ ਗੁਰਮੀਤ ਰਾਮ ਰਹੀਮ ਜਿਹੇ ਸਾਧੂ (ਸਵਾਦੂ) ਅੱਜ ਇਸੇ ਦੋਸ਼ ਵਿਚ ਸਲਾਖਾਂ ਪਿੱਛੇ ਹਨ, ਪਰ ਕਿੰਨੇ ਕੁ ਹੋਰ ਡੇਰਿਆਂ ਵਿਚ ਢਕੀ ਰਿੱਝ ਰਹੀ ਹੈ, ਕੁਝ ਪਤਾ ਨਹੀਂ। ਮੁਸ਼ਕਿਲ ਹੈ ਕਿ ਅਪਰਾਧ ਦੀ ਇਸ ਦੁਨੀਆਂ ਵਿਚ ਪੁਲਿਸ ਅਤੇ ਰਾਜਨੀਤੀ ਦੀ ਵੀ ਮਿਲੀ ਭੁਗਤ ਹੈ। ਆਸਾ ਰਾਮ ਅਤੇ ਗੁਰਮੀਤ ਰਾਮ ਰਹੀਮ ਦੇ ਡੇਰਿਆਂ 'ਤੇ ਬਾਦਲ ਅਤੇ ਮੋਦੀ ਚੌਕੀਆਂ ਭਰਦੇ ਰਹੇ ਹਨ। ਸੋ, ਇਹ ਮਾਮਲਾ ਸਿਰਫ ਪੁਲਿਸ ਪੜਤਾਲ ਜਾਂ ਨਿਆਂ ਪਾਲਿਕਾ ਤਕ ਹੀ ਸੀਮਤ ਨਹੀਂ ਹੈ।

# ਚਕਰ ਦਾ ਚਾਨਣ ਮੁਨਾਰਾ ਸੀ ਅਜਮੇਰ ਸਿੰਘ ਸਿੱਧੂ

**5ਵੀਂ ਬਰਸੀ 'ਤੇ**

ਅਜਮੇਰ ਸਿੰਘ ਸਿੱਧੂ ਪੰਜਾਬ ਦੇ ਪਿੰਡਾਂ ਲਈ ਚਾਨਣ ਮੁਨਾਰਾ ਸੀ। ਉਹਦੇ ਉੱਦਮ ਨਾਲ 'ਚਾਨਣ ਮੁਨਾਰਾ ਚਕਰ' ਪੁਸਤਕ ਛਪੀ, ਜਿਸ ਤੋਂ ਹੋਰਨਾਂ ਪਿੰਡਾਂ ਨੂੰ ਰੌਸ਼ਨੀ ਮਿਲ ਰਹੀ ਹੈ। ਉਹ ਪਰਉਪਕਾਰੀ ਜਿਉੜਾ ਸੀ। 15 ਦਸੰਬਰ 2014 ਦੀ ਸਵੇਰ ਨੂੰ ਟੋਰਾਂਟੋ ਵਿਚ ਉਸ ਦਾ ਦੇਹਾਂਤ ਹੋ ਗਿਆ ਸੀ। ਪਿੰਡਾਂ 'ਚ ਚਾਨਣ ਦਾ ਛੱਟਾ ਦਿੰਦੇ ਉਸ ਸੁਹੇਲੜੇ ਸੱਜਣ ਦਾ ਸਿਰਫ 61 ਸਾਲ ਦੀ ਉਮਰੇ ਤੁਰ ਜਾਣਾ ਕਿਸੇ ਦੇ ਖਾਬ ਖਿਆਲ ਵਿਚ ਵੀ ਨਹੀਂ ਸੀ।

**ਪ੍ਰਿੰ. ਸਰਵਣ ਸਿੰਘ**

ਅਜਮੇਰ ਸਿੱਧੂ ਦਾ ਜਨਮ ਪਿੰਡ ਚਕਰ ਵਿਚ 7 ਮਾਰਚ 1953 ਨੂੰ ਸੁਤੰਤਰਤਾ ਸੰਗਰਾਮੀ ਸ. ਉਜਾਗਰ ਸਿੰਘ ਦੇ ਘਰ ਹੋਇਆ। ਬਚਪਨ ਪਿੰਡ ਦੀਆਂ ਬੀਹੀਆਂ, ਵਿਹੜਿਆਂ ਤੇ ਖੇਤਾਂ 'ਚ ਬੀਤਿਆ। ਮੁਢਲੀ ਸਿੱਖਿਆ ਉਸ ਨੇ ਚਕਰ ਦੇ ਸਰਕਾਰੀ ਸਕੂਲ 'ਚ ਹਾਸਲ ਕੀਤੀ। ਉਚੇਰੀ ਸਿੱਖਿਆ ਲਈ ਉਸ ਦੇ ਪਿਤਾ ਨੇ ਇੰਗਲੈਂਡ ਮੰਗਵਾ ਲਿਆ।

ਇੰਗਲੈਂਡ ਵਿਚ ਉਹ ਕਬੱਡੀ ਤੇ ਸੌਕਰ ਦਾ ਨਾਮਵਰ ਖਿਡਾਰੀ ਬਣਿਆ ਤੇ ਅਜਮੇਰ ਵਲੈਤੀਏ ਦੇ ਨਾਂ ਨਾਲ ਮਸ਼ਹੂਰ ਹੋਇਆ। ਉਹ ਤਿੰਨ ਭਰਾ ਸਨ। ਦੋ ਭਰਾ ਅਜਮੇਰ ਸਿੰਘ ਤੇ ਬਲਦੇਵ ਸਿੰਘ ਕੈਨੇਡਾ ਜਾ ਵਸੇ। ਗਰੇਟਰ ਟੋਰਾਂਟੋ ਵਿਚ ਤੇ ਹੋਰ ਕਈ ਥਾਂਈਂ ਉਨ੍ਹਾਂ ਨੇ ਦਾਨ ਪੁੰਨ ਤੇ ਖੇਡਾਂ/ਖਿਡਾਰੀਆਂ ਦੀ ਬਿਹਤਰੀ ਦੇ ਅਨੇਕਾਂ ਕਾਰਜ ਕੀਤੇ। ਕਰੋੜਾਂ ਰੁਪਏ ਵਿਕਾਸ ਕਾਰਜਾਂ ਉਤੇ ਲਾਏ, ਪਰ ਕਿਸੇ ਜਗ੍ਹਾ ਵੀ ਆਪਣੇ ਨਾਂ ਦੀ ਤਖਤੀ ਨਹੀਂ ਲਵਾਈ।

ਪਿੰਡ ਦੇ ਵਿਕਾਸ ਵਿਚ ਬੇਸ਼ੱਕ ਦਸ ਕਰੋੜ ਤੋਂ ਉਪਰ ਲੱਗ ਚੁਕੇ ਹਨ ਤੇ ਕਰੋੜਾਂ ਹੋਰ ਲੱਗਣੇ ਹਨ, ਪਰ ਕਰੋੜਾਂ ਰੁਪਿਆਂ ਦੀ ਅਣਮੁੱਲੀ ਕਾਰ ਸੇਵਾ ਜੋ ਪਿੰਡ ਦੇ ਬੱਚਿਆਂ, ਜੁਆਨਾਂ, ਬਜੁਰਗਾਂ ਤੇ ਮਾਈਆਂ ਬੀਬੀਆਂ ਨੇ ਕੀਤੀ, ਉਹ ਦਸ ਕਰੋੜ ਤੋਂ ਕਿਤੇ ਵੱਧ ਹੈ। ਅਸੀਂ ਸੂਬਾਈ/ਕੇਂਦਰੀ ਸਰਕਾਰਾਂ ਤੋਂ ਹੱਥ ਅੱਡ ਕੇ ਮੰਗਣਾ ਹੋਛਾਪਣ/



ਮੰਗਤਾਪਣ ਸਮਝਦੇ ਹਾਂ। ਟੈਕਸ ਭਰਦੇ ਹਾਂ, ਜਿਸ ਕਰਕੇ ਪਿੰਡ ਦੇ ਪ੍ਰਾਜੈਕਟਾਂ ਲਈ ਸਰਕਾਰੀ ਗਰਾਂਟਾਂ ਲੈਣਾ ਸਾਡਾ ਹੱਕ ਹੈ। ਆਪਣੇ ਪਿੰਡ ਵਾਸੀਆਂ ਨੂੰ ਸਾਡਾ ਇਹੋ ਸੁਨੇਹਾ ਹੈ ਕਿ 'ਆਪਣੇ ਹੱਥੀਂ ਅਪਣਾ ਆਪੇ ਹੀ ਕਾਜ ਸਵਾਰੀਏ' ਦੇ ਗੁਰਵਾਕ ਦਾ ਪੱਲਾ ਨਹੀਂ ਛੱਡਣਾ ਤੇ ਜਿਸ ਚਕਰੀਏ ਦਾ ਅਜੇ ਤਕ ਯੋਗਦਾਨ ਨਹੀਂ ਪੈ ਸਕਿਆ, ਉਹ ਦਸਵੰਧ ਦੇਣ 'ਚ ਢਿੱਲ ਨਾ ਕਰੇ। ਵਸੇ ਚਕਰ, ਵਧੇ ਚਕਰ।

ਇੱਕੀਵੀਂ ਸਦੀ ਦੇ ਚੜ੍ਹਨ ਸਾਰ ਸਿੱਧੂ ਭਰਾਵਾਂ ਦੀ ਅਗਵਾਈ ਵਿਚ ਚਕਰ ਨੇ ਅਜਿਹਾ ਇਤਿਹਾਸ ਸਿਰਜਿਆ, ਜਿਸ ਦੀ ਮਿਸਾਲ ਘੱਟ ਹੀ ਮਿਲਦੀ ਹੈ। ਚਕਰੀਆਂ ਨੇ ਆਪਣੇ ਆਪ ਨੂੰ ਪਛਾਣਿਆ ਤੇ ਆਪਣੇ ਪੱਧਰ 'ਤੇ ਪੰਜਾਬ ਅਤੇ ਭਾਰਤ ਨੂੰ ਮਾਡਲ ਪਿੰਡ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੂੰ ਯਕੀਨ ਹੈ ਕਿ ਜਿਸ ਦਿਨ ਸਰਕਾਰ ਵੀ ਉਨ੍ਹਾਂ ਨੂੰ ਸਹਿਯੋਗ ਦੇਣ ਲੱਗ ਪਈ, ਉਹ ਪੂਰੀ ਦੁਨੀਆਂ ਲਈ ਇਕ ਮਾਡਲ ਸਿਰਜ ਦੇਣਗੇ।

ਅਜਮੇਰ ਸਿੰਘ ਦਰਿਆਦਿਲ ਦਾਨੀ ਹੀ ਨਹੀਂ ਸੀ, ਉਹ ਸਿਰੜੀ ਕਾਰ ਸੇਵਕ ਵੀ ਸੀ। ਉਸ ਦੀ ਅਗਵਾਈ ਵਿਚ ਕਹੀਆਂ ਨਾਲ ਨਾਲੀਆਂ ਪੁੱਟਣ ਦੇ ਕੰਮ ਕਰਨੇ, ਸੀਵਰੇਜ ਦੀਆਂ ਪਾਈਪਾਂ ਪਾਉਣੀਆਂ, ਹੌਦੀਆਂ ਬਣਾਉਣੀਆਂ ਤੇ ਹੋਰ ਸਾਂਝੇ ਕਾਰਜ ਕਰਨੇ ਨੌਜਵਾਨਾਂ ਦੇ ਸੁਭਾਅ ਵਿਚ ਸ਼ਾਮਲ ਹੋ ਗਏ। ਚਲਦੇ ਕੰਮ ਵਿਚ ਚੁਣੌਤੀਆਂ ਆਉਣੀਆਂ ਵੀ ਸੁਭਾਵਕ ਸਨ।

ਅਜਿਹਾ ਕਈ ਵਾਰ ਹੋਇਆ ਕਿ ਨੌਜਵਾਨਾਂ ਅੱਗੇ ਚੁਣੌਤੀਆਂ ਦੀਵਾਰ ਬਣ ਕੇ ਆ ਖੜ੍ਹਦੀਆਂ, ਪਰ ਅਜਮੇਰ ਸਿੰਘ ਦੀ ਅਗਵਾਈ ਵਿਚ ਕੱਖ ਕਾਨ ਵਾਂਗ ਉਡ ਜਾਂਦੀਆਂ। ਇਕ ਵਾਰ ਸਾਰੀ ਰਾਤ ਕੰਮ ਕੀਤਾ ਗਿਆ ਕਿਉਂਕਿ ਰਾਤੋ ਰਾਤ ਰਸਤੇ ਨੂੰ ਚਾਲੂ ਕਰਨ ਬਾਰੇ ਫੈਸਲਾ ਲਿਆ ਗਿਆ ਸੀ। ਅਜਿਹੇ ਕੰਮਾਂ ਨੂੰ ਸਮੇਂ ਸਿਰ ਕਰਨ ਪਿੱਛੇ ਵੱਡੀ ਪ੍ਰੇਰਣਾ ਸੀਵਰੇਜ ਦੇ ਮੁੱਖ ਪ੍ਰਬੰਧਕ ਅਜਮੇਰ ਸਿੰਘ ਦੀ ਹਾਜ਼ਰੀ ਹੁੰਦੀ ਸੀ। ਕੋਈ ਵੀ ਕੰਮ ਚੱਲ ਰਿਹਾ ਹੁੰਦਾ, ਉਹ ਇਸ ਵਿਚ ਹਿੱਸਾ ਲੈ ਕੇ ਖੁਸ਼ ਹੁੰਦਾ। ਇਹ ਕੰਮ ਚਾਹੇ ਇੱਟਾਂ ਢੋਣ ਦਾ ਹੁੰਦਾ, ਕਹੀ ਨਾਲ ਜਮੀਨ ਪੁੱਟਣ ਦਾ ਹੁੰਦਾ, ਇੱਟਾਂ ਦੀ ਚਿਣਾਈ ਜਾਂ ਪਲਸਤਰ ਕਰਨ ਦਾ ਹੁੰਦਾ। ਲੋਕਾਂ ਵਿਚ ਵਿਚਰ ਕੇ ਲੋਕ ਸੇਵਾ ਕਰਨ ਵਾਲਿਆਂ ਦਾ ਹੌਸਲਾ ਵਧਾਉਣ, ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨ ਤੇ ਆਪਣੇ ਮਸਲੇ ਆਪ ਹੱਲ ਕਰਨ ਦਾ ਉਹਦਾ ਆਪਣਾ ਤਰੀਕਾ ਸੀ। ਉਹ ਮਜਾਹੀਆ ਬਹੁਤ ਸੀ।

ਅਕਤੂਬਰ 2014 ਵਿਚ ਉਹ ਛੇ ਹਫਤਿਆਂ ਦੀ ਕਾਰ ਸੇਵਾ ਲਈ ਕੈਨੇਡਾ ਤੋਂ ਚਕਰ ਆਇਆ। ਦੋ ਹਫਤੇ ਪਿਛੋਂ ਉਹ ਬਿਮਾਰ ਹੋ ਗਿਆ ਤੇ ਡਾਕਟਰਾਂ ਦੇ ਕਹਿਣ ਉਤੇ ਵਾਪਸ ਟੋਰਾਂਟੋ ਪਰਤ ਗਿਆ। ਪਿੰਡ ਵਾਸੀਆਂ ਨੂੰ ਕਹਿ ਗਿਆ ਕਿ ਉਹ ਸਿਹਤਯਾਬ ਹੋ ਕੇ ਦੋ ਕੁ ਮਹੀਨਿਆਂ ਤਕ ਪਿੰਡ ਆਵਾਂਗਾ। ਟੋਰਾਂਟੋ ਜਾ ਕੇ ਪਤਾ ਲੱਗਾ ਕਿ ਉਸ ਨੂੰ ਕੈਂਸਰ ਹੈ। ਮੈਂ ਚੜ੍ਹਦੇ ਦਸੰਬਰ ਟੋਰਾਂਟੋ ਤੋਂ ਚਕਰ ਆਉਣ ਸਮੇਂ ਉਹਦਾ ਹਾਲ ਚਾਲ ਪੁੱਛਿਆ ਤਾਂ ਉਸ ਦਾ ਕਹਿਣਾ ਸੀ, "ਬਾਈ ਜੀ, ਮੈਂ ਬੁਨਿਆਦੀ ਤੌਰ 'ਤੇ ਫਾਈਟਰ ਹਾਂ। ਕੈਂਸਰ ਨਾਲ ਤਕੜਾ ਹੋ ਕੇ ਲੜਾਂਗਾ। ਜਿੱਤ-ਹਾਰ ਉਪਰਲੇ ਦੇ ਹੱਥ ਹੈ।"

ਉਹ ਸੱਚਮੁੱਚ ਹਨੇਰਿਆਂ ਵਿਰੁਧ ਲੜਨ ਵਾਲਾ ਤੇ ਚਾਨਣ ਦਾ ਛੱਟਾ ਦੇਣ ਵਾਲਾ ਸਿਦਕੀ ਜੋਧਾ ਸੀ। ਉਹ ਮਰਿਆ ਨਹੀਂ, ਅਜੇ ਵੀ ਜੂਝ ਰਿਹੈ ਤੇ ਚਕਰ ਦਾ ਚਾਨਣ ਮੁਨਾਰਾ ਬਣਿਆ ਸਦਾ ਨੂਰ ਵੰਡਦਾ ਰਹੇਗਾ। ਚਕਰ ਦੀਆਂ ਨਵੀਆਂ ਪੀੜ੍ਹੀਆਂ ਉਹਦੀ ਜਗਾਈ ਜੋਤ ਨੂੰ ਅੱਗੇ ਤੋਰਦੀਆਂ ਰਹਿਣਗੀਆਂ। ਜੀਵੇ ਚਕਰ, ਜੀਵੇ ਅਜਮੇਰ! ਜੀਣ ਜੁਆਨ ਚਕਰ ਦੀ ਸ਼ਾਨ!

ਵੇਖਿਓ ਚਕਰੀਓ, ਕਿਤੇ ਚਕਰ ਦੇ ਮਸੀਹੇ ਨੂੰ ਭੁੱਲ ਨਾ ਜਾਇਓ!

## ਸ੍ਰੀਨਗਰ ਤੋਂ ਉਡਾਣਾਂ ਮੁੜ ਸ਼ੁਰੂ

**ਸ੍ਰੀਨਗਰ:** ਕਸ਼ਮੀਰ ਵਾਦੀ ਵਿਚ ਹਵਾਈ ਆਵਾਜਾਈ ਨੂੰ ਬਹਾਲ ਕਰ ਦਿੱਤਾ ਗਿਆ ਹੈ। ਹਵਾਈ ਉਡਾਣਾਂ ਪਿਛਲੇ ਸੱਤ ਦਿਨਾਂ ਤੋਂ ਬੰਦ ਸਨ। ਸ੍ਰੀਨਗਰ ਕੌਮਾਂਤਰੀ ਹਵਾਈ ਅੱਡੇ ਤੋਂ ਜਹਾਜ਼ਾਂ ਨੇ ਬਾਅਦ ਦੁਪਹਿਰ ਵੇਲੇ ਉਡਾਣ ਭਰੀ। ਦਿਸਣ ਹੱਦ ਇਕ ਹਜ਼ਾਰ ਮੀਟਰ ਤੋਂ ਵੱਧ ਹੋਣ ਮਗਰੋਂ ਹੀ ਉਡਾਣਾਂ ਲਈ ਹਰੀ ਝੰਡੀ ਮਿਲੀ।


Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ
ਨਵਾਂ ਟਰੱਕ ਡਰਾਈਵਿੰਗ ਸਕੂਲ
*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ


Raj Jamarai
Cell:734-644-1010
Office:734-747-4298





LX Group LLC
Now Hiring!
We are looking for professional CDL A drivers.
*Newer Model well maintained Trucks and Trailers.
*Pays up to 52C/M for Teams.
*95 % hook-n-drop opportunity
Call, Raj: 317-374-0386
51-2



ਅਮਰ ਕਾਰਪੈਟਸ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ
ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ

ਸ. ਅਮਰੀਕ ਸਿੰਘ ਸ਼ਿਕਾਗੋ
ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ
ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
Same day service in Chicago and suburbs
Amar Carpets Inc
ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249



Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

# ਨਾਗਰਿਕਤਾ ਕਾਨੂੰਨ ਖਿਲਾਫ ਪੂਰੇ ਮੁਲਕ ਵਿਚ ਰੋਹ ਫੈਲਿਆ

**ਨਵੀਂ ਦਿੱਲੀ:** ਨਾਗਰਿਕਤਾ (ਸੋਧ) ਕਾਨੂੰਨ ਖਿਲਾਫ ਰੋਹ ਪੂਰੇ ਮੁਲਕ ਵਿਚ ਫੈਲ ਗਿਆ ਹੈ। ਵੱਡੀ ਗਿਣਤੀ ਵਿਦਿਆਰਥੀ ਜਥੇਬੰਦੀਆਂ ਵੀ ਸਰਕਾਰ ਦੇ ਇਸ ਫੈਸਲੇ ਖਿਲਾਫ ਨਿੱਤਰ ਆਈਆਂ ਹਨ। ਉੱਤਰ-ਪੂਰਬੀ ਸੂਬਿਆਂ 'ਚ ਹਿੰਸਕ ਮੁਜ਼ਾਹਰਿਆਂ ਨੇ ਮੋਦੀ ਸਰਕਾਰ ਨੂੰ ਸੋਚੀਂ ਪਾ ਦਿੱਤਾ ਹੈ।

ਪੱਛਮੀ ਬੰਗਾਲ 'ਚ ਵੱਡੇ ਪੱਧਰ ਉਤੇ ਹਿੰਸਕ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ 'ਚ ਮੁਜ਼ਾਹਰਾਕਾਰੀਆਂ ਨੇ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਹੈ ਤੇ ਪੁਲਿਸ ਨਾਲ ਝੜਪਾਂ ਵੀ ਹੋਈਆਂ ਹਨ। ਹਜ਼ਾਰਾਂ ਪ੍ਰਦਰਸ਼ਨਕਾਰੀ ਕਰਫਿਊ ਦੀ ਪ੍ਰਵਾਹ ਨਾ ਕਰਦਿਆਂ ਸੜਕਾਂ 'ਤੇ ਆ ਗਏ ਅਤੇ ਕਈ ਥਾਵਾਂ ਉਤੇ ਪੁਲਿਸ ਨਾਲ ਭਿੜ ਗਏ। ਫੌਜ ਵੱਲੋਂ ਕੱਢੇ ਗਏ ਫਲੈਗ ਮਾਰਚ ਦਾ ਵੀ ਰੋਹ 'ਚ ਆਏ ਲੋਕਾਂ ਉਤੇ ਕੋਈ ਅਸਰ ਨਾ ਪਿਆ। ਪੁਲਿਸ ਵੱਲੋਂ ਭੀੜ ਨੂੰ ਖਿੰਡਾਉਣ ਲਈ ਕੀਤੀ ਗਈ ਗੋਲੀਬਾਰੀ 'ਚ 4 ਜਣੇ ਮਾਰੇ ਗਏ।

ਦਿੱਲੀ 'ਚ ਪ੍ਰਦਰਸ਼ਨਕਾਰੀ ਨਿਊ ਫਰੈਂਡਜ਼ ਕਲੋਨੀ 'ਚ ਪੁਲਿਸ ਨਾਲ ਭਿੜ ਗਏ ਅਤੇ ਚਾਰ ਬੱਸਾਂ ਤੇ ਦੋ ਪੁਲਿਸ ਵਾਹਨਾਂ ਨੂੰ ਅੱਗ ਲਗਾ ਦਿੱਤੀ। ਪੱਛਮੀ ਬੰਗਾਲ 'ਚ ਹਿੰਸਾ ਰੁਕਣ ਦਾ ਨਾਮ ਨਹੀਂ ਲੈ ਰਹੀ ਹੈ। ਸਰਕਾਰ ਨੇ ਮਾਲਦਾ, ਉੱਤਰ ਦਿਨਾਜਪੁਰ, ਮੁਰਸ਼ਿਦਾਬਾਦ, ਹਾਵੜਾ, ਨੌਰਥ 24 ਪਰਗਨਾ ਅਤੇ ਸਾਊਥ 24 ਪਰਗਨਾ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ 'ਚ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਹਨ। ਉੱਤਰੀ 24 ਪਰਗਨਾ ਅਤੇ ਨਾਦੀਆ ਜ਼ਿਲ੍ਹਿਆਂ ਦੇ ਅਮਦਾਂਗਾ ਅਤੇ ਕਲਿਆਣੀ ਇਲਾਕਿਆਂ 'ਚ ਪ੍ਰਦਰਸ਼ਨਕਾਰੀਆਂ ਨੇ ਰਸਤੇ ਰੋਕ ਕੇ ਸੜਕਾਂ ਉਤੇ ਲੱਕੜਾਂ ਨੂੰ ਅੱਗ ਲਾ ਦਿੱਤੀ।

## ਹਿੰਸਕ ਮੁਜ਼ਾਹਰਿਆਂ ਨੇ ਮੋਦੀ ਸਰਕਾਰ ਨੂੰ ਸੋਚੀਂ ਪਾਇਆ




ਦਿਗੰਗਾ ਇਲਾਕੇ 'ਚ ਕਈ ਦੁਕਾਨਾਂ ਦੀ ਭੰਨ-ਤੋੜ ਕੀਤੀ ਗਈ ਹੈ। ਸਾਊਥ 24 ਪਰਗਨਾ ਜ਼ਿਲ੍ਹੇ 'ਚ ਰੇਲ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ। ਅਕਰਾ ਸਟੇਸ਼ਨ 'ਤੇ ਭੰਨ-ਤੋੜ ਤੋਂ ਇਲਾਵਾ ਪਟੜੀ ਨੂੰ ਅੱਗ ਲਗਾ ਦਿੱਤੀ ਗਈ।

ਹਿੰਸਕ ਮੁਜ਼ਾਹਰਿਆਂ ਕਾਰਨ ਰੇਲ ਆਵਾਜਾਈ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਰਹੀ। ਦੂਜੇ ਪਾਸੇ ਸ਼ਾਂਤੀ ਬਹਾਲੀ ਲਈ ਫੌਜ ਤੇ ਅਸਾਮ ਰਾਈਫਲਜ਼ ਦੀਆਂ ਅੱਠ ਟੁਕੜੀਆਂ ਅਸਾਮ ਭੇਜੀਆਂ ਗਈਆਂ ਹਨ। ਮੇਘਾਲਿਆ ਦੇ ਰਾਜ ਭਵਨ ਦੇ ਬਾਹਰ ਕੀਤੇ ਗਏ ਰੋਸ ਮੁਜ਼ਾਹਰੇ ਦੌਰਾਨ ਮੁਜ਼ਾਹਰਾਕਾਰੀਆਂ ਤੇ ਪੁਲਿਸ ਵਿਚਾਲੇ ਝੜਪਾਂ ਹੋਈਆਂ। ਅਸਾਮ ਦੇ ਡਿਬਰੂਗੜ੍ਹ ਤੇ ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ 'ਚ ਕਰਫਿਊ 'ਚ ਰਾਹਤ ਦਿੱਤੀ ਗਈ ਪਰ ਪੱਛਮੀ ਬੰਗਾਲ ਵਿਚ ਮੁਜ਼ਾਹਰੇ ਹਿੰਸਕ ਰੂਪ ਧਾਰ ਗਏ ਜਿਥੇ ਮੁਜ਼ਾਹਰਾਕਾਰੀਆਂ ਨੇ ਮੁਰਸ਼ਿਦਾਬਾਦ ਜ਼ਿਲ੍ਹੇ 'ਚ ਬੇਲਡਾਂਗਾ ਰੇਲਵੇ ਸਟੇਸ਼ਨ ਨੂੰ ਅੱਗ ਲਾ ਦਿੱਤੀ ਤੇ ਰੇਲਵੇ ਪੁਲਿਸ ਦੇ ਜਵਾਨ ਨਾਲ ਕੁੱਟਮਾਰ ਕੀਤੀ। ਇਸ ਤੋਂ ਇਲਾਵਾ ਹਾਵੜਾ, ਬੀਰਭੂਮ ਅਤੇ ਬੁਰਦਵਾਨ ਤੇ ਉੱਤਰੀ ਬੰਗਾਲ ਦੇ ਕੁਝ ਹਿੱਸਿਆਂ 'ਚ ਹਿੰਸਕ ਘਟਨਾਵਾਂ ਵਾਪਰੀਆਂ। ਰੇਲਵੇ ਪੁਲਿਸ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮੁਜ਼ਾਹਰਾਕਾਰੀਆਂ ਨੇ ਰੇਲਵੇ ਸਟੇਸ਼ਨਾਂ ਦੇ ਕਈ ਹਿੱਸੇ, ਮਸ਼ੀਨਾਂ ਤੇ ਪਟੜੀਆਂ ਨੂੰ ਅੱਗ ਲਗਾ ਦਿੱਤੀ ਹੈ। ਰੇਲਵੇ ਦੀ ਸੇਵਾ ਵੀ ਮੁਜ਼ਾਹਰਿਆਂ ਕਾਰਨ ਪ੍ਰਭਾਵਿਤ ਹੋਈ ਹੈ।

ਦਿੱਲੀ ਦੀ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਨਵੇਂ ਨਾਗਰਿਕਤਾ ਐਕਟ ਖਿਲਾਫ ਕੀਤੇ ਗਏ ਰੋਸ ਪ੍ਰਦਰਸ਼ਨ ਦੌਰਾਨ ਉਨ੍ਹਾਂ ਦੀਆਂ ਦਿੱਲੀ ਪੁਲਿਸ ਨਾਲ ਝੜਪਾਂ ਹੋਈਆਂ। ਵਿਦਿਆਰਥੀਆਂ ਵੱਲੋਂ ਪੁਲਿਸ ਉਤੇ ਪਥਰਾਅ ਕੀਤਾ ਗਿਆ ਤੇ ਪੁਲਿਸ ਨੇ ਹੰਝੂ ਗੈਸ ਦੇ ਗੋਲੇ ਦਾਗ ਕੇ ਅਤੇ ਲਾਠੀਚਾਰਜ ਕਰਕੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੂੰ ਖਦੇੜਿਆ। ਪੁਲਿਸ ਤੇ ਵਿਦਿਆਰਥੀਆਂ ਦਰਮਿਆਨ ਟਕਰਾਅ ਉਦੋਂ ਸ਼ੁਰੂ ਹੋਇਆ ਜਦੋਂ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਸੰਸਦ ਭਵਨ ਵੱਲ ਮਾਰਚ ਕਰਨ ਤੋਂ ਰੋਕ ਦਿੱਤਾ ਤੇ ਵਿਦਿਆਰਥੀ ਰੋਕਾਂ ਟੱਪ ਕੇ ਅੱਗੇ ਵਧਣ ਲੱਗੇ। ਵਿਦਿਆਰਥੀਆਂ ਨੇ ਦੋਸ਼ ਲਾਇਆ ਕਿ ਪੁਲਿਸ ਨੇ ਯੂਨੀਵਰਸਿਟੀ ਦੇ ਗੇਟ ਬੰਦ ਕਰ ਦਿੱਤੇ ਸਨ। ਇਸ ਰੋਸ ਮੁਜ਼ਾਹਰੇ 'ਚ ਕਰੀਬ ਦੋ ਹਜ਼ਾਰ ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਦਿਆਰਥੀਆਂ ਨੇ ਰੋਸ ਮੁਜ਼ਾਹਰੇ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੀ ਹੈ ਜਿਸ 'ਚ ਪੁਲਿਸ ਉਨ੍ਹਾਂ 'ਤੇ ਲਾਠੀਚਾਰਜ ਕਰਦੀ ਦਿਖਾਈ ਦੇ ਰਹੀ ਹੈ। ਲਾਠੀਚਾਰਜ 'ਚ ਕਈ ਵਿਦਿਆਰਥੀਆਂ ਦੇ ਜਖਮੀ ਹੋ ਗਏ।

## ਲੋਕਾਂ ਨੂੰ ਭੜਕਾ ਰਹੀ ਹੈ ਕਾਂਗਰਸ: ਮੋਦੀ

**ਦੁਮਕਾ (ਝਾਰਖੰਡ):** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ਅਤੇ ਉਨ੍ਹਾਂ ਦੇ ਭਾਈਵਾਲਾਂ 'ਤੇ ਦੋਸ਼ ਲਾਇਆ ਹੈ ਕਿ ਉਹ ਨਾਗਰਿਕਤਾ ਕਾਨੂੰਨ ਉਤੇ ਰੌਲਾ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਮੁਲਕ ਦੇ ਕਈ ਹਿੱਸਿਆਂ 'ਚ ਇਸ ਮੁੱਦੇ 'ਤੇ ਅਗਜ਼ਨੀ ਅਤੇ ਅਸ਼ਾਂਤੀ ਦਾ ਮਾਹੌਲ ਪੈਦਾ ਕਰ ਰਹੀ ਹੈ। ਕਿਸੇ ਪਾਰਟੀ ਜਾਂ ਫਿਰਕੇ ਦਾ ਨਾਮ ਲਏ ਬਿਨਾਂ ਮੋਦੀ ਨੇ ਕਿਹਾ ਕਿ ਜਿਹੜੇ ਅੱਗ ਭੜਕਾ ਰਹੇ ਹਨ, ਉਨ੍ਹਾਂ ਨੂੰ ਕੱਪੜਿਆਂ ਨਾਲ ਪਛਾਣਿਆ ਜਾ ਸਕਦਾ ਹੈ। ਇਥੇ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ ਉੱਤਰ-ਪੂਰਬ ਅਤੇ ਪੱਛਮੀ ਬੰਗਾਲ 'ਚ ਹਿੰਸਕ ਪ੍ਰਦਰਸ਼ਨਾਂ ਨੂੰ ਵਿਰੋਧੀ ਅਸਿੱਧੇ ਤੌਰ ਉਤੇ ਸ਼ਹਿ ਦੇ ਰਹੇ ਹਨ।

## ਸੰਯੁਕਤ ਰਾਸ਼ਟਰ ਵਲੋਂ ਸਥਿਤੀ ਦੀ ਸਮੀਖਿਆ

**ਵਾਸ਼ਿੰਗਟਨ:** ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਕਿਹਾ ਹੈ ਕਿ ਭਾਰਤ 'ਚ ਸੋਧੇ ਗਏ ਨਾਗਰਿਕਤਾ ਕਾਨੂੰਨ ਤੋਂ ਬਾਅਦ ਬਣੀ ਸਥਿਤੀ ਉਤੇ ਮੁਲਕ 'ਨੇੜਿਉਂ ਨਜ਼ਰ' ਰੱਖ ਰਿਹਾ ਹੈ। ਅਮਰੀਕਾ ਨੇ ਨਵੀਂ ਦਿੱਲੀ ਨੂੰ ਭਾਰਤ ਦੀਆਂ ਸੰਵਿਧਾਨਕ ਤੇ ਲੋਕਤੰਤਰਿਕ ਕਦਰਾਂ-ਕੀਮਤਾਂ ਮੁਤਾਬਕ ਧਾਰਮਿਕ ਘੱਟ ਗਿਣਤੀਆਂ ਦੇ ਹੱਕ ਸੁਰੱਖਿਅਤ ਕਰਨ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਸੰਯੁਕਤ ਰਾਸ਼ਟਰ ਨੇ ਵੀ ਕਿਹਾ ਹੈ ਕਿ ਸੋਧ ਬਿੱਲ ਦੇ ਕਾਨੂੰਨ ਬਣਨ ਤੋਂ ਬਾਅਦ ਭਾਰਤ ਵਿਚ ਉਪਜ ਰਹੀ ਸਥਿਤੀ ਦੀ ਸੰਗਠਨ ਸਮੀਖਿਆ ਕਰ ਰਿਹਾ ਹੈ। ਸੰਯੁਕਤ ਰਾਸ਼ਟਰ ਮੁਖੀ ਦੇ ਬੁਲਾਰੇ ਨੇ ਕਿਹਾ ਕਿ ਆਲਮੀ ਸੰਗਠਨ ਦੇ ਮੁਢਲੇ ਸਿਧਾਂਤਾਂ ਵਿਚ ਮਨੁੱਖੀ ਹੱਕਾਂ ਨੂੰ ਪਹਿਲ ਦਿੱਤੀ ਗਈ ਹੈ ਤੇ ਇਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਹਰ ਕਿਸੇ ਤੋਂ ਤਵੱਕੋ ਕੀਤੀ ਜਾਂਦੀ ਹੈ। ਨਾਗਰਿਕਤਾ ਕਾਨੂੰਨ ਬਾਰੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਕੀਤੀ ਟਿੱਪਣੀ ਦੀ ਭਾਰਤ ਵੱਲੋਂ ਨਿਖੇਧੀ ਦਾ ਜਵਾਬ ਦਿੰਦਿਆਂ ਪਾਕਿ ਨੇ ਕਿਹਾ ਕਿ 'ਝੂਠ' ਇਸ ਕਾਨੂੰਨ ਦਾ ਅਧਾਰ ਹੈ।

# ਨਾਗਰਿਕਤਾ ਕਾਨੂੰਨ: ਕੇਂਦਰ ਤੇ ਸੂਬਾ ਸਰਕਾਰਾਂ 'ਚ ਟਕਰਾਅ ਵਾਲੇ ਹਾਲਾਤ

**ਨਵੀਂ ਦਿੱਲੀ:** ਭਾਰਤ 'ਚ ਸੋਧੇ ਗਏ ਨਾਗਰਿਕਤਾ ਕਾਨੂੰਨ ਨੂੰ ਲੈ ਕੇ ਸੂਬਾ ਸਰਕਾਰਾਂ ਤੇ ਕੇਂਦਰ ਵਿਚ ਟਕਰਾਅ ਦੇ ਆਸਾਰ ਬਣੇ ਗਏ ਹਨ। ਵੱਡੀ ਗਿਣਤੀ ਸੂਬਾ ਸਰਕਾਰਾਂ ਨੇ ਇਹ ਕਾਨੂੰਨ ਲਾਗੂ ਕਰਨ ਤੋਂ ਕੋਰਾ ਜਵਾਬ ਦੇ ਦਿੱਤਾ ਹੈ, ਜਦ ਕਿ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਸੂਬਾ ਸਰਕਾਰਾਂ ਕੋਲ ਨਾਗਰਿਕਤਾ (ਸੋਧ) ਬਿਲ 2019 ਨੂੰ ਅਮਲ 'ਚ ਲਿਆਉਣ ਤੋਂ ਰੋਕਣ ਦੀਆਂ ਸ਼ਕਤੀਆਂ ਨਹੀਂ ਹਨ ਕਿਉਂਕਿ ਇਹ ਕਾਨੂੰਨ ਸੰਵਿਧਾਨ ਦੇ 7ਵੇਂ ਸ਼ਡਿਊਲ ਦੀ ਕੇਂਦਰੀ ਸੂਚੀ ਤਹਿਤ ਬਣਾਇਆ ਗਿਆ ਹੈ। ਕੇਂਦਰ ਨੇ ਇਹ ਬਿਆਨ ਪੱਛਮੀ ਬੰਗਾਲ, ਪੰਜਾਬ, ਕੇਰਲ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੇ ਮੁੱਖ ਮੰਤਰੀਆਂ ਵੱਲੋਂ ਇਸ ਕਾਨੂੰਨ ਨੂੰ ਆਪੋ ਆਪਣੇ ਸੂਬਿਆਂ 'ਚ ਲਾਗੂ ਕਰਨ ਤੋਂ ਇਨਕਾਰ ਕੀਤੇ ਜਾਣ ਮਗਰੋਂ ਕੀਤੀ ਹੈ।

ਗ੍ਰਹਿ ਮੰਤਰਾਲੇ ਦੇ ਉੱਚ ਅਧਿਕਾਰੀਆਂ ਨੇ ਕਿਹਾ ਕਿ ਇਹ ਕਾਨੂੰਨ ਕੇਂਦਰ ਦੀ ਸੂਚੀ ਵਿਚ ਸ਼ਾਮਲ ਹੈ, ਇਸ ਲਈ ਸੂਬਾ ਸਰਕਾਰਾਂ ਕੋਲ ਇਸ ਕਾਨੂੰਨ ਨੂੰ ਲਾਗੂ ਹੋਣ ਤੋਂ ਰੋਕਣ ਲਈ ਕੋਈ ਸ਼ਕਤੀਆਂ ਨਹੀਂ ਹਨ। ਜ਼ਿਕਰਯੋਗ ਹੈ ਕਿ ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਨੇ ਇਸ ਕਾਨੂੰਨ ਨੂੰ ਗੈਰ-ਸੰਵਿਧਾਨਕ ਦੱਸਦਿਆਂ ਆਪਣੇ ਸੂਬਿਆਂ 'ਚ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਇਸੇ ਦੌਰਾਨ ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਨਾਗਰਿਕਤਾ (ਸੋਧ) ਕਾਨੂੰਨ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਬਿੱਲ ਨੂੰ ਪਾਸ ਕਰਨ ਜਿੰਨੀ ਫੁਰਤੀ ਸਰਕਾਰ ਨੇ ਦਿਖਾਈ ਹੈ, ਉਨੀ ਹੀ ਫੁਰਤੀ ਸਰਕਾਰ ਨੂੰ ਔਰਤਾਂ ਉਤੇ ਹੋ ਰਹੇ ਜ਼ੁਲਮਾਂ ਖਿਲਾਫ ਕਾਨੂੰਨ ਬਣਾਉਣ ਲਈ ਵੀ ਦਿਖਾਉਣੀ ਚਾਹੀਦੀ ਸੀ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਨਾਗਰਿਕਤਾ ਸੋਧ ਬਿੱਲ ਨੂੰ ਸੂਬੇ ਵਿਚ ਲਾਗੂ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਕੋਲ ਸੂਬੇ ਦੀ ਵਿਧਾਨ ਸਭਾ ਵਿਚ ਬਹੁਮਤ ਹੈ ਅਤੇ ਸਦਨ ਵਿਚ ਇਸ ਗੈਰ-ਸੰਵਿਧਾਨਿਕ ਬਿਲ ਨੂੰ ਰੋਕਿਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਮੁਲਕ ਦੇ ਧਰਮ ਨਿਰਪੱਖ ਢਾਂਚੇ ਨੂੰ ਢਾਹ ਨਹੀਂ ਲੱਗਣ ਦੇਵੇਗੀ। ਸੰਸਦ ਨੂੰ ਅਜਿਹਾ ਕਾਨੂੰਨ ਪਾਸ ਕਰਨ ਦਾ ਕੋਈ ਅਧਿਕਾਰ ਨਹੀਂ, ਜੋ ਸੰਵਿਧਾਨ ਨੂੰ ਢਾਹ ਲਾਉਂਦਾ ਹੋਵੇ ਅਤੇ ਸੰਵਿਧਾਨ ਦੇ ਮੁਢਲੇ ਸਿਧਾਂਤਾਂ ਤੇ ਮੁਲਕ ਦੇ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੋਵੇ। ਇਸ ਬਿੱਲ ਨੂੰ ਸੰਵਿਧਾਨਕ ਕਦਰਾਂ-ਕੀਮਤਾਂ ਦੇ ਉਲਟ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਰੱਦ ਹੋਣਾ ਚਾਹੀਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੁਲਕ ਨੂੰ ਧਾਰਮਿਕ ਲੀਹਾਂ ਉਤੇ ਵੰਡਦਾ ਕੋਈ ਵੀ ਕਾਨੂੰਨ ਗੈਰ-ਕਾਨੂੰਨੀ ਅਤੇ ਅਨੈਤਿਕ ਹੈ, ਜਿਸ ਨੂੰ ਬਰਕਰਾਰ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਮੁੱਖ ਮੰਤਰੀ ਨੇ ਕਿਹਾ ਕਿ ਚੁਣੀ ਹੋਈ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸੰਵਿਧਾਨ ਵਿਚ ਦਰਜ ਕਦਰਾਂ-ਕੀਮਤਾਂ ਦੀ ਰਾਖੀ ਕਰੇ ਅਤੇ ਇਨ੍ਹਾਂ ਨੂੰ ਢਾਹ ਨਾ ਲੱਗਣ ਦੇਵੇ। ਉਨ੍ਹਾਂ ਸਪਸ਼ਟ ਕੀਤਾ ਕਿ ਅਜਿਹੀ ਸੰਵਿਧਾਨਕ ਉਲੰਘਣਾ ਨੂੰ ਉਹ ਆਪਣੇ ਕਾਰਜਕਾਲ ਵਿਚ ਕੋਈ ਵੀ ਥਾਂ ਨਹੀਂ ਲੈਣ ਦੇਣਗੇ। ਨਾਗਰਿਕਤਾ ਨੂੰ ਕਾਨੂੰਨ ਨਾਲ ਜੋੜ ਕੇ ਨਾਗਰਿਕਤਾ ਸੋਧ ਬਿਲ ਮੁਲਕ ਦੀ ਨੀਂਹ ਉਤੇ ਜ਼ੋਰਦਾਰ ਹਮਲਾ ਕਰੇਗਾ।

ਮੁੱਖ ਮੰਤਰੀ ਨੇ ਕਿਹਾ ਜੇਕਰ ਦੂਜੇ ਮੁਲਕ ਵੀ ਅਜਿਹੇ ਕਾਨੂੰਨ ਲਿਆਉਣ ਦਾ ਫੈਸਲਾ ਕਰ ਲੈਣ ਤਾਂ ਉਥੇ ਵੱਡੀ ਗਿਣਤੀ ਵਿਚ ਵੱਸ ਰਹੇ ਭਾਰਤੀਆਂ ਦਾ ਕੀ ਬਣੇਗਾ, ਜਿਨ੍ਹਾਂ ਨੇ ਨਾਗਰਿਕਤਾ ਵੀ ਹਾਸਲ ਕੀਤੀ ਹੋਈ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਸ ਕਦਮ ਨੂੰ ਪਿਛਾਂਹ-ਖਿੱਚੂ ਦੱਸਦਿਆਂ ਕਿਹਾ ਕਿ ਇਹ ਸੰਵਿਧਾਨ ਵੱਲੋਂ ਮੁਲਕ ਨੂੰ ਅਗਾਂਹ ਵਧਣ ਦੇ ਲਏ ਅਹਿਦ ਤੋਂ ਪਿੱਛੇ ਧੱਕਣ ਵਾਲਾ ਕਦਮ ਹੈ।

# ਜਬਰ-ਜਨਾਹ ਕਰਨ ਵਾਲਿਆਂ 'ਚ 93% ਹੁੰਦੇ ਨੇ ਜਾਣਕਾਰ

**ਪਟਿਆਲਾ:** ਭਾਰਤ ਵਿਚ ਸਕੇ ਸਬੰਧੀਆਂ ਅਤੇ ਜਾਣਕਾਰ ਵਿਅਕਤੀਆਂ ਵੱਲੋਂ ਹੀ ਔਰਤਾਂ ਅਤੇ ਲੜਕੀਆਂ ਨਾਲ ਜਬਰ ਜਨਾਹ ਕਰਨ ਦੀਆਂ ਘਟਨਾਵਾਂ ਦੇ ਅੰਕੜੇ ਨਮੋਸ਼ੀ ਵਾਲੇ ਹਨ।

ਅੰਕੜਿਆਂ ਮੁਤਾਬਕ 2017 ਦੌਰਾਨ ਦੇਸ਼ ਭਰ 'ਚ 32 ਹਜ਼ਾਰ 559 ਔਰਤਾਂ ਨਾਲ ਜਬਰ ਜਨਾਹ ਹੋਣ ਦੇ ਕੇਸ ਦਰਜ ਹੋਏ ਸਨ, ਜਿਨ੍ਹਾਂ ਵਿਚੋਂ 30 ਹਜ਼ਾਰ 299 ਵਿਅਕਤੀ ਸਿੱਧੇ ਜਾਂ ਅਸਿੱਧੇ ਰੂਪ 'ਚ ਪੀੜਤਾ ਜਾਣਦੇ ਸਨ। ਜਬਰ ਜਨਾਹ ਕਰਨ ਵਾਲੇ 3155 ਪਰਿਵਾਰਕ ਮੈਂਬਰ, ਜਦਕਿ 16 ਹਜ਼ਾਰ 591 ਵਿਅਕਤੀ ਪੀੜਤ ਔਰਤਾਂ ਦੇ ਦੋਸਤ, ਗੁਆਂਢੀ ਅਤੇ ਹੋਰ ਜਾਣਕਾਰ ਸਨ। ਵਿਆਹ ਕਰਵਾਉਣ ਦਾ ਝਾਂਸਾ ਦੇਣ ਵਾਲੇ ਅਤੇ ਆਨਲਾਈਨ ਦੋਸਤਾਂ 10 ਹਜ਼ਾਰ 553 ਵਿਅਕਤੀਆਂ ਨੇ ਔਰਤਾਂ ਨਾਲ ਜਬਰ ਜਨਾਹ ਕੀਤਾ ਅਤੇ 2260 ਵਿਅਕਤੀ ਅਣਪਛਾਤੇ ਪਾਏ ਗਏ, ਜਦਕਿ 2016 'ਚ ਭਾਰਤ ਦੇ ਸਾਰੇ ਰਾਜਾਂ ਵਿਚ 38 ਹਜ਼ਾਰ 947 ਔਰਤਾਂ ਨਾਲ ਜਬਰ ਜਨਾਹ ਹੋਏ ਸਨ, ਜਿਨ੍ਹਾਂ ਵਿਚੋਂ 36 ਹਜ਼ਾਰ 859 ਮੁਲਜ਼ਮ ਵਿਅਕਤੀ ਸਿੱਧੇ ਜਾਂ ਅਸਿੱਧੇ ਰੂਪ 'ਚ ਪੀੜਤ ਔਰਤਾਂ ਨੂੰ ਜਾਣਦੇ ਸਨ।

2017 ਦੌਰਾਨ ਦੇਸ਼ ਭਰ ਵਿਚ, ਮੱਧ ਪ੍ਰਦੇਸ਼ 'ਚ 5562 ਔਰਤਾਂ ਨਾਲ ਜਬਰ ਜਨਾਹ ਹੋਏ ਸਨ, ਦੂਜੇ ਨੰਬਰ 'ਤੇ ਉੱਤਰ ਪ੍ਰਦੇਸ਼ 4246, ਮਹਾਰਾਸ਼ਟਰ 1933, ਰਾਜਸਥਾਨ 3305, ਦਿੱਲੀ 1229, ਉੜੀਸਾ 2070, ਆਸਾਮ 1772, ਕੇਰਲਾ 2003, ਕਰਨਾਟਕਾ 546, ਛੱਤੀਸਗੜ੍ਹ 1908, ਤੇਲੰਗਾਨਾ 552, ਹਰਿਆਣਾ 1099, ਵੈਸਟ ਬੰਗਾਲ 10084, ਝਾਰਖੰਡ 914, ਆਂਧਰਾ ਪ੍ਰਦੇਸ਼ 988, ਬਿਹਾਰ 605, ਗੁਜਰਾਤ 477, ਪੰਜਾਬ 530, ਉੱਤਰਾਖੰਡ 374, ਤਾਮਿਲਨਾਡੂ 283, ਜੰਮੂ ਕਸ਼ਮੀਰ 296, ਹਿਮਾਚਲ ਪ੍ਰਦੇਸ਼ 249, ਤ੍ਰਿਪੁਰਾ 95, ਮੇਘਾਲਿਆ 119, ਅਰੁਣਾਚਲ ਪ੍ਰਦੇਸ਼ 59, ਸਿੱਕਮ 17, ਚੰਡੀਗੜ੍ਹ 65, ਗੋਆ 76, ਮਨੀਪੁਰ 40, ਅੰਡੇਮਾਨ ਨਿਕੋਬਾਰ 13, ਨਾਗਾਲੈਂਡ 10, ਮਿਜ਼ੋਰਮ 25, ਡੀ.ਐਂਡ.ਐੱਨ. ਹਵੇਲੀ 1, ਦਮਨਦਿਓ 7, ਪਾਂਡੀਚੇਰੀ 7 ਜਬਰ ਜਨਾਹ ਦੀਆਂ ਘਟਨਾਵਾਂ ਵਾਪਰੀਆਂ, ਜਦੋਂ ਕਿ ਲਕਸ਼ਦੀਪ 'ਚ ਅਜਿਹਾ ਕੋਈ ਕੇਸ ਦਰਜ ਨਹੀਂ ਹੋਇਆ।

## ਆਂਧਰਾ ਪ੍ਰਦੇਸ਼ 'ਚ ਜਬਰ ਜਨਾਹ ਦੇ ਦੋਸ਼ੀਆਂ ਨੂੰ 21 ਦਿਨਾਂ 'ਚ ਮਿਲੇਗੀ ਸਜ਼ਾ

**ਅਮਰਾਵਤੀ:** ਆਂਧਰਾ ਪ੍ਰਦੇਸ਼ ਵਿਧਾਨ ਸਭਾ ਨੇ ਦਿਸ਼ਾ ਐਕਟ-2019 ਪਾਸ ਕੀਤਾ ਹੈ, ਜਿਸ ਔਰਤਾਂ ਅਤੇ ਬੱਚਿਆਂ ਨਾਲ ਘਿਣਾਉਣੇ ਅਪਰਾਧਾਂ ਦੇ ਦੋਸ਼ੀਆਂ ਨੂੰ 21 ਦਿਨਾਂ 'ਚ ਸਜ਼ਾ ਦਿੱਤੀ ਜਾਵੇਗੀ। ਹੈਦਰਾਬਾਦ 'ਚ ਕੁਝ ਦਿਨ ਪਹਿਲਾਂ ਇਕ ਮਹਿਲਾ ਵੈਟਰਨਰੀ ਡਾਕਟਰ ਨਾਲ ਜਬਰ ਜਨਾਹ ਉਪਰੰਤ ਹੱਤਿਆ ਦੀ ਵਾਪਰੀ ਘਟਨਾ ਤੋਂ ਸਬਕ ਲੈਂਦਿਆਂ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਾਈ.ਐੱਸ. ਜਗਨਮੋਹਨ ਰੈਡੀ ਦੀ ਅਗਵਾਈ ਵਾਲੀ ਸੂਬਾਈ ਕੈਬਨਿਟ ਮੀਟਿੰਗ 'ਚ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਬਿੱਲ ਦਾ ਮਸੌਦਾ ਤਿਆਰ ਕੀਤਾ ਗਿਆ। ਹੈਦਰਾਬਾਦ ਮਾਮਲੇ ਦੀ ਪੀੜਤਾ ਦੇ ਨਾਂ ਉਤੇ ਇਸ ਬਿੱਲ ਦਾ ਨਾਂ 'ਦਿਸ਼ਾ' ਰੱਖਿਆ ਗਿਆ ਹੈ। ਪੁਲਿਸ ਨੇ ਪੀੜਤਾ ਦੀ ਪਛਾਣ ਗੁਪਤ ਰੱਖਣ ਲਈ ਉਸ ਨੂੰ 'ਦਿਸ਼ਾ' ਨਾਂ ਦਿੱਤਾ ਸੀ।

# ਹੈਦਰਾਬਾਦ ਮੁਕਾਬਲੇ ਦੀ ਨਿਆਇਕ ਜਾਂਚ ਲਈ ਕਮਿਸ਼ਨ ਕਾਇਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਤਿਲੰਗਾਨਾ ਵਿਚ ਵੈਟਰਨਰੀ ਡਾਕਟਰ ਨਾਲ ਸਮੂਹਿਕ ਬਲਾਤਕਾਰ ਅਤੇ ਉਸ ਦੀ ਹੱਤਿਆ ਅਤੇ ਕੇਸ ਦੇ ਮੁਲਜ਼ਮਾਂ ਦੀ ਪੁਲਿਸ ਮੁਕਾਬਲੇ ਵਿਚ ਮੌਤ ਦੇ ਕਾਰਨਾਂ ਦੀ ਨਿਆਇਕ ਜਾਂਚ ਦੇ ਆਦੇਸ਼ ਦੇ ਦਿੱਤੇ ਹਨ। ਇਹ ਜਾਂਚ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਵੀ.ਐਸ. ਸਿਰਪੁਰਕਰ ਦੀ ਅਗਵਾਈ ਵਿਚ ਤਿੰਨ ਮੈਂਬਰੀ ਕਮਿਸ਼ਨ ਕਰੇਗਾ।

ਕਮਿਸ਼ਨ ਆਪਣੀ ਰਿਪੋਰਟ ਸੁਪਰੀਮ ਕੋਰਟ ਵਿਚ ਛੇ ਮਹੀਨਿਆਂ ਵਿਚ ਪੇਸ਼ ਕਰੇਗਾ। ਚੀਫ ਜਸਟਿਸ ਐਸ.ਏ. ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਇਸ ਕੇਸ ਦੀ ਤਿਲੰਗਾਨਾ ਹਾਈ ਕੋਰਟ ਵਿਚ ਚੱਲ ਰਹੀ ਸੁਣਵਾਈ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਪੇਸ਼ ਕਰਨ ਦੇ ਫੈਸਲੇ ਉਤੇ ਵੀ ਰੋਕ ਲਾ ਦਿੱਤੀ ਹੈ।

ਸੁਪਰੀਮ ਕੋਰਟ ਨੇ ਕਿਹਾ ਕਿ ਜਦੋਂ ਤੱਕ ਜਾਂਚ ਕਮਿਸ਼ਨ ਆਪਣੇ ਅਗਲੇ ਹੁਕਮ ਨਹੀਂ ਦਿੰਦਾ ਉਦੋਂ ਤੱਕ ਕੋਈ ਵੀ ਏਜੰਸੀ ਇਸ ਮਾਮਲੇ ਦੀ ਜਾਂਚ ਨਹੀਂ ਕਰੇਗੀ। ਕਮਿਸ਼ਨ ਨੂੰ ਕਮਿਸ਼ਨ ਆਫ ਇਨਕੁਆਰੀ ਐਕਟ ਤਹਿਤ ਸਾਰੇ ਅਧਿਕਾਰ ਹਾਸਲ ਹੋਣਗੇ। ਕਮਿਸ਼ਨ ਦੀ ਮਿਆਦ ਛੇ ਮਹੀਨੇ ਹੋਵੇਗੀ ਅਤੇ ਇਹ ਮਿਆਦ ਸੁਣਵਾਈ ਸ਼ੁਰੂ ਕਰਨ ਵਾਲੇ ਦਿਨ ਤੋਂ ਮੰਨੀ ਜਾਵੇਗੀ।

# ਬਲਾਤਕਾਰ ਕੇਸ: ਦੋਸ਼ ਸਾਬਤ ਹੋਣ ਦੀ ਦਰ 32%

**ਨਵੀਂ ਦਿੱਲੀ:** ਪੂਰੇ ਮੁਲਕ ਨੂੰ ਹਿਲਾ ਕੇ ਰੱਖ ਦੇਣ ਵਾਲੇ ਨਿਰਭਯਾ ਸਮੂਹਿਕ ਬਲਾਤਕਾਰ ਤੇ ਕਤਲ ਕੇਸ ਦੇ ਸੱਤ ਸਾਲਾਂ ਮਗਰੋਂ ਵੀ ਦੇਸ਼ ਵਿਚ ਜਬਰ ਜਨਾਹ ਕੇਸਾਂ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਹੋਣ ਦੀ ਦਰ 32.2 ਫੀਸਦ ਹੈ। ਇਸ ਘਟਨਾ ਮਗਰੋਂ ਜਿਨਸੀ ਅਪਰਾਧਾਂ ਨਾਲ ਨਜਿੱਠਣ ਲਈ ਸਖਤ ਕਾਨੂੰਨ ਬਣਾਏ ਜਾਣ ਦੇ ਬਾਵਜੂਦ ਬਲਾਤਕਾਰ ਦੇ ਕੇਸਾਂ ਵਿਚ ਦੋਸ਼ ਸਾਬਤ ਹੋਣ ਦੀ ਦਰ ਘੱਟ ਹੈ। ਐਨ.ਆਰ.ਸੀ.ਬੀ. ਵੱਲੋਂ ਸਾਲ 2017 ਲਈ ਜਾਰੀ ਅੰਕੜਿਆਂ ਮੁਤਾਬਕ ਉਸ ਸਾਲ ਬਲਾਤਕਾਰ ਦੇ ਕੁੱਲ ਕੇਸਾਂ ਦੀ ਗਿਣਤੀ 1,46,201 ਸੀ, ਪਰ ਇਨ੍ਹਾਂ ਵਿਚੋਂ ਮਹਿਜ਼ 5,822 ਮੁਲਜ਼ਮਾਂ ਨੂੰ ਦੋਸ਼ੀ ਪਾਇਆ ਗਿਆ। ਇਹ ਅੰਕੜੇ ਦਰਸਾਉਂਦੇ ਹਨ ਕਿ 2017 ਵਿਚ ਬਲਾਤਕਾਰ ਦੇ ਕੇਸਾਂ ਵਿਚ ਦੋਸ਼ ਪੱਤਰ ਦਾਖਲ ਕਰਨ ਦੀ ਦਰ ਘਟ ਕੇ 86.4 ਫੀਸਦ ਰਹਿ ਗਈ ਹੈ, ਜੋ 2013 ਵਿਚ 95.4 ਫੀਸਦ ਸੀ। ਅਲਵਰ ਬਲਾਤਕਾਰ ਕੇਸ ਵਿਚ ਬਚਾਅ ਪੱਖ ਦੀ ਵਕੀਲ ਸ਼ਿਲਪੀ ਜੈਨ ਨੇ ਕਿਹਾ ਕਿ ਜਬਰ ਜਨਾਹ ਕੇਸਾਂ ਦੀ ਜਾਂਚ ਕਰਨ ਵਾਲੇ ਪੁਲਿਸ ਦੇ ਖੇਤਰੀ ਮੁਲਾਜ਼ਮਾਂ ਨੂੰ ਵਧੇਰੇ ਕੁਸ਼ਲ ਬਣਾਉਣ ਦੀ ਲੋੜ ਹੈ। ਇਸ ਕੇਸ ਵਿਚ ਉੜੀਸਾ ਪੁਲਿਸ ਦੇ ਸਾਬਕਾ ਡੀ.ਜੀ.ਪੀ ਬੀ.ਬੀ.ਮੋਹੰਤੀ ਦੇ ਪੁੱਤਰ ਬਿੱਟੀ ਮੋਹੰਤੀ ਨੇ ਇਕ ਵਿਦੇਸ਼ੀ ਸੈਲਾਨੀ ਨਾਲ ਜਬਰ ਜਨਾਹ ਕੀਤਾ ਸੀ।

'ਨਿਰਭਯਾ' ਦੇ ਮਾਤਾ ਪਿਤਾ ਨੂੰ ਅੱਜ ਵੀ ਆਪਣੀ ਧੀ ਲਈ ਸਮਾਂ ਬੱਧ ਨਿਆਂ ਦੀ ਉਡੀਕ ਹੈ। 7 ਸਾਲ ਪਹਿਲਾਂ ਵਾਪਰੇ ਨਿਰਭਯਾ ਕਾਂਡ ਪਿਛੋਂ ਦਿੱਲੀ ਨੂੰ 'ਰੇਪ ਕੈਪੀਟਲ' ਆਖਿਆ ਜਾਣ ਲੱਗਾ ਸੀ, ਪਰ ਉਹਦੇ ਮਾਤਾ-ਪਿਤਾ ਮੰਨਦੇ ਹਨ ਕਿ ਇਹ ਇਕੱਲੀ ਕੌਮੀ ਰਾਜਧਾਨੀ ਦੀ ਨਹੀਂ, ਪੂਰੇ ਦੇਸ਼ ਦੀ ਸਮੱਸਿਆ ਹੈ। ਨਿਰਭਯਾ ਦੀ ਮਾਂ ਨੇ ਕਿਹਾ, 'ਦਿੱਲੀ ਨੇ ਸਾਡਾ ਸਭ ਕੁਝ ਖੋਹ ਲਿਆ, ਪਰ ਅਸੀਂ ਦਿੱਲੀ ਨਾਲ ਨਫਰਤ ਨਹੀਂ ਕਰ ਸਕਦੇ, ਕਿਉਂਕਿ ਦੇਸ਼ ਦੇ ਹੋਰ ਹਿੱਸਿਆਂ 'ਚ ਵੀ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਤੁਸੀਂ ਪੂਰੀ ਦੁਨੀਆਂ ਨਾਲ ਨਫਰਤ ਨਹੀਂ ਕਰ ਸਕਦੇ।'

# ਪਰਦੀਪ ਸਿੰਘ ਦਿਓਲ ਨੂੰ 'ਆਫੀਸਰ ਆਫ ਦਿ ਯੀਅਰ' ਐਵਾਰਡ

**ਸ਼ਿਕਾਗੋ (ਬਿਊਰੋ):** ਇਥੋਂ ਦੀ ਇਕ ਸਬਰਬ ਪ੍ਰਾਸਪੈਕਟ ਹਾਈਟਸ ਦੇ ਪੁਲਿਸ ਚੀਫ ਜਿਮ ਜ਼ਾਲੋਕੀ, ਡਿਪਟੀ ਚੀਫ ਮਾਰਕ ਪੋਰਲੀਅਰ, ਕਮਿਸ਼ਨਰ ਮੇਇਰ ਅਤੇ ਕਮਿਸ਼ਨਰ ਫੀਓਰਿਟੋ ਨੇ ਅਫਸਰ ਪਰਦੀਪ (ਪੀਟ) ਸਿੰਘ ਦਿਓਲ ਨੂੰ 'ਆਫੀਸਰ ਆਫ ਦਿ ਯੀਅਰ-2019' ਐਵਾਰਡ ਦਿੱਤਾ ਹੈ। ਇਸ ਮੌਕੇ ਮੇਅਰ ਨਿਕੋਲਸ ਹੈਲਮਰ ਅਤੇ ਸਿਟੀ ਕੌਂਸਲ ਦੇ ਹੋਰ ਮੈਂਬਰ ਮੌਜੂਦ ਸਨ।

ਯਾਦ ਰਹੇ, ਪ੍ਰਾਸਪੈਕਟ ਹਾਈਟਸ ਪੁਲਿਸ ਡਿਪਾਰਟਮੈਂਟ ਨੇ ਸਟਾਫ ਤੋਂ ਇਸ ਐਵਾਰਡ ਲਈ ਨਾਮਜ਼ਦਗੀਆਂ ਮੰਗੀਆਂ ਸਨ ਤੇ ਇਸ ਵਾਰ ਦਾ ਇਹ ਐਵਾਰਡ ਪਰਦੀਪ ਦਿਓਲ ਨੂੰ ਦਿੱਤਾ ਗਿਆ।

ਪਰਦੀਪ ਦਿਓਲ ਨੇ ਪੁਲਿਸ ਵਿਭਾਗ ਵਿਚ ਅਫਸਰ ਬਣਨ ਤੋਂ ਪਹਿਲਾਂ ਪੁਲਿਸ ਵਿਚ ਪੀਅਰ ਜਿਊਰੀ ਵਜੋਂ 2008 ਵਿਚ ਕੰਮ ਸ਼ੁਰੂ ਕੀਤਾ ਸੀ। ਫਿਰ ਉਸ ਨੂੰ ਇਨਟਰਨਸ਼ਿਪ ਮਿਲ ਗਈ ਅਤੇ 2012 ਵਿਚ ਉਸ ਨੂੰ ਫੁੱਲ-ਟਾਈਮ ਲਈ ਰੱਖ ਲਿਆ ਗਿਆ। ਇਸ ਤੋਂ ਬਾਅਦ ਉਸ ਨੇ ਚੀਫ ਦੇ ਅਸਿਸਟੈਂਟ, ਲਈਯਨ ਅਫਸਰ ਅਤੇ ਰਿਕਾਰਡ ਕਲਰਕ ਵਜੋਂ ਕਈ ਡਿਊਟੀਆਂ ਨਿਭਾਈਆਂ। 2019 ਵਿਚ ਉਹ ਸੈਰ-ਸਪਾਟਾ ਜਿਲਾ ਅਫਸਰ ਚੁਣਿਆ ਗਿਆ ਅਤੇ ਉਸ ਨੇ ਪ੍ਰਾਸਪੈਕਟ ਹਾਈਟਸ ਵਿਚ ਹੋਟਲ ਤੇ ਹੋਰ ਕਾਰੋਬਾਰ ਵਿਚ ਸਪੈਸ਼ਲ ਲਈਯਨ ਅਫਸਰ ਦੀ ਭੂਮਿਕਾ ਨਿਭਾਈ।

ਆਪਣੀ ਲਗਨ ਅਤੇ ਮਿਹਨਤ ਸਦਕਾ ਪਰਦੀਪ ਦਿਓਲ ਆਪਣੇ ਵਿਭਾਗ ਵਿਚ ਸਦਾ ਚਰਚਿਤ ਰਿਹਾ ਹੈ। ਉਸ ਨੇ ਯੂਥ ਆਊਟਰੀਚ ਪ੍ਰੋਗਰਾਮ, ਇਨਟਰਨਸ਼ਿਪ ਪ੍ਰੋਗਰਾਮ, ਵਾਲੰਟੀਅਰ ਪ੍ਰੋਗਰਾਮ, ਪ੍ਰਾਸਪੈਕਟ ਹਾਈਟਸ ਸਿਟੀਜ਼ਨ ਪੁਲਿਸ ਅਕੈਡਮੀ ਅਤੇ ਅਪਰਾਧ ਰੋਕੂ ਯੂਨਿਟ ਵਿਚ ਅਹਿਮ ਭੂਮਿਕਾ ਨਿਭਾਈ। ਇਸ ਦੇ ਨਾਲ ਹੀ ਉਸ ਨੇ ਕਮਾਂਡ ਸਟਾਫ ਅਤੇ ਡਿਸਪੈਚ ਸੈਂਟਰ ਵਿਚ ਵੀ ਕਈ ਨਵੇਂ ਪ੍ਰਾਜੈਕਟਾਂ 'ਤੇ ਕੰਮ ਕੀਤਾ। ਇਨ੍ਹਾਂ ਕਾਰਜਾਂ ਦੌਰਾਨ ਉਨ੍ਹਾਂ ਨੂੰ ਜਦੋਂ ਵੀ ਵਿਹਲ ਮਿਲਦੀ ਤਾਂ ਉਹ ਹੋਰ ਵਖ-ਵਖ ਭਾਈਚਾਰਿਆਂ ਦੀਆਂ ਵਾਲੰਟੀਅਰ ਸੇਵਾਵਾਂ ਵਿਚ ਜੁਟ ਜਾਂਦਾ। ਪਰਦੀਪ ਦਿਓਲ ਸਿੱਖ ਅਤੇ ਪੰਜਾਬੀ ਭਾਈਚਾਰੇ ਦਾ ਇਕ ਸਰਗਰਮ ਮੈਂਬਰ ਹੈ। ਉਹ ਛੋਟੇ ਹੁੰਦਿਆਂ ਤੋਂ ਹੀ ਪੰਜਾਬੀ ਭਾਈਚਾਰੇ ਅਤੇ ਗੁਰਦੁਆਰੇ ਦੇ ਸਮਾਗਮ ਵਿਚ ਸਰਗਰਮ ਰਿਹਾ ਹੈ।

ਐਵਾਰਡ ਦੇਣ ਮੌਕੇ ਕਰਵਾਏ ਸਮਾਗਮ ਦੌਰਾਨ ਡਿਪਟੀ ਚੀਫ ਮਾਰਕ ਪੋਰਲੀਅਰ ਨੇ ਕਿਹਾ ਕਿ ਅਫਸਰ ਪਰਦੀਪ ਦਿਓਲ ਬਹੁਤ ਮਿਹਨਤੀ ਹੈ ਅਤੇ ਵਿਭਾਗ ਦੇ ਵਖ-ਵਖ ਕੰਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ।



*ਪ੍ਰੋਸਪੈਕਟ ਹਾਈਟਸ ਪੁਲਿਸ ਵਿਭਾਗ ਦੇ ਅਫਸਰਾਂ ਨਾਲ ਪੁਲਿਸ ਅਫਸਰ ਪਰਦੀਪ (ਪੀਟ) ਸਿੰਘ ਦਿਓਲ (ਖੱਬਿਓਂ ਦੂਜੇ)*


## ਡਿਸ਼ਵਾਸ਼ਰ ਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਡਿਸ਼ਵਾਸ਼ਰ ਤੇ ਹੈਲਪਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

ਫੋਨ: 608-886-2500

51-1


# ਸੁਖਬੀਰ ਸਿੰਘ ਬਾਦਲ ਦੇ ਤੀਜੀ ਵਾਰ ਪਾਰਟੀ ਪ੍ਰਧਾਨ ਚੁਣੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ

**ਸ਼ਿਕਾਗੋ (ਬਿਊਰੋ):** ਸੁਖਬੀਰ ਸਿੰਘ ਬਾਦਲ ਦੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਲਗਾਤਾਰ ਤੀਜੀ ਵਾਰ ਪ੍ਰਧਾਨ ਚੁਣੇ ਜਾਣ 'ਤੇ ਸਥਾਨਕ ਅਕਾਲੀ ਆਗੂਆਂ ਤੇ ਵਰਕਰਾਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਸ ਨੂੰ ਪਾਰਟੀ ਲਈ ਉਸਾਰੂ ਕਦਮ ਕਿਹਾ ਹੈ।

ਇਥੇ ਜਾਰੀ ਇਕ ਪ੍ਰੈਸ ਬਿਆਨ ਵਿਚ ਸ਼੍ਰੋਮਣੀ ਯੂਥ ਅਕਾਲੀ ਦਲ (ਬਾਦਲ) ਮਿਡਵੈਸਟ, ਅਮਰੀਕਾ ਦੇ ਪ੍ਰਧਾਨ ਜਸਕਰਨ ਸਿੰਘ ਧਾਲੀਵਾਲ ਨੇ ਕਿਹਾ ਕਿ ਸ. ਬਾਦਲ ਦੇ ਮੁੜ ਪ੍ਰਧਾਨ ਚੁਣੇ ਜਾਣ 'ਤੇ ਜਿਥੇ ਦੇਸ਼ ਦੇ ਸਮੂਹ ਪਾਰਟੀ ਵਰਕਰਾਂ ਵਿਚ ਖੁਸ਼ੀ ਦੀ ਲਹਿਰ ਹੈ, ਉਥੇ ਵਿਦੇਸ਼ਾਂ ਵਿਚ ਵੱਸਦੇ ਪਾਰਟੀ ਆਗੂਆਂ ਤੇ ਵਰਕਰਾਂ ਨੇ ਵੀ ਪਾਰਟੀ ਪ੍ਰਧਾਨ ਚੁਣੇ ਗਏ ਸੁਖਬੀਰ ਸਿੰਘ ਬਾਦਲ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸ. ਬਾਦਲ ਪਾਰਟੀ ਨੂੰ ਨਵੀਆਂ ਸਿਖਰਾਂ ਉਤੇ ਲੈ ਜਾਣ ਦੇ ਨਾਲ ਨਾਲ ਪਾਰਟੀ ਦੀ ਬਿਹਤਰੀ ਲਈ ਲਗਾਤਾਰ ਉਪਰਾਲੇ ਕਰ ਰਹੇ ਹਨ ਤੇ ਉਨ੍ਹਾਂ ਦਾ ਮੁੜ ਪ੍ਰਧਾਨ ਚੁਣੇ ਜਾਣਾ ਮਾਣ ਵਾਲੀ ਗੱਲ ਹੈ।



*ਜਸਕਰਨ ਸਿੰਘ ਧਾਲੀਵਾਲ*


## ਰੈਸਟੋਰੈਂਟ ਵਿਕਾਊ ਹੈ

ਕੈਨਸਸ ਸਟੇਟ ਵਿਚ ਚੰਗਾ ਚਲਦਾ ਭਾਰਤੀ ਰੈਸਟੋਰੈਂਟ ਵਿਕਾਊ ਹੈ

*ਚੰਗੀ ਸੇਲ, ਚੰਗੀ ਲੋਕੇਸ਼ਨ*

ਸੰਪਰਕ ਕਰੋ:

ਫੋਨ: 316-518-5382

ਜਾਂ 316-305-1818

49/4



## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

***One of the Fastest Growing City in America and Best School System...***

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**Manjit Singh Nagra**

*Realtor/Broker*

**Cell: 317-750-1900**

6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ



**Gurdeep (Garry) Chhokar**

Realtor/Broker

**Cell: 317-500-1247**

Star Alliance BROKERAGE



***We do all type of Home and Commercial Loan. Same day loan approval...***

# ਹੁਣ ਕੈਪਟਨ ਦੇ ਮੰਤਰੀ ਤੇ ਵਿਧਾਇਕ ਨੇ ਲਾਇਆ ਇਕ-ਦੂਜੇ ਨਾਲ ਆਢਾ

**ਬਠਿੰਡਾ**: ਮਾਲ ਮੰਤਰੀ ਪੰਜਾਬ ਗੁਰਪ੍ਰੀਤ ਸਿੰਘ ਕਾਂਗੜ ਅਤੇ ਹਲਕਾ ਪਾਤੜਾਂ ਦੇ ਵਿਧਾਇਕ ਨਿਰਮਲ ਸਿੰਘ ਸ਼ੁਤਰਾਣਾ ਵੱਢੀਖੋਰੀ ਦੇ ਮਾਮਲੇ ਉਤੇ ਆਹਮੋ-ਸਾਹਮਣੇ ਆ ਗਏ ਹਨ। ਪਾਤੜਾਂ ਤਹਿਸੀਲ 'ਚ ਹੁੰਦੇ ਭ੍ਰਿਸ਼ਟਾਚਾਰ ਕਾਰਨ ਦੋਹਾਂ ਵਿਚ ਖੜਕ ਗਈ ਹੈ। ਵਿਧਾਇਕ ਨਿਰਮਲ ਸਿੰਘ ਸ਼ੁਤਰਾਣਾ ਨੇ ਮਾਲ ਮੰਤਰੀ ਸ੍ਰੀ ਕਾਂਗੜ 'ਤੇ ਦੋਸ਼ ਲਾਇਆ ਹੈ ਕਿ ਉਹ ਕਥਿਤ ਭ੍ਰਿਸ਼ਟਾਚਾਰ ਕਰਨ ਵਾਲੇ ਪਾਤੜਾਂ ਦੇ ਤਹਿਸੀਲਦਾਰ ਸੰਧੂਰਾ ਸਿੰਘ ਨੂੰ ਬਚਾਅ ਰਹੇ ਹਨ ਕਿਉਂਕਿ ਉਹ ਮੰਤਰੀ ਦੇ ਨੇੜਲੇ ਇਲਾਕੇ ਦਾ ਬਾਸ਼ਿੰਦਾ ਹੈ। ਦੂਜੇ ਪਾਸੇ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਹੁਣ ਤਹਿਸੀਲਦਾਰ ਪਾਤੜਾਂ ਖਿਲਾਫ ਪੜਤਾਲ ਦੇ ਹੁਕਮ ਜਾਰੀ ਕਰ ਦਿੱਤੇ ਹਨ।

ਦੱਸਣਯੋਗ ਹੈ ਕਿ ਸੰਧੂਰਾ ਸਿੰਘ ਤਹਿਸੀਲ ਪਾਤੜਾਂ ਵਿਚ ਬਤੌਰ ਤਹਿਸੀਲਦਾਰ ਤਾਇਨਾਤ ਹਨ। ਉਹ ਸਾਬਕਾ ਐਮ.ਪੀ. ਹਾਕਮ ਸਿੰਘ ਮੀਆਂ ਦੇ ਪੁੱਤਰ ਹਨ। ਹਲਕਾ ਵਿਧਾਇਕ ਨਿਰਮਲ ਸਿੰਘ ਨੇ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਕੋਲ ਮੁੱਦਾ ਉਠਾਇਆ ਸੀ ਕਿ ਤਹਿਸੀਲਦਾਰ ਵੱਲੋਂ ਭ੍ਰਿਸ਼ਟਾਚਾਰ ਕੀਤਾ ਜਾ ਰਿਹਾ ਹੈ ਅਤੇ ਸਬੂਤ ਵਜੋਂ ਹਲਫੀਆ ਬਿਆਨ ਵੀ ਦਿਖਾਏ ਪਰ ਮਾਲ ਮੰਤਰੀ ਨੇ ਇਹ ਆਖ ਕੇ ਪੱਲਾ ਝਾੜ ਲਿਆ ਕਿ ਮੁੱਖ ਮੰਤਰੀ ਦਫਤਰ ਵੱਲੋਂ ਹੀ ਤਹਿਸੀਲਦਾਰ ਸੰਧੂਰਾ ਸਿੰਘ ਦੀ ਤਾਇਨਾਤੀ ਪਾਤੜਾਂ 'ਚ ਕੀਤੀ ਗਈ ਹੈ। ਮਗਰੋਂ ਨਿਰਮਲ ਸਿੰਘ ਨੇ ਮੁੱਖ ਮੰਤਰੀ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਾ ਹੋ ਸਕੇ।

ਕਾਂਗਰਸੀ ਵਿਧਾਇਕ ਨਿਰਮਲ ਸਿੰਘ ਸ਼ੁਤਰਾਣਾ ਨੇ ਦੱਸਿਆ ਕਿ ਉਹ ਮਾਲ ਮੰਤਰੀ ਸ੍ਰੀ ਕਾਂਗੜ ਨੂੰ ਮੁੜ 10 ਦਸੰਬਰ ਨੂੰ ਮਿਲੇ ਸਨ ਅਤੇ ਤਹਿਸੀਲਦਾਰ ਦੀ ਬਦਲੀ ਕਰਨ ਬਾਰੇ ਆਖਿਆ ਸੀ ਪਰ ਮਾਲ ਮੰਤਰੀ ਨੇ ਕੋਈ ਹੁੰਗਾਰਾ ਨਹੀਂ ਭਰਿਆ ਅਤੇ ਚੁੱਪ ਕਰ ਗਏ। ਉਨ੍ਹਾਂ ਆਖਿਆ ਕਿ ਤਹਿਸੀਲਦਾਰ ਖਿਲਾਫ ਮਾਰਕੀਟ ਕਮੇਟੀ ਪਾਤੜਾਂ ਦੇ ਸਾਬਕਾ ਚੇਅਰਮੈਨ ਜੈਪ੍ਰਤਾਪ ਸਿੰਘ ਨੇ ਹਲਫੀਆ ਬਿਆਨ ਦਿੱਤਾ ਹੈ। ਮਾਲ ਮੰਤਰੀ ਪਹਿਲਾਂ ਤਹਿਸੀਲਦਾਰ ਸੰਧੂਰਾ ਸਿੰਘ ਨੂੰ ਮੁਅੱਤਲ ਕਰਨ ਅਤੇ ਮਗਰੋਂ ਮਾਮਲੇ ਦੀ ਪੜਤਾਲ ਕਰ ਲੈਣ। ਉਨ੍ਹਾਂ ਆਖਿਆ ਕਿ ਮੁੱਦਈ ਦਾ ਹਲਫੀਆ ਬਿਆਨ ਝੂਠਾ ਪਾਇਆ ਗਿਆ ਤਾਂ ਉਸ ਉਤੇ ਕਾਰਵਾਈ ਕਰ ਦੇਣ। ਵਿਧਾਇਕ ਨਿਰਮਲ ਸਿੰਘ ਨੇ ਆਖਿਆ ਕਿ ਸਾਰੀਆਂ ਤਹਿਸੀਲਾਂ ਵਿਚ ਇਹੀ ਹਾਲ ਹੈ ਅਤੇ ਬਾਕੀ ਵਿਧਾਇਕ ਚੁੱਪ ਵਿਚ ਹੀ ਭਲੀ ਸਮਝ ਰਹੇ ਹਨ। ਦੁਖੀ ਸਾਰੇ ਹਨ ਪਰ ਬੋਲਦਾ ਕੋਈ ਨਹੀਂ। ਉਨ੍ਹਾਂ ਆਖਿਆ ਕਿ ਸਭ ਥਾਂ ਇੰਜ ਹੀ ਚੱਲ ਰਿਹਾ ਹੈ। ਉਨ੍ਹਾਂ ਵੱਲੋਂ ਰੌਲਾ ਪਾਉਣ ਦੇ ਬਾਵਜੂਦ ਇਕ ਤਹਿਸੀਲਦਾਰ ਬਦਲਿਆ ਨਹੀਂ ਗਿਆ।


ਗੁਰਪ੍ਰੀਤ ਸਿੰਘ ਕਾਂਗੜ

ਨਿਰਮਲ ਸਿੰਘ ਸ਼ੁਤਰਾਣਾ



ਤਹਿਸੀਲਦਾਰ ਸੰਧੂਰਾ ਸਿੰਘ ਦਾ ਕਹਿਣਾ ਸੀ ਕਿ ਉਸ ਖਿਲਾਫ ਜੋ ਰੌਲਾ ਪਾਇਆ ਜਾ ਰਿਹਾ ਹੈ, ਉਹ ਸਿਆਸਤ ਤੋਂ ਪ੍ਰੇਰਿਤ ਹੈ ਅਤੇ ਉਸ ਉਤੇ ਲਗਾਏ ਜਾ ਰਹੇ ਦੋਸ਼ਾਂ ਵਿਚ ਕੋਈ ਸਚਾਈ ਨਹੀਂ ਹੈ। ਉਨ੍ਹਾਂ ਕਿਹਾ ਕਿ ਅੱਜ ਤੱਕ ਉਨ੍ਹਾਂ ਖਿਲਾਫ ਕੋਈ ਸ਼ਿਕਾਇਤ ਨਹੀਂ ਹੋਈ। ਉਹ ਸਭਨਾਂ ਦਾ ਸਤਿਕਾਰ ਕਰਦੇ ਹਨ। ਉਧਰ, ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਕਿਹਾ ਕਿ ਪੰਜਾਬ ਵਿਚ ਕਿਤੋਂ ਵੀ ਤਹਿਸੀਲਦਾਰਾਂ ਸਬੰਧੀ ਕੋਈ ਸ਼ਿਕਾਇਤ ਨਹੀਂ ਆਈ, ਜਿਵੇਂ ਵਿਧਾਇਕ ਸ਼ੁਤਰਾਣਾ ਕਹਿ ਰਹੇ ਹਨ। ਹੁਣ ਤਹਿਸੀਲਦਾਰ ਪਾਤੜਾਂ ਦਾ ਮਾਮਲਾ ਹਲਕਾ ਵਿਧਾਇਕ ਨੇ ਉਨ੍ਹਾਂ ਕੋਲ ਰੱਖਿਆ ਹੈ, ਜਿਸ ਬਾਰੇ ਪੜਤਾਲ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ ਅਤੇ ਡਿਪਟੀ ਕਮਿਸ਼ਨਰ ਪਟਿਆਲਾ ਮਾਮਲੇ ਦੀ ਜਾਂਚ ਕਰਨਗੇ। ਪੜਤਾਲ ਰਿਪੋਰਟ ਦੇ ਆਧਾਰ ਉਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਮੁਅੱਤਲ ਡੀ.ਐਸ.ਪੀ. ਨੇ ਕੈਪਟਨ ਦੇ ਮੰਤਰੀ ਖਿਲਾਫ ਮੋਰਚਾ ਖੋਲ੍ਹਿਆ

**ਲੁਧਿਆਣਾ:** ਪੰਜਾਬ ਦੇ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਤੇ ਸਾਬਕਾ ਡੀ.ਐਸ.ਪੀ. ਬਲਵਿੰਦਰ ਸਿੰਘ ਸੇਖੋਂ ਦਾ ਆਪਸੀ ਵਿਵਾਦ ਵਧਦਾ ਜਾ ਰਿਹਾ ਹੈ। ਡੀ.ਐਸ.ਪੀ. ਸੇਖੋਂ ਦਾ ਕਹਿਣਾ ਹੈ ਕਿ ਉਨ੍ਹਾਂ ਤਾਂ ਆਪਣੇ ਖਿਲਾਫ ਦਰਜ ਹੋਏ ਮਾਮਲਿਆਂ ਦੀ ਸਫਾਈ ਦੇ ਦਿੱਤੀ ਸੀ, ਹੁਣ ਮੰਤਰੀ ਆਸ਼ੂ ਦੱਸਣ ਕਿ ਉਨ੍ਹਾਂ ਖਿਲਾਫ ਸਾਲ 1992 'ਚ ਅਤਿਵਾਦੀਆਂ ਨੂੰ ਪਨਾਹ ਦੇਣ ਸਬੰਧੀ ਦਰਜ ਕੇਸ ਬਾਰੇ ਉਨ੍ਹਾਂ ਦਾ ਕੀ ਕਹਿਣਾ ਹੈ। ਉਨ੍ਹਾਂ ਦੋਸ਼ ਲਾਇਆ ਕਿ 5 ਮਈ 1992 ਨੂੰ ਲੁਧਿਆਣਾ ਦੇ ਸਰਾਭਾ ਨਗਰ ਥਾਣੇ 'ਚ ਆਸ਼ੂ ਸਮੇਤ ਪੰਜ ਲੋਕਾਂ ਖਿਲਾਫ ਕੇਸ ਦਰਜ ਹੋਇਆ ਸੀ। ਉਸ ਵੇਲੇ ਐਸ.ਐਸ.ਪੀ. ਸਿਧਾਰਥ ਚਟੋਪਾਧਿਆਏ ਸਨ।

ਉਸ ਵੇਲੇ ਉਨ੍ਹਾਂ ਵੱਲੋਂ ਜਾਰੀ ਪ੍ਰੈਸ ਨੋਟ 'ਚ ਸਾਫ ਲਿਖਿਆ ਗਿਆ ਸੀ ਕਿ ਉਹ ਰਵਿੰਦਰ ਸਿੰਘ ਤੇ ਚਰਨਜੀਤ ਸਿੰਘ ਨੂੰ ਆਪਣੀਆਂ ਡੇਅਰੀਆਂ 'ਚ ਪਨਾਹ ਦਿੰਦੇ ਸਨ। ਸੇਖੋਂ ਨੇ ਕਿਹਾ ਕਿ ਉਹ ਖੁਦ ਚਾਹੁੰਦੇ ਹਨ ਕਿ ਗ੍ਰੈਂਡ ਮੈਨਰ ਹੋਮਜ਼ ਮਾਮਲੇ 'ਚ ਅਸਲ ਸੱਚਾਈ ਸਾਹਮਣੇ ਆਵੇ। ਜੇ ਇਸ ਜਾਂਚ 'ਚ ਉਨ੍ਹਾਂ ਖਿਲਾਫ ਕੁਝ ਵੀ ਗਲਤ ਪਾਇਆ ਗਿਆ ਤਾਂ ਉਹ ਹਰ ਤਰ੍ਹਾਂ ਦੀ ਸਜ਼ਾ ਭੁਗਤਣ ਲਈ ਤਿਆਰ ਹਨ। ਡੀ.ਐਸ.ਪੀ. ਸੇਖੋਂ ਅਨੁਸਾਰ ਸਾਲ 2018 'ਚ ਉਨ੍ਹਾਂ ਨੂੰ ਤਤਕਾਲੀ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਗ੍ਰੈਂਡ ਮੈਨਰ ਹੋਮਜ਼ ਦੀ ਜਾਂਚ ਕਰਨ ਲਈ ਕਿਹਾ ਸੀ। ਜੁਲਾਈ 2018 'ਚ ਸ਼ੁਰੂ ਕੀਤੀ ਗਈ ਜਾਂਚ ਦੌਰਾਨ ਮੰਤਰੀ ਦੇ ਨਜ਼ਦੀਕੀਆਂ ਦੇ ਕੁਝ ਨਾਂ ਸਾਹਮਣੇ ਆਏ। ਫਰਵਰੀ 2019 'ਚ ਜਾਂਚ ਪੂਰੀ ਕਰ ਕੇ ਰਿਪੋਰਟ ਭੇਜ ਦਿੱਤੀ ਗਈ। ਇਸ ਦੌਰਾਨ ਨਵਜੋਤ ਸਿੰਘ ਸਿੱਧੂ ਤੋਂ ਸਬੰਧਤ ਵਿਭਾਗ ਖੋਹ ਲਿਆ ਗਿਆ ਤੇ ਉਸ ਤੋਂ ਤੁਰਤ ਬਾਅਦ ਉਨ੍ਹਾਂ ਦਾ ਤਬਾਦਲਾ ਕਰ ਦਿੱਤਾ ਗਿਆ।

ਇਸ ਜਾਂਚ ਫਾਈਲ 'ਚ ਉਦੋਂ ਦੇ ਮੌਜੂਦਾ ਮੰਤਰੀ ਅਤੇ ਸਬੰਧਤ ਵਿਭਾਗ ਦੇ ਅਧਿਕਾਰੀ ਉਚਿਤ ਕਾਰਵਾਈ ਦੀ ਸਿਫਾਰਸ਼ ਕਰ ਚੁੱਕੇ ਸਨ, ਪਰ ਹੁਣ ਇਹ ਮਾਮਲਾ ਦੱਬ ਚੁੱਕਿਆ ਹੈ। ਸੇਖੋਂ ਨੇ ਦੱਸਿਆ ਕਿ ਉਨ੍ਹਾਂ ਕੋਲ ਤਿੰਨ ਗੰਨਮੈਨ ਸਨ। ਇਸ 'ਚੋਂ ਦੋ ਗੰਨਮੈਨ ਸਰਕਾਰ ਨੇ ਵਾਪਸ ਲੈ ਲਏ। ਬਾਕੀ ਬਚਿਆ ਗੰਨਮੈਨ ਵੀ ਵਾਪਸ ਲੈ ਲਿਆ ਜਾਵੇ ਕਿਉਂਕਿ ਹੁਣ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ। ਜੇ ਇਹ ਗੰਨਮੈਨ ਵੀ ਉਨ੍ਹਾਂ ਨਾਲ ਰਿਹਾ ਤਾਂ ਉਨ੍ਹਾਂ ਨੂੰ ਡਰ ਹੈ ਕਿ ਕਿਤੇ ਉਹ ਵੀ ਵਿਰੋਧੀਆਂ ਹੱਥੇ ਨਾ ਚੜ੍ਹ ਜਾਵੇ।



# ਪੰਜਾਬ ਸਰਕਾਰ ਦਾ ਆਰਥਕ ਸੰਕਟ ਹੋਰ ਡੂੰਘਾ ਹੋਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਦਾ ਆਰਥਿਕ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਸਰਕਾਰ ਦਾਅਵਾ ਕਰ ਰਹੀ ਹੈ ਕਿ ਕੇਂਦਰ ਵੱਲੋਂ ਉਨ੍ਹਾਂ ਦੇ ਹਿੱਸੇ ਦਾ ਜੀ.ਐਸ.ਟੀ. ਦਾ 4100 ਕਰੋੜ ਰੁਪਿਆ ਨਹੀਂ ਦਿੱਤਾ ਗਿਆ, ਜਿਸ ਕਾਰਨ ਇਹ ਦਿਨ ਵੇਖਣੇ ਪੈ ਰਹੇ ਹਨ। ਦੂਜੇ ਪਾਸੇ ਆਡਿਟ ਜਨਰਲ ਦੇ ਅੰਕੜੇ ਇਹ ਦਰਸਾਉਂਦੇ ਹਨ ਕਿ ਸਰਕਾਰ ਨੇ ਆਪਣੇ ਸਾਧਨਾਂ ਵਿਚ ਵੀ ਕੋਈ ਸੁਧਾਰ ਨਹੀਂ ਕੀਤਾ। ਇਹ ਵੀ ਕਿ ਪਿਛਲੇ 6 ਮਹੀਨਿਆਂ ਵਿਚ ਸੂਬੇ ਵਿਚ ਜੀ.ਐਸ.ਟੀ. ਦੀ ਵਸੂਲੀ ਵਿਚ 34 ਫੀਸਦੀ ਕਮੀ ਆਈ ਹੈ।

ਘਬਰਾਈ ਹੋਈ ਸਰਕਾਰ ਨੇ ਰਿਜ਼ਰਵ ਬੈਂਕ ਤੋਂ 1000 ਕਰੋੜ ਰੁਪਿਆ ਉਧਾਰ ਲਿਆ ਹੈ ਪਰ ਇਸ ਉਧਾਰ ਨਾਲ ਹਾਲਤ ਕਿੰਨੀ ਕੁ ਸੁਧਰ ਸਕੇਗੀ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਸਰਕਾਰ ਦੀ ਮਹੀਨੇ ਦੀ ਮੁਲਾਜ਼ਮਾਂ ਦੀ ਤਨਖਾਹ ਹੀ 2000 ਕਰੋੜ ਰੁਪਏ ਹੈ। ਵਿਰੋਧੀ ਪਾਰਟੀਆਂ ਇਹ ਹਾਲਤ ਦੇਖ ਕੇ ਤਿੱਖੀ ਆਲੋਚਨਾ ਉਤੇ ਉਤਰ ਆਈਆਂ ਹਨ। ਇਸ ਦੇ ਜਵਾਬ ਵਿਚ ਸਰਕਾਰੀ ਬੁਲਾਰੇ ਅਤੇ ਸੱਤਾਧਾਰੀ ਧਿਰ ਦੇ ਆਗੂ ਇਹ ਆਖ ਰਹੇ ਹਨ ਕਿ ਅਕਾਲੀ-ਭਾਜਪਾ ਸਰਕਾਰ ਨੇ ਸਰਕਾਰ ਦੇ ਆਖਰੀ ਦਿਨਾਂ ਵਿਚ 31,000 ਕਰੋੜ ਦਾ ਕਰਜ਼ਾ ਲੈ ਲਿਆ ਸੀ। ਇਸ ਕਰਜ਼ੇ ਲਈ ਜ਼ਿੰਮੇਵਾਰ ਅਕਾਲੀ ਹਨ ਕਿਉਂਕਿ ਉਨ੍ਹਾਂ 10 ਸਾਲ ਤੱਕ ਸੂਬੇ 'ਤੇ ਰਾਜ ਕੀਤਾ ਹੈ, ਜਿਸ ਸਮੇਂ ਦੌਰਾਨ ਪੰਜਾਬ ਸਿਰ ਇਹ ਕਰਜ਼ਾ ਡੇਢ ਲੱਖ ਕਰੋੜ ਤੋਂ ਵੀ ਵੱਧ ਗਿਆ ਸੀ, ਪਰ ਪਿਛਲੇ ਢਾਈ ਸਾਲਾਂ ਵਿਚ ਮੌਜੂਦਾ ਸਰਕਾਰ ਨੂੰ ਵੀ ਭਾਰੀ ਮਾਤਰਾ ਵਿਚ ਕਰਜ਼ਾ ਲੈਣਾ ਪਿਆ ਹੈ, ਜਿਸ ਨਾਲ ਕਰਜ਼ੇ ਦੀ ਪੰਡ ਹਲਕੀ ਹੋਣ ਦੀ ਥਾਂ ਹੋਰ ਭਾਰੀ ਹੋ ਗਈ ਹੈ।

ਸਰਕਾਰ ਦੇ ਬਜਟ ਦਾ ਵੱਡਾ ਹਿੱਸਾ ਇਸ ਕਰਜ਼ੇ ਦੇ ਵਿਆਜ ਵਿਚ ਹੀ ਚਲਾ ਜਾਂਦਾ ਹੈ। ਅਜਿਹੀ ਸੂਰਤ ਵਿਚ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਨਵੀਆਂ ਭਰਤੀਆਂ ਦੇ ਐਲਾਨ ਫਾਲੂਸ ਬਣ ਕੇ ਹੀ ਉੱਡਦੇ ਜਾ ਰਹੇ ਹਨ। ਨਵੰਬਰ ਮਹੀਨੇ ਵਿਚ 70 ਹਜ਼ਾਰ ਕਰਮਚਾਰੀਆਂ ਨੂੰ ਤਨਖਾਹ ਨਹੀਂ ਦਿੱਤੀ ਜਾ ਸਕੀ। ਸਤੰਬਰ ਮਹੀਨੇ ਤੋਂ 19 ਲੱਖ ਦੇ ਲਗਭਗ ਵਿਧਵਾਵਾਂ, ਅਪਾਹਜਾਂ ਅਤੇ ਬਜ਼ੁਰਗਾਂ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ ਰੁਕੀ ਹੋਈ ਹੈ, ਜੋ ਸਾਢੇ ਚਾਰ ਸੌ ਕਰੋੜ ਰੁਪਏ ਦੇ ਲਗਭਗ ਬਣਦੀ ਹੈ।

ਸਿੰਜਾਈ, ਤਕਨੀਕੀ ਸਿੱਖਿਆ ਬੋਰਡ ਅਤੇ ਹੋਰ ਮਹਿਕਮਿਆਂ ਦੇ ਕਰਮਚਾਰੀ ਤਨਖਾਹਾਂ ਵਿਚ ਦੇਰੀ ਹੋਣ ਕਾਰਨ ਨਿੱਤ ਦਿਨ ਮੁਜ਼ਾਹਰੇ ਕਰਨ ਲੱਗੇ ਹਨ। ਪਾਵਰਕਾਮ ਪਿਛਲੇ ਲੰਮੇ ਸਮੇਂ ਤੋਂ ਸਰਕਾਰੀ ਨੀਤੀਆਂ ਕਾਰਨ ਸੰਕਟ ਵਿਚ ਫਸੀ ਹੋਈ ਹੈ।

ਮੁਫਤ ਬਿਜਲੀ, ਆਟਾ-ਦਾਲ ਅਤੇ ਅਜਿਹੀਆਂ ਅਨੇਕਾਂ ਹੀ ਯੋਜਨਾਵਾਂ ਨੇ ਸਰਕਾਰ ਅਤੇ ਇਸ ਨਾਲ ਜੁੜੇ ਸਾਰੇ ਅਦਾਰਿਆਂ ਨੂੰ ਵੱਡੀ ਪੱਧਰ ਉਤੇ ਕਰਜ਼ਈ ਬਣਾ ਕੇ ਰੱਖ ਦਿੱਤਾ ਹੈ। ਪਨਸਪ, ਪਨਸੀਡ, ਮਿਲਕਫੈੱਡ ਅਤੇ ਅਜਿਹੇ ਅਨੇਕਾਂ ਸਰਕਾਰੀ ਅਦਾਰੇ ਮਾੜੀ ਆਰਥਿਕਤਾ ਦਾ ਸ਼ਿਕਾਰ ਹੋਏ ਦਿਖਾਈ ਦੇ ਰਹੇ ਹਨ। ਸਰਕਾਰ ਇਨ੍ਹਾਂ ਅਦਾਰਿਆਂ ਦੇ ਫੰਡਾਂ ਦੀ ਵੀ ਆਪਣੇ ਖਰਚ ਚਲਾਉਣ ਲਈ ਵਰਤੋਂ ਕਰਦੀ ਰਹੀ ਹੈ। ਨੀਲੇ, ਪੀਲੇ ਕਾਰਡਾਂ ਦੀਆਂ ਅਮਲੀ ਹਕੀਕਤਾਂ ਲੋਕਾਂ ਦੇ ਸਾਹਮਣੇ ਹਨ। ਹਰ ਖੇਤਰ ਵਿਚ ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਰਿਝਾਉਣ ਲਈ ਵਾਅਦੇ ਕਰਨ ਤੋਂ ਬਾਅਦ ਫੰਡਾਂ ਦੀ ਵੱਡੀ ਘਾਟ ਕਾਰਨ ਸਰਕਾਰਾਂ ਵੱਲੋਂ ਕਰਜ਼ੇ ਲੈ ਕੇ ਇਨ੍ਹਾਂ ਦਾਅਵਿਆਂ ਨੂੰ ਅੱਧੇ-ਪਚੱਧੇ ਪੂਰੇ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਲੋਕਾਂ ਵਿਚ ਇਸ ਨਾਲ ਹੋਰ ਵੀ ਨਿਰਾਸ਼ਾ ਪੈਦਾ ਹੁੰਦੀ ਰਹੀ ਹੈ।

ਪਿਛਲੇ ਕਈ ਸਾਲਾਂ ਤੋਂ ਕਿਸਾਨਾਂ ਦਾ ਸੈਂਕੜੇ ਕਰੋੜ ਦਾ ਬਕਾਇਆ ਤਾਂ ਗੰਨਾ ਮਿੱਲਾਂ ਦੇ ਸਿਰ ਹੀ ਖੜ੍ਹਾ ਹੈ। ਕਿਸਾਨ ਧਰਨੇ ਲਾ-ਲਾ ਕੇ ਹਾਰ-ਹੰਭ ਚੁੱਕੇ ਹਨ ਪਰ ਹੁਣ ਤੱਕ ਕੋਈ ਆਸ ਦੀ ਕਿਰਨ ਦਿਖਾਈ ਨਹੀਂ ਦਿੱਤੀ। ਕਈ ਵਿਭਾਗਾਂ ਨੇ ਤਨਖਾਹਾਂ ਨਾ ਮਿਲਣ ਦੀ ਸੂਰਤ ਵਿਚ ਕੰਮ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸੇ ਕੜੀ ਵਿਚ ਜਲ ਸਪਲਾਈ ਵਿਭਾਗ ਨੇ ਤਾਂ ਪਿੰਡਾਂ, ਸ਼ਹਿਰਾਂ ਨੂੰ ਪਾਣੀ ਨਾ ਦੇਣ ਦਾ ਐਲਾਨ ਵੀ ਕਰ ਦਿੱਤਾ ਹੈ। ਕਿਸਾਨਾਂ-ਮਜ਼ਦੂਰਾਂ ਦਾ ਕਰਜ਼ਾ ਮੁਆਫੀ ਦਾ ਕੰਮ ਅਜੇ ਬਾਕੀ ਹੈ। ਘਰ ਘਰ ਨੌਕਰੀ ਅਤੇ ਪੰਜਾਬ 'ਚੋਂ ਨਸ਼ਾ ਤਸਕਰੀ ਦਾ ਲੱਕ ਤੋੜ ਦੇਣ ਦੇ ਵਾਅਦੇ ਵੀ ਨਿਭਾਏ ਨਹੀਂ ਗਏ।

ਮੁਲਾਜ਼ਮਾਂ ਨੂੰ ਤਨਖਾਹਾਂ ਦੇਣ 'ਚ ਮੁਸ਼ਕਲ ਆ ਰਹੀ ਹੈ। ਸਰਕਾਰੀ ਦਫਤਰਾਂ 'ਚ ਆਮ ਲੋਕਾਂ ਦੀ ਪੁੱਛ ਨਹੀਂ ਹੈ। ਬਹੁਤ ਸਾਰੇ ਲੋਕ ਅਮਰਿੰਦਰ ਸਿੰਘ ਦੇ 2002 ਤੋਂ 2007 ਤੱਕ ਦੀ ਸਰਕਾਰ ਨਾਲ ਤੁਲਨਾ ਕਰਦਿਆਂ ਕਹਿੰਦੇ ਹਨ ਕਿ ਉਸ ਵਕਤ ਪ੍ਰਸ਼ਾਸਨਿਕ ਤੰਤਰ ਚੁਸਤ ਦਰੁਸਤ ਦਿਖਾਈ ਦਿੰਦਾ ਸੀ, ਇਸ ਨੇ ਕੈਪਟਨ ਦਾ ਸਿਆਸੀ ਕੱਦ ਵਧਾਇਆ ਸੀ। ਕੇਂਦਰੀ ਲੀਡਰਸ਼ਿਪ ਕਮਜ਼ੋਰ ਹੋਣ ਕਰਕੇ ਕਾਂਗਰਸੀਆਂ ਅੰਦਰਲੀ ਬਗਾਵਤ ਪਹਿਲਾਂ ਵਰਗਾ ਰੂਪ ਨਹੀਂ ਲੈ ਰਹੀ ਪਰ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿ ਅੰਦਰ ਪੈਦਾ ਹੋ ਰਿਹਾ ਲਾਵਾ ਕਦੋਂ ਫਟ ਜਾਵੇ।

# ਡਾ. ਜਗਜੀਤ ਬਰਾੜ ਸ਼ਿਕਾਗੋ ਵੈਟਰਨਰੀ ਮੈਡੀਕਲ ਐਸੋਸੀਏਸ਼ਨ ਦੇ ਬੋਰਡ ਮੈਂਬਰ ਬਣੇ

**ਸ਼ਿਕਾਗੋ (ਬਿਊਰੋ):** ਓਕ ਬਰੁਕ ਵਿਚ ਮੈਕਡੋਨਲਡ ਹੈਮਬਰਜਰ ਯੂਨੀਵਰਸਿਟੀ ਦੀ ਸਾਲਾਨਾ ਮੀਟਿੰਗ ਦੌਰਾਨ ਡਾ. ਜੈਕ (ਜਗਜੀਤ) ਐਸ. ਬਰਾੜ ਨੂੰ ਸ਼ਿਕਾਗੋ ਵੈਟਰਨਰੀ ਮੈਡੀਕਲ ਐਸੋਸੀਏਸ਼ਨ (ਸੀ.ਵੀ.ਐਮ.ਏ.) ਦੇ ਕਾਰਜਕਾਰੀ ਬੋਰਡ ਦਾ ਮੈਂਬਰ ਚੁਣਿਆ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਸਾਲਾਨਾ ਮੀਟਿੰਗ ਦੌਰਾਨ ਐਸੋਸੀਏਸ਼ਨ ਨੇ ਉਨ੍ਹਾਂ ਨੂੰ ਲਾਈਫਟਾਈਮ ਮੈਰਿਟ ਐਵਾਰਡ ਨਾਲ ਸਨਮਾਨਿਤ ਕੀਤਾ ਸੀ। ਇਸ ਤੋਂ ਪਹਿਲਾਂ ਉਹ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸਕੱਤਰ ਰਹਿ ਚੁਕੇ ਹਨ।


ਡਾ. ਜੈਕ (ਜਗਜੀਤ) ਐਸ. ਬਰਾੜ

ਡਾ. ਜੈਕ ਐਸ. ਬਰਾੜ ਪਿਛਲੇ 50 ਸਾਲ ਤੋਂ ਇਸ ਖੇਤਰ ਵਿਚ ਸਰਗਰਮ ਹਨ। ਉਹ 38 ਸਾਲ ਤੋਂ ਡੋਰਚੈਸਟਰ ਐਨੀਮਲ ਹਸਪਤਾਲ ਅਤੇ 15 ਸਾਲ ਤੋਂ ਪੈਲੋਸ ਪੈੱਟ ਕਲਿਨਿਕ ਚਲਾ ਰਹੇ ਹਨ। ਆਪਣੀ ਵੈਟਰਨਰੀ ਮੈਡੀਸਨ ਦੀ ਡਿਗਰੀ ਲੈਣ ਪਿਛੋਂ ਉਹ ਯੂਨੀਵਰਸਿਟੀ ਆਫ ਮਿਨੀਸੋਟਾ ਚਲੇ ਗਏ ਅਤੇ 1978 ਵਿਚ ਵੈਟਰਨਰੀ ਮੈਡੀਸਨ ਵਿਚ ਮਾਸਟਰ ਆਫ ਸਾਇੰਸ ਕੀਤੀ। ਉਨ੍ਹਾਂ ਦੇ ਖੋਜ ਕਾਰਜ ਏ.ਵੀ.ਐਮ.ਏ. ਦੇ ਖੋਜ ਪੱਤਰ ਵਿਚ ਛਪਦੇ ਰਹੇ ਹਨ।

ਡਾ. ਬਰਾੜ ਇਲੀਨਾਏ ਡਿਪਾਰਟਮੈਂਟ ਦੇ ਫਿਨਾਂਸ਼ਲ ਤੇ ਪ੍ਰੋਫੈਸ਼ਨਲ ਵਿੰਗ ਵਿਚ ਤੀਜੀ ਵਾਰ ਪ੍ਰਧਾਨ ਦੀਆਂ ਸੇਵਾਵਾਂ ਨਿਭਾ ਰਹੇ ਹਨ। ਇਸ ਤੋਂ ਇਲਾਵਾ ਉਹ ਇਲੀਨਾਏ ਸਟੇਟ ਵੈਟਰਨਰੀ ਮੈਡੀਕਲ ਐਸੋਸੀਏਸ਼ਨ ਵਿਚ ਵੀ 3 ਸਾਲ ਕਾਰਜਕਾਰੀ ਬੋਰਡ ਮੈਂਬਰ ਰਹੇ ਹਨ।

ਆਪਣੀਆਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਕਈ ਐਵਾਰਡ ਵੀ ਮਿਲ ਚੁਕੇ ਹਨ, ਜਿਨ੍ਹਾਂ ਵਿਚ ਇਲੀਨਾਏ ਸਟੇਟ ਵੈਟਰਨਰੀ ਮੈਡੀਕਲ ਐਸੋਸੀਏਸ਼ਨ, ਯੂਨੀਵਰਸਿਟੀ ਆਫ ਇਲੀਨਾਏ ਕਾਲਜ ਆਫ ਵੈਟਰਨਰੀ ਮੈਡੀਸਨ ਅਲੂਮਨੀ ਅਤੇ ਸ਼ਿਕਾਗੋ ਵੈਟਰਨਰੀ ਮੈਡੀਕਲ ਐਸੋਸੀਏਸ਼ਨ ਦਾ ਮਾਣ-ਸਨਮਾਨ ਸ਼ਾਮਲ ਹਨ। ਉਹ ਯੋਗ ਵਿਚ ਵੀ ਵਿਸ਼ੇਸ਼ ਰੁਚੀ ਰੱਖਦੇ ਹਨ।

# ਨਾਨਾਵਤੀ ਕਮਿਸ਼ਨ ਵੱਲੋਂ ਮੋਦੀ ਨੂੰ ਕਲੀਨ ਚਿੱਟ

**ਗਾਂਧੀਨਗਰ:** ਨਾਨਾਵਤੀ ਕਮਿਸ਼ਨ ਨੇ ਗੁਜਰਾਤ ਵਿਚ 2002 ਵਿਚ ਹੋਏ ਫਿਰਕੂ ਦੰਗਿਆਂ ਦੇ ਮਾਮਲੇ 'ਚ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਇਨ੍ਹਾਂ ਦੰਗਿਆਂ ਵਿਚ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ ਤੇ ਜ਼ਿਆਦਾਤਰ ਘੱਟ ਗਿਣਤੀ ਫਿਰਕੇ ਨਾਲ ਸਬੰਧਤ ਸਨ। ਕਮਿਸ਼ਨ ਦੀ ਰਿਪੋਰਟ ਗੁਜਰਾਤ ਵਿਧਾਨ ਸਭਾ 'ਚ ਗ੍ਰਹਿ ਮੰਤਰੀ ਪ੍ਰਦੀਪਸਿੰਹ ਜਡੇਜਾ ਨੇ ਰੱਖੀ। ਹਾਲਾਂਕਿ ਰਿਪੋਰਟ ਪੰਜ ਸਾਲ ਪਹਿਲਾਂ ਹੀ ਉਸ ਵੇਲੇ ਦੀ ਸਰਕਾਰ ਨੂੰ ਦੇ ਦਿੱਤੀ ਗਈ ਸੀ।

ਪੈਨਲ 'ਚ ਸੁਪਰੀਮ ਕੋਰਟ ਦੇ ਸਾਬਕਾ ਜੱਜ ਜੀ.ਟੀ. ਨਾਨਾਵਤੀ ਤੇ ਗੁਜਰਾਤ ਹਾਈ ਕੋਰਟ ਦੇ ਸਾਬਕਾ ਜੱਜ ਅਕਸ਼ੈ ਮਹਿਤਾ ਸ਼ਾਮਲ ਹਨ। ਉਨ੍ਹਾਂ ਰਿਪੋਰਟ ਵਿਚ ਦਰਜ ਕੀਤਾ ਹੈ ਕਿ ਪੁਲਿਸ ਕੁਝ ਥਾਵਾਂ 'ਤੇ ਭੀੜ ਨੂੰ ਕਾਬੂ ਕਰਨ ਵਿਚ ਪ੍ਰਭਾਵਹੀਣ ਰਹੀ ਕਿਉਂਕਿ ਫੋਰਸ ਦੀ ਗਿਣਤੀ ਘੱਟ ਸੀ ਤੇ ਕੋਲ ਲੋੜੀਂਦਾ ਅਸਲਾ ਵੀ ਨਹੀਂ ਸੀ। 'ਇਸ ਗੱਲ ਨੂੰ ਸਾਬਤ ਕਰਨ ਲਈ ਕੋਈ ਸਬੂਤ

**ਗੁਜਰਾਤ ਦੰਗੇ**

ਨਹੀਂ ਹੈ ਕਿ ਹਮਲਾਵਰਾਂ ਨੂੰ ਸੂਬੇ ਦੇ ਕਿਸੇ ਮੰਤਰੀ ਦੀ ਸ਼ਹਿ ਸੀ ਜਾਂ ਕੋਈ ਉਕਸਾ ਰਿਹਾ ਸੀ ਜਾਂ ਇਹ ਕਿਸੇ ਨੇ ਕਰਵਾਏ।' ਕਮਿਸ਼ਨ ਦੀ ਸਥਾਪਨਾ 2002 ਵਿਚ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਹੀ ਕੀਤੀ ਸੀ।

ਦੱਸਣਯੋਗ ਹੈ ਕਿ ਗੋਧਰਾ ਰੇਲਵੇ ਸਟੇਸ਼ਨ ਨੇੜੇ ਸਾਬਰਮਤੀ ਐਕਸਪ੍ਰੈੱਸ ਦੇ ਦੋ ਡੱਬਿਆਂ ਨੂੰ ਅੱਗ ਲੱਗਣ ਦੀ ਘਟਨਾ ਤੋਂ ਬਾਅਦ ਦੰਗੇ ਭੜਕ ਗਏ ਸਨ। ਇਸ ਅਗਨੀ ਕਾਂਡ 'ਚ 59 'ਕਾਰਸੇਵਕਾਂ' ਦੀ ਮੌਤ ਹੋ ਗਈ ਸੀ।

ਰਿਪੋਰਟ ਵਿਚ ਇਹ ਦਰਜ ਕੀਤਾ ਗਿਆ ਹੈ ਕਿ 'ਸਾਰੀ ਸਮੱਗਰੀ ਨੂੰ ਵੱਖ-ਵੱਖ ਪੱਖਾਂ ਤੋਂ ਘੋਖਣ ਮਗਰੋਂ ਇਹੀ ਸਾਹਮਣੇ ਆਇਆ ਕਿ ਫਿਰਕੂ ਦੰਗੇ ਗੋਧਰਾ ਵਿਚ ਵਾਪਰੀ ਘਟਨਾ ਦਾ ਹੀ ਨਤੀਜਾ ਸਨ।'

ਸਬੂਤਾਂ ਦੇ ਅਧਾਰ 'ਤੇ ਸਿਰਫ ਇਕੋ ਗੱਲ ਕੁਝ ਪੱਕੇ ਤੌਰ ਉਤੇ ਕਹੀ ਜਾ ਸਕਦੀ ਹੈ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਦੇ ਕੁਝ ਸਥਾਨਕ ਮੈਂਬਰ ਆਪੋ-ਆਪਣੇ ਇਲਾਕਿਆਂ ਵਿਚ ਹੋਈਆਂ ਘਟਨਾਵਾਂ 'ਚ ਸ਼ਾਮਲ ਸਨ। ਪੈਨਲ ਨੇ ਕਿਹਾ ਕਿ ਦੰਗੇ ਤੇ ਹਿੰਸਾ 'ਕਿਸੇ ਵੀ ਗਿਣੀ-ਮਿੱਥੀ ਸਾਜ਼ਿਸ਼ ਦਾ ਹਿੱਸਾ ਨਹੀਂ ਸਨ।'

# ਹਾਈਪਰਲੂਪ-ਅਵਾਜਾਈ ਦੀ ਨਵੀਂ ਤਕਨੀਕ

**ਵਿਗਿਆਨ**

ਪਿਛਲੇ ਦਿਨੀਂ ਵਰਜਨ ਹਾਈਪਰਲੂਪ ਵਨ ਨੇ ਪੰਜਾਬ ਸਰਕਾਰ ਨਾਲ ਇਕ ਸਮਝੌਤਾ ਕੀਤਾ ਹੈ, ਜਿਸ ਅਧੀਨ ਚੰਡੀਗੜ੍ਹ, ਲੁਧਿਆਣਾ ਅਤੇ ਅੰਮ੍ਰਿਤਸਰ ਵਿਚਾਲੇ ਇਕ ਹਾਈਪਰਲੂਪ ਬਣਾਇਆ ਜਾਵੇਗਾ, ਜੋ ਇੰਡੀਆ ਵਿਚ ਅਤਿ-ਆਧੁਨਿਕ ਟਰਾਂਸਪੋਰਟੇਸ਼ਨ ਸਿਸਟਮ ਸਥਾਪਤ ਕਰਨ ਲਈ ਮਹਾਂਰਾਸ਼ਟਰ ਪਿਛੋਂ ਦੂਜਾ ਹਾਈਪਰਲੂਪ ਹੋਵੇਗਾ, ਜਿਸ ਦੇ ਬਣਨ ਨਾਲ ਇਨ੍ਹਾਂ ਸ਼ਹਿਰਾਂ ਦਾ ਸਫਰ ਸਿਰਫ 30 ਮਿੰਟ ਦਾ ਰਹਿ ਜਾਵੇਗਾ, ਜੋ ਇਸ ਸਮੇਂ 5 ਘੰਟਿਆਂ ਦਾ ਹੈ।

ਇਸ ਪ੍ਰਾਜੈਕਟ ਦਾ ਸਰਵੇ ਛੇ ਹਫਤਿਆਂ ਵਿਚ ਪੂਰਾ ਕਰ ਲਿਆ ਜਾਵੇਗਾ ਤਾਂ ਕਿ ਪਤਾ ਲੱਗ ਸਕੇ ਕਿ ਇਸ 'ਤੇ ਕਿੰਨਾ ਖਰਚਾ ਆਵੇਗਾ, ਕਿੰਨੀਆਂ ਸਵਾਰੀਆਂ ਮਿਲਣਗੀਆਂ ਅਤੇ ਇਸ

ਡਾ. ਗੁਰਬਖਸ਼ ਸਿੰਘ ਭੰਡਾਲ
ਈ-ਮੇਲ: gb.bhandal@gmail.com

ਨਾਲ ਸਮਾਜਕ-ਆਰਥਕ ਪੱਧਰ 'ਤੇ ਕਿੰਨਾ ਕੁ ਲਾਭ ਹੋਵੇਗਾ? ਦਰਅਸਲ ਪੰਜਾਬ ਸਰਕਾਰ ਇਸ ਆਧੁਨਿਕ ਤਕਨਾਲੋਜੀ ਰਾਹੀਂ ਪੰਜਾਬ ਦੇ ਭੀੜ ਭੜੱਕੇ ਵਾਲੇ ਵੱਡੇ ਸ਼ਹਿਰਾਂ ਵਿਚਾਲੇ ਟਰੈਫਿਕ ਦੀ ਸਮੱਸਿਆ ਨੂੰ ਹੱਲ ਕਰਨਾ ਚਾਹੁੰਦੀ ਹੈ।

ਹਾਈਪਰਲੂਪ ਸੜਕਾਂ 'ਤੇ ਵਧ ਰਹੀ ਟਰੈਫਿਕ ਦੀ ਸਮੱਸਿਆ, ਵਧ ਰਹੇ ਹਾਦਸੇ ਅਤੇ ਵਧ ਰਹੇ ਪ੍ਰਦੂਸ਼ਣ ਨੂੰ ਘਟਾਉਣ ਲਈ ਸਭ ਤੋਂ ਆਧੁਨਿਕ ਤਕਨੀਕ ਹੈ। ਇਹ ਮਨੁੱਖੀ ਆਵਾਜਾਈ ਅਤੇ ਸਮਾਨ ਦੀ ਢੋਆ-ਢੁਆਈ ਲਈ ਬਹੁਤ ਹੀ ਕਾਰਗਰ ਤਕਨੀਕ ਸਾਬਤ ਹੋਵੇਗੀ। ਇਸ ਵਿਚ ਲੂਪ ਦੀ ਸ਼ਕਲ ਦੀਆਂ ਇਕ ਜਾਂ ਇਕ ਤੋਂ ਵੱਧ ਸੀਲਬੰਦ ਟਿਊਬਾਂ (ਹਾਈਪਰਲੂਪ ਦੀ ਸਮਰੱਥਾ 'ਤੇ ਆਧਾਰਤ) ਹੋਣਗੀਆਂ, ਜੋ ਕੌਲਿਆਂ 'ਤੇ ਸਥਾਪਤ ਕੀਤੀਆਂ ਜਾਣਗੀਆਂ। ਇਨ੍ਹਾਂ ਟਿਊਬਾਂ ਵਿਚ ਹਵਾ ਦਾ ਦਬਾਅ ਬਹੁਤ ਹੀ ਘੱਟ ਹੋਵੇਗਾ। ਇਨ੍ਹਾਂ ਵਿਚ ਇਕ ਕੈਪਸੂਲ ਨੁਮਾ, ਸੀਲਬੰਦ ਡੱਬੇ ਵਿਚ ਯਾਤਰੂਆਂ ਜਾਂ ਸਮਾਨ ਨੂੰ ਇਕ ਥਾਂ ਤੋਂ ਦੂਜੀ ਥਾਂ ਬਹੁਤ ਹੀ ਘੱਟ ਊਰਜਾ ਨਾਲ ਅਤੇ ਘੱਟ ਸਮੇਂ ਵਿਚ ਭੇਜਿਆ ਜਾ ਸਕੇਗਾ। ਸੀਲਬੰਦ ਟਿਊਬ ਵਿਚ ਹਵਾ ਦੀ ਅਣਹੋਂਦ ਕਾਰਨ, ਬਹੁਤ ਘੱਟ ਊਰਜਾ ਨਾਲ ਕੈਪਸੂਲ ਦੀ ਗਤੀ 1200 ਕਿਲੋਮੀਟਰ ਪ੍ਰਤੀ ਘੰਟਾ ਤੱਕ ਹੋ ਸਕਦੀ ਹੈ, ਜੋ ਹਵਾ-ਰੂਪੀ ਬੈਰਿੰਗ ਦੇ ਸਹਾਰੇ ਉਡਦਾ ਹੀ ਨਜ਼ਰ ਆਵੇਗਾ।

ਰਵਾਇਤੀ ਆਵਾਜਾਈ ਦੇ ਸਾਧਨਾਂ ਦੀ ਥਾਂ ਇਸ ਸਾਧਨ 'ਤੇ ਮੌਸਮ ਦਾ ਕੋਈ ਅਸਰ ਨਹੀਂ ਹੋਵੇਗਾ, ਇਸ ਵਿਚ ਆਹਮੋ-ਸਾਹਮਣੀ ਟੱਕਰ ਹੋਣ ਦੀ ਕੋਈ ਗੁੰਜਾਇਸ਼ ਨਹੀਂ ਹੋਵੇਗੀ ਅਤੇ ਹਵਾਈ ਜਹਾਜ ਨਾਲੋਂ ਦੁਗਣੀ ਰਫਤਾਰ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਨੂੰ ਚਲਾਉਣ ਲਈ ਸੂਰਜੀ ਊਰਜਾ ਜਾਂ ਪੌਣ ਊਰਜਾ ਵਰਤੀ ਜਾਵੇਗੀ, ਜੋ 24 ਘੰਟਿਆਂ ਲਈ (ਚਾਰਜ ਕਰਕੇ) ਸਟੋਰ ਵੀ ਕੀਤੀ ਜਾ ਸਕਦੀ ਹੈ। ਹਵਾ ਦਾ ਪ੍ਰਦੂਸ਼ਣ ਪੈਦਾ ਨਹੀਂ ਹੋਵੇਗਾ। ਇਸ ਤਕਨੀਕ ਵਿਚ ਸਮਾਨ ਜਾਂ ਸਵਾਰੀਆਂ ਨਾਲ ਪੈਕ ਕੀਤਾ ਕੈਪਸੂਲ, ਇਕ ਲੂਪ-ਨੁਮਾ ਟਿਊਬ ਵਿਚ ਚਲਦਾ ਹੈ। ਇਸ ਕਰਕੇ ਇਸ ਤਕਨੀਕ ਦਾ ਨਾਂ ਜੁਲਾਈ 2012 ਵਿਚ ਟੈਸਲਾ ਅਤੇ ਸਪੇਸਐਕਸ ਨਾਮੀ ਕੰਪਨੀਆਂ ਵਲੋਂ ਸਾਂਝੇ ਤੌਰ 'ਤੇ ਹਾਈਪਰਲੂਪ ਰੱਖਿਆ ਗਿਆ।




ਇਸ ਨਵੀਂ ਤਕਨੀਕ ਦੀਆਂ ਅਸੀਮ ਸੰਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਬਹੁਤ ਸਾਰੇ ਉਤਸ਼ਾਹੀਆਂ ਨੇ ਇਸ ਤਕਨੀਕ ਨੂੰ ਅਪਨਾਉਣ, ਇਸ ਨੂੰ ਹੋਰ ਸੁਧਾਰਨ ਅਤੇ ਸੰਸਾਰ ਦੇ ਮੈਟਰੋ ਸ਼ਹਿਰਾਂ ਵਿਚ ਵਰਤਣ ਲਈ ਵਪਾਰਕ ਉਦਮ ਕਰਨੇ ਸ਼ੁਰੂ ਕਰ ਦਿਤੇ ਹਨ। ਕੁਝ ਕੰਪਨੀਆਂ ਹੋਂਦ ਵਿਚ ਆ ਵੀ ਚੁਕੀਆਂ ਹਨ। ਹਾਈਪਰਲੂਪ ਅਲਫਾ ਕੰਪਨੀ ਨੇ 2013 ਵਿਚ ਇਕ ਸਟੱਡੀ ਦੌਰਾਨ ਪਤਾ ਲਾਇਆ ਸੀ ਕਿ ਕੈਲੀਫੋਰਨੀਆ ਦੇ ਸ਼ਹਿਰਾਂ-ਲਾਸ ਏਂਜਲਸ ਅਤੇ ਸੈਨ ਫਰਾਂਸਿਸਕੋ ਵਿਚਾਲੇ 6 ਬਿਲੀਅਨ ਡਾਲਰ ਦੀ ਲਾਗਤ ਨਾਲ ਹਾਈਪਰਲੂਪ ਸਿਸਟਮ ਸਥਾਪਤ ਕੀਤਾ ਜਾ ਸਕਦਾ ਹੈ, ਜਿਸ ਨਾਲ 560 ਕਿਲੋਮੀਟਰ ਦੀ ਦੂਰੀ 35 ਮਿੰਟਾਂ ਵਿਚ ਤੈਅ ਕੀਤੀ ਜਾ ਸਕੇਗੀ। ਇਸ ਵਿਚ 5 ਕੋਰੀਡੋਰ ਵੀ ਹੋਣਗੇ। ਜੇ ਟਿਊਬ (ਲੂਪ) ਦਾ ਵਿਆਸ (ਘੇਰਾ) ਵੱਡਾ ਕਰਨਾ ਹੋਵੇ ਤਾਂ ਖਰਚਾ 7.5 ਬਿਲੀਅਨ ਡਾਲਰ ਆਵੇਗਾ ਤਾਂ ਕਿ ਸਵਾਰੀਆਂ ਦੇ ਨਾਲ ਸਮਾਨ (ਮੋਟਰ ਗੱਡੀਆਂ ਆਦਿ) ਦੀ ਢੋਆ-ਢੁਆਈ ਵੀ ਹੋ ਸਕੇ।

ਆਂਧਰਾ ਪ੍ਰਦੇਸ਼ ਸਰਕਾਰ ਨਾਲ ਹਾਈਪਰਲੂਪ ਸਿਸਟਮ ਬਣਾਉਣ ਵਾਲੀ ਗਲੋਬਲ ਕੰਪਨੀ 'ਹਾਈਪਰਲੂਪ ਟਰਾਂਸਪੋਰਟੇਸ਼ਨ ਟੈਕਨਾਲੋਜੀਜ਼' 2013 ਵਿਚ ਹੋਂਦ ਵਿਚ ਆਈ ਸੀ, ਜਿਸ ਦੀਆਂ 52 ਵੱਖ-ਵੱਖ ਟੀਮਾਂ ਵਿਚ 800 ਤੋਂ ਵੱਧ ਇੰਜੀਨੀਅਰ ਤੇ ਟੈਕਨੋਕਰੇਟ ਕੰਮ ਕਰਦੇ ਹਨ ਅਤੇ 40 ਤੋਂ ਵੱਧ ਕਾਰਪੋਰੇਟ ਅਦਾਰੇ ਇਸ ਦੇ ਭਾਈਵਾਲ ਹਨ। ਦੁਨੀਆਂ ਦੇ ਕਈ ਦੇਸ਼ਾਂ ਵਿਚ ਇਸ ਦੀਆਂ ਸ਼ਾਖਾਵਾਂ ਹਨ। ਇਸ ਕੰਪਨੀ ਨੇ ਕੈਲੀਫੋਰਨੀਆ, ਫਰਾਂਸ, ਅਬੂ-ਧਾਬੀ ਸਮੇਤ ਕਈ ਦੇਸ਼ਾਂ ਨਾਲ ਵੱਖ-ਵੱਖ ਪ੍ਰਾਜੈਕਟਾਂ ਲਈ ਸਮਝੌਤੇ ਕੀਤੇ ਹਨ। ਭਾਰਤ 'ਚ ਵੀ 2015 ਵਿਚ ਬਿੱਟਸ ਇੰਸਟੀਚਿਊਟ, ਪਿਲਾਨੀ ਦੇ ਕੁਝ ਵਿਦਿਆਰਥੀਆਂ ਨੇ ਇਸ ਤਕਨੀਕ ਨੂੰ ਪ੍ਰੈਕਟੀਕਲ ਪੱਧਰ 'ਤੇ ਵਰਤਣ ਲਈ 'ਟੀਮ ਹਾਈਪਰਲੂਪ ਇੰਡੀਆ' ਨਾਮੀ ਸੰਸਥਾ ਬਣਾਈ ਹੈ, ਜਿਸ ਵਿਚ 60 ਤੋਂ ਵੱਧ ਵਿਦਿਆਰਥੀ ਕੰਮ ਕਰਦੇ ਹਨ।

ਇਹ ਤਕਨੀਕ ਜਿਥੇ ਸਫਰ ਦਾ ਸਮਾਂ, ਸੜਕਾਂ 'ਤੇ ਗੱਡੀਆਂ ਦੀ ਭੀੜ, ਹਾਦਸੇ ਅਤੇ ਹਵਾ ਦਾ ਪ੍ਰਦੂਸ਼ਣ ਘਟਾਵੇਗੀ, ਉਥੇ ਗਲੋਬਲ ਵਾਰਮਿੰਗ ਨੂੰ ਵੀ ਠੱਲ ਪਾਵੇਗੀ।

ਇਹ ਤਕਨੀਕ ਬਾਹਰੀ ਸਪੇਸ ਵਿਚ ਬਹੁਤ ਲਾਹੇਵੰਦ ਹੋ ਸਕਦੀ ਹੈ। ਹਵਾ ਦੇ ਦਬਾਅ ਕਾਰਨ ਧਰਤੀ 'ਤੇ ਤਾਂ ਇਸ ਤਕਨੀਕ ਨੂੰ ਵਰਤਣ ਲਈ ਬਹੁਤ ਘੱਟ ਦਬਾਅ ਵਾਲੀਆਂ ਟਿਊਬਾਂ ਦੀ ਲੋੜ ਹੋਵੇਗੀ ਤਾਂ ਕਿ ਹਵਾ ਨਾਲ ਪੈਦਾ ਹੋਣ ਵਾਲੇ ਵਿਰੋਧ ਨੂੰ ਘਟਾਇਆ ਜਾ ਸਕੇ, ਪਰ ਇਹ ਤਕਨੀਕ ਚੰਦਰਮਾ ਜਾਂ ਮੰਗਲ ਗ੍ਰਹਿ 'ਤੇ ਬਹੁਤ ਸਫਲ ਹੋਵੇਗੀ ਕਿਉਂਕਿ ਹਵਾ ਦਾ ਦਬਾਅ ਨਾਂਮਾਤਰ ਹੋਣ ਕਰਕੇ ਘੱਟ ਦਬਾਅ ਵਾਲੀਆਂ ਟਿਊਬਾਂ ਦੀ ਲੋੜ ਨਹੀਂ ਪਵੇਗੀ, ਸਗੋਂ ਕੈਪਸੂਲ ਨੂੰ ਚਲਾਉਣ ਲਈ ਸਿਰਫ ਇਕ ਟਰੈਕ ਦੀ ਹੀ ਲੋੜ ਹੋਵੇਗੀ।

ਇਹ ਤਕਨੀਕ ਆਪਣੇ ਮੁਢਲੇ ਪੜਾਅ 'ਤੇ ਹੈ ਅਤੇ ਭਵਿੱਖ ਵਿਚ ਹੋਰ ਬਹੁਤ ਜ਼ਿਆਦਾ ਸੁਧਾਰ ਹੋਣ ਦੀ ਆਸ ਹੈ, ਪਰ ਇਸ ਤਕਨੀਕ ਦੇ ਵਿਰੋਧੀਆਂ ਦਾ ਤਰਕ ਹੈ ਕਿ ਸੀਲਬੰਦ ਅਤੇ ਬਿਨਾ ਖਿੜਕੀਆਂ ਤੋਂ ਨਿੱਕੇ ਜਿਹੇ ਕੈਪਸੂਲ ਵਿਚ ਕੀਤਾ ਗਿਆ ਸਫਰ ਸਵਾਰੀਆਂ ਲਈ ਮਾਨਸਿਕ ਤੌਰ 'ਤੇ ਸੁਖਾਵਾਂ ਨਹੀਂ ਹੋਵੇਗਾ। ਉਨ੍ਹਾਂ ਨੂੰ ਨਿੱਕੇ ਜਿਹੇ ਪਿੰਜਰੇ ਵਿਚ ਬੰਦ ਕੈਦੀਆਂ ਜਿਹਾ ਅਹਿਸਾਸ ਪੈਦਾ ਹੋਵੇਗਾ। ਕੈਪਸੂਲ ਦੀ ਬਹੁਤ ਜ਼ਿਆਦਾ ਗਤੀ ਕਾਰਨ ਬਹੁਤ ਜ਼ਿਆਦਾ ਸ਼ੋਰ ਪ੍ਰਦੂਸ਼ਣ ਪੈਦਾ ਹੋਵੇਗਾ, ਕਿਉਂਕਿ ਸਮੁੱਚੇ ਸਿਸਟਮ ਵਿਚ ਕਾਫੀ ਹਿਲਜੁਲ ਪੈਦਾ ਹੋਵੇਗੀ। ਇਸ ਤੋਂ ਇਲਾਵਾ ਭੁਚਾਲ ਜਾਂ ਤੂਫਾਨ ਕਾਰਨ ਘੱਟ ਦਬਾਅ ਵਾਲੀਆਂ ਟਿਊਬਾਂ ਵਿਚ ਟੈਕਨੀਕਲ ਨੁਕਸ ਜਲਦੀ ਪੈਣ ਦੀ ਸੰਭਾਵਨਾ ਹੈ। ਸਿਸਟਮ ਵਿਚ ਅਚਨਚੇਤੀ ਪੈਣ ਵਾਲੇ ਤਕਨੀਕੀ ਨੁਕਸਾਂ, ਅਣਸੁਖਾਵੀਂ ਘਟਨਾ ਜਾਂ ਐਮਰਜੈਂਸੀ ਵਿਚ ਸਵਾਰੀਆਂ ਨੂੰ ਕੈਪਸੂਲ ਵਿਚੋਂ ਬਾਹਰ ਕਿਵੇਂ ਕੱਢਿਆ ਜਾਵੇਗਾ, ਜੋ ਸੀਲਬੰਦ ਟਿਊਬ ਵਿਚ ਅੱਧ ਵਿਚਕਾਰ ਹੀ ਫਸੇ ਹੋਣਗੇ?

ਪ੍ਰੋ. ਜੌਹਨ ਹੈਂਸਮੈਨ ਨੇ ਟਿਊਬ ਦੇ ਡਿਜ਼ਾਈਨ ਪ੍ਰਤੀ ਸ਼ੰਕੇ ਪ੍ਰਗਟਾਉਂਦਿਆਂ ਕਿਹਾ ਹੈ ਕਿ ਜੇ ਟਿਊਬ ਦੀ ਅਨੁਕੂਲਤਾ (ਅਲਾਈਨਮੈਂਟ) ਵਿਚ ਥੋੜ੍ਹਾ ਜਿਹਾ ਵੀ ਫਰਕ ਪੈ ਗਿਆ ਤਾਂ ਕੈਪਸੂਲ ਦੀ ਗਤੀ ਵਿਚ ਪੈਦਾ ਹੋਣ ਵਾਲੀ ਤਬਦੀਲੀ ਨੂੰ ਕਿਵੇਂ ਦੂਰ ਕੀਤਾ ਜਾਵੇਗਾ? ਜੇ ਕੈਪਸੂਲ ਜਦ ਕਿਸੇ ਸ਼ਹਿਰ ਤੋਂ ਕਾਫੀ ਦੂਰ ਚਲੇ ਜਾਵੇ ਅਤੇ ਇਕ ਦਮ ਊਰਜਾ (ਬਿਜਲੀ) ਵਿਚ ਰੁਕਾਵਟ ਪੈ ਜਾਵੇ ਤਾਂ ਇਸ ਦਾ ਬਦਲਵਾਂ ਪ੍ਰਬੰਧ ਕੀ ਹੋਵੇਗਾ?

ਪ੍ਰੋ. ਰਿਚਰਡ ਮੂਲਰ ਨੇ ਤਾਂ ਇਕ ਅਜਿਹਾ ਮੁੱਦਾ ਵੀ ਉਠਾਇਆ ਹੈ, ਜਿਸ ਦਾ ਅੱਜ ਕੱਲ ਸਾਰੀ ਦੁਨੀਆਂ ਸਾਹਮਣਾ ਕਰ ਰਹੀ ਹੈ। ਉਸ ਦਾ ਕਹਿਣਾ ਹੈ ਕਿ ਜੇ ਕੋਈ ਅਤਿਵਾਦੀ ਸੰਗਠਨ ਜਾਂ ਸ਼ਰਾਰਤੀ ਅਨਸਰ ਟਿਊਬ ਨੂੰ ਹੀ ਨੁਕਸਾਨ ਪਹੁੰਚਾ ਦੇਵੇ ਤਾਂ ਘੱਟ ਦਬਾਅ ਇਕ ਦਮ ਖਤਮ ਹੋ ਜਾਵੇਗਾ। ਫਿਰ ਇਹ ਕੰਮ ਨਹੀਂ ਕਰੇਗੀ। ਇਸ ਨੂੰ ਕਿਤਿਉਂ ਵੀ ਕੋਈ ਨੁਕਸਾਨ ਨਾ ਪਹੁੰਚਾਵੇ, ਇਸ ਦੀ ਕੀ ਗਾਰੰਟੀ ਹੋਵੇਗੀ?

ਕਿਸੇ ਵੀ ਨਵੀਂ ਤਕਨੀਕ ਜਾਂ ਯੰਤਰ ਵਾਂਗ ਹਾਈਪਰਲੂਪ ਬਾਰੇ ਵੀ ਬਹੁਤ ਸਾਰੇ ਪ੍ਰਸ਼ਨ, ਸ਼ੰਕੇ ਅਤੇ ਨਾ-ਖੁਸ਼ਗਵਾਰ ਸੰਭਾਵਨਾਵਾਂ ਹੋ ਸਕਦੀਆਂ ਹਨ, ਜਿਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਜੇ ਇਸ ਤਕਨੀਕ ਦੀ ਵਰਤੋਂ ਆਮ ਜਨ-ਜੀਵਨ ਵਿਚ ਕੀਤੀ ਜਾਂਦੀ ਹੈ ਤਾਂ ਇਹ ਆਵਾਜਾਈ ਦਾ ਇਕ ਅਜਿਹਾ ਸਾਧਨ ਹੋਵੇਗਾ, ਜੋ ਸਾਡੇ ਸਮੁੱਚੇ ਆਵਾਜਾਈ-ਤੰਤਰ ਨੂੰ ਸੁਚਾਰੂ ਰੂਪ ਵਿਚ ਪ੍ਰਭਾਵਿਤ ਕਰੇਗਾ। ਅਜਿਹੀ ਨਵੀਂ ਤਕਨੀਕ ਦਾ ਭਾਰਤ ਵਿਚ ਸ਼ੁਭ ਅਰੰਭ ਇਕ ਨਵੇਂ ਯੁੱਗ ਦੀ ਆਮਦ ਹੋ ਸਕਦੀ ਹੈ, ਜੋ ਸੜਕੀ ਹਾਦਸਿਆਂ ਵਿਚ ਹੋ ਰਹੇ ਵਾਧੇ, ਸੜਕਾਂ 'ਤੇ ਕੁਹਰਾਮ ਮਚਾਉਂਦੇ ਵਹੀਕਲਾਂ ਦੀਆਂ ਭੀੜਾਂ, ਸੜਕੀ ਜਾਮ, ਸਫਰ ਕਰਨ ਵਾਲੇ ਲੋਕਾਂ ਵਿਚ ਪੈਦਾ ਹੋਣ ਵਾਲੀਆਂ ਮਾਨਸਿਕ ਬਿਮਾਰੀਆਂ ਅਤੇ ਸੜਕੀ ਸਫਰ ਦੇ ਸਮੇਂ ਨੂੰ ਘਟਾਉਣ ਲਈ ਬਹੁਤ ਹੀ ਸਾਜਗਾਰ ਸਾਧਨ ਸਿੱਧ ਹੋਵੇਗਾ।

# ਤਰਨਤਾਰਨ ਦੀ ਧਾਰਮਿਕ ਅਤੇ ਸਿਆਸੀ ਅਹਿਮੀਅਤ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਕਰਤਾਰਪੁਰ ਸਾਹਿਬ ਤੇ ਡੇਰਾ ਬਾਬਾ ਨਾਨਕ ਦੀ ਗੱਲ ਹਾਲੇ ਚੱਲ ਹੀ ਰਹੀ ਸੀ, ਦਸੰਬਰ ਮਹੀਨਾ ਚੜ੍ਹਦੇ ਸਾਰ ਤਰਨਤਾਰਨ ਦੇ ਮਹੱਤਵ ਦੀਆਂ ਗੱਲਾਂ ਤੁਰ ਪਈਆਂ ਹਨ। ਜੇ ਪਹਿਲੇ ਦੋ ਸਥਾਨਾਂ ਨੂੰ ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਹੈ ਤਾਂ ਤਰਨਤਾਰਨ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਦੀ ਕਰਮ ਭੂਮੀ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਇਹ ਸ਼ਹਿਰ ਖਾਰਾ ਤੇ ਪਲਾਸੌਰ ਪਿੰਡਾਂ ਤੋਂ ਜ਼ਮੀਨ ਲੈ ਕੇ ਸਥਾਪਤ ਕੀਤਾ ਸੀ। ਉਨ੍ਹਾਂ ਦੇ ਆਦੇਸ਼ ਅਨੁਸਾਰ ਹੀ ਇਥੋਂ ਵਾਲੇ ਪਵਿੱਤਰ ਸਰੋਵਰ ਦੀ ਨੀਂਹ ਬਾਬਾ ਬੁੱਢਾ ਜੀ ਨੇ ਰੱਖੀ ਸੀ। ਅੱਜ ਦੇ ਦਿਨ ਇਥੇ ਗੁਰਦੁਆਰਾ ਮੰਜੀ ਸਾਹਿਬ ਤੇ ਦੁਖ ਨਿਵਾਰਨ ਸੁਸ਼ੋਭਿਤ ਹਨ। ਰਵਾਇਤ ਹੈ ਕਿ ਇਸ ਸਰੋਵਰ ਵਿਚ ਇਸ਼ਨਾਨ ਕੀਤਿਆਂ ਕੋਹੜੀਆਂ ਦਾ ਕੋਹੜ ਦੂਰ ਹੋ ਜਾਂਦਾ ਹੈ। ਇਸ ਤਾਰੂ ਮਰਿਆਦਾ ਸਦਕਾ ਇਸ ਸ਼ਹਿਰ ਦਾ ਨਾਂ ਤਰਨਤਾਰਨ ਪੈ ਚੁਕਾ ਹੈ। ਇਥੇ ਮੱਸਿਆ ਨਹਾਉਣ ਬਾਰੇ ਤਾਂ ਜੱਗ ਜਾਣਦਾ ਹੈ।

ਤਰਨਤਾਰਨ ਨੂੰ ਸਿਆਸੀ ਅਹਿਮੀਅਤ ਦਿਵਾਉਣ ਵਾਲੀ ਇਸ ਦੀ ਹੱਦ ਹੈ, ਜੋ ਪਾਕਿਸਤਾਨ ਨਾਲ ਲਗਦੀ ਹੈ। 1965 ਦੀ ਭਾਰਤ-ਪਾਕਿਸਤਾਨ ਜੰਗ ਸਮੇਂ ਇਸ ਖੇਤਰ ਦਾ ਖੇਮਕਰਨ ਕਸਬਾ ਪਾਕਿਸਤਾਨ ਦੇ ਪੈਟਨ ਟੈਂਕਾਂ ਨੂੰ ਨਸ਼ਟ ਕਰਨ ਵਜੋਂ ਪ੍ਰਸਿੱਧ ਹੋਇਆ ਸੀ। ਇਥੋਂ ਤੱਕ ਕਿ ਇਸ ਪਿੰਡ ਦੇ ਨਾਂ ਨਾਲ ਪੈਟਨ ਟੈਂਕਾਂ ਦਾ ਕਬਰਿਸਤਾਨ ਸ਼ਬਦ ਜੁੜ ਗਿਆ ਸੀ। ਇਸ ਦੀ ਧਾਰਮਿਕ ਤੇ ਸਿਆਸੀ ਮਹੱਤਤਾ ਸਦਕਾ ਇਸ ਨੂੰ ਜਿਲੇ ਦਾ ਦਰਜਾ ਦਿੱਤਾ ਗਿਆ, ਜੋ 15 ਜੂਨ 2006 ਤੱਕ ਜਿਲਾ ਅੰਮ੍ਰਿਤਸਰ ਦੀ ਇੱਕ ਤਹਿਸੀਲ ਹੀ ਸੀ।

ਗੁਰੂ ਅਰਜਨ ਦੇਵ ਜੀ ਦੇ ਵਸਾਏ ਇਸ ਸ਼ਹਿਰ ਨਾਲ ਹੋਰ ਵੀ ਕਈ ਨਾਮੀ ਗ੍ਰਾਮੀ ਹਸਤੀਆਂ ਦੇ ਨਾਂ ਜੁੜ ਚੁਕੇ ਹਨ। ਅਣਵੰਡੇ ਪੰਜਾਬ ਨੂੰ ਇਸ਼ ਸ਼ਹਿਰ ਨੇ ਧਾਰਮਿਕ ਵਿਦਵਾਨ ਮੋਹਨ ਸਿੰਘ ਵੈਦ, ਪ੍ਰਸਿੱਧ ਦੇਸ਼ ਭਗਤ ਅਰਜਨ ਸਿੰਘ ਗੜਗੱਜ, 'ਗਦਰ ਲਹਿਰ' ਦਾ ਰਚੈਤਾ ਤੇ ਸਿੱਖ ਨੈਸ਼ਨਲ ਕਾਲਜ ਲਾਹੌਰ ਦਾ ਅਧਿਆਪਕ ਜਗਜੀਤ ਸਿੰਘ ਹੀ ਨਹੀਂ, ਪੰਜਾਬੀ ਕਵੀ ਪ੍ਰੀਤਮ ਸਿੰਘ ਸਫੀਰ, ਪੱਤਰਕਾਰ ਜਗਜੀਤ ਸਿੰਘ ਅਨੰਦ ਅਤੇ ਉਰਦੂ ਅਦੀਬ ਜੀਆ ਲਾਲ ਦੱਤ ਵੀ ਦਿੱਤੇ ਹਨ।

ਆਪਣੀ ਗੱਲ ਕਰਨੀ ਹੋਵੇ ਤਾਂ ਮੈਂ ਇਸ ਜਿਲੇ ਦੇ ਪਿੰਡ ਨੌਸ਼ਹਿਰਾ ਪੰਨੂੰਆਂ ਵਿਆਹਿਆ ਹੋਇਆ ਹਾਂ। ਸਵਰਗਵਾਸੀ ਡਾ. ਸਾਧੂ ਸਿੰਘ ਹਮਦਰਦ (ਬਾਨੀ ਸੰਪਾਦਕ 'ਅਜੀਤ'), ਸ੍ਵਾਦੀ ਸਿੰਘ (ਸੰਪਾਦਕ 'ਅਕਾਲੀ ਪੱਤ੍ਰਿਕਾ'), ਮੋਹਨ ਸਿੰਘ ਮਾਹਿਰ (ਕਵੀ), ਡਾ. ਦੀਵਾਨ ਸਿੰਘ (ਪ੍ਰੋਫੈਸਰ) ਤੇ ਸੰਤ ਸਿੰਘ ਸੇਖੋਂ ਜਿਹੇ ਕਈ ਉਘੇ ਲੇਖਕ ਮੇਰੇ ਬਰਾਤੀ ਸਨ। ਉਹ ਵਾਪਸੀ 'ਤੇ ਤਰਨਤਾਰਨ ਦੀ ਧਰਤੀ ਨੂੰ ਨਤਮਸਤਕ ਹੋਏ ਸਨ।

ਪਿਛਲੇ ਸਾਲ ਦਸੰਬਰ 'ਚ 'ਅਜੀਤ' ਸਮਾਚਾਰ ਸਮੂਹ ਨੇ ਇਥੇ ਆਪਣਾ ਉਪ ਦਫਤਰ ਬਣਾਇਆ ਹੈ। 2 ਦਸੰਬਰ 2019 ਵਾਲੇ ਦਿਨ ਇਸ ਦਫਤਰ ਦੀ ਪਹਿਲੀ ਵਰ੍ਹੇਗੰਢ ਸਮੇਂ ਇਸ ਖੇਤਰ ਦੇ ਪ੍ਰਸਿੱਧ ਚਿੰਤਕ, ਵਿਦਵਾਨ, ਰਾਜਸੀ ਨੇਤਾ, ਧਰਮ ਗਿਆਤਾ ਤੇ ਸਭਿਆਚਾਰਕ ਹਸਤੀਆਂ ਨੇ ਸ਼ਿਰਕਤ ਕੀਤੀ। ਉਨ੍ਹਾਂ ਸਭ ਨੇ ਇਸ ਗੁਰੂ ਨਗਰੀ ਦਾ ਗੁਣਗਾਇਨ ਕਰਕੇ ਹਾਜ਼ਰੀਨ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਉਤੇ ਪਹਿਰਾ ਦੇਣ ਲਈ ਪ੍ਰੇਰਿਆ। ਤਰਨਤਾਰਨ ਜ਼ਿੰਦਾਬਾਦ!

**ਪਿਆਜ਼ ਦੇ ਛਿਲਕੇ:** ਮੇਰਾ ਮਿੱਤਰ ਫਿਕਰ ਤੌਂਸਵੀ ਇੱਕ ਉਰਦੂ ਅਖਬਾਰ ਲਈ ਚੋਂਦਾ ਚੋਂਦਾ ਕਾਲਮ ਲਿਖਦਾ ਸੀ, 'ਪਿਆਜ਼ ਕੇ ਛਿਲਕੇ।' ਉਹ ਗੱਲ ਦੀਆਂ ਪਰਤਾਂ ਉਦੋਂ ਤੱਕ ਫਰੋਲਦਾ ਰਹਿੰਦਾ, ਜਦੋਂ ਤੱਕ ਉਸ ਦਾ ਵਿਅੰਗ ਸਿਰੇ ਨਹੀਂ ਸੀ ਲਗਦਾ। ਕਹਿ ਸਕਦੇ ਹਾਂ ਕਿ ਉਹ ਗੰਢੇ ਦੀ ਗੋਭਲ ਚੂਸੇ ਬਿਨਾ ਨਾ ਹਟਦਾ। ਉਹ ਆਪਣੇ ਕਾਲਮ ਲਈ ਦਿੱਲੀ ਦੀਆਂ ਗਲੀਆਂ ਨਾਪਦਾ ਤੇ ਕਾਫੀ ਹਾਊਸ ਦੇ ਮਿੱਤਰਾਂ ਨੂੰ ਬਿਲਾਨਾਗਾ ਮਿਲਦਾ। ਮਿੱਤਰਾਂ ਨੂੰ ਕਾਲਮ ਛਪਣ ਪਿੱਛੋਂ ਪਤਾ ਲਗਦਾ ਕਿ ਉਨ੍ਹਾਂ ਦੀ ਕਹੀ ਗੱਲ ਨੂੰ ਉਸ ਨੇ ਕਿੱਥੋਂ ਕਿੱਥੇ ਪਹੁੰਚਾ ਦਿੱਤਾ ਹੈ। ਮਜ਼ਾ ਆ ਜਾਂਦਾ। ਹੁਣ ਜਦੋਂ ਦਿੱਲੀ ਵਿਚ 'ਗੰਢੇ ਦੇ ਭਾਅ' ਨੇ ਇੱਕ ਤੋਂ ਵੱਧ ਸੈਂਕੜਾ ਮਾਰ ਲਿਆ ਤਾਂ ਮੈਨੂੰ ਤੌਂਸਵੀ ਚੇਤੇ ਆ ਗਿਆ। ਉਸ ਨੂੰ ਕਾਫੀ ਹਾਊਸ ਜਾਣ ਦੀ ਲੋੜ ਨਹੀਂ ਸੀ ਪੈਣੀ, ਬੀਵੀ ਦੇ ਹੰਝੂਆਂ ਨਾਲ ਹੀ ਸਰ ਜਾਣਾ ਸੀ।



ਗੰਢੇ ਦੀ ਤੰਗੀ ਨੇ ਮੈਨੂੰ 1976 ਵਾਲੀ ਆਪਣੀ ਮਾਲਦੀਵ ਯਾਤਰਾ ਵੀ ਚੇਤੇ ਕਰਵਾ ਦਿੱਤੀ ਹੈ, ਜਿੱਥੇ ਹੋਰਨਾਂ ਸਬਜ਼ੀਆਂ ਵਾਂਗ ਗੰਢਾ ਵੀ ਭਾਰਤ ਜਾਂ ਸ੍ਰੀ ਲੰਕਾ ਤੋਂ ਮੰਗਵਾਉਣਾ ਪੈਂਦਾ ਹੈ। ਖਾਸ ਕਰਕੇ ਟੂਨਾ ਮੱਛੀ ਦੇ ਬਦਲੇ, ਜੋ ਉਥੇ ਏਨੀ ਹੁੰਦੀ ਹੈ ਕਿ ਸਾਗਰ ਦੀਆਂ ਛੱਲਾਂ ਨਾਲ ਰਸਤੇ ਵਿਚ ਡਿੱਗੀ ਮਿਲਦੀ ਹੈ ਤੇ ਮਾਲਦੀਵ ਦੇ ਵਸਨੀਕ ਸਵੇਰੇ ਉਠ ਕੇ ਛਾਬੇ ਭਰ ਲਿਆਉਂਦੇ ਹਨ। ਕੁਝ ਇਸ ਤਰ੍ਹਾਂ ਜਿਵੇਂ ਅਸੀਂ ਹਨੇਰੀ ਤੋਂ ਪਿੱਛੋਂ ਬੇਰੀਆਂ ਦੇ ਬੇਰ ਜਾਂ ਅੰਬ ਚੁੱਕ ਲਿਆਉਂਦੇ ਹਾਂ।

ਮੇਰੇ ਉਥੇ ਹੁੰਦਿਆਂ ਇੱਕ ਵਾਰੀ ਸਬਜ਼ੀਆਂ ਵਾਲਾ ਸਮੁੰਦਰੀ ਬੇੜਾ ਕਈ ਦਿਨ ਨਾ ਆਇਆ ਤਾਂ ਗੰਢੇ ਦਾ ਭਾਅ ਸਿਖਰਾਂ ਛੂਹ ਗਿਆ; ਅਜੋਕੇ ਭਾਰਤ ਨਾਲੋਂ ਵੀ ਵੱਧ, ਪਰ ਉਥੇ ਇਹ ਗੱਲ ਸਮਝ ਆਉਂਦੀ ਸੀ। ਉਥੇ ਤਾਂ ਗੰਢਾ ਹੁੰਦਾ ਹੀ ਨਹੀਂ, ਬਾਹਰੋਂ ਮੰਗਵਾਉਂਦੇ ਹਨ। ਸਾਡਾ ਦੇਸ਼ ਤਾਂ ਗੰਢਾ ਬਾਹਰ ਭੇਜਣ ਲਈ ਜਾਣਿਆ ਜਾਂਦਾ ਹੈ। ਸਾਡੇ ਰਸੋਈਏ ਤਾਂ ਗੰਢੇ ਉਪਰਲਾ ਛਿਲਕਾ ਲਾਹ ਕੇ ਸੁੱਟੇ ਬਿਨਾ ਛੁਰੀ ਨਹੀਂ ਫੜਦੇ। ਸਾਡੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਤਾਂ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਉਹ ਗੰਢਾ ਨਹੀਂ ਖਾਂਦੀ। ਖਾਣ ਵਾਲੇ ਕਿਸ ਦੀ ਮਾਂ ਨੂੰ ਮਾਸੀ ਕਹਿਣ। ਹਾਂ, ਗੰਢੇ ਦੇ ਪਰਹੇਜ਼ ਵਾਲੀ ਬੀਬੀ ਫਿਕਰ ਤੌਂਸਵੀ ਦੇ ਕਾਲਮ ਦੀ ਨਾਇਕਾ ਬਣ ਜਾਣੀ ਸੀ।

**ਖੰਡਰਾਤ ਬਤਾਤੇ ਹੈਂ ਇਮਾਰਤ ਅਜ਼ੀਮ ਥੀ:** ਮੇਰੀ ਉਮਰ ਛਿਆਸੀ ਨੂੰ ਢੁਕਣ ਵਾਲੀ ਹੈ। ਹਸਪਤਾਲਾਂ ਦੇ ਚੱਕਰ ਸ਼ੁਰੂ ਹੋ ਚੁਕੇ ਹਨ। ਮੇਰੇ ਜਿਹੇ ਅਨੇਕਾਂ ਬੰਦਿਆਂ ਦੇ ਦਰਸ਼ਨ ਹੁੰਦੇ ਹਨ। ਸਮੇਂ ਦੀ ਮਾਰ ਥੱਲੇ ਆਏ ਖੂਬਸੂਰਤ ਚਿਹਰੇ। ਔਰਤਾਂ ਵੱਧ ਤੇ ਮਰਦ ਘੱਟ। ਬਹੁਤ ਹੀ ਖੂਬਸੂਰਤ ਨੈਣ ਨਕਸ਼ ਵਾਲੀਆਂ ਦੰਦਾਂ ਬਾਝ ਚਿਪਕੀਆਂ ਗੱਲ੍ਹਾਂ। ਉਹ ਵੀ ਜਿਨ੍ਹਾਂ ਦੀਆਂ ਅੱਖਾਂ ਖੁਰੀ ਵਰਗੀਆਂ ਤੇ ਮੱਥੇ ਤਿਊੜੀਆਂ ਨਾਲ ਸੁੰਗੜੇ ਹੋਏ। ਕਈ ਲੰਮੇ ਲੰਮੇ ਕੱਦ ਕੁੱਬੇ ਕੁੱਬੇ ਤੁਰਦੇ ਹੋਏ। ਮਨ ਨੂੰ ਧੱਕਾ ਲੱਗਾ! ਸ਼ਾਇਦ ਇਸ ਲਈ ਕਿ ਆਪਣੀਆਂ ਝੁਰੜੀਆਂ ਦਿਸਦੀਆਂ ਨਹੀਂ। ਜੇ ਦਿਸਦੀਆਂ ਹਨ ਤਾਂ ਉਸ ਦਾ ਆਦੀ ਹੋ ਚੁਕਾ ਹਾਂ, ਰੋਜ਼ ਦੇਖ ਦੇਖ ਕੇ। ਮਨ ਦੀ ਮੁਹਾਰ ਨੂੰ ਨੱਥ ਪਾ ਕੇ ਉਰਦੂ ਦਾ ਉਹ ਸ਼ਿਅਰ ਗੁਣਗੁਣਾਉਣ ਲਗਦਾ ਹਾਂ, ਜਿਸ ਦਾ ਕੇਵਲ ਇੱਕ ਹੀ ਮਿਸਰਾ ਚੇਤੇ ਹੈ, 'ਖੰਡਰਾਤ ਬਤਾਤੇ ਹੈਂ ਇਮਾਰਤ ਅਜ਼ੀਮ ਥੀ।' ਹੋ ਸਕਦਾ ਹੈ, ਜੇ ਮੈਂ ਲੁੰਬਨੀ (ਨਿਪਾਲ) ਵਿਚ ਜਨਮਿਆ ਹੁੰਦਾ ਤਾਂ ਮਹਾਤਮਾ ਬੁੱਧ ਵਾਂਗ ਬੁੱਧ ਗਯਾ ਨੂੰ ਤੁਰ ਪਿਆ ਹੁੰਦਾ। ਆਮੀਨ!

**ਅੰਤਿਕਾ: ਗੁਰਦਿਆਲ ਰੌਸ਼ਨ**

ਸੁਪਨਿਆਂ ਦੇ ਮਹਿਲ ਢਹਿ ਗਏ
ਬਾਗ ਉਜਾੜੇ ਪਿਆਰ ਦੇ,
ਮਨ ਦਾ ਪੰਛੀ ਗਾ ਰਿਹਾ ਹੈ
ਜ਼ਲਜ਼ਲੇ ਤੋਂ ਬਾਅਦ ਵੀ।

# ਪੰਜਾਬੀ ਲੋਕਧਾਰਾ ਵਿਚ ਹੱਥੀਂ ਕੀਤੀ ਕਢਾਈ ਵਾਲਾ ਰੁਮਾਲ

ਪੰਜਾਬ ਦੀਆਂ ਲੋਕ ਕਲਾਵਾਂ ਅਤੇ ਪੰਜਾਬੀ ਸਭਿਆਚਾਰ ਵਿਚ ਕਢਾਈ ਤੇ ਬੁਣਾਈ ਦੀ ਕਲਾ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਪੰਜਾਬ ਦੇ ਪਿੰਡਾਂ ਵਿਚ ਸੁਆਣੀਆਂ ਰੁਮਾਲ, ਚਾਦਰਾਂ, ਲਾਚੇ, ਸਿਰਹਾਣੇ, ਮੇਜ-ਪੋਸ਼, ਗੱਦੀਆਂ ਦੇ ਕਵਰ, ਝੋਲੇ, ਫੁਲਕਾਰੀਆਂ, ਪੱਖੀਆਂ, ਅੰਗੀਠੀ-ਪੋਸ਼, ਪਲੰਗ-ਪੋਸ਼, ਬੈਕ ਕਵਰਾਂ, ਦਸੂਤੀ ਆਦਿ ਦੀ ਕਢਾਈ ਕਰਨ ਵਿਚ ਵਿਸ਼ੇਸ਼ ਦਿਲਚਸਪੀ ਲੈਂਦੀਆਂ ਰਹੀਆਂ ਹਨ। ਹੱਥਾਂ ਨਾਲ ਕੀਤੀ ਜਾਣ ਵਾਲੀ ਇਸ ਕਢਾਈ 'ਤੇ ਕਈ ਕਈ ਦਿਨ,



ਡਾ. ਪ੍ਰਿਤਪਾਲ ਸਿੰਘ ਮਹਿਰੋਕ
ਫੋਨ: 91-98885-10185

ਮਹੀਨੇ, ਸਾਲ ਤੱਕ ਦਾ ਸਮਾਂ ਵੀ ਲੱਗ ਜਾਂਦਾ ਸੀ। ਇਸ ਗੁਣ ਨੂੰ ਅਭਿਆਸ ਵਿਚ ਲਿਆਉਣਾ ਕੁੜੀਆਂ ਦਾ ਸ਼ੌਕ ਵੀ ਹੁੰਦਾ ਸੀ, ਰੁਝੇਵਾਂ ਵੀ ਤੇ ਉਨ੍ਹਾਂ ਅੰਦਰ ਪਨਪਦੇ ਕਲਾ/ਸੁਹਜ ਦੇ ਅਦੁੱਤੀ ਗੁਣਾਂ ਦਾ ਪ੍ਰਮਾਣ ਵੀ ਸਮਝਿਆ ਜਾਂਦਾ ਸੀ। ਪਹਾੜੀ ਇਲਾਕਿਆਂ ਵਿਚ ਕਢਾਈ ਵਾਲੇ ਰੁਮਾਲ ਦੀ ਵਿਸ਼ੇਸ਼ ਕਢਾਈ-ਸ਼ੈਲੀ ਤੇ ਪਛਾਣ ਹੁੰਦੀ ਸੀ। ਪੰਜਾਬ ਵਿਚ ਕਢਾਈ ਵਾਲੇ ਰੁਮਾਲ ਦੀ ਵਿਸ਼ੇਸ਼ ਥਾਂ ਰਹੀ ਹੈ। ਕਿਸੇ 'ਆਪਣੇ' ਲਈ ਰੁਮਾਲ ਕੱਢ ਕੇ ਬੈਠੀ, ਉਸ ਦੀ ਉਡੀਕ ਕਰ ਰਹੀ ਕੋਈ ਸੁਆਣੀ ਅਜਿਹਾ ਕੁਝ ਕਹਿੰਦੀ ਸੁਣੀ ਜਾਂਦੀ ਸੀ,

ਆਪ ਜਾ ਕੇ ਵਲੈਤ ਵਿਚ ਬਹਿ ਗਇਓਂ
ਰੁਮਾਲ ਤੇਰਾ ਕੱਢਿਆ ਪਇਆ ਈ ਓ...।

ਇਨ੍ਹਾਂ ਬੋਲਾਂ ਵਿਚੋਂ ਕਿਸੇ ਬ੍ਰਿਹਣ ਦੀ ਰੀਝ ਤੇ ਵੇਦਨਾ ਵੀ ਸੁਣੀ ਜਾ ਸਕਦੀ ਹੈ।

ਸਿਲਾਈ, ਬੁਣਾਈ ਤੇ ਕਢਾਈ ਦੀ ਕਲਾ ਵਿਚ ਮੁਹਾਰਤ ਰੱਖਣ ਵਾਲੀਆਂ ਸੁਘੜ ਸੁਆਣੀਆਂ ਦਾ ਘਰ-ਸਮਾਜ ਵਿਚ ਮਾਣ ਸਨਮਾਨ ਵੀ ਹੁੰਦਾ ਆਇਆ ਹੈ। ਰੁਮਾਲ ਦੇ ਵਿਭਿੰਨ ਆਕਾਰ ਹੁੰਦੇ ਹਨ। ਛੋਟੇ ਤੋਂ ਛੋਟਾ ਰੁਮਾਲ ਤਾਂ ਛੋਟਾ ਹੋਵੇਗਾ ਹੀ, ਵੱਡੇ ਤੋਂ ਵੱਡੇ ਰੁਮਾਲ ਦਾ ਆਕਾਰ ਵੀ ਕਢਾਈ ਕਰਨ ਵਾਲੇ ਹੋਰ ਬਹੁਤੇ ਕੱਪੜਿਆਂ ਨਾਲੋਂ ਛੋਟਾ ਹੀ ਹੁੰਦਾ ਹੈ। ਛੋਟੇ ਆਕਾਰ ਵਾਲੇ ਰੁਮਾਲ ਦੇ ਕੱਪੜੇ 'ਤੇ ਕਢਾਈ ਕਰਨ ਦੌਰਾਨ ਆਪਣੀ ਕਾਰੀਗਰੀ ਵਿਖਾਉਣ ਦੀਆਂ ਸੰਭਾਵਨਾਵਾਂ ਵੱਧ ਹੁੰਦੀਆਂ ਸਨ। ਰੁਮਾਲ ਕੱਢਣ ਲਈ ਸੁਆਣੀਆਂ ਅਕਸਰ ਰੇਸ਼ਮ, ਟਸਰ ਜਾਂ ਕਿਸੇ ਸੁਹਣੇ ਲੱਗਦੇ ਮਨਪਸੰਦ, ਹੰਢਣਸਾਰ ਤੇ ਉਪਯੋਗੀ ਕੱਪੜਾ ਵਰਤਦੀਆਂ ਸਨ। ਰੁਮਾਲ ਬਣਾਉਣ ਲਈ ਆਮ ਕਰਕੇ ਚਿੱਟੇ, ਮਲਾਈ ਰੰਗੇ, ਭੜਕੀਲੇ ਰੰਗ ਦੇ, ਪਰ ਮਨ ਮੋਹਣੇ ਰੰਗਾਂ ਦੀ ਚੋਣ ਕੀਤੀ ਜਾਂਦੀ ਸੀ। ਹਲਕੇ-ਫਿੱਕੇ ਰੰਗਾਂ ਦਾ ਵੀ ਵਿਸ਼ੇਸ਼ ਮਹੱਤਵ ਸਮਝਿਆ ਜਾਂਦਾ ਸੀ। ਰੁਮਾਲ ਦੀ ਕਢਾਈ ਵਾਸਤੇ ਕੱਪੜੇ ਦੇ ਰੰਗ ਨਾਲ ਮੇਲ ਖਾਂਦੇ ਜਾਂ ਉਲਟ ਗੂੜ੍ਹੇ-ਸ਼ੋਖ ਰੰਗਾਂ ਦੇ ਰੇਸ਼ਮੀ ਧਾਗੇ ਦੀ ਵਰਤੋਂ ਕੀਤੀ ਜਾਂਦੀ ਸੀ।

ਰੁਮਾਲ ਅਕਸਰ ਕਿਸੇ ਨੂੰ ਪਿਆਰ ਵਜੋਂ ਭੇਟ ਕਰਨ ਲਈ ਜਾਂ ਆਪਣੀ ਵਰਤੋਂ ਲਈ ਕੱਢੇ ਜਾਂਦੇ ਸਨ। ਰੁਮਾਲ ਦੇ ਕਿਨਾਰਿਆਂ ਨੂੰ ਦਿਲ ਖਿੱਚਵਾਂ ਬਣਾਉਣ ਲਈ ਫੱਬਵੀਂ ਕਢਾਈ ਕੀਤੀ ਜਾਂਦੀ ਸੀ। ਜਿਸ 'ਆਪਣੇ' ਨੂੰ ਰੁਮਾਲ ਭੇਟ ਕਰਨਾ ਹੁੰਦਾ, ਉਸ ਦੇ ਨਾਂ ਵਾਲੇ ਅੱਖਰਾਂ ਨੂੰ ਖੂਬਸੂਰਤ ਦਿੱਖ-ਜੜਤ ਦੇ ਕੇ ਉਸ ਦੇ ਨਾਂ ਦੀ ਖੂਬਸੂਰਤ ਕਢਾਈ ਕੀਤੀ ਜਾਂਦੀ ਸੀ। ਕਈ ਵਾਰ ਨਾਮ ਦੇ ਪਹਿਲੇ ਅੱਖਰ ਦੀ ਕਢਾਈ ਕਰਕੇ, ਉਸ ਅੱਖਰ ਨੂੰ ਬੂਟਿਆਂ, ਪੱਤਿਆਂ, ਫੁੱਲਾਂ, ਪੰਖੇਰੂਆਂ, ਚੰਦ, ਸੂਰਜ ਆਦਿ ਦੇ ਚਿੱਤਰ ਬਣਾ ਕੇ ਸ਼ਿੰਗਾਰ ਦਿੱਤਾ ਜਾਂਦਾ ਸੀ। ਰੁਮਾਲ 'ਤੇ ਕਈ ਵਾਰ ਕਈ ਮਿਥਿਹਾਸਕ ਵਿਅਕਤੀਆਂ, ਥਾਂਵਾਂ, ਘਟਨਾਵਾਂ, ਦ੍ਰਿਸ਼ਾਂ ਨਾਲ ਸਬੰਧਿਤ ਚਿੱਤਰ ਵੀ ਕੱਢੇ ਜਾਂਦੇ ਸਨ। ਰੁਮਾਲ 'ਤੇ ਕੀਤੀ ਕਢਾਈ ਦੀਆਂ ਉਨ੍ਹਾਂ ਕਿਰਤਾਂ ਨੂੰ ਕਿਸੇ ਸਿੱਖਿਆ ਯਾਫਤਾ ਹੁਨਰਮੰਦ ਕਲਾਕਾਰ ਦੀਆਂ ਕਲਾ ਕਿਰਤੀਆਂ ਦੇ ਤੁਲ ਰੱਖ ਕੇ ਵੇਖਿਆ ਜਾ ਸਕਦਾ ਸੀ। ਰੁਮਾਲ ਦੀ ਕਢਾਈ ਦੀ ਕਲਾ ਰਾਹੀਂ ਸੁਆਣੀਆਂ ਸਮਾਜਕ-ਆਰਥਕ ਜੀਵਨ ਦੇ ਕਿਸੇ ਆਹਰ-ਪਾਹਰ ਨੂੰ ਵੀ ਪੇਸ਼ ਕਰ ਦਿੰਦੀਆਂ ਸਨ। ਰੁਮਾਲ 'ਤੇ ਕੱਢੇ ਗਏ ਕਿਸੇ ਫੁੱਲ-ਪੱਤੀ ਦੀ ਕੀਮਤ ਨੂੰ ਪੈਸਿਆਂ ਵਿਚ ਨਹੀਂ ਸੀ ਆਂਕਿਆ ਜਾ ਸਕਦਾ। ਸਿਰਫ ਕਲਾ ਪਾਰਖੂ ਅੱਖਾਂ ਹੀ ਉਸ ਦਾ ਮੁੱਲ ਚੁਕਾ ਸਕਦੀਆਂ ਸਨ।

ਵਿਆਹ ਦੇ ਖੁਸ਼ੀਆਂ ਭਰੇ ਮੌਕੇ 'ਤੇ ਕਈ ਵਾਰ ਹੱਥ ਨਾਲ ਕੱਢੇ ਰੁਮਾਲਾਂ ਨੂੰ ਸੌਗਾਤ ਵਜੋਂ ਭੇਟ ਕੀਤਾ ਜਾਂਦਾ ਸੀ। ਵਿਆਹ ਦੀ ਰਸਮ ਦੌਰਾਨ ਕਈ ਵਾਰ ਕੁੜੀ ਦੇ ਰਿਸ਼ਤੇਦਾਰ ਮੁੰਡੇ ਨੂੰ ਅਤੇ ਮੁੰਡੇ ਦੇ ਸਕੇ ਸਬੰਧੀ ਕੁੜੀ ਨੂੰ ਉਸ ਦੇ ਰਿਸ਼ਤੇਦਾਰਾਂ ਨੂੰ ਹੱਥੀਂ ਕੱਢੇ ਰੁਮਾਲ ਯਾਦਗਾਰੀ ਤੋਹਫੇ ਵਜੋਂ ਭੇਟ ਕਰਦੇ ਸਨ। ਹੌਲੀ ਹੌਲੀ ਸ਼ਗਨ ਵਜੋਂ ਰੁਮਾਲ ਭੇਟ ਕਰਨ ਨੂੰ ਵਿਆਹ ਦੀ ਇਕ ਰਸਮ ਵਜੋਂ ਸਵੀਕਾਰ ਕਰ ਲਿਆ ਗਿਆ। ਕਢਾਈ ਵਾਲੇ ਰੁਮਾਲ ਨੂੰ ਲੜਕੀ ਦੇ ਦਾਜ ਦੀ ਇਕ ਖਾਸ ਵੰਨਗੀ ਸਮਝ ਕੇ ਦਾਜ ਵਿਚ ਸ਼ਾਮਲ ਕੀਤਾ ਜਾਣ ਲੱਗ ਪਿਆ। ਵਿਆਹ ਵੇਲੇ ਦੀਆਂ ਕਈ ਰਸਮਾਂ ਦੌਰਾਨ ਸ਼ਗਨ ਲੈਣ-ਦੇਣ ਸਮੇਂ ਸ਼ਗਨ ਵਿਚ ਦਿੱਤੀ ਜਾਣ ਵਾਲੀ ਸਮੱਗਰੀ ਜਾਂ ਪੈਸਿਆਂ ਨੂੰ ਰੁਮਾਲ ਵਿਚ ਬੰਨ੍ਹ ਕੇ ਰੱਖਿਆ ਜਾਂਦਾ ਤੇ ਲੈਣ-ਦੇਣ ਕੀਤਾ ਜਾਂਦਾ।

ਹੱਥੀਂ ਰੁਮਾਲ ਕੱਢਣ ਦੀ ਕਲਾ 'ਤੇ ਵਧੇਰੇ ਕਰਕੇ ਰੱਜੇ-ਪੁੱਜੇ ਘਰਾਂ ਦੀਆਂ ਸੁਆਣੀਆਂ ਆਪਣੇ ਹੁਨਰਮੰਦ ਹੱਥਾਂ ਦੀ ਕਾਰੀਗਰੀ ਦਾ ਕਮਾਲ ਵਿਖਾਉਂਦੀਆਂ ਸਨ। ਬਾਰੀਕੀ ਵਾਲੀ ਇਸ ਕਲਾ ਨੂੰ ਅੰਜਾਮ ਦੇਣ ਲਈ ਪੈਸੇ ਦੇ ਨਾਲ ਸਮੇਂ ਤੇ ਠਰ੍ਹੰਮੇ ਦੀ ਵੀ ਲੋੜ ਹੁੰਦੀ ਸੀ। ਲੋੜੀਂਦੇ ਸਾਧਨਾਂ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਸੀ।

ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ
ਸ਼ੀਸ਼ਾ ਮੇਰੀ ਭਾਬੋ ਦਾ, ਰੁਮਾਲ ਮੇਰੇ ਵੀਰ ਦੀ...।

ਸੱਸੀ-ਪੁੰਨੂੰ ਦੇ ਕਾਵਿ ਬਿਰਤਾਂਤ ਵਿਚ ਇਕ ਥਾਂ ਰੁਮਾਲ ਦਾ ਜ਼ਿਕਰ ਧਿਆਨ ਖਿੱਚਦਾ ਹੈ,

ਸੱਸੀ ਪੁੰਨੂੰ ਦੋ ਜਣੇ, ਕੋਈ ਮੁੱਖ ਪਰ ਜ਼ਰਦ ਰੁਮਾਲ ਵੇ
ਹਾਏ ਵੇ ਪੁੰਨੂੰ ਜ਼ਾਲਮਾਂ, ਦਿਲਾਂ ਦਿਆ ਮਹਿਰਮਾ
ਸੁੱਤੀ ਨੂੰ ਛੱਡ ਕੇ ਨਾ ਜਾਣਾ ਈ ਓ...।

ਸਲਾਈ-ਕਢਾਈ ਸੁਆਣੀਆਂ ਲਈ ਮਾਨਸਿਕ ਰੁਝੇਵਾਂ ਹੁੰਦਾ ਸੀ। ਕੁੜਤੇ ਦੇ ਗਲੇ ਦੁਆਲੇ, ਮੋਢਿਆਂ 'ਤੇ, ਕਫਾਂ ਦੁਆਲੇ ਉਹ ਬੜੇ ਸ਼ੌਕ ਨਾਲ ਕਢਾਈ ਕਰਦੀਆਂ। ਘਰੇਲੂ ਸਜਾਵਟ ਵਾਲੀਆਂ ਚੀਜ਼ਾਂ 'ਤੇ ਵੀ ਬੜੇ ਸ਼ੌਕ ਨਾਲ ਕਢਾਈ ਦਾ ਕੰਮ ਕੀਤਾ ਜਾਂਦਾ। ਤੇੜ ਪਹਿਨਣ ਵਾਲੀਆਂ ਚਾਦਰਾਂ 'ਤੇ ਅਜਿਹਾ ਕੰਮ ਬੜੇ ਸੁਹਜ ਨਾਲ ਕੀਤਾ ਜਾਂਦਾ। ਰੁਮਾਲ, ਫੁਲਕਾਰੀ, ਕਢਾਈ ਵਾਲੀ ਚੁੰਨੀ ਆਦਿ ਨੂੰ ਸੰਕੇਤ ਦੀ ਭਾਸ਼ਾ ਵਜੋਂ ਵਰਤਣ ਦਾ ਜ਼ਿਕਰ ਵੀ ਕਿਸੇ ਨਾ ਕਿਸੇ ਰੂਪ ਵਿਚ ਹੁੰਦਾ ਆਇਆ ਹੈ,

ਗਾਉਣ ਜਾਣਦੀ, ਨੱਚਣ ਜਾਣਦੀ,
ਮੈਂ ਨਾ ਕਿਸੇ ਤੋਂ ਹਾਰੀ
ਨੀ ਉਧਰੋਂ ਰੁਮਾਲ ਹਿੱਲਿਆ
ਮੇਰੀ ਇਧਰੋਂ ਹਿੱਲੀ ਫੁਲਕਾਰੀ
ਨੀ ਉਧਰੋਂ ਰੁਮਾਲ...।

ਰੁਮਾਲ ਬਾਰੇ ਕਹੀ ਗਈ ਪੰਜਾਬੀ ਦੇ ਇੱਕ ਹੋਰ ਲੋਕ ਗੀਤ ਦੀ ਤੁਕ ਵੇਖਣ ਵਾਲੀ ਹੈ,

ਤੇਰਾ ਡਿੱਗਿਆ ਰੁਮਾਲ ਫੜਾਵਾਂ
ਤੂੰ ਕਿਹੜਾ ਲਾਟ ਦਾ ਬੱਚਾ।

ਪੂਜਾ ਕਰਨ ਲਈ ਤਿਆਰ ਕੀਤੀ ਪੂਜਾ ਸਮੱਗਰੀ ਅਤੇ ਪ੍ਰਸ਼ਾਦ ਨੂੰ ਢਕਣ ਲਈ ਰੁਮਾਲ ਦੀ ਵਰਤੋਂ ਕਰਨ ਦਾ ਵਿਸ਼ੇਸ਼ ਮਹੱਤਵ ਬਣਿਆ ਆਇਆ ਹੈ। ਕਿਸੇ ਵਿਸ਼ੇਸ਼ ਮੌਕੇ, ਕਿਸੇ ਧਾਰਮਿਕ ਸਮਾਗਮ ਅਤੇ ਕੋਈ ਵਿਸ਼ੇਸ਼ ਅਨੁਸ਼ਾਸਨ ਨਿਭਾਉਣ ਮੌਕੇ ਵੀ ਸਤਿਕਾਰ ਵਜੋਂ ਰੁਮਾਲ ਭੇਟ ਕਰਨ ਨੂੰ ਸ਼ਰਧਾ ਤੇ ਸਤਿਕਾਰ ਦੇ ਪ੍ਰਤੀਕ ਵਜੋਂ ਲਿਆ ਜਾਂਦਾ ਰਿਹਾ ਹੈ। ਸ਼ੁਭ ਮੌਕਿਆਂ 'ਤੇ ਚੀਜ਼ਾਂ,






(ਉਪਰ) ਹੱਥੀਂ ਕੱਢਿਆ ਰੁਮਾਲ ਅਤੇ (ਸੱਜੇ) ਫੁਲਕਾਰੀ ਕੱਢਦੀ ਇਕ ਔਰਤ ਦਾ ਇਕ ਚਿੱਤਰ

ਸੌਗਾਤਾਂ ਦੇ ਵਟਾਂਦਰੇ ਮੌਕੇ ਉਨ੍ਹਾਂ ਨੂੰ ਰੁਮਾਲ ਨਾਲ ਢਕਣਾ ਵਧੀਆ ਸੰਕੇਤ ਵਜੋਂ ਲਿਆ ਜਾਂਦਾ ਹੈ। ਕਢਾਈ ਕੀਤੇ ਰੁਮਾਲ ਨੂੰ ਆਪਣੇ ਕੋਲ ਰੱਖਣ ਨੂੰ ਵੀ ਚੰਗਾ ਸਮਝਿਆ ਜਾਂਦਾ ਰਿਹਾ ਹੈ। ਕਰੋਸ਼ੀਏ ਨਾਲ ਬਣਾਏ ਚੌਰਸ ਜਾਂ ਗੋਲਾਕਾਰ ਰੁਮਾਲ ਨੂੰ ਵਿਸ਼ੇਸ਼ ਮਿਹਨਤ, ਖਾਸ ਜੁਗਤ ਤੇ ਅਨੂਠੀ ਕਾਰੀਗਰੀ ਨਾਲ ਬੁਣਿਆ ਜਾਂਦਾ ਸੀ। ਇਸ ਰੁਮਾਲ ਦਾ ਵੀ ਵਿਲੱਖਣ ਮਹੱਤਵ ਹੁੰਦਾ ਸੀ।

ਕਢਾਈ ਵਾਲੇ ਰੁਮਾਲ ਦਾ ਸਬੰਧ ਕਈ ਸਾਂਝਾਂ, ਉਮਾਹਾਂ ਅਤੇ ਰਿਸ਼ਤਿਆਂ ਨਾਲ ਵੀ ਜੋੜਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਕੁਝ ਰਿਸ਼ਤੇ ਜੇਬ ਵਿਚ ਪਏ ਰੁਮਾਲ ਦੀ ਨਿਆਈਂ ਹੁੰਦੇ ਹਨ। ਉਨ੍ਹਾਂ ਪ੍ਰਤੀ ਆਪਣੇਪਨ ਦਾ ਅਹਿਸਾਸ ਏਨਾ ਪ੍ਰਬਲ ਹੁੰਦਾ ਹੈ ਕਿ ਉਨ੍ਹਾਂ ਨੂੰ ਜਦੋਂ, ਜਿੱਥੇ ਮਰਜ਼ੀ ਵਰਤ ਲਿਆ ਜਾ ਸਕਦਾ ਹੈ। ਕਢਾਈ ਵਾਲਾ ਰੁਮਾਲ ਮਹਿਜ ਕੱਪੜੇ ਦਾ ਟੁਕੜਾ ਨਹੀਂ ਹੁੰਦਾ, ਸਗੋਂ ਉਸ ਵਿਚ ਕਿਸੇ ਦੀਆਂ ਰੀਝਾਂ ਸੰਜੋਈਆਂ ਹੁੰਦੀਆਂ ਹਨ, ਜਿਨ੍ਹਾਂ ਦਾ ਮੁੱਲ ਨਹੀਂ ਪਾਇਆ ਜਾ ਸਕਦਾ। ਰੁਮਾਲ ਕੱਢਣ ਵਾਲੀ ਸੁਆਣੀ ਤੇ ਰੁਮਾਲ ਵਿਚਲਾ ਆਪਸੀ ਸਬੰਧ ਗੁਲਾਬ ਦੇ ਫੁੱਲ ਤੇ ਉਸ ਵਿਚਲੀ ਖੁਸ਼ਬੂ ਜਿਹਾ ਹੁੰਦਾ ਹੈ।

ਕਾਂਗੜਾ ਘਰਾਣਾ ਕਢਾਈ ਦੇ ਖੇਤਰ ਵਿਚ ਵਿਸ਼ੇਸ਼ ਪਛਾਣ ਤੇ ਮਹੱਤਵ ਰੱਖਦਾ ਹੈ। ਕਾਂਗੜੇ ਦੇ ਕਢਾਈ ਵਾਲੇ ਰੁਮਾਲ ਦੀ ਆਪਣੀ ਨਿਵੇਕਲੀ ਪਛਾਣ ਬਣੀ ਰਹੀ ਹੈ। ਕਾਂਗੜੇ ਦੇ ਰੁਮਾਲ ਦਾ ਰੰਗ ਵਧੇਰੇ ਕਰਕੇ ਚਿੱਟਾ ਜਾਂ ਮਲਾਈ ਰੰਗਾ ਹੁੰਦਾ ਸੀ। ਕਢਾਈ ਵਾਲੇ ਧਾਗੇ ਦੇ ਰੰਗ ਬਹੁਤ ਭੜਕੀਲੇ, ਗੂੜ੍ਹੇ ਤੇ ਪ੍ਰਭਾਵਸ਼ਾਲੀ ਹੁੰਦੇ ਸਨ। ਰੇਸ਼ਮੀ ਧਾਗਿਆਂ ਨਾਲ ਕੀਤੀ ਬੇਹੱਦ ਸੁੰਦਰ ਚਿੱਤਰਾਂ ਦੀ ਕਢਾਈ ਤੇ ਤਰ੍ਹਾਂ ਤਰ੍ਹਾਂ ਦੇ ਮਿਥਿਹਾਸਕ ਚਿੱਤਰਾਂ ਦੀ ਕਢਾਈ ਆਪਣੀ ਮਿਸਾਲ ਆਪ ਹੁੰਦੀ ਸੀ। ਕਢਾਈ ਦੀ ਕਲਾ ਦੇ ਬਿਹਤਰੀਨ ਨਮੂਨੇ ਵਜੋਂ ਜਾਣੀ ਜਾਂਦੀ ਉਸ ਕਲਾ ਦਾ ਜ਼ਿਕਰ ਹਸਤ ਕਲਾ ਦੇ ਇਤਿਹਾਸ ਦਾ ਸ਼ਿੰਗਾਰ ਬਣਦਾ ਹੈ।

ਕਢਾਈ ਵਾਲੇ ਰੁਮਾਲ ਵਿਚ ਚੰਬੇ ਦੇ ਰੁਮਾਲ ਦਾ ਆਪਣੀ ਹੀ ਕਿਸਮ ਦਾ ਵਿਸ਼ੇਸ਼ ਮਹੱਤਵ ਹੈ। ਕਿਹਾ ਜਾਂਦਾ ਹੈ ਕਿ ਚੰਬੇ ਦੇ ਕਢਾਈ ਵਾਲੇ ਰੁਮਾਲ ਦੀ ਕਲਾ ਦਾ ਪਿਛੋਕੜ 16ਵੀਂ ਤੇ 17ਵੀਂ ਸਦੀ ਨਾਲ ਜਾ ਜੁੜਦਾ ਹੈ। ਚੰਬੇ ਦੇ ਕਢਾਈ ਵਾਲੇ ਰੁਮਾਲ ਦੇ ਨਾਲ ਨਾਲ ਹੱਥ ਨਾਲ ਬੁਣੇ ਸ਼ਾਲ, ਮਫਲਰ, ਦਸਤਾਨੇ, ਜੁਰਾਬਾਂ, ਸਵੈਟਰ, ਟੋਪੀਆਂ, ਜੈਕਟਾਂ, ਦਰੀਆਂ ਆਦਿ ਵੀ ਪ੍ਰਸਿੱਧ ਹਨ, ਜਿਨ੍ਹਾਂ ਨੂੰ ਦੂਰ ਦੂਰ ਤੱਕ ਪਸੰਦ ਕੀਤਾ ਜਾਂਦਾ ਹੈ। ਚੰਬੇ ਦੇ ਰੁਮਾਲ ਦੀ ਕਢਾਈ-ਕਲਾ ਦੀ ਭਾਰਤ ਭਰ ਵਿਚ ਧਾਂਕ ਪਾਈ ਜਾਂਦੀ ਹੈ।

ਰੁਮਾਲ ਕੱਢਦਿਆਂ ਸੁਆਣੀਆਂ ਕਿਸੇ 'ਆਪਣੇ' ਦੀ ਯਾਦ ਨਾਲ ਆਪਣਾ ਧਿਆਨ ਜੋੜੀ ਰੱਖਦੀਆਂ ਸਨ। ਰੁਮਾਲ ਦੀ ਕਢਾਈ ਦੇ ਕੰਮ ਦੀ ਲੋਕਧਾਰਾਈ ਅਹਿਮੀਅਤ ਆਪਣੀ ਵਿਸ਼ੇਸ਼ ਪਛਾਣ ਰੱਖਦੀ ਹੈ,

ਹੱਥ ਛਤਰੀ ਰੁਮਾਲ ਪੱਲੇ ਸੇਵੀਆਂ
ਭੈਣ ਕੋਲ ਵੀਰ ਚੱਲਿਆ।

—

ਥਾਲ ਉਤੇ ਰੁਮਾਲ ਵੇ ਅੜਿਆ!
ਥਾਲ ਉਤੇ ਰੁਮਾਲ ਚੀਰੇ ਵਾਲਿਆ!
ਵਿਚ ਚੰਬੇ ਦੀਆਂ ਵੇ ਡਾਲੀਆਂ,
ਇਹ ਖਿੜਿਆ ਗੁਲਜ਼ਾਰ, ਵੇ ਅੜਿਆ।

—

ਜੇ ਮੁੰਡਿਆ ਵੇ ਮੈਨੂੰ ਨਾਲ ਲਿਜਾਣਾ
ਮਾਂ ਦਾ ਦਰ ਤੂੰ ਚੱਕ ਮੁੰਡਿਆ
ਮੈਨੂੰ ਰੇਸ਼ਮੀ ਰੁਮਾਲ ਵਾਂਗੂੰ ਰੱਖ ਮੁੰਡਿਆ।

ਪੰਜਾਬੀ ਲੋਕ ਗੀਤਾਂ ਦੀਆਂ ਅਜਿਹੀਆਂ ਤੁਕਾਂ ਵਿਚ ਰੁਮਾਲ 'ਤੇ ਕਢਾਈ ਕੱਢ ਰਹੀ ਸੁਆਣੀ ਹਰੇਕ ਸੰਵੇਦਨਸ਼ੀਲ ਮਨੁੱਖ ਨੂੰ ਚੰਗੀ ਲੱਗੇਗੀ। ਉਸ ਦੀ ਸ਼ਖਸੀਅਤ ਵਿਚਲੇ ਮਿਹਨਤ, ਕਲਾ, ਸਿਦਕ ਤੇ ਸਬਰ ਜਿਹੇ ਗੁਣ ਕਲਾ ਪ੍ਰੇਮੀਆਂ ਨੂੰ ਭਾਉਂਦੇ ਰਹਿਣਗੇ। ਬਾਰੀਕਬੀਨੀ ਨਾਲ ਕੀਤੀ ਜਾਣ ਵਾਲੀ ਰੁਮਾਲ ਦੀ ਕਢਾਈ ਦੀ ਇਸ ਸੂਖਮ ਕਲਾ ਨੂੰ ਸੰਭਾਲ ਕੇ ਰੱਖਣ ਤੇ ਇਸ ਕਲਾ ਨੂੰ ਵਿਕਸਿਤ ਕਰਨ ਵਿਚ ਰੁਮਾਲ ਦੀ ਕਢਾਈ ਦੀ ਕਲਾ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਸੂਈ ਅਤੇ ਵੰਨ ਸੁਵੰਨੇ, ਰੰਗ ਬਰੰਗੇ ਧਾਗਿਆਂ ਨਾਲ ਕੀਤੀ ਰੁਮਾਲ ਦੀ ਕਢਾਈ ਦੀ ਅਹਿਮੀਅਤ ਸਮਝਣ ਤੇ ਇਸ ਦੀ ਕਦਰ ਕਰਨ ਦੀ ਲੋੜ ਹੈ।

# ਹਿਮਾਚਲ ਦਾ ਚੰਬਾ ਰੁਮਾਲ

ਮੁਖਤਾਰ ਗਿੱਲ

ਹਿਮਾਚਲ ਦੀਆਂ ਖੂਬਸੂਰਤ ਪਹਾੜੀਆਂ 'ਚ ਘਿਰਿਆ, ਦਰਿਆ ਰਾਵੀ ਕੰਢੇ, ਸਮੁੰਦਰ ਤਲ ਤੋਂ 900 ਮੀਟਰ ਦੀ ਉਚਾਈ 'ਤੇ ਵਸਿਆ ਸ਼ਹਿਰ ਚੰਬਾ 18ਵੀਂ ਸਦੀ ਤੋਂ ਹੀ ਆਪਣੀ ਅਦਭੁੱਤ ਕਸ਼ੀਦਾਕਾਰੀ ਕਰਕੇ ਪ੍ਰਸਿੱਧ ਰਿਹਾ ਹੈ। ਪ੍ਰਾਚੀਨ ਕਾਲ ਵਿਚ ਹਿਮਾਚਲ ਪ੍ਰਦੇਸ਼ ਦੇ ਰਾਜੇ ਆਪਣੇ ਸੇਵਕਾਂ ਰਾਹੀਂ ਸੋਨੇ, ਚਾਂਦੀ ਦੇ ਥਾਲਾਂ ਵਿਚ ਭਰ-ਭਰ ਕੇ ਇੱਕ-ਦੂਜੇ ਨੂੰ ਤੋਹਫੇ ਭੇਜਿਆ ਕਰਦੇ ਸਨ। ਇਨ੍ਹਾਂ ਤੋਹਫਿਆਂ ਨੂੰ ਸੁੰਦਰ ਕਢਾਈ ਵਾਲੇ ਕੱਪੜੇ ਨਾਲ ਢਕ ਕੇ ਭੇਜਿਆ ਜਾਂਦਾ ਸੀ। ਇਸੇ ਕੱਪੜੇ 'ਤੇ ਕੀਤੀ ਜਾਣ ਵਾਲੀ ਕਢਾਈ ਦੀ ਇਹੋ ਸ਼ੈਲੀ 'ਚੰਬਾ ਰੁਮਾਲ' ਦੇ ਨਾਂ ਨਾਲ ਪ੍ਰਸਿੱਧ ਹੋਈ।

ਇਨ੍ਹਾਂ ਰੁਮਾਲਾਂ ਦੀ ਚੰਬੇ ਦੇ ਲੋਕਾਂ ਦੇ ਜੀਵਨ 'ਚ ਵਿਸ਼ੇਸ਼ ਅਹਿਮੀਅਤ ਹੈ। ਸ਼ਾਦੀ-ਵਿਆਹ ਤੇ ਸ਼ਗਨ ਆਦਿ ਦੇ ਮੌਕਿਆਂ 'ਤੇ ਲਾੜੇ-ਲਾੜੀ ਨੂੰ ਤੋਹਫੇ 'ਚ ਚੰਬਾ ਰੁਮਾਲ ਦਿੱਤਾ ਜਾਂਦਾ ਸੀ। ਸਦੀਆਂ ਤੋਂ ਚੱਲੀ ਆ ਰਹੀ ਇਸ ਰਵਾਇਤੀ ਕਲਾ ਨੂੰ ਚੰਬੇ ਦੀਆਂ ਔਰਤਾਂ ਨੇ ਸੰਭਾਲ ਕੇ ਰੱਖਿਆ ਹੈ। ਉਥੋਂ ਦੀਆਂ ਬੱਚੀਆਂ ਆਪਣੀਆਂ ਮਾਂਵਾਂ ਨੂੰ ਵੇਖਦੀਆਂ ਬਚਪਨ ਤੋਂ ਹੀ ਇਸ ਰਵਾਇਤੀ ਕਲਾ ਨੂੰ ਸਿੱਖ ਲੈਂਦੀਆਂ ਅਤੇ ਆਪਣੀ ਸ਼ਾਦੀ ਤੋਂ ਪਹਿਲਾਂ ਉਹ ਚੰਬਾ ਰੁਮਾਲ ਦੀ ਸ਼ੈਲੀ ਵਿਚ ਕਢਾਈ ਕਰ ਕੇ ਰੁਮਾਲ, ਚਾਦਰ, ਸਿਰਹਾਣੇ ਦੇ ਗਲਾਫ, ਮੇਜ-ਪੋਸ਼ ਆਦਿ ਬਣਾਉਂਦੀਆਂ ਹਨ ਤੇ ਇਨ੍ਹਾਂ ਚੀਜ਼ਾਂ ਨੂੰ ਉਹ ਆਪਣੀ ਸ਼ਾਦੀ ਵੇਲੇ ਸਹੁਰੇ ਘਰ ਲੈ ਜਾਂਦੀਆਂ ਹਨ। ਵਿਆਹ, ਸ਼ਗਨ ਤੇ ਮੰਗਣੀ ਮੌਕੇ ਬਣਾਏ ਜਾਣ ਵਾਲੇ ਚੰਬਾ ਰੁਮਾਲਾਂ 'ਚ ਆਮ ਤੌਰ 'ਤੇ ਦੇਵੀ-ਦੇਵਤਿਆਂ ਦੇ ਚਿੱਤਰ ਅਤੇ ਫੁੱਲ-ਪੱਤੀਆਂ ਕੱਢੀਆਂ ਜਾਂਦੀਆਂ ਹਨ।

ਚੰਬਾ ਰੁਮਾਲ ਲਈ ਰਵਾਇਤੀ ਤੌਰ 'ਤੇ ਮਲਮਲ ਦਾ ਕੱਪੜਾ ਵਰਤਿਆ ਜਾਂਦਾ ਹੈ। ਖੱਡੀ 'ਤੇ ਉਣੀ ਗਈ ਬਾਰੀਕ ਮਲਮਲ ਸਿਆਲਕੋਟ (ਪਾਕਿਸਤਾਨ), ਅੰਮ੍ਰਿਤਸਰ ਤੇ ਲੁਧਿਆਣਾ ਤੋਂ ਮੰਗਵਾਈ ਜਾਂਦੀ ਸੀ। ਜੇ ਇਸ ਕਲਾ ਨੂੰ ਕੱਪੜੇ 'ਤੇ ਧਾਗੇ ਨਾਲ ਕੀਤੀ ਚਿੱਤਰਕਾਰੀ ਕਿਹਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਇਸ ਸ਼ੈਲੀ ਵਿਚ ਚਿੱਤਰਕਾਰੀ ਦੀ ਮਿਊਰਲ ਅਤੇ ਮਿੰਨੀਏਚਰ-ਦੋਹਾਂ ਹੀ ਸ਼ੈਲੀਆਂ ਦੇ ਨਾਲ-ਨਾਲ ਜੁਲੇਰ, ਨੂਰਪੁਰ ਅਤੇ ਕਾਂਗੜਾ ਸ਼ੈਲੀ ਦਾ ਵੀ ਪ੍ਰਭਾਵ ਵੇਖਣ ਨੂੰ ਮਿਲਦਾ ਹੈ। ਕਾਂਗੜਾ ਸ਼ੈਲੀ ਵਿਚ ਕ੍ਰਿਸ਼ਨ ਲੀਲਾ ਦਾ ਸੁੰਦਰ ਚਿਤਰਨ ਵੇਖਣ ਨੂੰ ਮਿਲਦਾ ਹੈ। ਚੰਬਾ ਰੁਮਾਲ ਦੀ ਖਾਸੀਅਤ ਇਹ ਵੀ ਹੈ ਕਿ ਇਸ 'ਚ ਕਢਾਈ ਸਿੱਧੀ ਅਤੇ ਉਲਟੀ-ਦੋਹਾਂ ਪਾਸਿਆਂ ਤੋਂ ਵੇਖਣ ਨੂੰ ਬਿਲਕੁਲ ਇੱਕੋ ਜਿਹੀ ਲੱਗਦੀ ਹੈ। ਇਸ ਕਢਾਈ ਦੀ ਇੱਕ ਵੱਡੀ ਖਾਸੀਅਤ ਇਹ ਹੈ ਕਿ ਇਸ ਵਿਚ ਇੱਕ ਵੀ ਗੰਢ ਨਹੀਂ ਹੁੰਦੀ। ਰਨਿੰਗ ਸਟਿਚ ਦੇ ਜ਼ਰੀਏ ਧਾਗੇ ਨਾਲ ਕਢਾਈ ਕੀਤੀ ਜਾਂਦੀ ਹੈ।



ਚੰਬਾ ਸ਼ੈਲੀ ਵਿਚ ਕਢਾਈ ਕਰਨ ਵਾਸਤੇ ਸਭ ਤੋਂ ਪਹਿਲਾਂ ਟ੍ਰੇਸਿੰਗ ਪੇਪਰ ਅਤੇ ਕਾਰਬਨ ਦੀ ਮਦਦ ਨਾਲ ਚਿੱਤਰ ਦਾ ਆਊਟ ਲਾਈਨ ਤਿਆਰ ਕੀਤਾ ਜਾਂਦਾ ਹੈ। ਉਸ ਪਿਛੋਂ ਕਾਲੇ ਰੰਗ ਦੇ ਧਾਗੇ ਨਾਲ ਆਊਟ ਲਾਈਨ ਦੀ ਕਢਾਈ ਕੀਤੀ ਜਾਂਦੀ ਹੈ। ਇਸ ਸ਼ੈਲੀ ਵਿਚ ਜ਼ਿਆਦਾਤਰ ਫੁੱਲ-ਪੱਤੀਆਂ ਵਾਲੀਆਂ ਸ਼ਕਲਾਂ ਹੁੰਦੀਆਂ ਹਨ। ਕਿਤੇ-ਕਿਤੇ ਚੰਬਾ ਰੁਮਾਲਾਂ 'ਚ ਹਿਮਾਚਲ ਦੀ ਫੁਲਕਾਰੀ ਕਲਾ ਦਾ ਪ੍ਰਭਾਵ ਵੀ ਵੇਖਣ ਨੂੰ ਮਿਲਦਾ ਹੈ। ਚੰਬਾ ਸ਼ੈਲੀ ਵਿਚ ਬਣੇ ਰੁਮਾਲਾਂ ਵਿਚ ਆਮ ਤੌਰ 'ਤੇ ਗੂੜ੍ਹੇ, ਪ੍ਰਕ੍ਰਿਤਕ ਲਾਲ, ਪੀਲੇ, ਹਰੇ, ਨੀਲੇ ਅਤੇ ਗੁਲਾਬੀ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ।

# ਵਾਇਸਰਾਏ ਮੇਓ ਦੇ ਆਖਰੀ ਪਲਾਂ ਦਾ ਗਵਾਹ ਅੰਡੇਮਾਨ

***ਗਵਰਨਰ ਜਨਰਲ ਲਾਰਡ ਮੇਓ ਬ੍ਰਿਟਿਸ਼ ਰਾਜ ਸਮੇਂ ਭਾਰਤ ਦਾ ਚੌਥਾ ਵਾਇਸਰਾਏ ਸੀ। ਬਰਤਾਨਵੀ ਖੇਤਰਾਂ ਦਾ ਦੌਰਾ ਕਰਨ ਦੀ ਰਵਾਇਤ ਤਹਿਤ ਉਹ ਆਪਣੀ ਪਤਨੀ ਅਤੇ ਕਈ ਅਫਸਰਾਂ ਸਮੇਤ ਅੰਡੇਮਾਨ ਪੁੱਜਾ। ਆਜ਼ਾਦੀ ਲਈ ਜੂਝਦੇ ਭਾਰਤੀਆਂ ਲਈ ਖਤਰਨਾਕ ਸਮਝੇ ਜਾਂਦੇ ਇਸ ਟਾਪੂ 'ਤੇ ਉਸ ਦੇ ਕਤਲ ਦੀ ਕਹਾਣੀ ਪੇਸ਼ ਕਰਦੀ ਹੈ, ਡਾ. ਗੁਰਦੇਵ ਸਿੰਘ ਸਿੱਧੂ ਦੀ ਇਹ ਖੋਜ ਭਰਪੂਰ ਰਚਨਾ।***

**ਡਾ. ਗੁਰਦੇਵ ਸਿੰਘ ਸਿੱਧੂ**
ਫੋਨ: +91-94170-49417

ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿਚ ਕੈਦ ਰਹੇ ਦੇਸ਼ਭਗਤਾਂ ਦੀਆਂ ਅਣਗਿਣਤ ਕਹਾਣੀਆਂ ਹਨ। ਅੰਡੇਮਾਨ ਟਾਪੂ ਦਾ ਪੋਰਟ ਬਲੇਅਰ ਬਰਤਾਨਵੀ ਹਿੰਦੁਸਤਾਨ ਦੇ ਹਾਕਮਾਂ ਵਲੋਂ ਸਰਕਾਰ ਲਈ ਖਤਰਨਾਕ ਸਮਝੇ ਜਾਂਦੇ ਲੋਕਾਂ ਨੂੰ ਭਿਆਨਕ ਤਸੀਹੇ ਦੇ ਕੇ ਮਾਰਨ ਲਈ ਪ੍ਰਸਿੱਧ ਹੈ। ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਈਸਟ ਇੰਡੀਆ ਕੰਪਨੀ ਵਲੋਂ ਬਰਤਾਨਵੀ ਹਿੰਦੁਸਤਾਨ 'ਚ ਤਾਇਨਾਤ ਚੌਥੇ ਅੰਗਰੇਜ਼ ਗਵਰਨਰ ਜਨਰਲ ਰਿਚਰਡ ਬਰਕ, ਭਾਵ ਲਾਰਡ ਮੇਓ ਨੂੰ ਵੀ ਇਥੇ ਕਤਲ ਕੀਤਾ ਗਿਆ ਸੀ।

ਉਨ੍ਹੀਂ ਦਿਨੀਂ ਅੰਡੇਮਾਨ ਟਾਪੂ ਬਰਤਾਨਵੀ ਬਰਮਾ ਦਾ ਹਿੱਸਾ ਸੀ। ਕਤਲ ਦੀ ਘਟਨਾ 8 ਫਰਵਰੀ 1872 ਨੂੰ ਵਾਪਰੀ ਤੇ ਉਸ ਦਾ ਕਾਤਲ ਅਫਰੀਦੀ ਕਬੀਲੇ ਦਾ ਪਠਾਣ ਸ਼ੇਰ ਅਲੀ ਸੀ। ਉਤਰ ਪੱਛਮੀ ਸਰਹੱਦੀ ਇਲਾਕੇ ਦਾ ਵਾਸੀ ਸ਼ੇਰ ਅਲੀ ਪਿਸ਼ਾਵਰ ਪੁਲਿਸ ਵਿਚ ਸਿਪਾਹੀ ਸੀ। ਫਿਰ ਉਹ ਅੰਗਰੇਜ਼ੀ ਘੋੜ ਸਵਾਰ ਫੌਜ 'ਚ ਭਰਤੀ ਹੋ ਗਿਆ। ਉਸ ਦੀ ਯੋਗਤਾ ਦੇਖ ਕੇ ਮੇਜਰ ਟੇਲਰ ਨੇ ਉਸ ਨੂੰ ਆਪਣਾ ਅਰਦਲੀ ਬਣਾ ਲਿਆ ਅਤੇ ਉਸ ਦੀ ਸੇਵਾ ਭਾਵਨਾ ਤੋਂ ਖੁਸ਼ ਹੋ ਕੇ ਘੋੜਾ ਤੇ ਪਿਸਤੌਲ ਇਨਾਮ ਵਿਚ ਦਿੱਤੇ। ਪਰਿਵਾਰਕ ਝਗੜੇ ਵਿਚ ਸ਼ੇਰ ਅਲੀ ਹੱਥੋਂ ਉਸ ਦਾ ਰਿਸ਼ਤੇਦਾਰ ਹੈਦਰ ਮਾਰਿਆ ਗਿਆ। ਕੇਸ ਚੱਲਿਆ ਅਤੇ 2 ਅਪਰੈਲ 1868 ਨੂੰ ਅਦਾਲਤ ਨੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਪਰ ਉਸ ਦਾ ਦਾਣਾ-ਪਾਣੀ ਬਾਕੀ ਸੀ, ਜੱਜ ਕਰਨਲ ਪੋਲਿਕ ਨੇ ਅਪੀਲ ਦੀ ਸੁਣਵਾਈ ਕਰਦਿਆਂ ਸਜ਼ਾ ਘਟਾ ਕੇ ਕਾਲੇ ਪਾਣੀ 'ਚ ਉਮਰ ਕੈਦ ਦੀ ਕਰ ਦਿੱਤੀ। ਉਹ ਮਈ 1869 ਵਿਚ ਕਾਲੇ ਪਾਣੀ ਪੁੱਜਾ। ਉਥੇ ਉਸ ਦੇ ਸੁਚੱਜੇ ਵਿਹਾਰ ਨੂੰ ਦੇਖਦਿਆਂ ਅਧਿਕਾਰੀਆਂ ਨੇ ਉਸ ਨੂੰ ਹਜਾਮ ਵਜੋਂ ਡਿਊਟੀ ਸੌਂਪ ਦਿੱਤੀ।

ਬਰਤਾਨਵੀ ਹਿੰਦੁਸਤਾਨ ਦੇ ਗਵਰਨਰ ਜਨਰਲ ਵਲੋਂ ਈਸਟ ਇੰਡੀਆ ਕੰਪਨੀ ਦੇ ਪ੍ਰਤੀਨਿਧ ਵਜੋਂ ਆਪਣੀ ਅਧੀਨਗੀ ਹੇਠਲੇ ਇਲਾਕਿਆਂ ਦਾ ਦੌਰਾ ਕਰਨਾ ਆਮ ਰਵਾਇਤ ਸੀ। ਇਸ ਰਵਾਇਤ ਤਹਿਤ ਹੀ ਲਾਰਡ ਮੇਓ ਆਪਣੀ ਪਤਨੀ ਅਤੇ ਅੰਗਰੇਜ਼ ਅਫਸਰਾਂ ਦੇ ਵੱਡੇ ਲਾਮ ਲਸ਼ਕਰ ਨਾਲ 24 ਜਨਵਰੀ 1872 ਨੂੰ ਕਲਕੱਤੇ ਤੋਂ ਚੱਲ ਕੇ 28 ਜਨਵਰੀ ਨੂੰ ਰੰਗੂਨ ਪੁੱਜਾ, ਉਥੋਂ ਉਹ ਮੌਲਮੀਨ ਹੁੰਦਾ ਹੋਇਆ 5 ਫਰਵਰੀ ਨੂੰ ਅੰਡੇਮਾਨ ਪੁੱਜਾ।

ਈਸਟ ਇੰਡੀਆ ਕੰਪਨੀ ਦੇ ਲੈਫਟੀਨੈਂਟ ਬਲੇਅਰ ਨੇ 1789 ਵਿਚ 'ਓਲਡ ਹਾਰਬਰ' ਨਾਂ ਨਾਲ ਜਾਣੇ ਜਾਂਦੇ ਇਸ ਟਿਕਾਣੇ ਨੂੰ ਵਸਾਉਣ ਦਾ ਯਤਨ ਕੀਤਾ ਸੀ, ਜਿਸ ਕਾਰਨ ਇਸ ਦਾ ਨਾਂ ਪੋਰਟ ਬਲੇਅਰ ਪੈ ਗਿਆ। ਮਲੇਰੀਏ ਦੇ ਕਹਿਰ, ਪੀਣ ਵਾਲੇ ਪਾਣੀ ਦੀ ਘਾਟ, ਸਥਾਨਕ ਜੰਗਲੀ ਲੋਕਾਂ ਦੇ ਵਿਰੋਧ ਕਾਰਨ ਇਹ ਯਤਨ ਦਮ ਤੋੜ ਗਿਆ। 1857 ਵਿਚ ਹਿੰਦੁਸਤਾਨੀ ਫੌਜੀਆਂ ਦੇ ਵਿਦਰੋਹ ਕਾਰਨ ਵਿਦਰੋਹੀਆਂ ਨੂੰ ਸਜ਼ਾ ਵਜੋਂ ਦੇਸ਼ ਦੀ ਮੁੱਖ ਭੂਮੀ ਤੋਂ ਦੂਰ ਰਹਿਣ ਦੀਆਂ ਸਹੂਲਤਾਂ ਤੋਂ ਵਾਂਝੀ ਥਾਂ ਰੱਖਣ ਦੀ ਲੋੜ ਨੇ ਸਰਕਾਰ ਦਾ ਧਿਆਨ ਇਕ ਵਾਰ ਫਿਰ ਇਨ੍ਹਾਂ ਟਾਪੂਆਂ ਵਲ ਕੇਂਦਰਿਤ ਕੀਤਾ। ਫਲਸਰੂਪ ਜਨਵਰੀ 1858 ਵਿਚ ਡਾ. ਵਾਕਰ ਦੀ ਨਿਗਰਾਨੀ ਹੇਠ 200 ਕੈਦੀਆਂ ਦੀ ਪਹਿਲੀ ਟੋਲੀ ਅੰਡੇਮਾਨ ਪਹੁੰਚੀ। ਅੰਡੇਮਾਨ 'ਚ ਹੋਰ ਕੈਦੀ ਆਉਂਦੇ ਗਏ ਤੇ ਇਉਂ 1872 ਤਕ ਇਥੇ ਕਰੀਬ 8 ਹਜ਼ਾਰ ਦੀ ਵਸੋਂ ਵਿਚੋਂ 7 ਹਜ਼ਾਰ ਕੈਦੀ ਅਤੇ ਦੋ ਸੌ ਸਿਪਾਹੀ ਸਨ।

ਵਾਇਸਰਾਏ 8 ਫਰਵਰੀ 1872 ਨੂੰ ਸਵੇਰੇ ਨੌਂ ਵਜੇ ਪੋਰਟ ਬਲੇਅਰ ਪੁੱਜਾ। ਜੇਲ੍ਹ ਸੁਪਰਡੈਂਟ ਮੇਜਰ ਜਨਰਲ ਸਟੂਵਰਟ ਨੇ ਜਹਾਜ 'ਤੇ ਜਾ ਕੇ ਗਵਰਨਰ ਜਨਰਲ ਨੂੰ 'ਜੀ ਆਇਆਂ' ਕਿਹਾ। ਉਸ ਨੇ ਗਵਰਨਰ ਜਨਰਲ ਦੀ ਸੁਰੱਖਿਆ ਲਈ ਪੁਲਿਸ ਦਾ ਦਸਤਾ ਤਾਇਨਾਤ ਕੀਤਾ ਹੋਇਆ ਸੀ ਜਿਸ ਨੇ ਮਹਿਮਾਨ ਨੂੰ ਚੁਫੇਰਿਉਂ ਘੇਰ ਕੇ ਚੱਲਣਾ ਸੀ। ਉਸ ਨੇ ਹੁਕਮ ਦਿੱਤਾ ਸੀ ਕਿ ਕੈਦੀ ਆਮ ਵਾਂਗ ਕੰਮ ਕਰਦੇ ਰਹਿਣ ਅਤੇ ਕੋਈ ਵੀ ਆਪਣੇ ਗੈਂਗ ਤੋਂ ਬਾਹਰ ਨਾ ਨਿਕਲੇ। ਅਧੀਨ ਅਫਸਰਾਂ ਨੂੰ ਚੌਕਸ ਕੀਤਾ ਕਿ ਉਹ ਕਿਸੇ ਵੀ ਕੈਦੀ ਨੂੰ ਵਾਇਸਰਾਏ ਦੇ ਨੇੜੇ ਢੁੱਕਣ ਨਾ ਦੇਣ।




*ਸ਼ੇਰ ਅਲੀ (ਖੱਬੇ) ਅਤੇ ਲਾਰਡ ਮੇਓ ਦੀਆਂ ਤਸਵੀਰਾਂ।*

ਇੰਨੀ ਸਾਵਧਾਨੀ ਦਾ ਇਕ ਕਾਰਨ ਸੀ ਕਿ ਵੱਹਾਬੀ ਬਗਾਵਤ 'ਚ ਸ਼ਾਮਲ ਕੁਝ ਆਗੂ ਪੋਰਟ ਬਲੇਅਰ 'ਚ ਕੈਦ ਸਨ ਅਤੇ ਸਾਲ ਪਹਿਲਾਂ ਹੀ ਸਤੰਬਰ ਮਹੀਨੇ ਵੱਹਾਬੀਆਂ ਨੇ ਕਲਕੱਤਾ ਹਾਈ ਕੋਰਟ ਦੇ ਮੁੱਖ ਜੱਜ ਮਿਸਟਰ ਨਾਰਮਨ ਨੂੰ ਕਤਲ ਕੀਤਾ ਸੀ। ਵਾਇਸਰਾਏ ਨੇ ਪੂਰਾ ਦਿਨ ਟਾਪੂ ਦਾ ਚੱਪਾ-ਚੱਪਾ ਦੇਖਿਆ। ਸ਼ਾਮ ਸਮੇਂ ਉਚੀ ਪਹਾੜੀ 'ਮਾਊਂਟ ਹੈਰੀਇਟ' ਤੋਂ ਟਾਪੂ ਦਾ ਨਜ਼ਾਰਾ ਲੈਣ ਵੇਲੇ ਤਕ ਹਨੇਰਾ ਹੋ ਚੁਕਾ ਸੀ। ਉਹ ਪਹਾੜੀ ਤੋਂ ਹੇਠਾਂ ਆ ਕੇ ਜਿਉਂ ਹੀ ਜਹਾਜ 'ਚ ਬੈਠ ਕੇ ਉਡੀਕ ਕਰ ਰਹੀ ਲੇਡੀ ਮੇਓ ਵਲ ਜਾਣ ਲਈ ਅੱਗੇ ਵਧਿਆ ਤਾਂ ਇਕ ਚੱਟਾਨ ਪਿੱਛੋਂ ਨਿਕਲ ਕੇ ਸ਼ੇਰ ਅਲੀ ਨੇ ਛੁਰੇ ਨਾਲ ਗਵਰਨਰ ਜਨਰਲ ਦੀ ਪਿੱਠ ਉਤੇ ਦੋ ਜ਼ੋਰਦਾਰ ਵਾਰ ਕੀਤੇ। ਜ਼ਖਮੀ ਗਵਰਨਰ ਜਨਰਲ ਕੁਝ ਕਦਮ ਦੌੜ ਕੇ ਅੱਗੇ ਗਿਆ ਅਤੇ ਪਾਣੀ ਵਿਚ ਡਿੱਗ ਪਿਆ। ਸੁਰੱਖਿਆ ਗਾਰਦ ਨੇ ਤੁਰਤ ਕਾਤਲ ਨੂੰ ਕਾਬੂ ਕਰ ਲਿਆ ਪਰ ਖੂਨ ਬਹੁਤਾ ਵਹਿ ਜਾਣ ਕਾਰਨ ਲਾਰਡ ਮੇਓ ਦੀ ਮੌਤ ਹੋ ਗਈ। ਸ਼ੇਰ ਅਲੀ ਨੂੰ ਕਤਲ ਦੇ ਦੋਸ਼ ਵਿਚ 11 ਮਾਰਚ 1873 ਨੂੰ ਫਾਂਸੀ ਲਾਇਆ ਗਿਆ।

ਸਰਕਾਰੀ ਅਫਸਰਾਂ ਨੇ ਸ਼ੇਰ ਅਲੀ ਦੇ ਬਿਆਨਾਂ ਦੇ ਆਧਾਰ 'ਤੇ ਇਸ ਵਾਰਦਾਤ ਨੂੰ ਉਸ ਵਲੋਂ ਵੱਹਾਬੀ ਆਗੂਆਂ ਦੀ ਚੁੱਕ ਵਿਚ ਆ ਕੇ ਕੀਤਾ ਕਤਲ ਦੱਸਿਆ, ਪਰ ਗਦਰੀ ਆਗੂਆਂ ਨੇ ਆਪਣੇ ਪੱਤਰ 'ਹਿੰਦੁਸਤਾਨ ਗਦਰ' ਦੇ 10 ਜਨਵਰੀ 1915 ਦੇ ਅੰਕ ਵਿਚ 'ਲਾਟ ਮੀਉ ਕਿਸ ਤਰਾਂ ਮਾਰਿਆ ਗਿਯਾ' ਸੁਰਖੀ ਹੇਠ ਇਸ ਘਟਨਾ ਦੀ ਵਿਆਖਿਆ ਲੋਕ-ਮਨ ਵਿਚ ਸਰਕਾਰ ਵਿਰੁਧ ਵਿਦਰੋਹ ਕਰਨ ਦੀ ਭਾਵਨਾ ਪ੍ਰਬਲ ਕਰਨ ਦੇ ਪੱਖ ਤੋਂ ਕੀਤੀ। ਰਿਪੋਰਟ ਵਿਚ ਲਿਖਿਆ ਗਿਆ, "ਗਰਮੀ ਦੀ ਰਾਤ ਨੂੰ ਜਦੋਂ ਸੂਰਜ ਖਲਕਤ ਦੀ ਭੱਠੀ ਨੂੰ ਝੁਲਸ ਕੇ ਛਿਪ ਜਾਂਦਾ ਹੈ ਤੇ ਉਸ ਦੇ ਘੜੀ ਦੋ ਘੜੀ ਪਿਛੋਂ ਇਟਾਂ ਦੇ ਘਰ ਪਥਰੀਲੀ ਪਹਾੜੀਆਂ ਤੇ ਰੇਤਲੇ ਟਿਬਿਆਂ ਵਿਚੋਂ ਤਪਸ਼ ਨਹੀਂ ਜਾਂਦੀ, ਇਸੀ ਤਰ੍ਹਾਂ 1857 ਦੇ ਗਦਰ ਦੀ ਤਪਸ਼ ਜੇ ਸਭਨਾਂ 'ਚ ਨਹੀਂ ਤਾਂ ਕੁਝ ਹਿੰਦੋਸਤਾਨੀਆਂ ਦੇ ਹਿਰਦੇ 'ਚ ਗਦਰ ਤੋਂ ਕਈ ਸਾਲ ਪਿਛੋਂ ਤੱਕ ਬਾਕੀ ਰਹੀ। ਸਾਡੀ ਸਮਝ 'ਚ ਲਾਰਡ ਮੇਉ ਦਾ ਕਤਲ ਇਸ ਲੜੀ 'ਚ ਹੋਯਾ ਹੈ।"

ਰਿਪੋਰਟ 'ਚ ਲਾਰਡ ਮੇਓ ਦੇ ਅੰਤ ਦਾ ਬਿਆਨ ਇਨ੍ਹਾਂ ਸ਼ਬਦਾਂ ਵਿਚ ਕੀਤਾ ਗਿਆ, "ਲਾਟ ਮੀਓ ਤੇ ਸਾਰੀ ਪਲਟਨ ਜਹਾਜਾਂ ਦੇ ਰੁਖ ਰਵਾਨਾ ਹੋਣ ਲਈ ਅੱਗੇ ਵਧੇ ਅਤੇ ਹੁਣ ਸੂਰਜ ਛਿਪਯਾ ਸੀ ਤੇ ਜੰਗੀ ਸਿਪਾਹੀਆਂ ਨੇ ਮਸ਼ਾਲਾਂ ਜਾਲ ਰੱਖੀਆਂ ਸਨ, ਅੱਗੇ ਵਾਇਸਰਾਏ ਦਾ ਪ੍ਰਾਈਵੇਟ ਸੈਕਟਰੀ ਅਤੇ ਪਿਛੇ ਖੁਦ ਵਾਇਸਰਾਏ। ਸੈਕਟਰੀ ਨੇ ਕਿਸ਼ਤੀ ਦੇ ਤਖਤੇ 'ਤੇ ਪੈਰ ਰਖਯਾ ਹੀ ਸੀ ਕਿ ਝਟ ਪਿਛੇ ਤੋਂ ਇਕ ਧੜਾਕਾ ਹੋਯਾ, ਮੁੜ ਕੇ ਦੇਖਯਾ ਤਾਂ ਲਾਟ ਮੀਓ ਨੂੰ ਜ਼ਮੀਨ ਤੇ ਡਿਗਯਾ ਹੋਯਾ ਪਾਯਾ ਤੇ ਓਸ ਦੀ ਪਿਠ 'ਤੇ ਇਕ ਆਦਮੀ ਚਿੰਮੜਯਾ ਹੋਆ ਹੈ, ਓਸੀ ਵਕਤ ਇਕ ਦਰਜਨ ਸਪਾਹੀ ਕੁਦ ਪਏ ਅਤੇ ਓਸ ਆਦਮੀ ਦੇ ਪੰਜੇ 'ਚੋਂ ਲਾਟ ਮੀਓ ਨੂੰ ਛੁਡਾਯਾ। ਲਾਟ ਮੀਓ ਨੇ ਆਪਦੇ ਸੈਕਟਰੀ ਦੇ ਕੰਨ 'ਚ ਕਿਹਾ, 'ਮੇਰਾ ਤਾਂ ਕੰਮ ਹੋ ਗਯਾ।' ਤੇ ਸਾਹ ਭਰ ਕੇ ਠੰਡਾ ਹੋ ਗਿਆ।"

ਗਦਰ ਲੇਖਕ ਨੇ ਆਪਣੀ ਲਿਖਤ ਨੂੰ ਪ੍ਰਭਾਵਸ਼ਾਲੀ ਬਣਾਉਣ ਵਾਸਤੇ ਨਾਟਕੀ ਵਿਧੀ ਦੀ ਵਰਤੋਂ ਕਰਦਿਆਂ ਲਿਖਿਆ, "ਜਦੋਂ ਸਰਕਾਰੀ ਅਫਸਰਾਂ ਨੇ ਓਸ ਤੋਂ ਪੁਛਿਯਾ ਕਿ ਤੈਂ ਹਿੰਦੋਸਤਾਨ ਦੇ ਬੜੇ ਲਾਟ ਨੂੰ ਕਿਸ ਦੇ ਕੈਹਣੇ ਮਾਰਯਾ" ਤਾਂ ਓਸ ਨੇ ਜਵਾਬ ਦਿੱਤਾ, "ਖੁਦਾ ਨੇ ਹੁਕਮ ਦਿੱਤਾ।"

ਸਵਾਲ: ਤੇਰੇ ਸਾਥੀ ਕੌਣ ਹਨ?

ਜਵਾਬ: ਮੇਰੇ ਸਾਥ ਕੋਈ ਆਦਮੀ ਨਹੀਂ ਹੈ, ਮੇਰਾ ਸਾਥੀ ਖੁਦਾ।

ਪੁੱਛੇ ਜਾਣ ਉਤੇ ਸ਼ੇਰ ਅਲੀ ਨੇ ਆਪਣੀ ਯੋਜਨਾ ਬਾਰੇ ਦੱਸਿਆ, "ਮੈਂ ਇਸ ਕਾਲੇ ਪਾਨੀ ਦੇ ਟਾਪੂ ਵਿਚ ਕੈਦ ਸੀ। ਓਥੇ ਆਪਣੀ ਮਰਜ਼ੀ ਦਾ ਸਮਾਂ ਮਿਲਣਾ ਬੜਾ ਮੁਸ਼ਕਿਲ ਸੀ। ਮੈਨੇ ਆਪ ਦਾ ਚਾਲਚਲਨ ਐਸਾ ਰਖਯਾ ਕਿ ਤਿੰਨ ਸਾਲ ਤੱਕ ਦਿਲ ਵਿਚ ਅੰਗਰੇਜ਼ਾਂ ਨਾਲ ਦੁਸ਼ਮਨੀ ਰੱਖੀ ਲੇਕਨ ਜ਼ਾਹਰਾ ਅੰਗਰੇਜ਼ੀ ਅਫਸਰਾਂ ਨੂੰ ਮੋਹ ਲਿਆ ਅਤੇ ਓਹਨਾਂ ਨੇ ਮੈਨੂੰ ਨਹੈਤ ਅਛਾ ਜਾਣ ਕੇ ਸਖਤ ਨਿਗਰਾਨੀ ਤੋਂ ਬਰੀ ਕਰ ਦਿੱਤਾ। ਮੈਂ ਆਪਦਾ ਸਮਾਂ ਦੇਖਦਾ ਰਿਹਾ। ਆਖਰ ਅਜ ਜਦੋਂ ਲਾਟ ਮੀਓ ਵਾਇਸਰਾਏ ਹਿੰਦ ਇਸ ਟਾਪੂ ਵਿਚ ਆਯਾ ਤਾਂ ਮੈਨੇ ਸਮਝਯਾ ਕਿ ਅਜ ਮੌਕਾ ਹੈ। ਅੰਮਰਤ ਵੇਲੇ ਤੋਂ ਹੀ ਮੈਂ ਲਾਟ ਦੇ ਪਿਛੇ ਪਿਛੇ ਫਿਰਦਾ ਰਿਹਾ ਲੇਕਿਨ ਸਭਨੀਂ ਤਰਫੀਂ ਫੌਜ ਸੀ ਅਤੇ ਮੈਂ ਤੁਰਦੇ ਤੁਰਦੇ ਸ਼ਾਮ ਤੱਕ ਥੱਕ ਕੇ ਚੂਰ ਹੋ ਗਿਯਾ। ਅਤੇ ਸੋਚਨੇ ਲਗਾ ਕਿ ਚੱਲ ਹੁਣ ਸੂਰਜ ਛੁਪ ਗਯਾ ਤਾਂ ਭੀ ਜਾ ਕੇ ਸੋਚਯਾ ਕਿ ਕੱਲ ਨੂੰ ਦੇਖੀ ਜਾਵੇਗੀ। ਤਾਂ ਇਤਨੇ ਵਿਚ ਝਾੜੀ ਦੇ ਪਿਛਲੇ ਪਾਸੇ ਦੀ ਮੈਨੂੰ ਲਾਟ ਮੀਓ ਜਾਂਦਾ ਹੋਯਾ ਦਿਖਾਈ ਦਿੱਤਾ। ਭਾਵੇਂ ਉਸ ਦੇ ਸਭਨੀਂ ਤਰਫੀਂ ਸਪਾਹੀ ਸਨ ਅਤੇ ਸਮਾਂ ਅਛਾ ਸੀ ਕਿ ਦਿਲ ਦੀ ਤੜਪ ਨੇ ਮੱਛੀ ਦੇ ਵਾਂਗ ਉਛਾਲਾ ਦਿੱਤਾ ਅਤੇ ਝਟ ਪਟ ਮੀਓ ਦੇ ਭਾਰੀ ਬਦਨ ਨੂੰ ਫੜਕੇ ਮੇਰੇ ਖੰਜਰ ਨੇ ਇਸ ਬੜੇ ਅੰਗਰੇਜ਼ ਦਾ ਖਾਤਮਾ ਕਰ ਦਿੱਤਾ।"

ਕਹਿੰਦੇ ਹਨ ਕਿ ਸ਼ੇਰ ਅਲੀ ਖਾਨ ਦੇ ਦੋਹਾਂ ਛੁਰਿਆਂ ਨੇ ਲਾਰਡ ਮੇਓ ਦੇ ਦੋਵੇਂ ਫੇਫੜੇ ਪਾੜ ਦਿੱਤੇ ਸਨ। ਉਦੋਂ ਅਜੇ ਕੈਦੀਆਂ ਨੂੰ ਤੰਬੂਆਂ ਵਗੈਰਾ ਵਿਚ ਰੱਖਿਆ ਜਾਂਦਾ ਸੀ, ਪੱਕੀ ਜੇਲ੍ਹ ਜੋ ਛੋਟੀਆਂ ਛੋਟੀਆਂ ਕੋਠੜੀਆਂ ਕਾਰਨ ਸੈਲੂਲਰ ਜੇਲ੍ਹ ਅਖਵਾਈ, ਪਿੱਛੋਂ ਉਸਾਰੀ ਗਈ।



*ਸ਼ੇਰ ਅਲੀ ਵਲੋਂ ਲਾਰਡ ਮੇਓ ਨੂੰ ਕਤਲ ਕੀਤੇ ਜਾਣ ਦਾ ਵਾਕਿਆ ਇਕ ਚਿੱਤਰਕਾਰ ਦੀ ਨਜ਼ਰ ਵਿਚ।*

# ਦਲਜੀਤ ਮੋਖਾ ਨੂੰ ਯਾਦ ਕਰਦਿਆਂ...

ਪਿੰਡ ਬਾਬਕ ਵਾਲਾ ਤਰਲੋਚਨ ਮੁਕਾਬਲੇ ਤੋਂ ਪਹਿਲੀ ਰਾਤ ਦਲਜੀਤ ਮੋਖਾ ਨੂੰ ਮਿਲ ਕੇ ਗਿਆ ਸੀ। ਉਮਰ ਵੀ ਕੋਈ ਵੀਹ-ਇੱਕੀ ਸਾਲ ਦੀ ਹੋਵੇਗੀ ਤੇ ਉਹ ਖੁਦ ਵੀ ਕਵਿਤਾ ਲਿਖਦਾ ਸੀ। ਜੇ ਮੈਂ ਭੁੱਲਦਾ ਨਾ ਹੋਵਾਂ ਤਾਂ ਪ੍ਰੇਮ ਪ੍ਰਕਾਸ਼ ਨੇ ਉਸ ਦੀਆਂ ਕਵਿਤਾਵਾਂ 'ਲਕੀਰ' ਪਰਚੇ ਵਿਚ ਛਾਪੀਆਂ ਵੀ ਸਨ।

ਦਿਲਚਸਪ ਗੱਲ ਦੇਖੋ, ਤਰਲੋਚਨ ਦੀ ਫਟੀ ਹੋਈ ਕਮੀਜ਼ ਦੇਖ ਕੇ ਆਪਣੀ ਨਵੀਂ-ਨਕੋਰ ਕਮੀਜ਼ ਦਲਜੀਤ ਮੋਖਾ ਨੇ ਉਸ ਨੂੰ ਪਹਿਨਾ ਦਿੱਤੀ। ਮੁਕਾਬਲੇ ਪਿਛੋਂ ਪੁਲਿਸ ਵਾਲੇ ਉਹ ਕਮੀਜ਼ ਲੈ ਕੇ ਪਿੰਡ ਦੇ ਦਰਜ਼ੀ ਕੋਲੋਂ ਪੁੱਛ-ਗਿੱਛ ਕਰਦੇ ਰਹੇ ਤਾਂ ਜੋ ਉਸ ਦੇ ਸੰਪਰਕ ਦਾ ਪਤਾ ਲੱਗ ਸਕੇ। ਭਾਵੇਂ ਦਰਜ਼ੀ ਨੇ ਉਹ ਕਮੀਜ਼ ਪਛਾਣ ਲਈ ਸੀ, ਪਰ ਉਸ ਨੇ ਬੰਦੇ ਦੀ ਪਛਾਣ ਛੁਪਾ ਲਈ ਤੇ ਦਲਜੀਤ ਦਾ ਬਚਾਓ ਹੋ ਗਿਆ।

ਇਸ ਘਟਨਾ ਦੇ ਹਵਾਲੇ ਨਾਲ ਸੁਰਿੰਦਰ ਸੋਹਲ ਨੇ ਕਵਿਤਾ 'ਦਰਜ਼ੀ' ਲਿਖੀ ਸੀ। 27 ਦਸੰਬਰ ਨੂੰ ਦਲਜੀਤ ਮੋਖਾ ਦੀ ਤੀਜੀ ਬਰਸੀ ਮੌਕੇ ਇਹ ਕਵਿਤਾ ਪਾਠਕਾਂ ਦੇ ਸਨਮੁੱਖ ਕਰ ਕੇ ਇਕ ਤਰ੍ਹਾਂ ਨਾਲ ਮੈਂ ਆਪਣੇ ਸ਼ਾਇਰ ਮਿੱਤਰ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਿਹਾ ਹਾਂ।



*ਕਵੀ ਦਲਜੀਤ ਮੋਖਾ, ਨਾਵਲਕਾਰ ਕੇਵਲ ਕਲੋਟੀ ਅਤੇ ਕਵੀ ਰਵਿੰਦਰ ਸਹਿਰਾਅ ਦੀ ਇਕ ਯਾਦਗਾਰੀ ਤਸਵੀਰ।*

**-ਰਵਿੰਦਰ ਸਹਿਰਾਅ**
**ਪੈਨਸਿਲਵੇਨੀਆ**

## ਸੁਰਿੰਦਰ ਸੋਹਲ ਦੀ ਕਵਿਤਾ

### ਦਰਜ਼ੀ

ਬਹੁਤ ਕੁਝ ਜਾਣਦਾ ਸੀ
ਉਹ ਦਰਜ਼ੀ।

ਕੈਂਚੀ ਨਾਲ
ਨਿਰਾ ਕੱਪੜਾ ਹੀ
ਕੱਟਣਾ ਨਹੀਂ ਸੀ ਜਾਣਦਾ
ਥੋਥੇ ਪ੍ਰਬੰਧ ਦੀ ਸ਼ਾਹ ਰਗ
ਕੱਟਣ ਦਾ ਇਰਾਦਾ ਵੀ ਰੱਖਦਾ ਸੀ
ਸੂਝ-ਸੂਈ ਦੇ ਮਹੀਨ ਨੱਕੇ 'ਚ
ਵਫਾ ਦਾ ਧਾਗਾ ਪਾ
ਰੇਸ਼ਮੀ ਕਦਰਾਂ ਦੀ
ਸੁਹਜੀਲੀ ਤਿਰਪਾਈ ਕਰਨ ਦਾ
ਹੁਨਰ ਵੀ ਜਾਣਦਾ ਸੀ।

ਉਹ ਦਰਜ਼ੀ
ਜੀਭ ਦੀ ਕੈਂਚੀ
ਗਲਤ ਚਲਾ ਦਿੰਦਾ ਤਾਂ
ਦਲਜੀਤ ਦੀ ਹਸਤੀ ਦਾ ਥਾਨ
ਕਾਤਰ-ਕਾਤਰ ਹੋ ਖਿੱਲਰ ਜਾਣਾ ਸੀ
ਰਾਤ ਦੇ ਹਨੇਰੇ 'ਚ
ਕਿਸੇ ਨਹਿਰ ਦੇ ਪੁਲ ਕਿਨਾਰੇ
ਜਾਂ ਧੱਜੀ-ਧੱਜੀ ਹੋ
ਟੰਗਿਆ ਜਾਣਾ ਸੀ
ਜ਼ਾਲਿਮ ਛੰਭ ਦੀਆਂ
ਨੋਕੀਲੀਆਂ ਝਾੜੀਆਂ 'ਤੇ।

ਉਸ ਨੂੰ ਪਤਾ ਸੀ
ਕੱਪੜੇ ਦੇ ਟੁਕੜੇ ਨਾਲ
ਉਹ ਰਿਬਨ ਵੀ ਬਣ ਸਕਦਾ ਹੈ
ਜਿਸ ਨਾਲ ਬੰਨ੍ਹਿਆ ਜਾ ਸਕਦੈ
ਮੁਖਬਰੀ ਕਰ ਕੇ
ਸਰਕਾਰੋਂ-ਦਰਬਾਰੋਂ
ਹਾਸਿਲ ਕੀਤਾ ਸੋਨ-ਤਮਗਾ
ਤੇ ਉਸੇ ਕੱਪੜੇ ਦੇ ਟੁਕੜੇ ਨਾਲ
ਉਹ ਜੇਬ ਵੀ ਬਣ ਸਕਦੀ ਹੈ
ਜਿਸ 'ਚ ਲੁਕੋਏ ਜਾ ਸਕਦੇ ਨੇ
ਕਿਸੇ ਇਨਕਲਾਬੀ ਦੇ ਭੇਤ...।

ਉਹ ਦਰਜ਼ੀ
ਬਹੁਤ ਕੁਝ ਜਾਣਦਾ ਸੀ...।

# ਰੋਕੋਕੋ ਕਲਾ ਦਾ ਖ਼ੁਮਾਰ



ਅੰਤੋਇਨ ਵੈਤੂ ਦਾ ਬਣਾਇਆ ਚਿੱਤਰ।

## ਕਲਾ ਪਰਿਕਰਮਾ




ਰਣਦੀਪ ਮੱਦੋਕੇ
ਫੋਨ: +91-98146-93368

ਬਰੋਕ ਕਲਾ ਕਾਲ ਤੋਂ ਬਾਅਦ 18ਵੀਂ ਸਦੀ ਦੇ ਸ਼ੁਰੂਆਤੀ ਦੌਰ ਦੀ ਕਲਾ ਨੂੰ ਰੋਕੋਕੋ ਕਲਾ ਦੇ ਨਾਂ ਨਾਲ ਸੱਦਿਆ ਜਾਂਦਾ ਹੈ। ਜਿਵੇਂ ਅਸੀਂ ਪਹਿਲਾਂ ਦੇਖਿਆ ਹੈ ਕਿ ਕਲਾ ਸਮਾਜਿਕ, ਸਿਆਸੀ ਅਤੇ ਵਿਤੀ ਤਾਣੇ ਬਾਣੇ ਵਿਚ ਵਾਪਰਦੀਆਂ ਤਬਦੀਲੀਆਂ ਨਾਲ ਆਪਣਾ ਰੂਪ ਅਤੇ ਤੱਤ ਬਦਲਦੀ ਹੈ, ਜਾਂ ਕਹਿ ਲਵੋ ਕਿ ਆਲੇ-ਦੁਆਲੇ ਦੇ ਹਾਲਾਤ ਦਾ ਪ੍ਰਤੀਬਿੰਬ ਹੀ ਕਲਾ ਦੇ ਸ਼ੀਸ਼ੇ ਵਿਚੋਂ ਦਿਖਦਾ ਹੈ।


18ਵੀਂ ਸਦੀ ਵਿਚ ਯੂਰਪੀ ਸਮਾਜ ਵਿਚ ਵਪਾਰੀ ਜਮਾਤ ਆਪਣੇ ਆਧੁਨਿਕ ਰੂਪ ਆ ਚੁੱਕੀ ਸੀ ਜੋ ਹੁਣ ਮੰਡੀਆਂ ਦੀ ਭਾਲ ਵਿਚ ਹੋਰ ਮਹਾਂਦੀਪਾਂ ਵਲ ਨਿਕਲ ਤੁਰੀ ਸੀ। ਇਸ ਨਵੀਂ ਜਮਾਤ ਦੇ ਸੁਹਜ-ਸੁਆਦ ਵੀ ਨਵੇਂ ਸਨ। ਰੋਕੋਕੋ ਕਲਾ ਵੀ ਕਿਸੇ ਹੱਦ ਤੱਕ ਇਸ ਨਵੀਂ ਜਮਾਤ ਦੇ ਅੱਯਾਸ਼ ਸੁਹਜ-ਸੁਆਦਾਂ ਦੀ ਪੂਰਤੀ ਕਰਦੀ ਸੀ।

ਰੋਕੋਕੋ ਕਲਾ ਦੇ ਅੰਦਰੂਨੀ ਨਮੂਨਿਆਂ ਨੂੰ ਕੁਲੀਨ ਆਦਰਸ਼ਵਾਦ ਨੇ ਬਹੁਤ ਪ੍ਰਭਾਵਿਤ ਕੀਤਾ ਜੋ ਵਿਸਤ੍ਰਿਤ ਸਜਾਵਟ ਅਤੇ ਗੁੰਝਲਦਾਰ ਸੂਖਮਤਾ ਦਾ ਕਾਇਲ ਸੀ। ਰੋਕੋਕੋ ਕਲਾ ਵਿਚ ਜਿਨ੍ਹਾਂ ਚਿੱਤਰਾਂ ਨੂੰ ਬੇਹੱਦ ਅਹਿਮ ਮੰਨਿਆ ਗਿਆ, ਉਹ ਇਸ ਕਲਾ ਦੇ ਆਦਰਸ਼ਾਂ, ਮਨਮੋਹਨੀ ਜੀਵਨਸ਼ੈਲੀ ਅਤੇ ਮਨੋਰੰਜਨ ਦੇ ਜਸ਼ਨ ਵਿਚ ਬਣੀਆਂ ਸਨ। ਰੋਕੋਕੋ ਕਲਾ ਅੰਦੋਲਨ 1700 ਈਸਵੀ ਦੇ ਸ਼ੁਰੂਆਤੀ ਦੌਰ ਵਿਚ ਸ਼ੁਰੂ ਹੋਇਆ ਜੋ ਸ਼ਾਹੀ ਵਿਆਹ-ਸ਼ਾਦੀਆਂ ਵਿਚ ਸਜਾਵਟੀ ਅਤੇ ਉਤਮ ਕਲਾਤਮਕ ਦਿਖਾਵੇ ਦਾ ਸਾਧਨ ਸੀ। ਇਸ ਕਾਲ ਵਿਚ ਇਸ ਦਾ ਨਵਾਂ ਦਰਸ਼ਨੀ ਸ਼ਬਦਕੋਸ਼ ਯੂਰਪੀ ਮਹਾਂਦੀਪ ਵਿਚ ਰਚ ਗਿਆ ਸੀ।

ਰੋਕੋਕੋ ਸ਼ੈਲੀ ਦੇ ਚਿੱਤਰ ਅਸਲ ਵਿਚ ਇਸ ਸਮੇਂ ਦੀ ਵਿਲਾਸੀ ਜ਼ਿੰਦਗੀ ਦੇ ਖੁਮਾਰ (ਵਾਸਨਾ) ਨੂੰ ਦਰਸਾਉਂਦੇ ਸਨ ਅਤੇ ਇਹ ਬਰੋਕ ਸ਼ੈਲੀ ਦੀ ਕਲਾ ਦੁਆਰਾ ਬਣਾਏ ਧਾਰਮਿਕ ਅਤੇ ਰਾਜਨੀਤਿਕ ਵਿਸ਼ਿਆਂ ਤੋਂ ਮੁਨਕਰ ਸਨ। ਇਸ਼ਕ ਮਿਜ਼ਾਜੀ, ਕਾਮੁਕਤਾ, ਸੰਵੇਦਨਸ਼ੀਲਤਾ, ਅੱਯਾਸ਼ੀ ਅਤੇ ਹਰੇ-ਭਰੇ ਭੂ-ਦਰਸ਼ਨ ਇਸ ਦੇ ਮੁਖ ਵਿਸ਼ੇ



ਫਰੈਗਨਾਰਦ ਦਾ ਮਸ਼ਹੂਰ ਚਿੱਤਰ 'ਪੀਂਘ' (ਦਿ ਸਵਿੰਗ)।



ਰੋਕੋਕੋ ਸ਼ੈਲੀ ਦੀ ਇਮਾਰਤਸਾਜ਼ੀ ਦਾ ਅੰਦਰੂਨੀ ਨਮੂਨਾ

ਸਨ। ਇਸ ਵਿਚ ਗੁਣਾਤਮਕ ਤਬਦੀਲੀ ਇਹ ਸੀ ਕਿ ਪਹਿਲੇ ਸਮੇਂ ਦੀ ਕਲਾ ਦੇ ਬੰਦ ਅੰਦਰੂਨੀ ਚੌਗਿਰਦੇ ਦੇ ਮੁਕਾਬਲੇ ਰੋਕੋਕੋ ਕਲਾ ਨੇ ਜ਼ਿੰਦਗੀ ਨੂੰ ਖੁੱਲ੍ਹੇ ਦੇਹਾਤੀ ਚੌਗਿਰਦੇ ਵਿਚ ਪੇਸ਼ ਕੀਤਾ। ਇਸ ਵਿਚ ਮਹਾਂਨਗਰੀ ਕੁਲੀਨ ਵਰਗ ਖੁੱਲ੍ਹੀ ਕੁਦਰਤ ਵਿਚ ਦਾਅਵਤਾਂ ਅਤੇ ਮਨੋਰੰਜਨ ਕਰਦਾ ਦਿਸਦਾ ਹੈ। ਨਵੀਂ ਉਚ ਵਰਗ ਜਮਾਤ ਆਪਣੇ ਖੁਦ ਦੇ ਚਿੱਤਰ ਸ਼ਾਹੀ ਅੰਦਾਜ਼ ਵਿਚ ਚਿਤਰਾਉਂਦੀ ਸੀ।

ਅੰਤੋਇਨ ਵੈਤੂ ਰਾਕੋਕੋ ਕਲਾ ਸ਼ੈਲੀ ਦੇ ਮਸ਼ਹੂਰ ਕਲਾਕਾਰਾਂ ਵਿਚੋਂ ਇਕ ਸੀ ਜੋ ਕੁਲੀਨ ਵਰਗ ਦੇ ਮਨੋਰੰਜਨੀ ਮੇਲਿਆਂ ਦੇ ਚਿੱਤਰਾਂ ਕਰਕੇ ਮਸ਼ਹੂਰ ਸਨ। ਵੈਤੂ ਤੋਂ ਇਲਾਵਾ ਜੇਨ ਹੋਨੋਰੇ, ਫਰਾਂਸਿਸ ਬਾਊਚਰ, ਜਿਓਵਾਨਨੀ ਬਤਿਸਤਾ, ਅਲੈਗਸਾਂਦਰੋ ਮਗਨਾਸਕੋ, ਫਰਾਂਸਿਸ ਲੋਮੋਏਨੇ ਆਦਿ ਅਤੇ ਲੂਸੀ ਲੀ ਬਰਨ, ਯੂਲਿਰਕਾ ਪਾਸਚੇ ਆਦਿ ਨਾਰੀ ਕਲਾਕਾਰਾਂ ਵੀ ਸਨ। ਭਾਵੇਂ ਮੁਖ ਰੂਪ ਵਿਚ ਰੋਕੋਕੋ ਕਲਾ ਨੂੰ ਅੱਯਾਸ਼ ਕਲਾ ਸ਼ੈਲੀ ਵਜੋਂ ਹੀ ਜਾਣਿਆ ਜਾਂਦਾ ਹੈ ਪਰ ਕੁਝ ਕਲਾਕਾਰ ਪੁਰਾਣੇ ਬਰੋਕ ਅਤੇ ਮੈਨਿਰਸਮ ਕਾਲ ਦੀ ਕਲਾ ਦੇ ਧਾਰਮਿਕ ਅਤੇ ਜਨ ਸਾਧਾਰਨ ਵਾਲੇ ਵਿਸ਼ਿਆਂ ਨੂੰ ਵੀ ਨਿਭਾਅ ਰਹੇ ਸਨ। ਫਰਾਂਸਿਸਕੋ ਗੋਇਆ ਵਰਗੇ ਅਗਲੀ ਪੀੜ੍ਹੀ ਦੇ ਕਲਾਕਾਰਾਂ ਨੇ ਵੀ ਇਸ ਸਮੇਂ ਦੌਰਾਨ ਆਪਣੀ ਸ਼ੁਰੂਆਤ ਕਰ ਦਿੱਤੀ ਸੀ ਜੋ 18-19ਵੀਂ ਸਦੀ ਦੇ ਮਸ਼ਹੂਰ ਕਲਾਕਾਰ ਹੋਏ ਹਨ। ਇਨ੍ਹਾਂ ਨੇ ਬਾਅਦ ਵਿਚ ਭਿਆਨਕ ਯੁੱਧਾਂ ਅਤੇ ਅਤੇ ਫਰਾਂਸੀਸੀ ਕ੍ਰਾਂਤੀ ਬਾਰੇ ਚਿੱਤਰ ਬਣਾਏ।

1789 ਵਿਚ ਫਰਾਂਸੀਸੀ ਕ੍ਰਾਂਤੀ ਹੋਈ ਜਿਸ ਦਾ ਮੁਢ 18ਵੀਂ ਸਦੀ ਦੇ ਅਧ ਤੋਂ ਅਗਲੇ ਦਹਾਕੇ ਵਿਚ ਬੱਝਣਾ ਸ਼ੁਰੂ ਹੋ ਗਿਆ ਸੀ ਅਤੇ ਰੋਕੋਕੋ ਕਾਲ ਦੀ ਕਲਾ ਨੂੰ ਬਣ ਰਹੇ ਕ੍ਰਾਂਤੀ ਦੇ ਮਾਹੌਲ ਨੇ ਝਟਕੇ ਦੇਣੇ ਸੁ਼ਰੂ ਕਰ ਦਿੱਤੇ ਸਨ। 1760ਵਿਆਂ ਵਿਚ ਇਹ ਅੱਯਾਸ਼ ਕਲਾ ਸ਼ੈਲੀ ਬਦਲਾਓ ਦੀਆਂ ਆ ਰਹੀਆਂ ਹਵਾਵਾਂ ਅੱਗੇ ਖਿੱਲਰ-ਪੁੱਲਰ ਗਈ।

ਇਸ ਕਲਾ ਸ਼ੈਲੀ ਦੀ ਆਲੋਚਨਾ ਆਪਣੇ ਸਤਹੀਪਣ, ਅੱਯਾਸ਼ ਸੁਹਜ ਸੁਆਦਾਂ ਕਰਕੇ ਹੋਈ। ਉਚ ਵਰਗ ਨੇ ਸੱਤਾ ਅਤੇ ਸਾਧਨਾਂ ਉਪਰ ਕਬਜ਼ੇ ਕਾਰਨ ਆਪਣੀ ਵਿਲਾਸੀ ਜੀਵਨ ਸ਼ੈਲੀ ਦੇ ਜਸ਼ਨਾਂ ਦੇ ਰੰਗ ਵਿਚ ਰੰਗੇ ਕਲਾ ਅਤੇ ਸਭਿਆਚਰ ਦੀ ਸਿਰਜਣਾ ਕੀਤੀ ਸੀ ਜਦੋਂਕਿ ਬਹੁਗਿਣਤੀ ਜਨ ਸਾਧਾਰਨ ਦਾ ਜੀਵਨ ਇਸ ਦੇ ਉਲਟ ਥੁੜ੍ਹਾਂ ਦਾ ਮਾਰਿਆ ਹੋਇਆ ਸੀ। ਸਮਾਜ ਵਿਚ ਨਵੀਂ ਜਮਾਤੀ ਚੇਤਨਾ ਦਾ ਆਗਾਜ਼ ਹੋ ਰਿਹਾ ਸੀ ਅਤੇ ਇਸ ਨੇ ਵਿਲਾਸਤਾ ਵਿਚ ਮੰਤਰ-ਮੁਗਧ ਮੁਠੀ ਭਰ ਧਨਾਢਾਂ ਜਿਨ੍ਹਾਂ ਨੇ ਚੋਖੀ ਧਨ-ਦੌਲਤ ਆਪਣੇ ਕਬਜ਼ੇ ਵਿਚ ਕੀਤੀ ਹੋਈ ਸੀ, ਦੇ ਸਭਿਆਚਰਕ ਦਬਦਬੇ ਨੂੰ ਚਣੌਤੀ ਦਿੱਤੀ।

ਇਸ ਦਾ ਨਤੀਜਾ ਫਰਾਂਸੀਸੀ ਕ੍ਰਾਂਤੀ ਦੇ ਰੂਪ ਵਿਚ ਨਿਕਲਿਆ ਜਿਸ ਨੇ ਸਮੁੱਚੇ ਯੂਰਪੀ ਸੁਹਜ ਕਲਾ ਅਤੇ ਸਭਿਆਚਾਰ ਵਿਚ ਨਵੀਂ ਪਹਿਲਕਦਮੀ ਦਾ ਆਗਾਜ਼ ਕੀਤਾ। ਇਸ ਤਰ੍ਹਾਂ ਅਸੀਂ ਸਮਝ ਸਕਦੇ ਹਾਂ ਕਿ ਕਲਾ ਅਤੇ ਸਭਿਆਚਾਰ ਸਥਾਪਤ ਜਮਾਤ ਦੀ ਗੱਲ ਕਰਦੇ ਹਨ ਜਿਸ ਦੇ ਕਬਜ਼ੇ ਵਿਚ ਸੱਤਾ ਅਤੇ ਸਾਧਨ ਹੁੰਦੇ ਹਨ। ਵਰਗ ਚੇਤਨਾ ਅਤੇ ਸੰਘਰਸ਼ ਰਾਹੀਂ ਹੀ ਲੋਕਾਂ ਦਾ ਸਭਿਆਚਾਰ ਸਿਰਜਿਆ ਜਾ ਸਕਦਾ ਹੈ ਜੋ ਜਨ ਸਾਧਾਰਨ ਦੇ ਜਜ਼ਬਿਆਂ ਦੀ ਬਾਤ ਪਾਉਂਦਾ ਹੈ।



ਫਰਾਂਸਿਸ ਬਾਊਚਰ ਦਾ ਚਿੱਤਰ 'ਆਜੜੀ ਅਤੇ ਆਜੜਨ'।



ਫਰੈਗਨਾਰਦ ਦਾ ਚਿੱਤਰ 'ਡਿਆਨਾ ਅਤੇ ਐਂਡੀਮਨ'।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਦਸੰਬਰ 2019 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-409



ਨਵਾਂ ਜਮਾਨਾ, ਨਵੇਂ ਚੋਚਲੇ, ਨਵੇਂ ਹੀ ਰੰਗ ਦਿਖਾਵੇਗਾ।
ਜਾਨਵਰਾਂ ਦੇ ਪਾ ਡਰੈਸਾਂ, ਵੈਕਿਊਮ ਕਰਨੇ ਲਾਵੇਗਾ।

## ਕੈਪਸ਼ਨ ਮੁਕਾਬਲਾ-407



ਓਵਰ ਲੋਡ ਕਰਕੇ ਟਰੱਕ,
ਤੋੜ ਦਿੰਦੇ ਨੇ ਸਭ ਹੱਦ ਬੰਨੇ।
ਨਿੱਤ ਹਾਦਸੇ ਵਾਪਰਨ ਭਾਵੇਂ,
ਪਰ ਅਸੂਲ, ਕਾਨੂੰਨ ਨਾ ਕੋਈ ਮੰਨੇ।
ਰੱਬ ਵੀ ਕਿੰਜ ਬਣ ਜਾਊ ਰਾਖਾ,
ਕਰਦੇ ਘਾਣ, ਅਕਲ ਦੇ ਅੰਨ੍ਹੇ।
**-ਦਵਿੰਦਰ ਕੌਰ**

---

ਵਿਤੋਂ ਬਾਹਰਾ ਭਰਿਆ ਟਰੱਕ
ਜਾਊ ਸਿੱਧਾ ਸੜਕ ਵਿਚਕਾਰ
ਮੋੜਿਆ ਜੇ ਰਤਾ ਵੀ ਇਧਰ ਉਧਰ
ਖਾ ਝੋਲ ਡਿੱਗੂ ਪੁੱਠਾ ਹੋ।
ਕੌਣ ਕਿਸੇ ਨੂੰ ਪੁੱਛਦਾ!
ਲੱਦ ਲਿਆ ਆਪਣੀ ਮਰਜ਼ੀ ਨਾਲ
ਕਾਨੂੰਨ ਕਨਾਨ ਹੈ ਨਹੀਂ ਜਿਥੇ
ਅੰਨਾ ਬੋਲੇ ਨੂੰ ਘੜੀਸੀ ਜਾ ਰਿਹਾ।
ਚੱਲਦਾ ਜਿੱਦਾਂ ਚਲਦਾ ਰਹਿਣ ਦਿਓ
ਦੇਖੀ ਜਾਊ ਫਿਰ ਜੋ ਹੋਊ।
**-ਦਰਸ਼ਨਪਾਲ ਦੋਸਾਂਝ**

---

ਕਾਨੂੰਨ ਤਾਂ ਬੇਸ਼ੱਕ ਜੇਬ੍ਹ 'ਚ ਪੈ ਜੂ
ਪਰ ਵਿਗਿਆਨ ਕਿੱਧਰ ਨੂੰ ਜਾਊ।
ਗੁਰੂਤਾ ਕੇਂਦਰ ਉਪਰ ਉਠ ਜੂ
ਟੀਸੀ ਜਦ ਅਸਮਾਨੀ ਲਾਊ।
ਇੱਕ ਝੋਲੇ ਨਾਲ ਖਿੰਡ ਖਪਰ ਜੂ
ਫਿਰ 'ਲਿਖੀ ਹੋਈ' ਦੇ ਪੱਲੇ ਪਾਊ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਦਿਨ ਰਾਤ ਇੰਜਣ ਚਲਾ ਕੇ,
ਝੋਨਾ ਪੁੱਤਾਂ ਵਾਂਗੂੰ ਪਾਲੇ।
ਟਰਾਲੀ ਭਰ ਮੰਡੀ ਲਿਆਵੇ,
ਖਰੀਦਣ ਆਉਂਦੇ ਲਾਲੇ।
ਸਰਕਾਰੀ ਖਰੀਦ ਨੂੰ ਚੁੱਕਦੇ,
ਟਰੱਕ ਟਰਾਲਿਆਂ ਵਾਲੇ।
ਓਵਰ ਲੋਡ ਲੱਦ ਕੇ ਗੱਡੀਆਂ,
ਕਾਨੂੰਨ ਵੀ ਤੋੜਦੇ ਨਾਲੇ।
**-ਸੇਵਾ ਸਿੰਘ ਨੂਰਪੁਰੀ**

---

ਗਿੰਨੀਜ਼ ਬੁੱਕ ਰਿਕਾਰਡ
ਲੱਗਦੈ ਬਣਾਉਣ ਚੱਲਿਆ
ਤੋੜ ਕੇ ਟਰੈਫਿਕ ਨਿਯਮਾਂ ਦੇ
ਸਾਰੇ ਹੱਦ ਬੰਨੇ।
ਚਿਣ ਚਿਣ ਉਤੇ ਬੋਰੀਆਂ
ਟਰੱਕ ਦਾ ਗੋਦਾਮ ਬਣਾ'ਤਾ
ਉਚ ਪੱਧਰੀ ਰਿਸ਼ਵਤ ਦੇ ਕੇ
ਹੋ'ਗੇ ਲਾਲਚ 'ਚ ਅੰਨੇ।
ਦੁਨੀਆਂ ਦੀ ਕੋਈ ਤਾਕਤ
ਹੁਣ ਰੋਕ ਨਾ ਸਕੇ
ਜਨਤਾ ਦੇ ਹੱਡ-ਗੋਡੇ
ਭਾਵੇਂ ਜਾਣ ਭੰਨੇ।
**-ਅਮਰਜੀਤ ਸਿੰਘ ਤੂਰ**
**ਫੋਨ: 91-98784-69639**

---

ਸੜਕਾਂ ਉਤੇ ਜਾਂਦੀ ਜਾਨ
ਬਹੁਤੇ ਲੋਕ, ਬਹੁਤ ਪ੍ਰੇਸ਼ਾਨ।
ਕਿਹੜਾ ਕਾਨੂੰਨ! ਪੈਸਾ ਪ੍ਰਧਾਨ
ਘਪਲੇ, ਰਿਸ਼ਵਤ ਦੇਸ਼ ਮਹਾਨ।
**-ਅਜੀਤ ਸਿੰਘ ਬਾਹੀਆ**
**ਫੋਨ: 510-314-2859**

# ਲਾਂਘਾ ਲੰਘਦਿਆਂ...

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਗੁਰੂ ਨਾਨਕ ਦੇਵ ਜੀ ਦੇ ਪੱਕੇ ਸੰਗੀ ਸਾਥੀ ਭਾਈ ਮਰਦਾਨੇ ਦੇ ਸਾਡੇ ਚੇਤਿਆਂ ਵਿਚੋਂ ਵਿਸਰਦੇ ਜਾਣ 'ਤੇ ਗਿਲਾ ਕੀਤਾ ਸੀ ਕਿ ਕਿਤੇ ਅਜਿਹਾ ਭਾਈ ਮਰਦਾਨੇ ਦੇ ਕਥਿਤ ਛੋਟੀ ਜਾਤ 'ਮਿਰਾਸੀ' ਵਿਚੋਂ ਹੋਣ ਕਰਕੇ ਤਾਂ ਨਹੀਂ ਹੋ ਰਿਹਾ। ਜੇ ਅਜਿਹਾ ਹੈ ਤਾਂ ਇਹ ਸਾਡੀ ਸੌੜੀ ਸੋਚ ਹੈ। ਹਾਲ ਹੀ ਵਿਚ ਭਾਰਤ-ਪਾਕਿਸਤਾਨ ਵਿਚਾਲੇ ਕਰਤਾਰਪੁਰ ਲਾਂਘਾ ਖੁੱਲ੍ਹਣ ਪਿਛੋਂ ਲਾਂਘਾ ਸ਼ਬਦ ਸਰਹੱਦ ਦੇ ਦੋਹਾਂ ਪਾਸਿਆਂ ਦੇ ਲੋਕਾਂ ਦੀ ਜ਼ੁਬਾਨ 'ਤੇ ਹੈ। ਲਾਂਘੇ ਦੇ ਵਿਸਤ੍ਰਿਤ ਅਰਥ ਕੀ ਹਨ? ਹਥਲੇ ਲੇਖ ਵਿਚ ਡਾ. ਭੰਡਾਲ ਨੇ ਲਾਂਘੇ ਦੇ ਅਰਥਾਂ ਉਤੇ ਵਿਸਥਾਰ ਵਿਚ ਚਰਚਾ ਕੀਤੀ ਹੈ। ਉਹ ਕਹਿੰਦੇ ਹਨ, "ਸੰਤੋਖੇ ਹੋਏ ਧਾਰਮਿਕ ਗ੍ਰੰਥਾਂ ਨੂੰ ਲਾਂਘਿਆਂ ਦੀ ਲੋੜ ਸਭ ਤੋਂ ਵੱਧ ਤਾਂ ਕਿ ਇਨ੍ਹਾਂ ਵਿਚ ਸਮੋਏ ਚਾਨਣ ਨਾਲ ਮਨੁੱਖ ਦਾ ਮੁਖੜਾ ਰੁਸ਼ਨਾਵੇ। ਅੰਧ-ਵਿਸ਼ਵਾਸ ਦੀ ਥਾਂ ਤਰਕ-ਸੋਚ ਨੂੰ ਪੈਗਾਮੀ ਪ੍ਰਵਚਨ ਬਣਾਇਆ ਜਾਵੇ।" ਉਨ੍ਹਾਂ ਦੀ ਨਸੀਹਤ ਹੈ, "ਲਾਂਘਿਆਂ ਦੀ ਲੋੜ ਤੇ ਇਨ੍ਹਾਂ ਨੂੰ ਖੋਲ੍ਹਣ ਦੀ ਥਾਂ ਜੇ ਸਾਨੂੰ ਲਾਂਘਿਆਂ ਦੇ ਕਾਰਨਾਂ ਤੇ ਇਨ੍ਹਾਂ ਦੀ ਬੇਲੋੜੀ ਸਾਰਥਕਤਾ ਬਾਰੇ ਪਤਾ ਹੋਵੇ ਤਾਂ ਨਾ ਕੰਧਾਂ ਹੋਣਗੀਆਂ, ਨਾ ਸਰਹੱਦਾਂ ਅਤੇ ਨਾ ਹੀ ਕਿਸੇ ਲਾਂਘੇ ਦਾ ਬਖੇੜਾ ਖੜਾ ਹੋਵੇਗਾ।" -ਸੰਪਾਦਕ***

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਲਾਂਘਾ ਇਕ ਝਰੋਖਾ, ਨਿੱਕਾ ਜਿਹਾ ਰਸਤਾ, ਪਗਡੰਡੀ, ਪੈੜ ਲਈ ਪਹਿਲਾ ਪੱਬ ਜਾਂ ਪਹੀ ਦੇ ਮੋੜ 'ਤੇ ਛੋਟੇ ਜਿਹੇ ਰਾਹ ਦੇ ਨਿਸ਼ਾਨ। ਲਾਂਘਾ, ਅਕਸਰ ਹੀ ਖੇਤ ਦੀ ਵਾੜ, ਹਵੇਲੀ ਦੀ ਕੱਚੀ ਜਾਂ ਪੱਕੀ ਦੀਵਾਰ ਵਿਚ ਮੋਕਲਾ ਜਿਹਾ ਰਾਹ, ਜਿਸ ਨੂੰ ਲੋੜ ਪੈਣ 'ਤੇ ਖੋਲ੍ਹਿਆ ਜਾਂ ਬੰਦ ਕੀਤਾ ਜਾ ਸਕਦਾ।

ਲਾਂਘਾ, ਜੇਲ੍ਹ ਦੀ ਕਾਲ-ਕੋਠੜੀ ਵਿਚ ਨਿੱਕੀ ਜਿਹੀ ਝੀਤ ਵੀ ਹੁੰਦਾ, ਜਿਸ ਵਿਚੋਂ ਸਾਹ ਲੈਣ ਜਿੰਨੀ ਹਵਾ ਜਾਂ ਕਦੇ-ਕਦਾਈਂ ਕੋਈ ਚਾਨਣ ਦੀ ਕਾਤਰ ਅੰਦਰ ਝਾਤ ਮਾਰਦੀ।

ਲਾਂਘੇ ਦਾ ਸਾਈਜ਼, ਸਮਾਂ ਅਤੇ ਸਾਰਥਕਤਾ ਸਿਰਫ ਨਿਜੀ ਲੋੜ, ਤਰਜ਼ੀਹ ਜਾਂ ਤਦਬੀਰ 'ਤੇ ਨਿਰਭਰ। ਇਸ 'ਚੋਂ ਸਮੂਹਕ ਸੋਚ ਮਨਫੀ ਹੁੰਦੀ।

ਅਕਸਰ ਅਸਥਾਈ ਲਾਂਘਾ ਸਿਰਫ ਬੰਦਿਆਂ ਜਾਂ ਪਸੂਆਂ ਲਈ ਹੀ ਹੁੰਦਾ। ਇਨ੍ਹਾਂ ਦੀ ਬੇਲੋੜੀ ਦਖਲਅੰਦਾਜ਼ੀ, ਇਨ੍ਹਾਂ ਦੇ ਉਜਾੜੇ ਜਾਂ ਨਾਕਾਰਾਤਮਕਤਾ ਨੂੰ ਨੱਥ ਪਾਉਣ ਲਈ। ਆਮ ਤੌਰ 'ਤੇ ਲਾਂਘਾ ਨਹੀਂ ਹੁੰਦਾ, ਸਿਰਫ ਰਾਹ ਹੀ ਹੁੰਦੇ।

ਲਾਂਘਾ, ਮਨੁੱਖ ਦੀ ਲੋੜ ਅਤੇ ਮਨੁੱਖ ਹੀ ਇਸ ਨੂੰ ਖੋਲ੍ਹਣ ਲਈ ਉਤਾਵਲਾ ਕਿਉਂਕਿ ਹੱਥੀਂ ਉਸਾਰੀਆਂ ਕੰਧਾਂ, ਕੀਤੀ ਹੋਈ ਕਿਲਾਬੰਦੀ ਜਾਂ ਦਮ ਘੁੱਟਦੀ ਫਿਜ਼ਾ 'ਚ ਉਕਤਾਇਆ ਮਨੁੱਖ ਖੁੱਲ੍ਹੀ ਹਵਾ 'ਚ ਸਾਹ ਲੈਣਾ ਲੋਚਦਾ। ਮਨੁੱਖ ਲਾਂਘਾ ਖੋਲ੍ਹ ਕੇ ਇਸ ਨੂੰ ਆਪਣੀ ਪ੍ਰਾਪਤੀ ਸਮਝਦਾ। ਇਹ ਸੋਚਦਾ ਹੀ ਨਹੀਂ ਕਿ ਵਲਗਣਾਂ ਦੀ ਉਸਾਰੀ ਵੀ

***ਲਾਂਘੇ ਹਵਾ, ਪੰਛੀਆਂ, ਦਰਿਆਵਾਂ ਜਾਂ ਸਮੁੰਦਰਾਂ ਲਈ ਕਦੇ ਨਹੀਂ ਹੁੰਦੇ, ਕਿਉਂਕਿ ਉਨ੍ਹਾਂ ਨੂੰ ਕੋਈ ਵੀ ਵਲਗਣ ਨਹੀਂ ਰੋਕ ਸਕਦੀ। ਸਾਰੀ ਧਰਤੀ, ਅੰਬਰ ਅਤੇ ਫਿਜ਼ਾ ਉਨ੍ਹਾਂ ਦੀ। ਉਨ੍ਹਾਂ ਵਿਚ ਧਰਤ ਗਾਹੁਣ, ਪਾਣੀ ਤੈਰਨ ਅਤੇ ਅੰਬਰ ਕਲਾਵੇ ਵਿਚ ਲੈਣ ਦਾ ਸਾਹਸ, ਸਮਰੱਥਾ ਤੇ ਸੁਖਨ ਹੁੰਦਾ। ਅਸਮਾਨ ਤੇ ਜਮੀਨ ਉਨ੍ਹਾਂ ਦਾ ਵਿਹੜਾ, ਜੋ ਉਨ੍ਹਾਂ ਦੀਆਂ ਖੈਰਾਂ ਮੰਗਦਾ।***

ਤਾਂ ਖੁਦ ਮਨੁੱਖ ਨੇ ਹੀ ਕੀਤੀ ਸੀ।

ਲਾਂਘੇ ਹਵਾ, ਪੰਛੀਆਂ, ਦਰਿਆਵਾਂ ਜਾਂ ਸਮੁੰਦਰਾਂ ਲਈ ਕਦੇ ਨਹੀਂ ਹੁੰਦੇ, ਕਿਉਂਕਿ ਉਨ੍ਹਾਂ ਨੂੰ ਕੋਈ ਵੀ ਵਲਗਣ ਨਹੀਂ ਰੋਕ ਸਕਦੀ। ਸਾਰੀ ਧਰਤੀ, ਅੰਬਰ ਅਤੇ ਫਿਜ਼ਾ ਉਨ੍ਹਾਂ ਦੀ। ਉਨ੍ਹਾਂ ਵਿਚ ਧਰਤ ਗਾਹੁਣ, ਪਾਣੀ ਤੈਰਨ ਅਤੇ ਅੰਬਰ ਕਲਾਵੇ ਵਿਚ ਲੈਣ ਦਾ ਸਾਹਸ, ਸਮਰੱਥਾ ਤੇ ਸੁਖਨ ਹੁੰਦਾ। ਅਸਮਾਨ ਤੇ ਜਮੀਨ ਉਨ੍ਹਾਂ ਦਾ ਵਿਹੜਾ, ਜੋ ਉਨ੍ਹਾਂ ਦੀਆਂ ਖੈਰਾਂ ਮੰਗਦਾ।

ਮਨ ਵਿਚ ਉਪਜੇ ਵਿਚਾਰ, ਭਾਵ, ਪਿਆਰ, ਮੋਹ, ਸ਼ੁੱਭ-ਭਾਵਨਾ, ਨੇਕ-ਨੀਅਤੀ, ਸਦਭਾਵਨਾ, ਸਾਂਝੀਵਾਲਤਾ ਦੇ ਅਹਿਸਾਸ ਨੂੰ ਪ੍ਰਗਟਾਉਣ, ਦਿਲੀ ਦੁਆਵਾਂ ਮੰਗਣ, ਅਸੀਸਾਂ ਦੇਣ ਅਤੇ ਬਲਾਵਾਂ ਉਤਾਰਨ ਲਈ ਕਿਸੇ ਲਾਂਘੇ ਦੀ ਲੋੜ ਨਹੀਂ। ਕੋਈ ਨਹੀਂ ਅੜਚਣ ਹੁੰਦੀ ਅਜਿਹੇ ਵਿਚਾਰਾਂ ਨੂੰ ਹੱਦਾਂ, ਸਰਹੱਦਾਂ ਦੀ। ਪਲ ਭਰ 'ਚ ਦੁਨੀਆਂ ਗਾਹ ਆਉਂਦੇ।

ਲਾਂਘਾ, ਮਨੁੱਖੀ ਸੋਚ ਵਿਚਲੀ ਖੁੱਲ-ਦਿਲੀ ਤੇ ਫਰਾਖਦਿਲੀ ਦਾ ਪ੍ਰਗਟਾਓ, ਮਨ ਦੀਆਂ ਭਾਵਨਾਵਾਂ ਦੀ ਪਰਵਾਜ਼, ਰੂਹ ਵਿਚ ਪੈਦਾ ਹੋਈ ਅਪਣੱਤ ਨੂੰ ਨਿਵੇਕਲੇ ਅੰਦਾਜ਼ ਵਿਚ ਪ੍ਰਗਟ ਕਰਨ ਦਾ ਵਲਵਲਾ। ਇਸ ਵਿਚੋਂ ਬਹੁਤ ਸਾਰੀਆਂ ਆਸਾਂ ਅਤੇ ਉਮੀਦਾਂ ਦੀ ਪੁਨਰ-ਸਿਰਜਣਾ ਹੁੰਦੀ।

ਲਾਂਘੇ ਦੇ ਅਰਥ ਸਭ ਲਈ ਇਕਸਾਰ ਨਹੀਂ, ਹਰੇਕ ਆਪਣੀ ਮਾਨਸਿਕਤਾ ਅਨੁਸਾਰ ਅਰਥ ਕੱਢਦਾ। ਆਪਣੇ ਮੁਫਾਦ ਲਈ ਇਨ੍ਹਾਂ ਨੂੰ ਵਰਤਦਾ; ਪਰ ਕੁਝ ਲੋਕਾਂ ਲਈ ਇਸ ਦੇ ਅਰਥ ਸਰਬੱਤ ਦਾ ਭਲਾ ਹੁੰਦੇ।

ਲਾਂਘੇ ਸਿਰਫ ਹੱਦਾਂ, ਸਰਹੱਦਾਂ, ਵਾੜਾਂ, ਦੀਵਾਰਾਂ ਵਿਚ ਹੀ ਨਹੀਂ ਲੋੜੀਂਦੇ, ਇਨ੍ਹਾਂ ਦੀ ਲੋੜ ਅਜੋਕੇ ਸਮਾਜ 'ਚ ਹੋਰ ਵੀ ਵੱਧ ਅਹਿਮ। ਸਮਾਜਕ ਨਿਘਾਰ ਨੂੰ ਰੋਕਣ ਲਈ ਕੁਝ ਅਜਿਹੇ ਲਾਂਘਿਆਂ ਦੀ ਲੋੜ, ਜੋ ਸਾਡੇ ਚੇਤੇ 'ਚ ਵੀ ਨਹੀਂ।

ਇਹ ਲਾਂਘੇ ਹੀ ਹੁੰਦੇ ਜਿਨ੍ਹਾਂ ਵਿਚੋਂ ਕਿਸੇ ਦੀ ਹੁੰਗਰ ਨੂੰ ਕੋਈ ਆਪਣਾ ਹੁੰਗਾਰਾ ਦਿੰਦਾ। ਇਕ ਦੀ ਪਿਆਰ-ਪਲੋਸਣੀ ਵਿਚੋਂ ਦੂਜੇ ਦਾ ਹਿਰਦਾ ਬਾਗੋ-ਬਾਗ। ਇਕ ਦੇ ਬੁਲਾਵੇ ਵਿਚੋਂ ਦੂਜੇ ਦੇ ਸੁਆਗਤ ਲਈ ਮਨ ਲੋਚਦਾ। ਇਕ ਬੋਲ ਦੀ ਆਸ ਵਿਚ ਹੋਠਾਂ 'ਤੇ ਗੀਤ ਗੂੰਜਦੇ। ਆਪਣੇ ਦੇ ਇਕ-ਹਰਫੀ ਪੱਤਰ ਵਿਚੋਂ ਮਨ ਦੀਆਂ ਗਹਿਰਾਈਆਂ ਅਤੇ ਭਾਵ-ਭਾਵਨਾ ਨੂੰ ਤਸ਼ਬੀਹ ਤੇ ਤਕਦੀਰ ਮਿਲਦੀ।

ਇਹ ਲਾਂਘਾ ਹੀ ਹੁੰਦਾ, ਜਿਸ ਨਾਲ ਇਕ ਦਾ ਪੀਰ, ਦੂਜੇ ਦਾ ਗੁਰੂ। ਇਕਨਾਂ ਦਾ ਸੂਫੀ-ਸੰਤ, ਦੂਜੇ ਲਈ ਮਹਾਤਮਾ। ਇਕ ਦੀ ਦਰਗਾਹ ਵਿਚੋਂ ਦੂਜੇ ਦੇ ਸ਼ਬਦ ਨੂੰ ਸ਼ਰਧਾ ਮਿਲਦੀ। ਇਕ ਦੀ ਅਰਦਾਸ ਦੂਜੇ ਲਈ ਇਲਹਾਮ। ਇਕ ਵਿਹੜੇ ਵਿਚ ਸਰੋਦੀ ਸ਼ਬਦ ਗੂੰਜਦੇ ਤਾਂ ਦੂਜੇ ਦੇ ਦਰ 'ਚ ਅੱਲਾ-ਹੂ ਦੀਆਂ ਆਇਤਾਂ ਜਾਂ ਮਾਤਾ ਦੀਆਂ ਭੇਟਾਂ ਸੁਣਦੀਆਂ।

ਪਰ ਅਜੋਕਾ ਮਨੁੱਖ ਨਿਜੀ ਖੋਲ ਵਿਚ ਬੰਦ। ਸੜਿਹਾਂਦ ਮਾਰਦਾ ਅੰਦਰ। ਖੁਦ ਨਾਲ ਯੁੱਧ ਕਰਦਾ, ਪਲ ਪਲ ਮਰਦਾ ਅਤੇ ਸਾਹਾਂ ਨੂੰ ਦੁਰਗੰਧ ਬਣਾਉਂਦਾ। ਆਪਣਾ ਮਰਸੀਆ ਉਡੀਕਦਾ, ਪਰ ਉਹ ਬੰਦ ਰੱਖਦਾ ਹੈ, ਸੱਭੇ ਰਾਜ਼-ਮੋਰੀਆਂ। ਨਹੀਂ ਕੋਈ ਅਦਾਨ-ਪ੍ਰਦਾਨ ਵਿਚਾਰਾਂ, ਭਾਵਾਂ ਜਾਂ ਸ਼ੁੱਭ-ਚੇਤਨਾ ਦਾ। ਸਮਾਂ ਵਿਹਾ ਚੁਕੇ ਵਿਚਾਰਾਂ ਦੀ ਅਰਥੀ ਢੋਂਦਾ ਮਨੁੱਖ ਕਦੇ ਵੀ ਅੰਦਰ ਦੀ ਬੰਦ ਗਲੀ ਵਿਚ ਕੋਈ ਲਾਂਘਾ ਖੋਲ੍ਹਣ ਲਈ ਤਿਆਰ ਨਹੀਂ। ਸਗੋਂ ਸਾਰਾ ਜੋਰ ਝੀਤਾਂ ਬੰਦ ਕਰਨ ਵੰਨੀਂ। ਕਦੇ ਅੰਤਰੀਵ ਨੂੰ ਜਾਂਦੀ ਅੰਨ੍ਹੀ ਗਲੀ ਵਿਚ ਨਿੱਕਾ ਜਿਹਾ ਲਾਂਘਾ ਬਣਾ ਲਵੇ ਤਾਂ ਨਰੋਏ ਵਿਚਾਰਾਂ ਦੀ ਆਵਾਜਾਈ ਨਾਲ ਉਸ ਦਾ ਧੁਆਂਖਿਆ ਆਪਾ ਚਾਨਣ ਚਾਨਣ ਹੋ ਜਾਵੇਗਾ। ਉਸ ਨੂੰ ਪ੍ਰਕਾਸ਼ ਦੀ ਅਸੀਮਤ ਸ਼ਕਤੀ ਅਤੇ ਸੋਝੀ ਦਾ ਗਿਆਨ ਹੋ ਜਾਵੇ ਤਾਂ ਮਨੁੱਖ ਸਵੈ ਤੋਂ ਪਾਰ ਵੰਨੀਂ ਸਫਰ ਕਰਨ ਲਈ ਪਹਿਲ ਕਰੇਗਾ। ਯਾਦ ਰੱਖਣਾ! ਜਦ ਅਸੀਂ ਆਪਣੇ ਆਲੇ-ਦੁਆਲੇ ਪ੍ਰਤੀ ਸੁਚੇਤ ਅਤੇ ਚੌਕੰਨੇ ਹੋ ਕੇ ਕੁਝ ਚੰਗੇਰਾ ਕਰਦੇ ਹਾਂ ਤਾਂ ਇਸ ਵਿਚ ਖੁਦ ਵੀ ਸ਼ਾਮਲ ਹੁੰਦੇ ਹਾਂ ਅਤੇ ਖੁਦ-ਬ-ਖੁਦ ਹੀ ਸੰਵਰ ਜਾਂਦੇ ਹਾਂ।

ਲਾਂਘਾ ਤਾਂ ਬਦ-ਹਵਾਸੀ ਪੌਣ ਵੀ ਮੰਗਦੀ ਹੈ ਤਾਂ ਕਿ ਉਸ ਦੀ ਮੌਤ ਮੰਗਣ ਵਾਲੇ ਜ਼ਹਿਰੀਲੇ ਕਣਾਂ ਤੋਂ ਨਿਜਾਤ ਮਿਲ ਸਕੇ, ਪਰ ਅਸੀਂ ਇਸ ਪੌਣ ਨੂੰ ਇਜਾਜ਼ਤ ਦੇਣ ਤੋਂ ਹੀ ਅਵੇਸਲੇ। ਫਿਰ ਕਿਹੜੇ ਭਲੇ ਦੀ ਆਸ 'ਪਵਣ ਗੁਰੂ' ਤੋਂ ਰੱਖ ਸਕਦੇ ਹਾਂ?

ਬਹੁਤ ਸਾਰੇ ਲਾਂਘਿਆਂ ਦੀ ਲੋੜ ਹੈ, ਹੱਦਾਂ 'ਚ ਕੈਦ ਦੇਸ਼ਾਂ ਨੂੰ। ਜਦ ਇਕ ਸਮਾਜ, ਦੇਸ਼, ਕੌਮ ਜਾਂ ਘਰ ਨੂੰ ਪਹਿਰੇ ਹੇਠ ਜਿਉਣ ਦੀ ਲਾਚਾਰੀ ਢੋਣ ਲਈ ਮਜਬੂਰ ਹੋਣਾ ਪੈ ਜਾਵੇ ਤਾਂ ਉਨ੍ਹਾਂ ਲਾਂਘਿਆਂ ਦੀ ਬਹੁਤ ਲੋੜ ਹੁੰਦੀ, ਜਿਨ੍ਹਾਂ ਰਾਹੀਂ ਜਿਉਣ ਦੀ ਅਰਦਾਸ ਤੇ ਇਬਾਦਤ ਅੰਦਰ ਆਉਂਦੀ। ਇਨ੍ਹਾਂ ਰਾਹੀਂ ਪੌਣ ਹੱਥ ਸੁਨੇਹੇ ਭੇਜਣ ਦੀ ਰੁੱਤ ਦਸਤਕ ਦਿੰਦੀ, ਜਿਥੇ ਮਹਿਕਾਂ ਨੂੰ ਵਰਜਣਾ ਨਹੀਂ। ਫੁੱਲਾਂ ਨੂੰ ਖਿੜਨ ਦੀ ਮਨਾਹੀ ਨਹੀਂ। ਚਮਨ ਵਿਚ ਪਰਿੰਦੇ ਚਹਿਚਹਾਉਂਦੇ। ਕਲਮਾਂ ਤੇ ਪਿਉਂਦ ਵਿਚੋਂ ਅਦਭੁੱਤ ਕਿਸਮਾਂ ਉਪਜਾਉਣ ਲਈ ਪਾਬੰਦੀਆਂ ਨਹੀਂ ਲੱਗਦੀਆਂ। ਗਲਘੋਟੂ ਮਾਹੌਲ ਚੇਤਿਆਂ ਵਿਚੋਂ ਵਿਸਰ ਜਾਂਦਾ। ਹਰਫ ਨਹੀਂ ਸਿਸਕਦੇ। ਸ਼ਬਦਾਂ ਵਿਚ ਸੋਗ ਦੀ ਥਾਂ ਸੰਦੇਸ਼ ਹੁੰਦਾ। ਅਰਥਾਂ ਵਿਚ ਅਸੀਸ ਤੇ ਅਰਾਧਨਾ। ਮਰ ਗਿਆਂ ਨੂੰ ਯਾਦ 'ਚ ਮਹਿਫੂਜ਼ ਰੱਖਿਆ ਜਾਂਦਾ। ਫਾਂਸੀ ਚੁੰਮਣ ਦੇ ਤਰਾਨੇ ਗਾਏ ਜਾਂਦੇ। ਕਹਿਣ, ਸੁਣਨ, ਬੋਲਣ ਅਤੇ ਵਿਚਾਰ ਪ੍ਰਗਟ ਕਰਨ ਦੀ ਪੂਰਨ ਆਜ਼ਾਦੀ।

ਲਾਂਘਿਆਂ ਦੀ ਉਸ ਸਮੇਂ ਸਭ ਤੋਂ ਵੱਧ ਲੋੜ, ਜਦ ਅਖਬਾਰਾਂ ਨੂੰ ਖਾਲੀ ਵਰਕਿਆਂ ਦੀ ਜੂਨ ਹੰਢਾਉਣੀ ਪੈਂਦੀ, ਮੀਡੀਆ ਸੰਤੁਲਿਤ ਸੋਚ ਤੋਂ ਵਿਰਵਾ ਹੋ ਜਾਵੇ, ਸੁਖਮ ਵਿਚਾਰਾਂ ਦੀ ਚਿਤਾ ਬਾਲੀ ਜਾਵੇ, ਸੱਚ ਨੂੰ ਕੋਹਿਆ ਜਾਵੇ, ਧਾਰਮਿਕ ਕੱਟੜਤਾ ਮਨੁੱਖਤਾ ਨੂੰ ਬਦਸ਼ਕਲ ਕਰੇ, ਮਨੁੱਖ ਨੂੰ ਮਨੁੱਖ ਨਾ ਸਮਝਿਆ ਜਾਵੇ ਜਾਂ ਜਿਥੇ ਭੁੱਖ ਨੂੰ ਲਿਲਕੜੀ ਲੈਣ ਦੀ ਮਜ਼ਬੂਰੀ ਹੋਵੇ।

ਸੰਤੋਖੇ ਹੋਏ ਧਾਰਮਿਕ ਗ੍ਰੰਥਾਂ ਨੂੰ ਲਾਂਘਿਆਂ ਦੀ ਲੋੜ ਸਭ ਤੋਂ ਵੱਧ ਤਾਂ ਕਿ ਇਨ੍ਹਾਂ ਵਿਚ ਸਮੋਏ ਚਾਨਣ ਨਾਲ ਮਨੁੱਖ ਦਾ ਮੁਖੜਾ ਰੁਸ਼ਨਾਵੇ। ਅੰਧ-ਵਿਸ਼ਵਾਸ ਦੀ ਥਾਂ ਤਰਕ-ਸੋਚ ਨੂੰ ਪੈਗਾਮੀ ਪ੍ਰਵਚਨ ਬਣਾਇਆ ਜਾਵੇ। ਸਮਾਜਕ ਅਲਾਮਤਾਂ ਨੂੰ ਦੂਰ ਕਰਨ ਲਈ ਧਾਰਮਿਕ ਸੰਦੇਸ਼ ਸੁੱਚਾ ਸਬੱਬ ਬਣਨ। ਇਨ੍ਹਾਂ ਲਾਂਘਿਆਂ ਰਾਹੀਂ ਹੀ ਮਨੁੱਖ ਖੁਦ ਦੇ ਰੂਬਰੂ ਹੋ ਸਕੇਗਾ। ਅਡੰਬਰੀ ਸੋਚ ਅਤੇ ਪਖੰਡੀ

***ਲਾਂਘਿਆਂ ਦੀ ਉਸ ਸਮੇਂ ਸਭ ਤੋਂ ਵੱਧ ਲੋੜ, ਜਦ ਅਖਬਾਰਾਂ ਨੂੰ ਖਾਲੀ ਵਰਕਿਆਂ ਦੀ ਜੂਨ ਹੰਢਾਉਣੀ ਪੈਂਦੀ, ਮੀਡੀਆ ਸੰਤੁਲਿਤ ਸੋਚ ਤੋਂ ਵਿਰਵਾ ਹੋ ਜਾਵੇ, ਸੁਖਮ ਵਿਚਾਰਾਂ ਦੀ ਚਿਤਾ ਬਾਲੀ ਜਾਵੇ, ਸੱਚ ਨੂੰ ਕੋਹਿਆ ਜਾਵੇ, ਧਾਰਮਿਕ ਕੱਟੜਤਾ ਮਨੁੱਖਤਾ ਨੂੰ ਬਦਸ਼ਕਲ ਕਰੇ, ਮਨੁੱਖ ਨੂੰ ਮਨੁੱਖ ਨਾ ਸਮਝਿਆ ਜਾਵੇ ਜਾਂ ਜਿਥੇ ਭੁੱਖ ਨੂੰ ਲਿਲਕੜੀ ਲੈਣ ਦੀ ਮਜ਼ਬੂਰੀ ਹੋਵੇ।***

ਪਰਪੰਚਾਂ ਨੂੰ ਬੇਪਰਦ ਕਰ, ਸੱਚ ਨੂੰ ਸਭ ਦੇ ਸਨਮੁੱਖ ਕਰਨ ਦਾ ਮੌਕਾ ਮਿਲੇਗਾ। ਜੀਵਨੀ ਸਰੋਕਾਰਾਂ ਨੂੰ ਆਪਣੀ ਹੋਂਦ ਤੇ ਹਸਤੀ ਦਾ ਅਹਿਸਾਸ ਹੋਵੇਗਾ। ਇਹ ਲਾਂਘੇ ਖੋਲ੍ਹਣ ਬਾਰੇ ਤਾਂ ਕਿਸੇ ਨੂੰ ਕਦੇ ਵਿਚਾਰ ਹੀ ਨਹੀਂ ਆਇਆ।

ਲਾਂਘਿਆਂ ਨਾਲ ਹੀ ਵਿਚਾਰ-ਪ੍ਰਵਾਹ ਤੇ ਸ਼ਬਦੀ-ਸੰਚਾਰ ਹੁੰਦਾ। ਆਪਸੀ ਵਿਸ਼ਲੇਸ਼ਣ ਅਤੇ ਸੰਵਾਦ ਵਿਚੋਂ ਆਪਣੀ ਨਿਰਖ-ਪਰਖ ਕਰਦੇ। ਕਿਸੇ ਕੋਲੋਂ ਕੁਝ ਹਾਸਲ ਕਰਦੇ ਅਤੇ ਕਿਸੇ ਦੀ ਝੋਲੀ ਵਿਚ ਵੀ ਕੁਝ ਧਰਦੇ।

ਲਾਂਘਾ, ਸੁੱਚਮ, ਸੰਦੇਸ਼, ਸਹਿਜ ਅਤੇ ਸੂਹਜ ਦਾ ਸੁੰਦਰ ਸਾਧਨ। ਇਸ ਵਿਚੋਂ ਜਦ ਬੰਦਿਆਈ, ਭਲਿਆਈ ਜਾਂ ਚੰਗਿਆਈ ਦਾ ਦਰ ਖੁੱਲ੍ਹੇਗਾ ਤਾਂ ਬੇ-ਅਰਥੇ ਮਨੁੱਖ ਨੂੰ ਬਹੁਤ ਕੁਝ ਮਿਲੇਗਾ, ਜਿਸ ਦੀ ਵਿਹੂਣਤਾ ਕਾਰਨ ਹੀ ਉਹ ਖੁਦ ਦੀ ਧੂਣੀ ਸੇਕਣ ਲਈ ਮਜਬੂਰ।

ਮਨੁੱਖ, ਸਮਾਜ, ਦੇਸ਼ ਜਾਂ ਦੁਨੀਆਂ ਪਰਤਾਂ ਵਿਚ ਜਿਉਂਦੇ। ਇਕ ਲਾਂਘਾ ਖੁੱਲ੍ਹਣ 'ਤੇ ਦੂਜੀਆਂ ਪਰਤਾਂ ਵਿਚ ਵੀ ਮਘੋਰਿਆਂ ਦੀ ਲੋੜ ਹੁੰਦੀ। ਸੋ ਸਾਨੂੰ ਤਾਂ ਬਹੁਤ ਸਾਰੇ ਲਾਂਘਿਆਂ ਦੀ ਲੋੜ, ਪਰ ਜੇ ਆਦਮੀ ਪਾਰਦਰਸ਼ੀ ਹੋ ਜਾਵੇ ਤਾਂ ਕਿਸੇ ਲਾਂਘੇ ਦੀ ਲੋੜ ਹੀ ਨਹੀਂ।

ਲਾਂਘਿਆਂ ਦੀ ਲੋੜ ਤੇ ਇਨ੍ਹਾਂ ਨੂੰ ਖੋਲ੍ਹਣ ਦੀ ਥਾਂ ਜੇ ਸਾਨੂੰ ਲਾਂਘਿਆਂ ਦੇ ਕਾਰਨਾਂ ਤੇ ਇਨ੍ਹਾਂ ਦੀ ਬੇਲੋੜੀ ਸਾਰਥਕਤਾ ਬਾਰੇ ਪਤਾ ਹੋਵੇ ਤਾਂ ਨਾ ਕੰਧਾਂ ਹੋਣਗੀਆਂ, ਨਾ ਸਰਹੱਦਾਂ ਅਤੇ ਨਾ ਹੀ ਕਿਸੇ ਲਾਂਘੇ ਦਾ ਬਖੇੜਾ ਖੜਾ ਹੋਵੇਗਾ।

ਕਦੇ ਬਰੇਤਾ ਬਣ ਗਏ ਦਰਿਆ ਦੀ ਮੁੜ ਸਿਰਜਣਾ ਲਈ ਪਾਕ-ਪਾਣੀ ਦੇ ਲਾਂਘੇ ਬਾਰੇ ਸੋਚੋ। ਦਰਿਆ ਜਿਉਂਦੇ ਰਹੇ ਤਾਂ ਮਨੁੱਖ ਜੀਵੇਗਾ। ਮਨੁੱਖ ਹੀ ਨਾ ਰਿਹਾ ਤਾਂ ਇਨ੍ਹਾਂ ਲਾਂਘਿਆਂ ਦੇ ਕੋਈ ਅਰਥ ਨਹੀਂ ਰਹਿ ਜਾਣੇ।

ਲਾਂਘਿਆਂ ਲਈ ਉਲਝੇ ਮਨੁੱਖ ਨੂੰ ਇਹ ਵੀ ਸੋਚਣ ਦੀ ਲੋੜ ਹੈ ਕਿ ਉਸ ਨੇ ਅੱਜ ਤੱਕ ਕਿੰਨੇ ਲਾਂਘੇ ਜੰਮ ਚੁਕੀ ਜ਼ਮੀਰ ਵਿਚੋਂ ਖੋਲ੍ਹੇ ਨੇ? ਕਿੰਨੇ ਲਾਂਘੇ ਮਨ ਦੀ ਸੰਕੀਰਣਤਾ ਨੂੰ ਦੂਰ ਕਰਨ ਲਈ ਪੈਦਾ ਕੀਤੇ? ਕਿੰਨੇ ਲਾਂਘੇ ਮਨ ਵਿਚ ਛੁਪੀ ਕਮੀਨਗੀ ਤੇ ਕੋਹਜ ਨੂੰ ਜੱਗ-ਜਾਹਰ ਕਰਨ ਲਈ ਖੋਲ੍ਹਣ ਦੀ ਜ਼ੁਅਰਤ ਕੀਤੀ? ਬਾਹਰੀ ਲਾਂਘਿਆਂ ਤੋਂ ਪਹਿਲਾਂ ਆਪਣੇ ਅੰਤਰੀਵ ਵਿਚ ਝਾਤੀ ਮਾਰਨ ਅਤੇ ਖੁਦ ਨੂੰ ਬੇਪਰਦ ਕਰਨ ਦੀ ਸਭ ਤੋਂ ਵੱਧ ਲੋੜ।

ਲਾਂਘੇ ਥੀਂ ਲੰਘਦਿਆਂ ਮਨੁੱਖ ਨੂੰ ਸੁਚੇਤ ਅਤੇ ਚੇਤੰਨ ਹੋਣ ਦੀ ਲੋੜ। ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ, ਉਥਲ-ਪੁਥਲ ਅਤੇ ਹਿੱਲਜੁਲ ਤੋਂ ਸਾਵਧਾਨ ਹੋਣ ਦੀ ਲੋੜ। ਲਾਂਘਾ ਸਿਰਫ ਇਕ ਮਾਰਗ, ਪਰ ਇਸ ਵਿਚੋਂ ਸੁਗੰਧ ਵੀ ਅਤੇ ਦੁਰਗੰਧ ਵੀ ਆਵੇਗੀ। ਇਸ ਰਾਹੀਂ ਮਾਂ ਦੀਆਂ ਲੋਰੀਆਂ ਤੇ ਬਾਪ ਦੀਆਂ ਝਿੜਕਾਂ ਵੀ। ਬਾਹਰਲਿਆਂ ਦੀ ਹੱਲਾਸ਼ੇਰੀ ਤੇ ਆਪਣਿਆਂ ਦੀ ਮੁਖਾਲਫਤ ਵੀ। ਚੰਗਿਆਈ ਤੇ ਕੁਝ ਕੁ ਬੁਰਿਆਈ ਵੀ। ਕਿਸੇ ਨੇ ਚੰਗਾ ਕਹਿਣਾ ਤੇ ਕੁਝ ਨੇ ਬੁਰਾ। ਇਹ ਤਾਂ ਖੁਦ ਸੋਚਣਾ ਕਿ ਇਸ ਲਾਂਘੇ ਦੇ ਖੁਦ ਲਈ ਕੀ ਅਰਥ ਨੇ? ਇਨ੍ਹਾਂ ਵਿਚੋਂ ਮਨੁੱਖੀ ਬੁਲੰਦੀ ਨੂੰ ਕਿਹੜੀ ਦਿਸ਼ਾ ਅਤੇ ਦਸ਼ਾ ਦਿਤੀ ਜਾ ਸਕਦੀ?

ਲਾਂਘਾ ਲੈਣ ਲੱਗਿਆਂ ਲਾਂਘਾ ਦੇਣ ਲਈ ਵੀ ਤਿਆਰ ਰਹੋ ਕਿਉਂਕਿ ਇਹ ਦੁਪਾਸੜ ਹੁੰਦਾ। ਦੁਵੱਲੇ ਲਾਂਘੇ ਰਾਹੀਂ ਸੋਚ ਤੇ ਕਰਮ ਦੇ ਦੀਦਾਰ ਹੁੰਦੇ, ਜਿਸ ਵਿਚੋਂ ਹੀ ਸ਼ਖਸੀ ਬਿੰਬ ਨੂੰ ਅਕੀਦਤਯੋਗ ਜਾਂ ਅਕੀਦਤਹੀਣ ਬਣਾਇਆ ਜਾ ਸਕਦਾ।

ਲਾਂਘਾ ਲਾਲਚ, ਲਾਲਸਾ, ਲਾਪ੍ਰਵਾਹੀ ਜਾਂ ਲੰਗੜੀ ਵਿਚਾਰਧਾਰਾ ਨਾਲ ਨਹੀਂ ਮਿਲਦਾ। ਸਾਫਗੋਈ, ਪੂਰਨ ਵਿਸ਼ਵਾਸ ਵਿਚੋਂ ਹੀ ਲਾਂਘਿਆਂ ਨੂੰ ਲਾਡ-ਲਬਰੇਜ਼ਤਾ ਮਿਲਦੀ, ਜੋ ਸਦੀਵ ਹੁੰਦੀ।

ਲਾਂਘਾ ਕਦੇ ਵੀ ਮੂਰਖਤਾ, ਮਨ-ਮਰਜ਼ੀ, ਮਨਮਾਨੀ, ਮਗਰੂਰੀ ਅਤੇ ਮਜ਼ਹਬੀ ਰੰਗਤ ਦਾ ਗੁਲਾਮ ਨਹੀਂ। ਇਸ ਲਈ ਖੁਦ ਨੂੰ ਖੁਦ ਤੋਂ ਪਰੇ ਅਤੇ ਸਮੁੱਚ ਨੂੰ ਸਨਮੁੱਖ ਰੱਖਣਾ ਪੈਂਦਾ।

ਸਭ ਤੋਂ ਔਖਾ ਹੁੰਦਾ ਪਹਿਲੇ ਲਾਂਘੇ ਦਾ ਖੁੱਲ੍ਹਣਾ। ਇਕ ਦੇ ਖੁੱਲ੍ਹ ਜਾਣ ਪਿਛੋਂ ਦੂਜੇ ਲਾਂਘਿਆਂ ਦੇ ਖੁੱਲ੍ਹਣ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਪੈਦਾ ਹੋ ਜਾਂਦੀਆਂ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਤਾਂ ਸੱਚ ਹੋ ਹੀ ਜਾਂਦੀਆਂ।

ਲੋੜ ਹੈ ਕਿ ਮਨੁੱਖ ਕੁਦਰਤੀ ਰੂਪ ਵਿਚ ਜ਼ਿੰਦਗੀ ਨੂੰ ਜੀਵੇ। ਕੁਦਰਤ ਤੋਂ ਕੁਝ ਸਿੱਖੇ ਕਿਉਂਕਿ ਕੁਦਰਤ ਵਿਚ ਕੋਈ ਵਲਗਣ ਨਹੀਂ; ਤਾਂ ਹੀ ਕੁਦਰਤ ਦੇ ਸਨਮੁੱਖ ਹੋਣ ਲਈ ਕਿਸੇ ਲਾਂਘੇ ਨੂੰ ਟੱਪਣ ਦੀ ਲੋੜ ਨਹੀਂ। ਕੁਦਰਤ ਤੋਂ ਦੂਰ ਗਏ ਮਨੁੱਖ ਨੇ ਕੁਦਰਤ ਨਾਲ ਇਕਸੁਰ ਰਹੇ ਜੀਵ-ਸੰਸਾਰ ਨੂੰ ਸੀਮਤ ਦਾਇਰਿਆਂ ਵਿਚ ਕੈਦ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਚਿੜੀਆ ਘਰ ਆਦਿ ਦਰਅਸਲ ਮਨੁੱਖ ਵਲੋਂ ਜੀਵਾਂ ਦੀ ਕੀਤੀ ਹੋਈ ਘੇਰਾਬੰਦੀ ਹੀ ਤਾਂ ਹੈ। ਮਨੁੱਖ ਖੁਦ ਤਾਂ ਲਾਂਘਾ ਚਾਹੁੰਦਾ, ਪਰ ਜੀਵਾਂ ਦੇ ਲਾਂਘੇ ਬੰਦ ਕਰਨ ਵੰਨੀਂ ਹਮੇਸ਼ਾ ਰੁਚਿਤ।

ਕਲਮ ਚਾਹੁੰਦੀ ਹੈ,
ਇਕ ਲਾਂਘਾ ਹੋਵੇ ਮਨ ਦੀ ਬੰਦ ਬੀਹੀ
ਜੋ ਕਾਲਖ ਜੂਨ ਹੰਢਾਵੇ
ਚਾਨਣ ਦੀ ਕਿਣਮਿਣ ਦਾ ਗੀਤ
ਵਿਚਾਰ-ਪ੍ਰਵਾਹ ਜਗਾਵੇ।

ਇਕ ਲਾਂਘਾ ਹੋਵੇ ਨੈਣ-ਦਰਪਣੀਂ
ਜਿਥੇ ਸੁਪਨੇ ਕਬਰੀਂ ਸੁੱਤੇ
ਸ਼ੁਭ ਕਰਮਨ ਦੀ ਹਿੱਲਜੁਲ ਨਾਲ
ਉਠ ਜਾਣ ਚਾਅ-ਗੜੁੱਚੇ।

ਇਕ ਲਾਂਘਾ ਬੰਦ ਰਾਹੀਂ ਉਗੇ
ਤੇ ਜਾਗਣ ਕਰਮ ਅਭਾਗੇ
ਸੇਧ-ਸਫਰ ਦੀ ਪੈੜਚਾਲ ਨਾਲ
ਸੁਰਤ-ਸਿਰਨਾਵਾਂ ਜਾਗੇ।

ਇਕ ਲਾਂਘਾ ਵਖਤ-ਇਬਾਰਤ ਵਿਚੋਂ
ਅਰਥਾਂ ਭਰਿਆ ਹੋਵੇ
ਜੋ ਤਕਦੀਰ ਦੀ ਸੁੰਨੀ ਲੜੀ 'ਚ
ਕੀਰਤੀ-ਕਰਮ ਪਰੋਵੇ।

ਇਕ ਲਾਂਘਾ ਉਸ ਕਬਰ ਨੂੰ ਜਾਵੇ
ਜਿਥੇ ਸੱਚ ਸੀ ਮੋਇਆ
ਸਰਘੀ ਨੂੰ ਮੁੜ ਅਰਪ ਦੇਈਏ
ਸੂਰਜ ਕਿਸੇ ਸੀ ਖੋਹਿਆ।

ਚਾਨਣ-ਲਾਂਘਾ ਉਸ ਖੇਤ ਨੂੰ ਦੇਣਾ
ਜਿਥੇ ਉਗਦੀਆਂ ਲਾਸ਼ਾਂ
ਕਦੇ ਧਰਤ ਵੀ ਮੌਲਣ ਲੱਗ ਪਏ
ਉਜੜੀ ਨਿੱਤ ਵਿਨਾਸ਼ਾਂ।

ਇਕ ਲਾਂਘਾ ਉਸ ਘਰ ਨੂੰ ਦੇਵੋ
ਜੋ ਖੰਡਰ ਜੂਨ ਹੰਢਾਵੇ
ਐਵੇਂ ਉਸ ਦੀ ਹੋਂਦ ਦੇ ਨਾਂਵੇਂ
ਹੰਝੂ ਨਾ ਕਰ ਜਾਵੇ।

ਪਰ, ਲਾਂਘਾ ਵੀ ਜਦ ਲਾਂਘਾ ਮੰਗੇ
ਦੱਸੋ ਕੀਕਣ ਦੇਈਏ
ਖੁਦ ਤੋਂ ਬੇਮੁਖ ਹੋਏ ਖੁਦ ਨੂੰ
ਕੀ ਕਰੀਏ ਕੀ ਕਹੀਏ?

ਇਕ ਲਾਂਘਾ ਹਿਰਦੇ ਵਿਚ ਪੈਦਾ ਕਰੀਏ ਤਾਂ ਕਿ ਅਪਣੱਤ, ਸੁਹਿਰਦਤਾ, ਸਨੇਹ, ਸ਼ਰਧਾ ਅਤੇ ਸਦਭਾਵਨਾ ਬਾਹਰ ਨੂੰ ਫੁੱਟਦੀ ਰਹੇ ਅਤੇ ਆਲੇ-ਦੁਆਲੇ ਨੂੰ ਆਪਣੀ ਖੁਸ਼ਬੂ ਨਾਲ ਤਰੰਗਤ ਅਤੇ ਸੁਗੰਧਤ ਕਰਦੀ ਰਹੇ।

ਇਕ ਲਾਂਘਾ ਮਨ-ਮੰਦਿਰ ਵਿਚ ਜਰੂਰ ਰੱਖੀਏ ਤਾਂ ਕਿ ਮਨ ਵਿਚ ਪੈਦਾ ਹੋਏ ਸ਼ੁਭ ਵਿਚਾਰਾਂ ਵਿਚਲੀ ਗੁਫਤਾਰ, ਕਿਰਦਾਰ ਤੇ ਅਚਾਰ, ਜੋ ਚੇਤਨ-ਵਿਹੜੇ ਵਿਚ ਕਰੂੰਬਲ-ਕਿਆਰੀਆਂ ਪੈਦਾ ਕਰੇ। ਫੁੱਲਪੱਤੀਆਂ ਨੂੰ ਖਿੜਨ ਅਤੇ ਮਹਿਕਾਂ ਵੰਡਣ ਦਾ ਸ਼ਰਫ ਹਾਸਲ ਹੋਵੇ। ਚਾਅ-ਚੰਗੇਰ ਵਿਚ ਰੰਗ-ਬਿਰੰਗਤਾ ਨੂੰ ਪਲਰਣ ਅਤੇ ਪੂਰਨ ਹੋਣ ਦਾ ਸੁਪਨ ਮਿਲੇ।

ਇਕ ਲਾਂਘਾ ਦਿਲ-ਦਰਵਾਜੀਂ ਜਰੂਰ ਹੋਣਾ ਚਾਹੀਦਾ ਤਾਂ ਕਿ ਮਨ ਵਿਚਲੇ ਕਰੋਧ, ਕਰੁਣਾ, ਕਮੀਨਗੀ ਤੇ ਕੁਹਜ ਦੀ ਥਾਂ ਲੈਣ ਲਈ ਕਰਮਯੋਗਤਾ, ਕਿਰਤ ਅਤੇ ਕੀਰਤੀ ਦਾ ਆਉਣਾ-ਜਾਣਾ ਬਣਿਆ ਰਹੇ।

ਕੁਝ ਲਾਂਘੇ ਖੁੱਲ੍ਹਣ 'ਤੇ ਚਿਰ-ਵਿਛੁੰਨੇ ਆਪਣਿਆਂ ਦੀ ਹਿੱਕ ਆਪਣਿਆਂ ਨੂੰ ਮਿਲ ਕੇ ਠਰਦੀ। ਅਕੀਦਤਯੋਗ ਅਸਥਾਨਾਂ ਵਿਚੋਂ ਰੂਹਾਨੀਅਤ ਦੇ ਦਰਸ-ਦੀਦਾਰੇ ਹੁੰਦੇ। ਪਾਕਿ ਮੁਹੱਬਤਾਂ ਨੂੰ ਵਧਣ-ਫੁਲਣ ਤੇ ਮੌਲਣ ਦਾ ਵਰ ਮਿਲਦਾ ਤੇ ਮੋਹ ਦੇ ਪੈਗਾਮ ਹੁਲਾਰੇ ਲੈਂਦੇ। ਮਿਲਣੀਆਂ ਅਤੇ ਗਲਵੱਕੜੀਆਂ ਨੂੰ ਆਪਣੇ ਆਪ 'ਤੇ ਫਖਰ ਹੁੰਦਾ। ਕੋਸੇ ਕੋਸੇ ਅਹਿਸਾਸਾਂ ਵਿਚੋਂ ਹੀ ਕਾਵਿ-ਤਰੰਗਾਂ ਦੀ ਆਬਸ਼ਾਰ ਫੁੱਟਦੀ, ਜਿਸ ਨਾਲ ਹਰੇ ਹੋ ਜਾਂਦੇ ਮਾਰੂਥਲ ਬਣੇ ਮਨ, ਕੁਮਲਾਈਆਂ ਕਰੂੰਬਲਾਂ ਨੂੰ ਟਹਿਕਦੀਆਂ ਅਤੇ ਸਿਰ ਸੁੱਟੀ ਲਗਰਾਂ ਨੂੰ ਕੋਮਲ ਪੱਤੀਆਂ ਦੇ ਸਾਥ ਦਾ ਆਭਾਸ ਹੁੰਦਾ।

ਮਿਟ ਜਾਣ ਹੱਦਾਂ-ਸਰਹੱਦਾਂ, ਖੁਰ ਜਾਣ ਖੇਤਾਂ 'ਚ ਪਈਆਂ ਵੱਟਾਂ ਜਾਂ ਢਹਿ ਢੇਰੀ ਹੋ ਜਾਣ ਕੀਤੀਆਂ ਵਾੜਾਂ ਤਾਂ ਮਨੁੱਖੀ ਫਰਾਖਦਿਲੀ ਕਾਰਨ ਸੌੜੀ ਸੋਚ ਖੁਦ 'ਤੇ ਸ਼ਰਮਸ਼ਾਰ ਹੋਵੇਗੀ। ਫਿਰ ਨਹੀਂ ਰਹਿਣੀ ਕਿਸੇ ਲਾਂਘੇ ਦੀ ਲੋੜ। ਕੀ ਕਦੇ ਅਜਿਹਾ ਸਮਾਂ ਆਵੇਗਾ? ਆਸ ਤਾਂ ਕੋਈ ਨਹੀਂ, ਪਰ ਆਸ ਰੱਖਣ ਵਿਚ ਹਰਜ ਵੀ ਕੀ ਆ!

# ਗੁਰੂ ਨਾਨਕ ਤੇ ਅੱਜ

**ਪ੍ਰਥਮ ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਸਿੱਖ ਕੌਮ ਨੇ ਹਾਲ ਹੀ ਵਿਚ ਬੜੇ ਉਤਸ਼ਾਹ ਨਾਲ ਮਨਾਇਆ ਹੈ, ਪਰ ਕੀ ਅਸੀਂ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਾਹ 'ਤੇ ਚੱਲ ਰਹੇ ਹਾਂ? ਹਾਲ ਹੀ ਵਿਚ ਖੁੱਲ੍ਹੇ ਕਰਤਾਰਪੁਰ ਦੇ ਲਾਂਘੇ ਲਈ ਤਾਂ ਬੜੇ ਯਤਨ ਹੋਏ ਨੇ, ਪਰ ਗੁਰੂ ਲਈ ਆਪਣੇ ਦਿਲਾਂ ਦੇ ਬੰਦ ਪਏ ਦਰਵਾਜੇ ਕਦੋਂ ਖੋਲ੍ਹਾਂਗੇ? ਗੁਰੂ ਸਾਹਿਬ ਦੀ ਬਾਣੀ ਤਾਂ ਹੋਰ ਕਹਿੰਦੀ ਹੈ, ਪਰ ਧਰਮ ਦੇ ਠੇਕੇਦਾਰਾਂ ਨੇ ਸਭ ਕੁਝ ਬਾਣੇ ਨੂੰ ਬਣਾ ਲਿਆ ਏ। ਅਸੀਂ ਗੁਰੂ ਨੂੰ ਆਪਣਾ ਬਣਾ ਲਿਆ, ਦੂਜਿਆਂ ਤੋਂ ਖੋਹ ਲਿਆ। ਗੁਰੂ ਦੁਆਲੇ ਧੁੰਦ ਲਪੇਟ ਦਿੱਤੀ। ਸਾਂਝੀਵਾਲਤਾ ਦੀ ਥਾਂ ਕੇਵਲ ਮੈਂ, ਮੇਰੀ ਭਾਰੂ ਹੋ ਗਈ ਏ। ਬਾਬੇ ਦਾ ਤੂੰ ਤੇਰਾ ਦਾ ਸਬਕ ਕਿਉਂ ਭੁੱਲ ਗਏ ਹਾਂ? ਇਹ ਕੁਝ ਸਵਾਲ ਹਨ ਜੋ ਨਾਮੀ ਸਾਹਿਤਕਾਰ ਵਰਿਆਮ ਸਿੰਘ ਸੰਧੂ ਨੇ ਆਪਣੇ ਇਸ ਗਹਿਰ ਗੰਭੀਰ ਲੇਖ ਵਿਚ ਉਠਾਏ ਹਨ। ਦੋ ਕਿਸ਼ਤਾਂ ਵਿਚ ਛਾਪੇ ਜਾ ਰਹੇ ਇਸ ਲੇਖ ਦੀ ਪਹਿਲੀ ਕਿਸ਼ਤ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ**



ਵਰਿਆਮ ਸਿੰਘ ਸੰਧੂ
ਫੋਨ: 91-98726-02296

ਗੁਰੂ ਨਾਨਕ ਪਾਤਸ਼ਾਹ ਦਾ ਪੰਜ ਸੌ ਪੰਜਾਹਵਾਂ ਪ੍ਰਕਾਸ਼ ਪੁਰਬ ਲੰਘ ਗਿਆ ਹੈ। ਰਸਮੀ ਸਮਾਗਮਾਂ ਤੇ ਸੈਮੀਨਾਰਾਂ ਦਾ ਰੌਲਾਗੌਲਾ ਮੁੱਕ ਗਿਆ ਲੱਗਦਾ ਹੈ। ਸੋਚਿਆ, ਹੁਣ ਆਪਾਂ ਵੀ ਬਾਬਾ ਜੀ ਬਾਰੇ ਕੁਝ ਗੈਰ-ਰਸਮੀ ਗੱਲਾਂ ਕਰ ਲਈਏ। ਦੋ ਛੋਟੇ ਛੋਟੇ ਬਿਰਤਾਂਤ ਸੁਣਾ ਕੇ ਗੁਰੂ ਨਾਨਕ ਸਾਹਿਬ ਦੇ ਜੀਵਨ ਫਲਸਫੇ ਦੀ ਗੱਲ ਸ਼ੁਰੂ ਕਰਦੇ ਹਾਂ।

ਸੋਵੀਅਤ ਯੂਨੀਅਨ ਦੀ ਮਦਦ ਨਾਲ ਪੁਲਾੜ ਵਿਚ ਪੁੱਜੇ ਪਹਿਲੇ ਭਾਰਤੀ ਯਾਤਰੀ ਰਾਕੇਸ਼ ਸ਼ਰਮਾ ਨੂੰ ਬੀਬੀ ਇੰਦਰਾ ਗਾਂਧੀ ਨੇ ਪੁੱਛਿਆ ਸੀ, "ਪੁਲਾੜ ਵਿਚੋਂ ਭਾਰਤ ਕਿਹੋ ਜਿਹਾ ਦਿਸਦਾ ਏ?"

ਉਹਨੇ ਹੁੱਬ ਕੇ ਜਵਾਬ ਦਿੱਤਾ ਸੀ, "ਸਾਰੇ ਜਹਾਂ ਸੇ ਅੱਛਾ!"

ਜਦ ਪਹਿਲਾ ਪੁਲਾੜ ਯਾਤਰੀ ਯੂਰੀ ਗਗਾਰਿਨ ਪੁਲਾੜ ਵਿਚ ਗਿਆ ਤਾਂ ਉਹਨੂੰ ਪੁੱਛਿਆ ਗਿਆ, "ਪੁਲਾੜ ਵਿਚੋਂ ਸੋਵੀਅਤ ਦੇਸ਼ ਕਿਹੋ ਜਿਹਾ ਦਿਸਦਾ ਏ?" ਉਸ ਦਾ ਜਵਾਬ ਸੀ, "ਏਥੋਂ ਮੈਨੂੰ ਸੋਵੀਅਤ ਦੇਸ਼ ਨਹੀਂ ਦਿਸਦਾ। ਏਥੋਂ ਮੈਨੂੰ ਮੇਰੀ ਧਰਤੀ ਦਿਸਦੀ ਹੈ।"

ਆਪੋ ਆਪਣੀ ਥਾਂ ਦੋਵੇਂ ਠੀਕ ਸਨ। 'ਸਾਰੇ ਜਹਾਂ ਸੇ ਅੱਛਾ!' ਕਹਿਣਾ ਵੀ ਠੀਕ ਹੈ। ਆਪਣੀ ਧਰਤੀ, ਆਪਣੀਆਂ ਜੜ੍ਹਾਂ ਨਾਲ ਪਿਆਰ ਹੋਣਾ, ਉਹਦਾ ਚੰਗਾ ਲੱਗਣਾ ਜਾਂ ਚੰਗਾ ਦਿਸਣਾ ਬੜਾ ਸੁਭਾਵਕ ਹੈ। ਜਿਹੜਾ ਬੰਦਾ ਆਪਣੀ ਮਾਂ, ਮਾਂ-ਬੋਲੀ ਜਾਂ ਮਾਂ-ਮਿੱਟੀ ਨੂੰ ਮੁਹੱਬਤ ਨਹੀਂ ਕਰਦਾ, ਉਹ ਕਿਸੇ ਹੋਰ ਨੂੰ ਵੀ ਸੱਚੀ ਮੁਹੱਬਤ ਨਹੀਂ ਕਰ ਸਕਦਾ।

ਪਰ ਗੁਰੂ ਸਾਹਿਬ ਨੂੰ 'ਕੱਲਾ ਹਿੰਦੁਸਤਾਨ ਹੀ ਨਹੀਂ, ਸਾਰੀ ਧਰਤੀ ਹੀ ਆਪਣੀ ਦਿਸਦੀ ਸੀ। ਜਿੱਥੇ ਜਿੱਥੇ ਵੀ ਲੋਕਾਈ ਨੂੰ ਰਾਜ ਸੱਤਾ, ਧਰਮ ਸੱਤਾ ਜਾਂ ਸਮਾਜਿਕ ਸੱਤਾ ਵੱਲੋਂ ਕੁਰਲਾਉਣ ਵਾਲੀ ਮਾਰ ਪੈ ਰਹੀ ਸੀ, ਓਥੇ ਓਥੇ ਹੀ ਪਹੁੰਚ ਕੇ ਗੁਰੂ ਜੀ ਨੇ ਲੋਕਾਂ ਦਾ ਦਰਦ ਪਛਾਣਿਆ, ਮਹਿਸੂਸਿਆ ਤੇ ਉਨ੍ਹਾਂ ਦੀ ਪੀੜ ਹਰਨ ਲਈ, ਉਨ੍ਹਾਂ ਦੇ ਜ਼ਖ਼ਮਾਂ 'ਤੇ ਮਰਮ ਲਾਉਣ ਲਈ ਆਪਣੀ ਜ਼ਿੰਦਗੀ ਦੇ ਕੀਮਤੀ ਸਾਲ ਲੋਕਾਂ ਦੇ ਸਿਰਾਂ ਤੋਂ ਕੁਰਬਾਨ ਕਰ ਦਿੱਤੇ। ਭਾਈ ਗੁਰਦਾਸ ਇਸੇ ਪ੍ਰਸੰਗ ਵਿਚ ਹੀ "ਬਾਬਾ ਦੇਖੈ ਧਿਆਨ ਧਰ, ਜਲਤੀ ਸਭ ਪ੍ਰਿਥਮੀ ਦਿਸ ਆਈ।" ਤੇ ਅਖੀਰ 'ਤੇ 'ਚੜ੍ਹਿਆ ਸੋਧਣ ਧਰਤ ਲੋਕਾਈ' ਦਾ ਸ਼ਬਦ ਉਚਾਰਦੇ ਹਨ। ਇਨ੍ਹਾਂ ਯਾਤਰਾਵਾਂ ਦੌਰਾਨ ਗੁਰੂ ਸਾਹਿਬ ਨੇ ਹਿੰਦੂ ਧਰਮ, ਇਸਲਾਮ, ਬੁੱਧ ਮੱਤ, ਜੈਨ ਮੱਤ, ਸਿੱਧਾਂ ਤੇ ਜੋਗੀਆਂ ਤੇ ਹੋਰ ਮੱਤ-ਮਤਾਂਤਰਾਂ ਦੇ ਗੜ੍ਹਾਂ ਵਿਚ ਜਾ ਕੇ ਉਨ੍ਹਾਂ ਨਾਲ ਸੰਵਾਦ ਰਚਾਇਆ।

ਗੁਰੂ ਜੀ ਲਈ ਸਾਰਾ ਜਗਤ ਆਪਣਾ ਸੀ, ਸਾਰੇ ਜਗਤ ਦੇ ਲੋਕ ਆਪਣੇ ਸਨ ਤੇ ਉਨ੍ਹਾਂ ਦੇ ਦੁਖ-ਸੁਖ ਆਪਣੇ ਸਨ। ਉਨ੍ਹਾਂ ਦੀ ਪੀੜ ਆਪਣੀ ਪੀੜ ਸੀ। ਇਸੇ ਕਰ ਕੇ ਉਨ੍ਹਾਂ ਨੂੰ ਜਗਤ ਗੁਰੂ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ।

ਇਥੋਂ ਹੀ ਗੁਰੂ ਨਾਨਕ ਸਾਹਿਬ ਦੀ ਗੱਲ ਸ਼ੁਰੂ ਹੁੰਦੀ ਹੈ। ਉਨ੍ਹਾਂ ਨੂੰ ਵੀ ਦੇਸ 'ਸਾਰੇ ਜਹਾਂ ਸੇ ਅੱਛਾ!' ਲੱਗਦਾ ਸੀ ਤਾਂ ਹੀ ਬਾਬਰ ਦੇ ਹੱਲੇ ਵੇਲੇ ਹੋਏ ਜ਼ੁਲਮ ਨੂੰ ਵੇਖ ਕੇ ਉਨ੍ਹਾਂ ਦੀ ਰੂਹ ਕੁਰਲਾ ਉਠੀ ਸੀ ਤੇ 'ਸੱਚ ਸੁਣਾਇਸੀ ਸੱਚ ਕੀ ਬੇਲਾ!' ਮੁਤਾਬਕ ਐਨ ਸਮੇਂ ਸਿਰ ਸਮੇਂ ਦਾ ਸੱਚ ਬਿਆਨ ਕੀਤਾ 'ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨ ਡਰਾਇਆ।' ਦਾ ਸੱਚ ਬੋਲਦਿਆਂ ਉਨ੍ਹਾਂ ਨੇ ਜ਼ੁਲਮ ਸਹਿ ਰਹੇ ਗੁਲਾਮ ਦੇਸ਼ ਵਾਸੀਆਂ ਦੀ ਬੇਬਸੀ ਵੇਖ ਕੇ ਰੱਬ ਅੱਗੇ ਵੀ "ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ!" ਆਖ ਕੇ ਹਾਅ ਦਾ ਨਾਅਰਾ ਮਾਰਿਆ ਸੀ।

ਅੱਜ ਵੀ ਤਾਂ ਸਾਰਾ ਹਿੰਦੁਸਤਾਨ ਡਰਿਆ ਹੋਇਆ ਹੈ, ਡਰਾਇਆ ਗਿਆ ਹੈ। ਇਸ ਵਾਰ ਪਾਪ ਦੀ ਜੰਜ ਕਾਬਲੋਂ ਨਹੀਂ ਆਈ ਸਗੋਂ ਨਾਗਪੁਰੋਂ ਬਰਾਸਤਾ ਦਿੱਲੀ, ਦੇਸ਼ ਵਿਚੋਂ ਹੀ ਕਿਧਰੋਂ ਚੜ੍ਹ ਕੇ ਆ ਰਹੀ ਪਾਪ ਦੀ ਇਹ ਜੰਜ ਗਲੀਆਂ ਬਾਜ਼ਾਰਾਂ ਵਿਚ ਦਨਦਨਾਉਂਦੀ ਫਿਰਦੀ ਹੈ। ਜਿਸ ਨੂੰ ਚਾਹੇ ਘੇਰ ਕੇ ਭਾਰਤ ਮਾਤਾ ਦੇ ਨਾਂ 'ਤੇ, ਸ੍ਰੀ ਰਾਮ ਦੇ ਨਾਂ 'ਤੇ, ਗਊ ਮਾਤਾ ਦੇ ਨਾਂ 'ਤੇ ਕੁੱਟ ਕੁੱਟ ਕੇ ਮਾਰ ਦੇਵੇ, ਸਾੜ ਦੇਵੇ। ਡਰੀ-ਸਹਿਮੀ ਲੋਕਾਈ ਹੱਥ ਜੋੜ ਕੇ ਪੁੱਛਦੀ ਏ, "ਮੇਰੇ ਰੱਬਾ! ਕਿੱਥੇ ਸੌਂ ਗਿਆ ਏਂ ਤੂੰ?" ਹੁਣ ਕਿਸੇ ਪਰਮਾਤਮਾ ਨੂੰ ਮਿਹਣਾ ਮਾਰਨ, ਪੀੜਤ ਲੋਕਾਂ ਦਾ ਦੁੱਖ ਹਰਨ ਗੁਰੂ ਨਾਨਕ ਨੇ ਆਪ ਤਾਂ ਨਹੀਂ ਆਉਣਾ। ਇਹ ਕੰਮ ਵੀ ਤਾਂ ਹੁਣ ਸਾਨੂੰ ਕਰਨਾ ਪੈਣਾ!

**ਅੱਜ ਵੀ ਤਾਂ ਸਾਰਾ ਹਿੰਦੁਸਤਾਨ ਡਰਿਆ ਹੋਇਆ ਹੈ, ਡਰਾਇਆ ਗਿਆ ਹੈ। ਇਸ ਵਾਰ ਪਾਪ ਦੀ ਜੰਜ ਕਾਬਲੋਂ ਨਹੀਂ ਆਈ ਸਗੋਂ ਨਾਗਪੁਰੋਂ ਬਰਾਸਤਾ ਦਿੱਲੀ, ਦੇਸ਼ ਵਿਚੋਂ ਹੀ ਕਿਧਰੋਂ ਚੜ੍ਹ ਕੇ ਆ ਰਹੀ ਪਾਪ ਦੀ ਇਹ ਜੰਜ ਗਲੀਆਂ ਬਾਜ਼ਾਰਾਂ ਵਿਚ ਦਨਦਨਾਉਂਦੀ ਫਿਰਦੀ ਹੈ। ਜਿਸ ਨੂੰ ਚਾਹੇ ਘੇਰ ਕੇ ਭਾਰਤ ਮਾਤਾ ਦੇ ਨਾਂ 'ਤੇ, ਸ੍ਰੀ ਰਾਮ ਦੇ ਨਾਂ 'ਤੇ, ਗਊ ਮਾਤਾ ਦੇ ਨਾਂ 'ਤੇ ਕੁੱਟ ਕੁੱਟ ਕੇ ਮਾਰ ਦੇਵੇ, ਸਾੜ ਦੇਵੇ। ਡਰੀ-ਸਹਿਮੀ ਲੋਕਾਈ ਹੱਥ ਜੋੜ ਕੇ ਪੁੱਛਦੀ ਏ, "ਮੇਰੇ ਰੱਬਾ! ਕਿੱਥੇ ਸੌਂ ਗਿਆ ਏਂ ਤੂੰ?" ਹੁਣ ਕਿਸੇ ਪਰਮਾਤਮਾ ਨੂੰ ਮਿਹਣਾ ਮਾਰਨ, ਪੀੜਤ ਲੋਕਾਂ ਦਾ ਦੁੱਖ ਹਰਨ ਗੁਰੂ ਨਾਨਕ ਨੇ ਆਪ ਤਾਂ ਨਹੀਂ ਆਉਣਾ। ਇਹ ਕੰਮ ਵੀ ਤਾਂ ਹੁਣ ਸਾਨੂੰ ਕਰਨਾ ਪੈਣਾ!**

ਅਸੀਂ ਵੀ ਅਕਸਰ ਕਹਿੰਦੇ ਆ ਰਹੇ ਹਾਂ ਤੇ ਸਾਡੇ ਸ਼ਾਇਰ ਵੀ ਬੜੇ ਸਾਲਾਂ ਤੋਂ ਲਿਖਦੇ ਆ ਰਹੇ ਨੇ ਕਿ "ਬਾਬਾ ਆ ਕਿ ਤੇਰਾ ਵਤਨ ਹੈ ਵੀਰਾਨ ਹੋ ਗਿਆ।" (ਮੋਹਨ ਸਿੰਘ)

ਯਮਲਾ ਜੱਟ ਗਾਉਂਦਾ ਮਰ ਗਿਆ, 'ਸਤਿਗੁਰ ਨਾਨਕ ਆ ਜਾ ਖਲਕਤ ਪਈ ਪੁਕਾਰਦੀ, ਤੇਰੇ ਹੱਥ ਵਿਚ ਦਾਤਾ ਚਾਬੀ ਏ ਸਾਰੇ ਸੰਸਾਰ ਦੀ!'

ਜਰਨੈਲ ਸਿੰਘ ਅਰਸ਼ੀ ਨੇ ਤਾਂ ਖਿਝ ਕੇ ਇਹ ਵੀ ਆਖ ਦਿੱਤਾ ਸੀ, "ਏਥੇ ਨਾ ਤੂੰ ਆਈਂ ਬਾਬਾ! ਇਸ ਬੇੜੇ ਨੂੰ ਡੁੱਬ ਜਾਣ ਦੇ, ਬੰਨੇ ਨਾ ਤੂੰ ਲਾਈਂ ਬਾਬਾ!"

ਇਹ ਖਿਝ ਸ਼ਾਇਦ ਇਸੇ ਦੁੱਖ ਵਿਚੋਂ ਨਿਕਲੀ ਸੀ ਕਿ ਜੇ ਅਸੀਂ ਗੁਰੂ ਨਾਨਕ ਦੇ ਬੋਲਾਂ ਤੇ ਅਮਲਾਂ ਨੂੰ ਆਪਣੀ ਆਤਮਾ ਦਾ ਹਿੱਸਾ ਨਹੀਂ ਬਣਾਉਣਾ ਤਾਂ ਅਸੀਂ ਬਕੌਲ 'ਬਾਬੇ ਨਾਨਕ ਦੇ ਲੱਗਦੇ ਵੀ ਕੀ ਹਾਂ!'

ਅਮਰਜੀਤ ਸਿੰਘ ਵੜੈਚ ਨਾਂ ਦੇ ਕਿਸੇ ਕਵੀ ਨੇ ਦੱਸਿਆ ਕਿ ਸੰਗਰੂਰ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਕਵੀ ਦਰਬਾਰ ਕਰਵਾਇਆ ਜਾਣਾ ਸੀ। ਉਹਨੂੰ ਵੀ ਬਤੌਰ ਸ਼ਾਇਰ ਬੁਲਾਇਆ ਗਿਆ। ਸ਼ਾਇਰਾਂ ਦੀਆਂ ਕਵਿਤਾਵਾਂ ਪਹਿਲਾਂ ਹੀ ਪ੍ਰਵਾਨਗੀ ਲਈ ਮੰਗਵਾਈਆਂ ਗਈਆਂ ਸਨ। ਉਹਨੂੰ ਉਹਦੀ ਕਵਿਤਾ ਕਵੀ ਦਰਬਾਰ ਵਿਚ ਪੜ੍ਹਨ ਤੋਂ ਰੋਕ ਦਿੱਤਾ ਗਿਆ, ਕਿਉਂਕਿ ਉਹਦੀਆਂ ਕੁਝ ਸਤਰਾਂ ਇਸ ਤਰ੍ਹਾਂ ਸਨ,

ਬਾਬਾ ਹੁਣ ਨਾ ਆਵੀਂ ਏਥੇ,
ਆਇਆ ਤਾਂ ਪਛਤਾਵੇਂਗਾ!
ਏਥੇ ਬਚਿਆ ਕੋਈ ਨਹੀਂ ਲਾਲੋ,
ਰੋਟੀ ਕਿਥੋਂ ਖਾਵੇਂਗਾ।
ਗੁਰੂ ਘਰਾਂ ਦੀਆਂ ਗੋਲਕਾਂ ਉਤੇ
ਕਾਬਜ਼ ਵੱਡੇ ਲਾਣੇ ਨੇ,
ਭੁੱਖਿਆਂ ਸਾਧਾਂ ਲਈ ਹੁਣ ਤੂੰ
ਕਿੱਦਾਂ ਲੰਗਰ ਲਾਵੇਂਗਾ!

ਪਰ ਮੈਂ ਇਸੇ ਪ੍ਰਸੰਗ ਵਿਚ ਅੱਧੀ ਸਦੀ ਤੋਂ ਵੀ ਪਹਿਲਾਂ ਗੁਰੂ ਗੋਬਿੰਦ ਸਿੰਘ ਦੇ ਤਿੰਨ ਸੌ ਸਾਲਾ ਪ੍ਰਕਾਸ਼ ਪੁਰਬ ਸਮੇਂ ਲਿਖਿਆ ਸੀ, "ਕਿਸ ਨੂੰ ਉਡੀਕਦੇ ਹੋ, ਗੋਬਿੰਦ ਨੇ ਹੁਣ ਪਟਨੇ 'ਚੋਂ ਨਹੀਂ ਆਉਣਾ! ਮਸਤਕ ਤੋਂ ਹੱਥ ਤੱਕ, ਇਹੋ ਰਸਤਾ ਕੇਸਗੜ੍ਹ ਦੇ ਮੈਦਾਨ ਨੂੰ ਜਾਣਾ ਹੈ।"

ਸਿਧਾਂਤ ਤੋਂ ਤੁਰ ਕੇ ਅਮਲ ਵਿਚ ਆਉਣਾ ਹੀ ਗੁਰੂ ਦੇ ਰਾਹ 'ਤੇ ਤੁਰਨਾ ਹੈ। ਗੁਰੂ ਤਾਂ ਸਾਨੂੰ ਆਪਣੇ ਸ਼ਬਦ ਦੇ ਲੜ ਲਾ ਗਿਆ ਏ। ਜ਼ੁਲਮ ਵਿਰੁਧ ਲੜਨਾ ਵੀ ਸਿਖਾ ਗਿਆ ਏ। ਹੁਣ ਆਪਣੇ ਹਿੱਸੇ ਦੀ ਲੜਾਈ ਤਾਂ ਅਸੀਂ ਆਪ ਹੀ ਲੜਨੀ ਹੈ।

ਭਾਵੇਂ ਗੁਰੂ ਜੀ ਜਗਤ-ਗੁਰੂ ਹੀ ਸਨ ਅਤੇ ਸਾਰੀ ਦੁਨੀਆਂ ਦੇ ਲੋਕ ਤੇ ਉਨ੍ਹਾਂ ਦੇ ਦੁੱਖ ਵੀ ਉਨ੍ਹਾਂ ਦੇ ਆਪਣੇ ਸਨ ਅਤੇ ਉਨ੍ਹਾਂ ਦੇ ਉਧਾਰ ਲਈ ਉਹ ਬਗਦਾਦ, ਮੱਕੇ ਤੇ ਅਰਬ ਦੇਸ਼ਾਂ ਤੱਕ ਵੀ ਗਏ। ਪਰ ਇਕ ਗੱਲ ਯਾਦ ਰੱਖਣ ਵਾਲੀ ਹੈ ਕਿ ਹਿੰਦੁਸਤਾਨ ਉਨ੍ਹਾਂ ਦਾ ਮੂਲ ਸਰੋਕਾਰ ਬਣਿਆ ਰਿਹਾ। ਜਿਵੇਂ ਗੁਰੂ ਜੀ ਨੇ ਆਪਣਾ ਆਪਾ ਹਿੰਦੁਸਤਾਨ ਨਾਲ ਜੋੜ ਕੇ ਪੂਰੇ ਹਿੰਦੁਸਤਾਨ ਨੂੰ ਇਨਸਾਨਸਤਾਨ ਬਣਾਉਣ ਦੀ ਲੜਾਈ ਲੜੀ ਸੀ, ਅਸੀਂ ਵੀ ਉਸ ਲੜਾਈ ਦਾ ਹਿੱਸਾ ਬਣਨਾ ਹੈ ਜਾਂ ਉਸ ਲੜਾਈ ਤੋਂ ਮੂੰਹ ਮੋੜ ਕੇ ਅੱਜ ਗੁਰੂ ਨਾਨਕ ਦੇ ਨਾਮਲੇਵਾ ਲੋਕਾਂ ਨੂੰ ਕੀ ਧਰਮ-ਆਧਾਰਤ ਕਿਸੇ ਵੱਖਰੇ ਭੂਗੋਲਿਕ ਖਿੱਤੇ ਦੀ ਲੜਾਈ ਲੜਨੀ ਹੈ? ਇਹ ਸਵਾਲ ਵੀ ਸਾਨੂੰ ਬੜੀ ਗੰਭੀਰਤਾ ਨਾਲ ਆਪਣੇ ਆਪ ਨੂੰ ਪੁੱਛਣ ਦੀ ਲੋੜ ਹੈ।

## ਸਿੱਖੀ ਵੀ ਧਾਰਮਿਕ ਤੇ ਸਿਆਸੀ ਆਗੂਆਂ ਨੇ ਵਪਾਰ ਬਣਾ ਲਈ

ਅੱਜ ਸਾਰਾ ਜਗਤ, ਸਾਰਾ ਗਲੋਬ ਇਕ ਪਿੰਡ ਬਣ ਗਿਆ ਹੈ। ਗਲੋਬਲ ਪਿੰਡ ਦੇ ਹਵਾਲੇ ਨਾਲ ਇਕ ਹੋਰ ਗੱਲ ਵੀ ਕਰਦੇ ਜਾਈਏ। ਬੜਾ ਦਿਲਚਸਪ ਇਤਫਾਕ ਹੈ ਕਿ ਪੁਰਤਗਾਲ ਦਾ ਯਾਤਰੀ ਵਾਸਕੋ ਡੀ ਗਾਮਾ 1460 ਵਿਚ ਜਨਮ ਲੈਂਦਾ ਹੈ ਤੇ ਗੁਰੂ ਜੀ 1469 ਵਿਚ। ਦੋਵੇਂ ਅੱਗੜ ਪਿੱਛੜ ਸੰਸਾਰ ਯਾਤਰਾਵਾਂ 'ਤੇ ਨਿਕਲਦੇ ਹਨ। ਵਾਸਕੋ ਡੀ ਗਾਮਾ 1497 ਵਿਚ ਯਾਤਰਾ ਸ਼ੁਰੂ ਕਰ ਕੇ 20 ਮਈ 1498 ਵਿਚ ਕਾਲੀਕਟ ਦੀ ਬੰਦਰਗਾਹ 'ਤੇ ਪੈਰ ਰੱਖਦਾ ਹੈ ਤੇ 'ਗਲੋਬਲ ਸਾਮਰਾਜਵਾਦ' ਦੀ ਨੀਂਹ ਰੱਖਦਾ ਹੈ। ਦੂਜੇ ਪਾਸੇ ਗੁਰੂ ਜੀ ਵੀ ਇਨ੍ਹਾਂ ਹੀ ਸਾਲਾਂ ਵਿਚ ਆਪਣੀਆਂ ਉਦਾਸੀਆਂ 'ਤੇ ਨਿਕਲਦੇ ਨੇ, ਪਰ ਦੋਹਾਂ ਦੇ ਘਰੋਂ ਯਾਤਰਾਵਾਂ 'ਤੇ ਨਿਕਲਣ ਦੇ ਕਾਰਨ ਵੱਖੋ ਵੱਖਰੇ ਸਨ। ਇਕ ਵਪਾਰ ਕਰਨ ਲਈ ਨਿਕਲਿਆ, ਦੂਜਾ ਪਿਆਰ ਕਰਨ ਲਈ। ਇਕ ਨੇ ਸਾਮਰਾਜੀ ਮੁਲਕਾਂ ਲਈ ਧਨ-ਦੌਲਤ ਲੁੱਟਣ ਦੇ ਤੇ 'ਮੈਂ ਮੇਰੀ' ਲਈ ਰਾਹ ਖੋਲ੍ਹਣੇ ਸਨ, ਦੂਜੇ ਨੇ ਆਪਣੀ ਮੁਹੱਬਤ ਨਾਲ ਲੋਕਾਂ ਦੇ ਦਿਲਾਂ ਨੂੰ ਲੁੱਟਣਾ ਸੀ ਤੇ 'ਤੂੰ ਤੇਰਾ' ਦਾ ਸਬਕ ਦੇਣਾ ਸੀ। ਇਕ ਨੇ ਪੈਸੇ ਨੂੰ ਅੰਤਿਮ ਕੀਮਤ ਸਮਝ ਕੇ ਧਨ-ਦੌਲਤ ਦੇ ਨਾਲ-ਨਾਲ ਮਨੁੱਖਤਾ ਦੇ ਗੌਰਵ ਨੂੰ ਖੋਹਣਾ ਸੀ ਤੇ ਦੂਜੇ ਨੇ ਰਾਹੋਂ ਭਟਕੀ ਮਨੁੱਖਤਾ ਨੂੰ ਉਹਦਾ ਖੁੱਸਿਆ ਇਨਸਾਨੀ ਗੌਰਵ ਵਾਪਸ ਮੋੜਨਾ ਸੀ।

ਇਹ ਦੋ ਵਿਚਾਰਧਾਰਾਵਾਂ ਦੀ ਟੱਕਰ ਸੀ। ਅਫਸੋਸ ਅੱਜ ਸਾਰੇ ਸੰਸਾਰ ਉਤੇ ਵਾਸਕੋ ਡੀ ਗਾਮਾ ਦੀ ਧਿਰ, ਉਨ੍ਹਾਂ ਦੀ ਅੰਸ-ਬੰਸ ਦਾ ਝੰਡਾ ਝੁੱਲ ਰਿਹਾ ਹੈ। ਸਾਰੇ ਸੰਸਾਰ ਦੇ ਕਾਰ-ਵਿਹਾਰ ਤੇ ਵਪਾਰ 'ਤੇ ਉਨ੍ਹਾਂ ਦਾ ਕਬਜ਼ਾ ਹੈ, ਪਰ ਦੁੱਖ ਦੀ ਗੱਲ ਹੈ ਕਿ ਗੁਰੂ ਨਾਨਕ ਨੂੰ ਆਪਣਾ ਗੁਰੂ ਆਖਣ ਵਾਲੇ ਸਿੱਖਾਂ ਦੀ ਸਿੱਖੀ (ਗੁਰੂ ਨਾਨਕ ਦੀ ਸਿੱਖੀ ਨਹੀਂ) ਵੀ ਕੌਮਾਂਤਰੀ ਗੇੜਾ ਕੱਢ ਕੇ ਹੁਣ ਵਪਾਰ ਬਣ ਗਈ ਹੈ।

ਵਪਾਰ ਤਾਂ ਗੁਰੂ ਸਾਹਿਬ ਨੇ ਵੀ ਕੀਤਾ ਸੀ। ਪਹਿਲਾ ਵਪਾਰ, ਭੁੱਖੇ ਪਰ ਲੋੜਵੰਦ ਸਾਧਾਂ ਨੂੰ ਭੋਜਨ ਛਕਾ ਕੇ ਕੀਤਾ ਤੇ ਲੋੜਵੰਦਾਂ ਲਈ ਲੰਗਰ-ਪ੍ਰਥਾ ਦੀ ਨੀਂਹ ਰੱਖ ਦਿੱਤੀ। ਦੂਜਾ ਵਪਾਰ ਸੁਲਤਾਨਪੁਰ ਲੋਧੀ ਵਿਚ 'ਤੇਰਾ! ਤੇਰਾ!' ਤੋਲ ਕੇ ਕੀਤਾ। ਇਹ ਵਪਾਰ ਵਾਸਕੋ ਡੀ ਗਾਮਾ ਦੀ ਆਲ-ਔਲਾਦ ਦੀ 'ਮੈਂ-ਮੇਰੀ' ਵਾਲੀ ਸੋਚ ਤੋਂ ਮੂਲੋਂ ਵੱਖਰੀ 'ਤੂੰ-ਤੇਰੀ' ਦੀ ਸੋਚ ਨੂੰ ਪ੍ਰਣਾਇਆ ਹੋਇਆ ਸੀ। ਉਨ੍ਹਾਂ ਦਾ ਹੋਕਾ ਸੀ, 'ਸਚੁ ਵਾਪਾਰੁ ਕਰਹੁ ਵਾਪਾਰੀ॥' ਇਸ ਵਪਾਰ ਵਿਚ ਲੋਕਾਂ ਨੂੰ ਲੁੱਟਣ ਦਾ ਨਹੀਂ, ਲੋਕਾਂ ਦੇ ਭਲੇ ਲਈ ਆਪਣਾ ਆਪ ਲੁਟਾ ਦੇਣ ਦਾ ਵਚਨ ਸੀ।

ਪਰ ਅੱਜ ਗੁਰੂ ਨਾਨਕ ਦੇ ਸਿੱਖ ਅਖਵਾਉਣ ਵਾਲਿਆਂ ਵੱਲੋਂ ਆਪਣੇ ਨਿੱਜ ਲਈ ਤੇ ਨਾਨਕ ਦੇ ਲੋਕਾਂ ਨੂੰ ਲੁੱਟਣ ਲਈ ਸੈਂਕੜੇ ਵਪਾਰਕ ਅਦਾਰਿਆਂ, ਫੈਕਟਰੀਆਂ ਤੇ ਸਟੋਰਾਂ ਦੇ ਨਾਂ ਗੁਰੂ ਨਾਨਕ ਦੇ ਨਾਂ 'ਤੇ ਰੱਖੇ ਮਿਲ ਜਾਂਦੇ ਹਨ, ਜਿਵੇਂ ਗੁਰੂ ਜੀ ਦਾ ਉਨ੍ਹਾਂ ਦੇ ਕੂੜ-ਮੁਨਾਫੇ ਵਿਚ ਕੋਈ ਹਿੱਸਾ ਹੋਵੇ! ਗੁਰੂ ਨਾਨਕ ਕਰਿਆਨਾ ਸਟੋਰ, ਗੁਰੂ ਨਾਨਕ ਜਿਊਲਰਜ਼, ਗੁਰੂ ਨਾਨਕ ਬੈਟਰੀ ਸਟੋਰ, ਗੁਰੂ ਨਾਨਕ ਫਰਨੀਚਰ ਹਾਊਸ, ਗੁਰੂ ਨਾਨਕ ਸੀਡ ਸਟੋਰ, ਗੁਰੂ ਨਾਨਕ ਕਲੌਥ ਹਾਊਸ, ਗੁਰੂ ਨਾਨਕ ਕੋਲਡ ਸਟੋਰ, ਗੁਰੂ ਨਾਨਕ ਮੈਡੀਕਲ ਸਟੋਰ ਜਿਹੇ ਹਜ਼ਾਰਾਂ ਨਾਂ ਤੁਸੀਂ ਪੜ੍ਹੇ-ਸੁਣੇ ਤੇ ਵੇਖੇ ਨੇ! ਬਾਹਰਲੇ ਮੁਲਕਾਂ ਵਿਚ ਤਾਂ ਬਹੁਤ ਸਾਰੇ ਗੁਰਦੁਆਰੇ ਵੀ ਗੁਰੂ ਜਾਂ ਸੰਗਤ ਦੇ ਨਹੀਂ। ਬੰਦਿਆਂ ਦੇ ਨਿਜੀ ਹਨ।

ਬੜੇ ਦੁੱਖ ਦੀ ਗੱਲ ਹੈ ਕਿ ਧਰਮ ਵਪਾਰ ਬਣਾ ਦਿੱਤੇ ਜਾਣ ਕਰ ਕੇ ਲੋਕਾਂ ਦੇ ਦਿਲਾਂ ਵਿਚੋਂ ਪੰਖ ਲਾ ਕੇ ਉਡ ਗਿਆ ਹੈ। ਅਸੀਂ ਛਿੱਲੜਾਂ ਚੁੱਕੀ ਫਿਰਦੇ ਹਾਂ, ਗਿਰੀ ਗਵਾ ਬੈਠੇ ਹਾਂ। ਸ਼ਬਦ ਰਟਣ ਦਾ ਮਾਣ ਕਰਦੇ ਹਾਂ, ਅਰਥਾਂ ਨਾਲੋਂ ਵਾਹ-ਵਾਸਤਾ ਤੋੜ ਬੈਠੇ ਹਾਂ। ਗੁਰੂ ਸਾਹਿਬ ਦੀ ਵਿਚਾਰਧਾਰਕ ਪ੍ਰਸੰਗਕਤਾ ਜਾਂ ਸਾਰਥਕਤਾ ਦਾ ਸਾਰਾ ਭੇਤ ਸਾਡੀ ਇਸੇ ਵਿਹਾਰਕ ਦੁਖੰਡਤਾ ਵਿਚ ਪਿਆ ਹੈ। ਅਸੀਂ ਇਸੇ ਦੁਖੰਡਤਾ ਨੂੰ ਸਮਝਣ ਦੀ ਕੋਸ਼ਿਸ਼ ਹੀ ਕਰਨੀ ਹੈ।

## ਅਸਮਾਨ ਦਾ ਨਹੀਂ ਧਰਤੀ ਦਾ ਫਲਸਫਾ

ਗੱਲ ਅੱਗੇ ਤੋਰਨ ਲਈ ਮੈਨੂੰ ਭਾਈ ਗੁਰਦਾਸ ਜੀ ਦੀ ਸੱਚੇ ਪਾਤਸ਼ਾਹ ਬਾਰੇ ਲਿਖੀ ਵਾਰ ਦੀਆਂ ਪਹਿਲੀਆਂ ਦੋ ਪੰਕਤੀਆਂ ਦਾ ਆਸਰਾ ਲੈਣਾ ਪੈਣਾ ਹੈ,

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ
ਤਾਰੇ ਛਪੇ ਅੰਧੇਰ ਪਲੋਆ॥

ਅਰਥ ਤੁਸੀਂ ਸਾਰੇ ਹੀ ਜਾਣਦੇ ਹੋ। ਗੁਰੂ ਨਾਨਕ ਸਾਹਿਬ ਦਾ ਪਰਗਟ ਹੋਣਾ ਗਿਆਨ ਦਾ ਸੂਰਜ ਚੜ੍ਹਨ ਵਾਂਗ ਸੀ, ਜਿਸ ਦੇ ਚਾਨਣ ਵਿਚ ਅਗਿਆਨ, ਕੁਤਰਕ ਤੇ ਅਧਰਮ ਦੀ ਧੁੰਦ ਤੇ ਹਨੇਰਾ ਦੂਰ ਹੋ ਗਿਆ। ਜਦੋਂ ਸੂਰਜ ਚੜ੍ਹਦਾ ਹੈ ਤਾਂ ਉਹਦੇ ਚਾਨਣ ਵਿਚ ਧੁੰਦ ਤੇ ਹਨੇਰਾ ਹੀ ਦੂਰ ਨਹੀਂ ਹੁੰਦੇ, ਤਾਰੇ ਵੀ ਛਿਪ ਜਾਂਦੇ ਹਨ। ਧੁੰਦ ਤੇ ਹਨੇਰਾ ਤਾਂ ਨਾਂਹ-ਵਾਚਕ ਸ਼ਬਦ ਨੇ ਪਰ ਤਾਰੇ ਨਾਂਹ-ਵਾਚਕ ਨਹੀਂ ਹਨ। ਉਹ ਤਾਂ ਟਿਮਟਮਾਉਂਦੀ ਰੌਸ਼ਨੀ ਦਾ ਸੋਮਾ ਹਨ। ਰਾਤ ਦੇ ਹਨੇਰੇ ਵਿਚ ਖਿਲਰੇ ਛੋਟੇ ਛੋਟੇ ਚਾਨਣ ਹਨ, ਪਰ ਜਦ ਸੂਰਜ ਚੜ੍ਹਦਾ ਹੈ ਤਾਂ ਚਾਨਣ ਦੇ ਇਹ ਨਿੱਕੇ ਸੋਮੇ ਵੀ ਛਿਪ ਜਾਂਦੇ ਹਨ। ਅਸਲ ਰਮਜ਼ ਏਹੋ ਹੈ ਸਮਝਣ ਵਾਲੀ।

ਜੇ ਗੁਰੂ ਸਾਹਿਬ ਦੀ ਵਿਚਾਰਧਾਰਾ, ਫਲਸਫਾ ਸੂਰਜ ਸੀ ਤਾਂ ਛੋਟੇ ਛੋਟੇ ਚਾਨਣ ਬਿਖੇਰਦੇ ਇਹ ਤਾਰੇ ਕੀ ਸਨ? ਇਹ ਭਾਰਤ ਦੇ, ਸੰਸਾਰ ਦੇ ਉਹ ਫਲਸਫੇ ਸਨ, ਜੋ ਆਪਣੀ ਥਾਂ 'ਤੇ ਹੋ ਸਕਦਾ ਹੈ, ਬੜੇ ਵੱਡੇ ਹੋਣ, ਮਹਾਨ ਹੋਣ; ਕਿਉਂਕਿ ਅਸੀਂ ਜਾਣਦੇ ਹਾਂ ਕਿ ਇਸ ਬ੍ਰਹਿਮੰਡ ਵਿਚ ਸਾਡੇ ਸੂਰਜ ਮੰਡਲ ਵਰਗੇ ਤੇ ਇਸ ਤੋਂ ਵੱਡੇ ਸੂਰਜ ਮੰਡਲ ਵੀ ਹਨ। ਕਈ ਤਾਰੇ ਸਾਡੇ ਸੂਰਜ ਤੋਂ ਵੀ ਕਈ ਗੁਣਾ ਵੱਡੇ ਹਨ, ਪਰ ਉਹ ਸਾਡੀ ਧਰਤੀ ਤੋਂ ਲੱਖਾਂ ਮੀਲ ਦੂਰ ਹਨ। ਏਨੀ ਦੂਰ ਕਿ ਕਈਆਂ ਦੀ ਤਾਂ ਰੌਸ਼ਨੀ ਲੱਖਾਂ ਸਾਲਾਂ ਬਾਅਦ ਧਰਤੀ 'ਤੇ ਅੱਪੜਦੀ ਹੈ ਤੇ ਕਿਹਾ ਜਾਂਦਾ ਹੈ ਕਿ ਕਈਆਂ ਦੀ ਤਾਂ ਅਜੇ ਤੱਕ ਨਹੀਂ ਪਹੁੰਚੀ। ਸੋ ਤਾਰਿਆਂ ਜਿਹੇ ਇਹ ਫਲਸਫੇ ਲੱਖ ਮਹਾਨ ਤੇ ਵੱਡੇ ਹੋਣ, ਪਰ ਉਨ੍ਹਾਂ ਦਾ ਨਿੱਘ ਤੇ ਰੌਸ਼ਨੀ ਲੋਕਾਂ ਦਾ ਕੁਝ ਨਹੀਂ ਸਵਾਰਦੀ।

ਨਿੱਘ ਹੈ ਨਾ ਰੌਸ਼ਨੀ ਹੈ,
ਇਹ ਕੇਹੀ ਦੋਸਤੀ ਹੈ।

ਗੁਰੂ ਸਾਹਿਬ ਦਾ ਸੂਰਜੀ ਫਲਸਫਾ ਇਸ ਕਰ ਕੇ ਮਹਾਨ ਸੀ, ਕਿਉਂਕਿ ਇਹ ਜ਼ੁਲਮ-ਜਬਰ ਦੀ ਕੜਕਦੀ ਠੰਢ ਵਿਚ ਠਰਦੀ ਕੰਬਦੀ ਲੋਕਾਈ ਨੂੰ ਨਿੱਘ ਦਿੰਦਾ ਸੀ, ਕੂੜ ਕੁਸੱਤ ਬੋਲਣ, ਕਰਨ ਵਾਲੀ ਗਿਆਨ ਵਿਹੂਣੀ ਅੰਨ੍ਹੀ ਪਰਜਾ ਨੂੰ ਰੌਸ਼ਨੀ ਦਿੰਦਾ ਸੀ, ਅੱਖਾਂ ਦਿੰਦਾ ਸੀ। ਸਦੀਆਂ ਪਿੱਛੋਂ ਲੋਕਾਂ ਨੂੰ ਲੱਗਾ, ਇਹ ਤਾਂ ਕੋਈ ਉਨ੍ਹਾਂ ਦੇ ਦੁੱਖਾਂ-ਦਰਦਾਂ ਨੂੰ ਸਮਝਣ ਵਾਲਾ, ਉਨ੍ਹਾਂ ਦੇ ਡੂੰਘੇ ਜ਼ਖ਼ਮਾਂ 'ਤੇ ਮਰਮ ਲਾਉਣ ਵਾਲਾ ਉਨ੍ਹਾਂ ਦਾ ਕੋਈ ਡਾਢਾ ਦਰਦੀ ਆ ਗਿਆ ਹੈ। ਜਦੋਂ ਗੁਰੂ ਸਾਹਿਬ ਨੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਆਖ ਕੇ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਦੇ ਅੰਦਾਜ਼ ਵਿਚ ਬਾਹਵਾਂ ਖੋਲ੍ਹੀਆਂ ਤਾਂ ਦੁਖੀ-ਲਤਾੜੀ ਮਨੁੱਖਤਾ ਧਾਹ ਕੇ ਉਨ੍ਹਾਂ ਦੇ ਗਲ ਨਾਲ ਆਣ ਲੱਗੀ।

## ਬੀਮਾਰੀ ਦੀ ਤਸ਼ਖ਼ੀਸ਼: ਜਾਤ-ਪਾਤ ਤੇ ਧਰਮ ਨਹੀਂ ਇਨਸਾਨੀ ਪਛਾਣ ਪ੍ਰਮੁੱਖ

ਮਨੁੱਖਤਾ ਦੇ ਦੁੱਖ ਕੀ ਸਨ, ਜ਼ਖ਼ਮ ਕੀ ਸਨ ਤੇ ਮਰਮ ਕੀ ਸੀ? ਇਸੇ ਸਮਝ ਵਿਚ ਗੁਰੂ ਜੀ ਦੇ ਵਿਚਾਰਾਂ ਦੀ ਪ੍ਰਸੰਗਕਤਾ ਦਾ ਰਹੱਸ ਪਿਆ ਹੈ। ਦੁੱਖ ਦੀ ਦਵਾਈ ਦੇਣ ਜਾਂ ਜ਼ਖ਼ਮ 'ਤੇ ਮਰਮ ਲਾਉਣ ਤੋਂ ਪਹਿਲਾਂ ਬੀਮਾਰੀ ਦੀ ਤਸ਼ਖ਼ੀਸ਼ ਕਰਨੀ ਬਹੁਤ ਜ਼ਰੂਰੀ ਹੈ। ਇਸੇ ਤਸ਼ਖ਼ੀਸ਼ ਦਾ ਸਿੱਟਾ ਹੀ ਸੀ, ਉਨ੍ਹਾਂ ਦਾ ਸੰਕੇਤਕ ਤੌਰ 'ਤੇ ਵੇਈਂ ਵਿਚ ਚੁੱਭੀ ਲਾਉਣਾ, ਜੋ ਅਸਲ ਵਿਚ ਅੰਤਰ-ਮਨ ਵਿਚ ਚੁੱਭੀ ਲਾਉਣਾ ਸੀ। ਕਿਸੇ ਅੰਤਿਮ ਫੈਸਲੇ 'ਤੇ ਪੁੱਜਣਾ ਸੀ। ਉਸ ਵੇਲੇ ਦੇਸ਼ ਵਿਚ ਦੋ ਮੁੱਖ ਧਰਮ ਸਨ-ਹਿੰਦੂ ਤੇ ਇਸਲਾਮ। ਦੋਵੇਂ ਇਕ ਦੂਜੇ ਦੇ ਵਿਰੋਧੀ। ਇਕ ਹਾਕਮ ਦਾ ਧਰਮ, ਇਕ ਮਹਿਕੂਮ ਦਾ। ਇਕ ਹਮਲਾਵਰ, ਦੂਜਾ ਆਤਮ ਸੁਰੱਖਿਆ ਦੇ ਪੈਂਤੜੇ ਤੋਂ ਆਪਣੇ ਘੁਰਨਿਆਂ ਵਿਚ ਸਿਰ ਘਸੋੜ ਕੇ ਬੈਠਾ ਹੋਇਆ।

ਨਾ ਹਮ ਹਿੰਦੂ ਨਾ ਮੁਸਲਮਾਨ ਤਾਂ ਮੈਂ ਹਾਂ ਕੌਣ? ਕਿਉਂਕਿ ਉਹ ਅੰਤਰ-ਮਨ ਵਿਚ ਡੂੰਘੀ ਝਾਤ ਮਾਰ ਕੇ ਜਾਣ ਚੁਕੇ ਸਨ ਕਿ:

ਹਿੰਦੂ ਨੂੰ ਅਜੇ ਵੇਦਾਂ 'ਚੋਂ
ਭਗਵਾਨ ਨਹੀਂ ਲੱਭਾ।
ਮੱਕੇ 'ਚੋਂ ਮੁੱਲਾਂ ਨੂੰ
ਅਜੇ ਈਮਾਨ ਨਹੀਂ ਲੱਭਾ।
ਉਸ ਇਨਸਾਨ ਨੂੰ ਅਸਮਾਨ 'ਚੋਂ
ਭਗਵਾਨ ਕੀ ਲੱਭੇ,
ਜਿਸ ਇਨਸਾਨ ਨੂੰ ਇਨਸਾਨ 'ਚੋਂ
ਇਨਸਾਨ ਨਹੀਂ ਲੱਭਾ।

ਪ੍ਰਮੇਸ਼ਰ ਨਹੀਂ, ਮੈਂ ਸਾਹ ਲੈਣ ਵਾਲਾ ਆਦਮੀ ਹਾਂ।

ਜੇ ਹਿੰਦੂ ਜਾਂ ਮੁਸਲਮਾਨ ਨਹੀਂ ਤਾਂ ਫਿਰ ਸਾਫ ਜ਼ਾਹਰ ਸੀ ਕਿ ਮੈਂ ਇਨਸਾਨ ਹਾਂ। ਉਹ ਨਾ ਆਪਣੇ ਆਪ ਨੂੰ ਭਗਵਾਨ ਕਹਿੰਦੇ ਨੇ, ਨਾ ਰਸੂਲ, ਨਾ ਪੈਗੰਬਰ, ਨਾ ਰੱਬ ਦਾ ਪੁੱਤਰ। ਉਹ ਕਹਿੰਦੇ ਹਨ, 'ਹਮ ਆਦਮੀ ਹੈ ਇਕ ਦਮੀ, ਮੁਹਲਤਿ ਮੁਹਤਿ ਨਾ ਜਾਣਾ।' ਮੈਂ ਤਾਂ ਸਾਹ ਲੈਣ ਵਾਲਾ ਉਹ ਜੀਵ ਹਾਂ, ਜਿਸ ਨੂੰ ਆਪਣੇ ਅਗਲੇ ਸਾਹ ਦੇ ਆਉਣ ਜਾਂ ਨਾ ਆਉਣ ਦਾ ਭਰੋਸਾ ਨਹੀਂ, ਮੈਨੂੰ ਆਪਣੇ ਸਾਹ ਦੀ ਮੁਹਲਤ ਜਾਂ ਮਿਆਦ ਦੀ ਜਾਣਕਾਰੀ ਨਹੀਂ। ਜਿਸ ਵਿਅਕਤੀ ਨੂੰ ਆਪਣੇ ਸਾਹ ਦੀ ਮੁਹਲਤ ਤੇ ਮਿਆਦ ਦਾ ਵੀ ਪਤਾ ਨਹੀਂ, ਉਹ ਰੱਬ ਜਾਂ ਪਰਮੇਸ਼ਰ ਹੋਣ ਦਾ ਦਾਅਵਾ ਕਿਵੇਂ ਕਰ ਸਕਦਾ ਏ? ਖਾਸ ਤੌਰ 'ਤੇ ਉਹ ਮਹਾਂਪੁਰਸ਼, ਜੋ ਇਹ ਜਾਣਦਾ, ਕਹਿੰਦਾ ਤੇ ਪ੍ਰਚਾਰਦਾ ਰਿਹਾ ਏ ਕਿ ਪਰਮਾਤਮਾ ਤਾਂ ਅਜੂਨੀ ਹੈ।

ਜਦ ਮੱਕੇ ਵਿਚ ਕਾਅਬੇ ਵੱਲ ਲੱਤਾਂ ਕਰ ਕੇ ਲੰਮੇ ਪੈ ਗਏ ਸਨ ਤਾਂ ਆ ਕੇ ਕਾਜ਼ੀ ਨੇ ਪੁੱਛਿਆ ਸੀ ਕਿ ਤੂੰ ਹਿੰਦੂ ਏਂ ਜਾਂ ਮੁਸਲਮਾਨ? ਤਦ ਗੁਰੂ ਜੀ ਦਾ ਜਵਾਬ ਸੀ, "ਪਾਂਚ ਤੱਤ ਕਾ ਪੁਤਲਾ, ਨਾਨਕ ਮੇਰਾ ਨਾਉਂ।"

ਸਵਾਲ ਹੁਣ ਇਨਸਾਨੀ ਪਛਾਣ ਨੂੰ ਮਾਣ ਤੇ ਸਥਾਨ ਦਿਵਾਉਣ ਦਾ ਸੀ। ਆਪਣੇ ਆਪ ਨੂੰ ਆਦਮੀ ਕਹਿਣਾ, ਮੰਨਣਾ ਤੇ ਪ੍ਰਚਾਰਨਾ ਦੂਜੇ ਆਦਮੀਆਂ ਨਾਲ ਅਪਣੱਤ ਦਾ ਰਿਸ਼ਤਾ ਜੋੜਨਾ ਸੀ। ਇਹ ਅੰਬਰਾਂ ਤੋਂ ਉਤਰ ਕੇ ਧਰਤੀ 'ਤੇ ਧਰਤੀ ਦੇ ਲੋਕਾਂ ਵਿਚ ਆ ਜਾਣ ਵਾਂਗ ਸੀ। ਉਨ੍ਹਾਂ ਜਿਹਾ ਹੋ ਜਾਣਾ ਸੀ। ਅਸਮਾਨ 'ਤੇ ਰਹਿਣ-ਵੱਸਣ ਵਾਲੇ ਕਿਸੇ ਮਹਾਂਪੁਰਸ਼ ਨੂੰ ਤੁਸੀਂ ਆਪਣੇ ਦਿਲ ਦਾ

(ਬਾਕੀ ਅਗਲੇ ਸਫੇ 'ਤੇ)

ਦੁਖੜਾ ਕਿਵੇਂ ਦੱਸ ਸਕਦੇ ਓ? ਉਹਦੇ ਗਲ ਨਾਲ ਕਿਵੇਂ ਲੱਗ ਸਕਦੇ ਓ? ਗਲ ਤਾਂ ਤੁਸੀਂ ਓਸੇ ਮਹਾਂਪੁਰਸ਼ ਦੇ ਲੱਗ ਸਕਦੇ ਓ, ਜੋ ਤੁਹਾਡੇ ਜਿਹਾ ਬਣ ਕੇ ਤੁਹਾਡੇ ਸਾਹਮਣੇ ਤੁਹਾਡੀਆਂ ਅੱਖਾਂ 'ਚ ਅੱਖਾਂ ਪਾ ਕੇ ਖਲੋਤਾ ਹੋਵੇ। ਇਹੋ ਕਾਰਨ ਸੀ, ਜਦ ਗੁਰੂ ਸਾਹਿਬ ਉਨ੍ਹਾਂ ਦੇ ਦਿਲਾਂ ਦੇ ਦਰਦੀ ਬਣ ਕੇ ਅਸਮਾਨ ਤੋਂ ਉਤਰ ਕੇ ਧਰਤੀ 'ਤੇ ਆਣ ਖਲੋਤੇ ਉਨ੍ਹਾਂ ਦੇ ਰੋਗਾਂ ਦੇ ਵੈਦ ਬਣ ਕੇ ਅਤੇ ਉਨ੍ਹਾਂ ਦੀ ਆਪਣੀ ਦੇਹ-ਜਾਨ ਬਣ ਕੇ ਮੁਹੱਬਤ ਨਾਲ ਆਪਣੀਆਂ ਬਾਹਾਂ ਖੋਲ੍ਹ ਕੇ ਉਨ੍ਹਾਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਹਿੱਕ ਨਾਲ ਲਾ ਲਿਆ।

## ਨਵੇਂ ਮਨੁੱਖ ਦੀ ਘਾੜਤ

ਪਰ ਗੱਲ ਏਥੇ ਹੀ ਤਾਂ ਨਹੀਂ ਸੀ ਮੁੱਕ ਜਾਣੀ ਕਿ ਮੈਂ ਤੁਹਾਡੇ ਜਿਹਾ ਆਦਮੀ ਹੀ ਹਾਂ। ਅਗਲੀ ਗੱਲ ਸਾਫ ਕਰਨ ਦੀ ਲੋੜ ਸੀ ਕਿ ਜੇ ਆਦਮੀ ਵੀ ਹਾਂ ਤਾਂ ਕਿਸ ਤਰ੍ਹਾ ਦਾ ਆਦਮੀ ਹਾਂ ਜਾਂ ਆਦਮੀ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ?

ਅਸਲ ਵਿਚ ਗੁਰੂ ਨਾਨਕ ਸਾਹਿਬ ਇਕ ਨਵੇਂ ਮਨੁੱਖ ਦੀ ਸਿਰਜਣਾ ਕਰਨਾ ਚਾਹ ਰਹੇ ਸਨ। ਉਹ ਆਪਣੀ ਬਾਣੀ ਵਿਚ ਜਿਹੜੀ 'ਅਨੂਪ ਘਾੜਤ' ਕਰਨ ਦੀ ਗੱਲ ਕਰਦੇ ਨੇ, ਉਹ ਅਸਲ ਵਿਚ ਸੁਰਤ, ਮੱਤ, ਮਨ, ਬੁੱਧ ਦੀ ਘਾੜਤ ਦੀ ਵੀ ਹੈ।

ਸੋ ਉਨ੍ਹਾਂ ਦਾ ਉਦੇਸ਼ ਮਨੁੱਖ ਦੀ ਬੌਧਿਕ, ਭਾਵੁਕ ਤੇ ਆਤਮਕ ਘਾੜਤ ਕਰਨਾ ਵੀ ਹੈ। ਜਿਹੜੇ ਮਨੁੱਖ ਨੂੰ ਗੁਰੂ ਸਾਹਿਬ ਘੜਨਾ ਤੇ ਜਿਸ ਲਈ ਲੜਨਾ ਹੈ, ਉਸ ਬਾਰੇ ਵੀ ਉਹ ਨਿਰਣਾ ਦਿੰਦਿਆਂ ਕਹਿੰਦੇ ਹਨ ਕਿ ਉਹ ਹਾਸ਼ੀਏ 'ਤੇ ਧੱਕ ਦਿੱਤੇ ਗਏ ਤਥਾਕਥਿਤ ਨੀਚਾਂ ਦੀ ਧਿਰ ਹਨ। ਪੈਰ ਦੀ ਜੁੱਤੀ ਆਖ ਕੇ ਦੁਰਕਾਰੀ ਗਈ ਔਰਤ ਨੂੰ ਮਾਨਵੀ ਗੌਰਵ ਦੇਣ ਵਾਲੀ ਧਿਰ ਹਨ। ਉਹ ਮਜ਼੍ਹਬਾਂ ਵਿਚ ਵੰਡੇ ਤੇ ਜਾਤ-ਪਾਤੀ ਸਮਾਜ ਵਿਚ ਦਰਜਾਬੰਦੀ ਦੇ ਲਿਹਾਜ਼ ਨਾਲ ਸਭ ਤੋਂ ਹੇਠਲੇ ਦਰਜੇ 'ਤੇ ਖਲੋਤੇ ਲਾਲੋਆਂ ਤੇ ਮਰਦਾਨਿਆਂ ਦੇ ਯਾਰ ਹਨ। ਉਨ੍ਹਾਂ ਦਾ ਸੰਘਰਸ਼ ਤੇ ਸੁਪਨਾ ਸਰਬ-ਸਾਂਝੀਵਾਲਤਾ ਦਾ, ਮਨੁੱਖੀ ਬਰਾਬਰੀ ਤੇ ਉਨ੍ਹਾਂ ਤਾਕਤਾਂ ਵਿਰੁਧ ਨਾਬਰੀ ਦਾ ਹੈ ਜਿਨ੍ਹਾਂ ਤਾਕਤਾਂ ਨੇ ਸਾਧਾਰਨ ਮਨੁੱਖ ਕੋਲੋਂ ਉਹਦਾ ਮਾਨਵੀ ਗੌਰਵ ਖੋਹ ਲਿਆ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਗਲ ਨਾਲ ਲਾ ਕੇ ਉਨ੍ਹਾਂ ਦੀ ਖੋਹੀ ਗਈ ਇਨਸਾਨੀਅਤ ਹੀ ਉਨ੍ਹਾਂ ਨੂੰ ਨਾ ਮੋੜੀ ਸਗੋਂ ਇਨਸਾਨੀ ਅਜ਼ਮਤ ਦੀ ਬਹਾਲੀ ਲਈ ਲੜਨ ਦਾ ਭਰੋਸਾ ਤੇ ਜਿਗਰਾ ਵੀ ਦਿੱਤਾ। ਹੁਣ ਤੱਕ ਮੰਗ ਖਾਣੀ ਸਮਝੀ ਜਾਂਦੀ ਜਾਤ ਮਿਰਾਸੀ ਦਾ ਮਰਦਾਨਾ ਉਮਰ ਭਰ ਦਾ ਸੰਗੀ ਬਣਾ ਲੈਂਦੇ ਨੇ।

ਹਿੰਦੂ ਮੁਸਲਮਾਨ ਦਾ ਵਿਤਕਰਾ ਭੁਲਾ ਕੇ, ਜਾਤ-ਪਾਤ ਨੂੰ ਰੱਦ ਕਰ ਕੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਨਾਅਰਾ ਬੁਲੰਦ ਕਰ ਕੇ ਇਨਸਾਨੀ ਏਕਤਾ ਅਤੇ ਸਰਬ-ਸਾਂਝੇ ਸਭਿਆਚਾਰ ਦੀ ਨੀਂਹ ਰੱਖੀ। ਇਹ ਸੁਨੇਹਾ ਪੰਜਾਬ ਲਈ ਹੀ ਨਹੀਂ, ਸਾਰੇ ਹਿੰਦੁਸਤਾਨ ਲਈ ਸੀ। ਸਗੋਂ ਸਾਰੀ ਦੁਨੀਆਂ ਲਈ ਸੀ।

## ਆਜ਼ਾਦੀ ਤੇ ਲੋਕਤਾ ਦੀ ਜੰਗ

ਸੋ ਗੁਰੂ ਜੀ ਮਾਨਵੀ ਗੌਰਵ ਤੋਂ ਵਿਰਵੀ ਕਰ ਦਿੱਤੀ ਗਈ ਤੇ ਹਾਸ਼ੀਏ 'ਤੇ ਧੱਕ ਦਿੱਤੀ ਗਈ ਅਜਿਹੀ ਹਰੇਕ ਧਿਰ ਦੀ ਦੁਸ਼ਮਣ ਰਾਜ ਸੱਤਾ, ਧਰਮ ਸੱਤਾ ਤੇ ਸਮਾਜਕ ਸੱਤਾ ਦੇ ਨਾਲ ਉਨ੍ਹਾਂ ਦੀ ਜੰਗ ਹੈ। ਰਾਜੇ ਉਨ੍ਹਾਂ ਲਈ ਸ਼ੀਂਹ ਹਨ, ਮੁਕੱਦਮ ਕੁੱਤੇ ਹਨ। ਪੰਡਿਤ ਤੇ ਮੌਲਵੀ ਧਰਮ ਦਾ ਤੱਤ ਗਵਾ ਕੇ ਦਿੱਖ ਦੇ ਪੂਜਕ ਬਣ ਬੈਠੇ ਤੇ ਲੋਕਾਂ ਨੂੰ ਲੁੱਟ ਰਹੇ ਨੇ। ਇਹ ਜੰਗ ਇਕ ਸ਼ਾਇਰ ਦੀ ਜੰਗ ਵੀ ਹੈ। ਲੋਕਤਾ ਦੀ ਆਜ਼ਾਦੀ ਦੀ ਜੰਗ ਵੀ ਹੈ।

ਇਹ ਜੰਗ ਓਹੋ ਸ਼ਾਇਰ ਜਾਂ ਸੱਚ ਦਾ ਆਸ਼ਕ ਹੀ ਲੜ ਸਕਦਾ ਏ, ਜਿਸ ਵਿਚ ਬੇਖੌਫ ਹੋ ਕੇ ਓਸ ਵੇਲੇ ਸੱਚ ਬੋਲਣ ਦੀ ਜੁਰਅਤ ਤੇ ਜੇਰਾ ਹੋਵੇ, ਜਦੋਂ ਸੱਚ ਬੋਲਣ ਦੀ ਅਸ਼ਦ ਲੋੜ ਹੋਵੇ। ਸਮਾਂ ਬੀਤਣ ਬਾਅਦ ਬੋਲਿਆ ਸੱਚ ਕੋਈ ਅਰਥ ਨਹੀਂ ਰੱਖਦਾ। ਕੀ ਤੁਹਾਨੂੰ ਨਹੀਂ ਲੱਗਦਾ ਕਿ ਅਜੋਕੇ ਸਮਿਆਂ ਵਿਚ ਸਾਹਿਤਕਾਰ ਨੂੰ ਸੱਚ ਬੋਲਣ ਦੀ ਸਭ ਤੋਂ ਵੱਧ ਲੋੜ ਹੈ, ਕਿਉਂਕਿ ਹੁਣ ਵੀ ਸੱਚ ਬੋਲਣ ਦਾ ਬਹੁਤ ਮੁਨਾਸਬ ਮੌਕਾ ਹੈ। ਜੇ ਨੀਚਾਂ, ਨਿਮਾਣਿਆਂ, ਨਿਤਾਣਿਆਂ ਦੀ ਧਿਰ ਬਣਨਾ ਹੈ ਤਾਂ ਉਨ੍ਹਾਂ ਦੇ ਜੀਵਨ ਨੂੰ ਬਦਲਣ ਲਈ ਲੜਨਾ ਤੇ ਬੋਲਣਾ ਵੀ ਪੈਣਾ ਸੀ। ਸੱਚ ਦੀ ਆਵਾਜ਼ ਬੁਲੰਦ ਕਰਨੀ ਪੈਣੀ ਸੀ। 'ਸੱਚ ਸੁਣਾਇਸੀ ਸੱਚ ਕੀ ਬੇਲਾ॥' ਲੋਕਾਂ ਨੂੰ ਲੁੱਟਣ ਵਾਲੇ ਰਾਜਿਆਂ ਨੂੰ ਸ਼ੀਂਹ ਤੇ ਅਹਿਲਕਾਰਾਂ ਨੂੰ ਕੁੱਤੇ ਆਖਣ ਦਾ ਜੇਰਾ ਹੋਵੇ, ਪਰ ਬੋਲੂ ਓਹੋ ਹੀ ਸਾਹਿਤਕਾਰ ਜਾਂ ਸੂਰਮਾ, ਜੋ ਗੁਰੂ ਨਾਨਕ ਦਾ ਸੱਚਾ ਸਿੱਖ ਹੋਊ।

ਸਵਾਲ ਕੀਤਾ ਜਾ ਸਕਦਾ ਹੈ ਕਿ 'ਸੱਚੁ ਸੁਣਾਇਸੀ, ਸੱਚ ਕੀ ਬੇਲਾ!' ਦਾ ਪਾਠ ਕਰਨ ਵਾਲਿਆਂ ਵਿਚ ਕੀ ਏਨਾ ਜੇਰਾ ਤੇ ਜੁਰਅਤ ਹੈ ਕਿ ਹੁਣ ਜਦ ਸੱਚ ਬੋਲਣ ਦੀ ਸਭ ਤੋਂ ਵੱਧ ਲੋੜ ਹੈ ਤਾਂ ਸੱਚ ਬੋਲ ਸਕਦੇ ਹੋਣ? ਤੇ ਅੱਜ ਜਦ ਸਾਰਾ ਹਿੰਦੁਸਤਾਨ ਡਰਿਆ ਬੈਠਾ ਏ। ਧਰਤੀ ਦੇ ਰੱਬ ਬਣ ਬੈਠੇ ਗੱਦੀਆਂ 'ਤੇ ਬੈਠੇ ਰਾਜਿਆਂ ਨੂੰ ਕਹਿ ਸਕਦੇ ਹਾਂ ਕਿ ਜਦੋਂ ਬੇਦੋਸ਼ਿਆਂ ਨੂੰ ਨਫਰਤੀ ਭੀੜਾਂ ਗਲੀਆਂ-ਬਾਜ਼ਾਰਾਂ ਵਿਚ ਘੇਰ ਕੇ ਕਤਲ ਕਰਦੀਆਂ ਤੇ ਏਨਾ ਕਹਿਰ ਢਾਹੁੰਦਿਆਂ ਵੇਖ ਕੇ ਤੁਹਾਨੂੰ ਤਰਸ ਨਹੀਂ ਆਉਂਦਾ?"

ਪਰ ਇਹ ਗੁਰੂ ਜੀ ਹੀ ਸਨ, ਜਿਨ੍ਹਾਂ ਨੇ ਸਮੇਂ ਸਿਰ ਸੱਚ ਬੋਲਿਆ ਵੀ, ਸੱਚ ਬੋਲਣ ਦੀ ਇਹ ਜੰਗ ਲੜਦਿਆਂ 'ਸੀਸ ਤਲੀ 'ਤੇ ਵੀ ਧਰਨਾ ਪੈ ਸਕਦਾ ਏ; ਪਰ ਗੁਰੂ ਜੀ ਨੇ ਮਨੁੱਖ ਨੂੰ ਇਸ ਕਾਬਲ ਬਣਾ ਦਿੱਤਾ ਕਿ ਉਹ 1699 ਦੀ ਵਿਸਾਖੀ 'ਤੇ ਸ਼ੇਰ ਵਾਂਗ ਭਬਕ ਮਾਰ ਕੇ ਉਠ ਖਲੋਤਾ ਤੇ ਲਲਕਾਰਿਆ,

ਜਦੋਂ ਸਿਰ ਸਿਰ ਤੋਂ ਤੁਰ ਕੇ
ਤਲੀ 'ਤੇ ਆਣ ਟਿਕਦਾ ਹੈ,
ਉਦੋਂ ਕੋਈ ਦਿਨੇ ਟਿਕਦਾ ਹੈ,
ਨਾ ਰਾਤ ਟਿਕਦਾ ਹੈ।
ਉਦੋਂ ਕੋਈ ਸ਼ਿਵਾ ਵਰ ਦਏ ਜਾਂ ਨਾ ਦਏ,
ਸ਼ੁਭ ਕਰਮਨ ਤੋਂ ਕੋਈ ਕਦੋਂ ਡਰਦਾ ਹੈ!

ਜਦੋਂ ਇਨਸਾਨੀ ਪਛਾਣ ਮੁੱਖ ਥਾਂ ਗ੍ਰਹਿਣ ਕਰਨ ਲੱਗਦੀ ਹੈ ਤਾਂ ਸਭਨਾਂ ਵਿਚ ਬਰਾਬਰੀ ਦਾ ਅਹਿਸਾਸ ਪੈਦਾ ਕਰਨਾ ਹੈ। ਜਦੋਂ ਬਰਾਬਰ ਹੋ ਗਏ, ਨਾ ਕੋਈ ਵੱਡਾ ਰਿਹਾ ਨਾ ਛੋਟਾ, ਨਾ ਨੀਚ ਨਾ ਊਚ। ਬਰਾਬਰੀ ਦੀ ਭਾਵਨਾ ਜਾਗਣ ਨਾਲ ਹੀ ਮਨਾਂ ਵਿਚੋਂ ਸਭ ਤਰ੍ਹਾਂ ਦੀ ਗੁਲਾਮੀ ਤੋਂ ਮੁਕਤੀ ਤੇ ਆਜ਼ਾਦੀ ਦਾ ਰਾਜ ਵਿਗਸਣ ਤੇ ਖਿੜਨ ਲੱਗਦਾ ਹੈ। ਆਜ਼ਾਦੀ ਦੇ ਦਰ ਦਾ ਰਾਹ ਖੁੱਲ੍ਹਣ ਲੱਗਦਾ ਹੈ।

## ਪੰਜਾਬੀ ਬੋਲੀ ਜਾਂ ਲੋਕ-ਭਾਸ਼ਾ

ਆਜ਼ਾਦੀ ਦੇ ਦਰਵਾਜੇ ਦੇ ਤਾਲੇ ਦੀ ਪਹਿਲੀ ਚਾਬੀ ਹੈ ਤੁਹਾਡੀ ਬੋਲੀ। ਬੋਲੀ ਸਾਡੇ ਸਮਾਜਕ, ਧਾਰਮਕ, ਸਭਿਆਚਾਰਕ ਤੇ ਰਾਜਸੀ ਅਵਚੇਤਨ ਨੂੰ ਪ੍ਰਗਟਾਉਂਦੀ ਵੀ ਹੈ ਤੇ ਇਹਨੂੰ ਸਿਰਜਦੀ ਵੀ ਹੈ ਤੇ ਮੁੜ ਤੋੜਦੀ-ਭੰਨਦੀ ਤੇ ਪੁਨਰ ਸਿਰਜਿਤ ਵੀ ਕਰਦੀ ਹੈ। ਹਾਕਮ ਜਮਾਤਾਂ ਲੋਕਾਂ ਤੋਂ ਉਨ੍ਹਾਂ ਦੀ ਬੋਲੀ ਖੋਹ ਕੇ ਆਪਣੀ ਬੋਲੀ ਦੀ ਸੱਤਾ ਸਥਾਪਤ ਕਰ ਕੇ ਗੁਲਾਮ ਕੌਮ ਨੂੰ ਆਪਣੇ ਅਨੁਸਾਰੀ ਬਣਾਉਂਦੀ ਹੈ ਤੇ ਗੁਲਾਮ ਲੋਕਾਂ ਦੇ ਆਚਾਰ, ਵਿਹਾਰ, ਸੰਸਕਾਰ, ਪਹਿਰਨ, ਪਚਰਨ ਤੇ ਜੀਵਨ ਸ਼ੈਲੀ ਨੂੰ ਪ੍ਰਭਾਵਿਤ ਕਰਦੀ ਹੈ। ਗੁਲਾਮ ਕੌਮ ਹਾਕਮ ਧਿਰ ਦੀ ਜੀਵਨ ਸ਼ੈਲੀ, ਭਾਸ਼ਾ ਤੇ ਆਚਾਰ ਵਿਹਾਰ ਨੂੰ ਉਤਮ ਸਮਝ ਕੇ ਸੁਚੇਤ-ਅਚੇਤ ਪੱਧਰ 'ਤੇ ਪ੍ਰਵਾਨ ਕਰ ਲੈਂਦੀ ਹੈ। ਇਹੋ ਕਾਰਨ ਹੈ ਕਿ ਅੰਗਰੇਜ਼ ਨੇ ਪੰਜਾਬ 'ਤੇ ਕਬਜ਼ਾ ਕਰਨ ਸਾਰ ਫੌਜਾਂ ਤੋਂ ਹਥਿਆਰ ਰਖਵਾਉਣ ਤੋਂ ਤੁਰੰਤ ਪਿਛੋਂ ਪਹਿਲਾ ਕੰਮ ਇਹ ਕੀਤਾ ਕਿ ਘਰਾਂ ਵਿਚ ਛਾਪੇ ਮਾਰ ਕੇ ਪੰਜਾਬੀ ਦੀਆਂ ਕਿਤਾਬਾਂ ਤੇ ਕਾਇਦੇ ਇਕੱਠੇ ਕੀਤੇ ਤੇ ਚੁਰਾਹਿਆਂ ਵਿਚ ਉਨ੍ਹਾਂ ਦੀ ਹੋਲੀ ਬਾਲੀ। ਅੰਗਰੇਜ਼ ਨੇ ਸਾਥੋਂ ਸਾਡੀ ਬੋਲੀ ਖੋਹ ਕੇ ਸਾਡੇ ਅਵਚੇਤਨ 'ਤੇ ਪੋਚਾ ਮਾਰਨਾ ਚਾਹਿਆ। ਘਰਾਂ ਵਿਚੋਂ ਹਥਿਆਰ ਤੇ ਕਿਤਾਬਾਂ ਕਢਾਉਣ ਲਈ ਉਨ੍ਹਾਂ ਥਾਣੇ ਵਿਚ ਪ੍ਰਤੀ ਹਥਿਆਰ ਜਮ੍ਹਾਂ ਕਰਾਉਣ ਦੇ ਆਨਾ ਤੇ ਪੰਜਾਬੀ ਦੀ ਕਿਤਾਬ ਜਾਂ ਕਾਇਦਾ ਜਮ੍ਹਾਂ ਕਰਾਉਣ ਦੇ ਛੇ ਆਨੇ ਇਨਾਮ ਰੱਖਿਆ ਸੀ।

ਗੁਰੂ ਸਾਹਿਬ ਵੇਲੇ ਪਹਿਲਾਂ ਲੋਧੀ ਮੁਸਲਮਾਨਾਂ ਦਾ ਰਾਜ ਸੀ ਤੇ ਫਿਰ ਮੁਗਲਾਂ ਦਾ ਰਾਜ ਆਉਂਦਾ ਹੈ। ਹਾਕਮ ਧਿਰ ਦੀ ਬੋਲੀ ਫਾਰਸੀ ਤੇ ਹਾਕਮ ਧਿਰ ਦੀ ਜੀਵਨ ਸ਼ੈਲੀ ਨੇ ਲੋਕ ਮਨਾਂ 'ਤੇ ਅਸਰ ਪਾਉਣਾ ਹੀ ਸੀ। ਗੁਰੂ ਜੀ ਨੇ ਸੱਤਾਹੀਣ ਵਰਗ ਦੀ ਹੀਣ ਸਥਿਤੀ ਨੂੰ ਬਿਆਨ ਕਰਦਿਆਂ ਕਿਹਾ,

ਘਰਿ ਘਰਿ ਮੀਆ ਸਭਨਾ ਜੀਆਂ
ਬੋਲੀ ਅਵਰ ਤੁਮਾਰੀ॥ (ਪੰਨਾ 1191)

ਉਨ੍ਹਾਂ ਦੇ ਪਹਿਰਾਵੇ ਬਾਰੇ ਕਾਟਵੀਂ ਟਿੱਪਣੀ ਕਰਦਿਆਂ ਸੱਤਾ ਧਿਰ ਦੀ ਭਾਸ਼ਾ ਨੂੰ "ਮਲੇਛ ਭਾਖਿਆ" ਕਿਹਾ।

ਅੱਜ ਪੰਜਾਬੀ ਦੀ ਓਹੋ ਜਿਹੀ ਹੀਣ ਸਥਿਤੀ ਹੈ। ਲੋੜ ਸੀ, ਲੋਕਾਂ ਵਿਚ ਸਵੈ-ਭਰੋਸਾ ਪੈਦਾ ਕਰਨ ਲਈ, ਆਤਮ-ਸਨਮਾਨ ਦੀ ਭਾਵਨਾ ਪੈਦਾ ਕਰਨ ਵਾਸਤੇ ਤੇ ਆਜ਼ਾਦੀ ਦਾ ਸਬਕ ਪੜ੍ਹਾਉਣ ਲਈ ਲੋਕਾਂ ਦੀ ਭਾਸ਼ਾ ਵਿਚ ਹੀ ਉਨ੍ਹਾਂ ਨਾਲ ਗੱਲ ਕੀਤੀ ਜਾਵੇ। ਹੁਣ ਤੱਕ ਦਾ ਸਾਰਾ ਗਿਆਨ ਸੰਸਕ੍ਰਿਤ ਵਿਚ ਸੀ, ਪਰ ਇਹ ਭਾਸ਼ਾ ਤਾਂ ਕੇਵਲ ਬ੍ਰਾਹਮਣ ਹੀ ਸਮਝ ਸਕਦਾ ਸੀ। ਉਂਜ ਵੀ ਵੇਦ ਔਖੇ ਸਨ, ਤੇ ਉਪਨਿਸ਼ਦ ਖਿਆਲੀ ਉਡਾਰੀਆਂ ਵਧੇਰੇ ਸਨ।

ਗੁਰੂ ਨਾਨਕ ਨੇ ਬੋਲ ਸ਼ਬਦ ਨੂੰ ਲਿਖਤ ਸ਼ਬਦ ਵਿਚ ਤਬਦੀਲ ਕਰ ਕੇ ਸਾਹਿਤਕ ਭਾਸ਼ਾ ਈਜਾਦ ਕੀਤੀ। ਇਕ ਗੱਲ ਇਹ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਗੁਰੂ ਸਾਹਿਬ ਨੇ ਲਿਪੀ ਭਾਵੇਂ ਗੁਰਮੁਖੀ ਰੱਖੀ, ਪਰ ਪੰਜਾਬੀ ਬੋਲੀ ਨੂੰ ਹੋਰ ਭਾਰਤੀ ਭਾਸ਼ਾਵਾਂ ਦਾ ਰੰਗ ਚਾੜ੍ਹ ਕੇ ਵਡੇਰੇ ਸੰਚਾਰ ਦੀ ਭਾਸ਼ਾ ਬਣਾ ਦਿੱਤਾ ਅਤੇ ਉਸ ਬੋਲੀ ਵਿਚ ਸਾਰੇ ਭਾਰਤ ਨੂੰ ਮੁਖਾਤਬ ਹੋਏ, ਜਿਸ ਨੂੰ ਸਾਧ ਭਾਖਾ ਜਾਂ ਹਿੰਦਕੀ ਜਾਂ ਹਿੰਦਕੋ ਵੀ ਕਿਹਾ ਜਾਂਦਾ ਸੀ। ਇੰਜ ਉਨ੍ਹਾਂ ਨੇ ਇਕ ਲੋਕ-ਭਾਸ਼ਾ ਵੀ ਸਿਰਜੀ। ਲੋਕਾਂ ਦੀ ਬੋਲੀ ਵਿਚ ਕੀਤੀ ਗੱਲ ਨੇ ਉਨ੍ਹਾਂ ਨੂੰ ਲੋਕਾਂ ਦੇ ਦਿਲਾਂ ਦੇ ਨੇੜੇ ਲਾ ਦਿੱਤਾ।

## ਔਰਤ ਦਾ ਸਥਾਨ

ਕੋਈ ਵੀ ਮਹਾਂਪੁਰਸ਼ ਲੋਕਾਂ ਜਿਹਾ ਤਾਂ ਹੀ ਲੱਗ ਸਕਦਾ ਏ, ਜੇ ਲੋਕਾਂ ਜਿਹਾ ਜੀਵਨ ਜਿਉਂਦਾ ਹੋਵੇ। ਸਾਡੀ ਸੰਸਕ੍ਰਿਤੀ ਵਿਚ ਜੀਵਨ ਮੁਕਤ ਹੋਣ ਦੀਆਂ ਨਵਿਰਤੀ ਮਾਰਗ ਤੇ ਪ੍ਰਵਿਰਤੀ ਮਾਰਗ ਦੀਆਂ ਦੋ ਪ੍ਰਵਿਰਤੀਆਂ ਮਿਲਦੀਆਂ ਨੇ। ਉਨ੍ਹਾਂ ਵੇਲਿਆਂ ਵਿਚ ਜੀਵਨ ਮੁਕਤ ਹੋਣ ਦੀ ਪ੍ਰਚਲਿਤ ਪਰਿਪਾਟੀ ਗ੍ਰਹਿਸਥ ਤੋਂ ਭਗੌੜੇ ਹੋਣ ਵਿਚ ਸੀ। ਰਿਸ਼ੀ, ਸਿੱਧ ਜਾਂ ਜੋਗੀ ਬਣਨ ਵਿਚ ਸੀ, ਪਰ ਦੁਨੀਆਰ ਬੰਦੇ ਲਈ ਇਹ ਜੀਵਨ ਸੰਭਵ ਨਹੀਂ। ਗੁਰੂ ਸਾਹਿਬ ਗ੍ਰਹਿਸਥ ਧਰਮ ਅਪਨਾ ਕੇ ਜਨਤਾ ਨੂੰ 'ਅੰਜਨ ਮਾਹਿ ਨਿਰੰਜਨ' ਰਹਿਣ ਦਾ ਸਬਕ ਦਿੰਦੇ ਨੇ। ਹਸੰਦਿਆਂ ਖਿਲੰਦਿਆਂ, ਪਹਿਨੰਦਿਆਂ ਹੀ ਮੁਕਤੀ ਦਾ ਮਾਰਗ ਵਿਖਾ ਦਿੰਦੇ ਨੇ।

ਜੇ ਗ੍ਰਹਿਸਥੀ ਬਣਨਾ ਹੈ ਤਾਂ ਔਰਤ ਦੇ ਸੰਗ-ਸਾਥ ਦੀ ਲੋੜ ਪੈਣੀ ਹੈ। ਗੁਰੂ ਸਾਹਿਬ ਪੂਰੇ ਅਮਲ ਵਿਚ ਔਰਤ ਦੀ ਵਸਤੂ ਹੋਂਦ ਦਾ ਨਿਖੇਧ ਕਰਦਿਆਂ ਔਰਤ ਦਾ ਮਾਨਵੀ ਗੌਰਵ ਬਹਾਲ ਕਰਦੇ ਹਨ। ਸੱਚਾਈ ਤਾਂ ਇਹ ਹੈ ਕਿ ਜਦੋਂ ਕੋਈ ਮਨੁੱਖ ਅੰਤਰ-ਧਿਆਨ ਹੋ ਕੇ ਆਪਣੀ ਆਤਮਾ ਦੇ ਸੱਚੇ-ਸੁੱਚੇ ਸ਼ੀਸ਼ੇ ਅੱਗੇ ਖਲੋਂਦਾ ਹੈ ਤਾਂ ਉਹਨੂੰ ਸੱਚਮੁੱਚ ਔਰਤ ਦੀ ਮਾਂ, ਭੈਣ, ਧੀ, ਪਤਨੀ, ਪ੍ਰੇਮਿਕਾ ਤੇ ਹੋਰ ਅਨੇਕਾਂ ਰਿਸ਼ਤਿਆਂ ਵਿਚੋਂ ਮਿਲੀ ਤਾਕਤ ਦਾ ਸੱਚ ਆਪਣੇ ਅੱਗੇ ਪਿੱਛੇ ਖਲੋਤਾ ਨਜ਼ਰ ਆਉਂਦਾ ਹੈ। ਹਰੇਕ ਮਰਦ ਦੀ ਤਰੱਕੀ ਪਿੱਛੇ ਔਰਤ ਦਾ ਹੱਥ ਹੋਣ ਦਾ ਕਥਨ ਇਸੇ ਅਟੱਲ ਸੱਚਾਈ ਵੱਲ ਸੰਕੇਤ ਕਰਦਾ ਹੈ।

ਮੰਨਿਆਂ ਇਹ ਸਭ ਕੁਝ ਵੀ ਸੱਚ ਹੈ ਪਰ ਇਕ ਹੋਰ ਸੱਚ ਤੇ ਬੜਾ ਭਿਆਨਕ ਸੱਚ ਇਹ ਵੀ ਹੈ ਕਿ ਬੇਸ਼ੱਕ ਔਰਤਾਂ ਸਾਡੇ ਲਈ ਸਵਰਸਵਤੀ, ਦੁਰਗਾ, ਲਕਸ਼ਮੀ, ਕੰਜਕਾਂ, ਚਿੜੀਆਂ ਦਾ ਚੰਬਾ, ਦੇਵੀਆਂ, ਸੁਆਣੀਆਂ, ਧੀਆਂ-ਧਿਆਣੀਆਂ, ਘਰ ਦੀਆਂ ਰਾਣੀਆਂ ਤੇ ਹੋਰ ਵੀ ਪਤਾ ਨਹੀਂ ਕੀ ਕੀ ਹਨ ਪਰ ਜੇ ਨਹੀਂ ਹਨ ਤਾਂ ਉਹ ਇਨਸਾਨ ਹੀ ਨਹੀਂ ਹਨ। ਪਿਤਾਸ਼ਾਹੀ ਸਮਾਜ ਵੱਲੋਂ ਸਦੀਆਂ ਤੋਂ ਸਥਾਪਤ ਕੀਤੇ ਗਏ ਮਰਦ-ਮੁੱਲਾਂ ਨੇ ਉਨ੍ਹਾਂ ਦਾ ਇਨਸਾਨੀ ਗੌਰਵ ਉਨ੍ਹਾਂ ਕੋਲੋਂ ਖੋਹ ਲਿਆ ਹੈ।

ਹਿੰਦੂ ਧਰਮ ਦੇ ਜਾਤਪਾਤੀ ਸਮਾਜ ਦੀ ਗੱਲ ਛੱਡੋ, ਮਰਦਸ਼ਾਹੀ ਅਤੇ ਸਿਸਟਮ ਦੀ ਦੂਹਰੀ ਗੁਲਾਮੀ ਭੋਗਣ ਵਾਲੀ ਔਰਤ ਨਾਲ ਸਦੀਆਂ ਤੋਂ ਕਿਸੇ ਵੀ ਧਰਮ ਨੇ ਇਨਸਾਫ ਨਹੀਂ ਕੀਤਾ। ਕਈ ਧਰਮਾਂ ਵਿਚ ਔਰਤ ਨੂੰ ਕੇਵਲ ਦਿੱਖ ਦੀ ਪੱਧਰ 'ਤੇ ਤਾਂ ਵਡਿਆਇਆ ਗਿਆ ਹੈ ਪਰ ਹਕੀਕਤ ਵਿਚ ਵੇਖਿਆਂ ਦਿੱਖ ਅਤੇ ਤੱਤ ਵਿਚਲੀ ਕਾਣ ਸਹਿਜੇ ਹੀ ਨਜ਼ਰ ਆ ਜਾਂਦੀ ਹੈ।

ਹਿੰਦੂ ਧਰਮ ਤੋਂ ਇਲਾਵਾ ਦੂਜੇ ਧਰਮਾਂ ਦੀ ਵੀ ਸੁਣ ਲਵੋ। 'ਦਿਗੰਬਰ ਜੈਨ ਮੱਤ' ਦਾ ਵਿਸ਼ਵਾਸ ਸੀ ਕਿ ਅੰਤਿਮ ਤੌਰ 'ਤੇ ਮੁਕਤੀ ਹਾਸਲ ਕਰਨ ਲਈ ਇਸਤਰੀ ਦਾ ਮਰਦ ਦੇ ਰੂਪ ਵਿਚ ਜਨਮ ਲੈਣਾ ਲਾਜ਼ਮੀ ਹੈ। ਬੁੱਧ ਮੱਤ ਨੇ ਇਹ ਵਿਚਾਰ ਪੇਸ਼ ਕੀਤਾ ਕਿ ਜੇ ਕੋਈ ਇਸਤਰੀ ਡੁੱਬਦੀ ਹੋਵੇ ਤਾਂ ਕੋਈ ਭਿਖਸ਼ੂ ਉਸ ਨੂੰ ਬਚਾਉਣ ਲਈ ਹੱਥ ਨਹੀਂ ਵਧਾਏਗਾ, ਭਾਵੇਂ ਉਹ ਉਸ ਦੀ ਆਪਣੀ ਮਾਂ ਜਾਂ ਪਤਨੀ ਹੀ ਕਿਉਂ ਨਾ ਹੋਵੇ। ਜਦ ਆਨੰਦ ਨੇ ਬੁੱਧ ਕੋਲੋਂ ਔਰਤਾਂ ਨੂੰ ਸੰਘ ਵਿਚ ਸ਼ਾਮਲ ਕਰਨ ਦੀ ਆਗਿਆ ਮੰਗੀ ਤਾਂ ਬੁੱਧ ਨੇ ਆਗਿਆ ਤਾਂ ਦੇ ਦਿੱਤੀ ਪਰ ਨਾਲ ਇਹ ਵੀ ਕਿਹਾ, "ਔਰਤ ਨੂੰ ਸੰਘ ਵਿਚ ਸ਼ਾਮਲ ਹੋਣ ਦੀ ਆਗਿਆ ਹੈ, ਪਰ ਜੋ ਧਰਮ ਹਜ਼ਾਰ ਸਾਲ ਰਹਿਣਾ ਸੀ, ਹੁਣ ਪੰਜ ਸੌ ਸਾਲ ਹੀ ਚੱਲੇਗਾ।"

ਇਸ ਸਾਰੇ ਦੌਰ ਵਿਚ ਗੁਰੂ ਨਾਨਕ ਸਾਹਿਬ ਤੇ ਹੋਰ ਸਿੱਖ ਗੁਰੂ ਸਾਹਿਬਾਨ ਨੇ ਨਾਥਾਂ ਜੋਗੀਆਂ ਤੋਂ ਉਲਟ 'ਗ੍ਰਹਿਸਥ ਧਰਮ' ਨੂੰ ਸ੍ਰੇਸ਼ਠ ਆਖ ਕੇ ਔਰਤ ਨੂੰ ਬਰਾਬਰੀ ਦਾ ਰੁਤਬਾ ਦੇਣ ਦਾ ਯਤਨ ਕੀਤਾ। ਇਹ ਵੀ ਕਿਹਾ ਕਿ ਔਰਤ ਦੀ ਹੋਂਦ ਅਤੇ ਸਾਥ ਬਿਨਾ ਜੀਵਨ ਦੀ ਹੋਂਦ ਹੀ ਸੰਭਵ ਨਹੀਂ। 'ਏਕ ਜੋਤਿ ਦੋਇ ਮੂਰਤੀ' ਦੀ ਧਾਰਨਾ ਵੀ ਔਰਤ-ਮਰਦ ਦੀ ਬਰਾਬਰੀ ਵੱਲ ਸੰਕੇਤ ਹੈ। ਸਿਰਫ 'ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨ!' ਦੀ ਗੱਲ ਹੀ ਨਹੀਂ ਗੁਰੂ ਜੀ ਨੇ ਤਾਂ ਔਰਤ ਦੀ ਸਿਰਜਣਾਤਮਕ ਸ਼ਕਤੀ ਨੂੰ ਨਮਨ ਕਰਦਿਆਂ ਸਾਰੀ ਰਿਸ਼ਤਾ-ਨਾਤਾ ਪ੍ਰਣਾਲੀ ਦੀ ਉਸ ਨੂੰ ਮੁੱਖ ਸੂਤਰਧਾਰ ਦੱਸਿਆ। ਉਨ੍ਹਾਂ ਨੇ ਔਰਤ ਨੂੰ ਮਰਦ ਦੇ ਬਰਾਬਰ ਹੀ ਰੁਤਬਾ ਨਹੀਂ ਦਿੱਤਾ ਸਗੋਂ ਇਹ ਵੀ ਕਿਹਾ ਕਿ ਜੇ ਮਰਦ ਨੇ ਵੀ ਪਰਮਾਤਮਾ ਨੂੰ ਪਾਉਣਾ ਹੈ ਤਾਂ ਮਰਦ ਰੂਪ ਹੋ ਕੇ ਨਹੀਂ ਸਗੋਂ ਔਰਤ ਰੂਪ ਹੋ ਕੇ ਹੀ ਪਾਇਆ ਜਾ ਸਕਦਾ ਹੈ। ਪਰਮਾਤਮਾ ਨੂੰ 'ਆਪੇ ਪੁਰਖ, ਆਪੇ ਹੀ ਨਾਰੀ' ਜਾਂ 'ਤੂੰ ਮੇਰਾ ਪਿਤਾ ਤੂੰ ਹੀ ਮੇਰਾ ਮਾਤਾ' ਆਖ ਕੇ ਲਿੰਗ-ਭੇਦ ਤੋਂ ਉਪਰ ਚੁੱਕ ਦਿੱਤਾ। ਔਰਤ ਦੇ ਉਭਾਰ ਤੇ ਸੁਧਾਰ ਲਈ ਕਈ ਕਦਮ ਵੀ ਚੁੱਕੇ ਗਏ।

ਸਿੱਖ ਸਮਾਜ ਵਿਚ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦੀ ਕਹਾਣੀ ਕੋਈ ਅੱਜ ਦੀ ਕਹਾਣੀ ਨਹੀਂ, ਇਹ ਰਵਾਇਤ ਸਦੀਆਂ ਤੋਂ ਚਲੀ ਆ ਰਹੀ ਹੈ। ਪੰਜਾਬ ਦੇ ਪਹਿਲੇ ਪ੍ਰਸ਼ਾਸਕ ਹੈਨਰੀ ਲਾਰੰਸ ਕੋਲ ਗੁਰੂ ਵੰਸ਼ ਦੇ ਬੇਦੀਆਂ ਦੇ ਆਗੂਆਂ ਨੇ ਜਾ ਕੇ ਬੇਨਤੀ ਕੀਤੀ ਸੀ ਕਿ ਕੁੜੀਆਂ ਨੂੰ ਜੰਮਦਿਆਂ ਨਾ ਮਾਰਨ ਦਾ ਹੁਕਮ ਬੇਦੀਆਂ 'ਤੇ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ, ਕਿਉਂਕਿ ਅਸੀਂ ਸਦੀਆਂ ਤੋਂ ਕੁੜੀਆਂ ਨੂੰ ਮਾਰਦੇ ਆ ਰਹੇ ਹਾਂ।" ਜਦ ਹੈਨਰੀ ਲਾਰੰਸ ਨੇ ਇਸ ਛੋਟ ਦਾ ਕਾਰਨ ਪੁੱਛਿਆ ਤਾਂ ਕਹਿੰਦੇ, "ਜੇ ਸਾਡੇ ਕੁੜੀਆਂ ਜਿਉਂਦੀਆਂ ਰਹਿਣਗੀਆਂ ਤਾਂ ਵੱਡੀਆਂ ਵੀ ਹੋਣਗੀਆਂ ਤੇ ਉਨ੍ਹਾਂ ਨੂੰ ਵਿਆਹੁਣਾ ਵੀ ਪਵੇਗਾ। ਆਪਣੇ ਬੇਦੀ ਸਮਾਜ ਵਿਚ ਅਸੀਂ ਕੁੜੀਆਂ ਵਿਆਹ ਨਹੀਂ ਸਕਦੇ ਕਿਉਂਕਿ ਉਹ ਰਿਸ਼ਤੇ ਵਿਚ ਭੈਣ-ਭਰਾ ਦਾ ਵਿਆਹ ਹੈ। ਤੇ ਜੇ ਦੂਜੀ ਜਾਤ ਵਿਚ ਵਿਆਹਵਾਂਗੇ ਤਾਂ ਸਾਡੀ ਇੱਜਤ ਘਟੇਗੀ। ਸਿਰ ਨੀਵਾਂ ਹੋਵੇਗਾ।"

ਧਰਮ ਅਸਥਾਨਾਂ ਵਿਚ ਔਰਤ ਦੀ ਸਥਿਤੀ ਦਾ ਧਿਆਨ ਧਰ ਕੇ ਵੇਖੋ। ਔਰਤਾਂ ਦਰਬਾਰ ਸਾਹਿਬ ਵਿਚ ਕੀਰਤਨ ਨਹੀਂ ਕਰ ਸਕਦੀਆਂ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਨਹੀਂ ਬੈਠ ਸਕਦੀਆਂ। ਪਾਲਕੀ ਸਾਹਿਬ ਨੂੰ ਮੋਢਾ ਨਹੀਂ ਦੇ ਸਕਦੀਆਂ। ਸਾਧਾਂ-ਸੰਤਾਂ ਦੇ ਨਿੱਜੀ ਡੇਰਿਆਂ ਵਿਚ ਵੀ ਬੀਬੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਪਾਠ ਨਹੀਂ ਕਰਨ ਦਿੱਤਾ ਜਾਂਦਾ। ਸੰਗਤੀ ਰੂਪੀ ਵਿਚ ਆਗੂ ਬਣ ਕੇ, ਬੀਬੀਆਂ ਅਰਦਾਸ ਨਹੀਂ ਕਰ ਸਕਦੀਆਂ। ਪੰਜਾਂ ਪਿਆਰਿਆਂ ਨਮਿਤ ਕੱਢਿਆ ਗਿਆ ਪ੍ਰਸਾਦਿ, ਬੀਬੀਆਂ ਨੂੰ ਨਹੀਂ ਵਰਤਾਇਆ ਜਾਂਦਾ। ਕੀਰਤਨ ਕਰਨ ਦੀ ਮੁਕੰਮਲ ਮਨਾਹੀ ਹੈ। ਤਿਆਰ ਬਰ ਤਿਆਰ ਬੀਬੀਆਂ ਨੂੰ ਵੀ ਕਦੀ ਨਗਰ ਕੀਰਤਨ ਦੀ ਅਗਵਾਈ ਨਹੀਂ ਕਰਨ ਦਿਤੀ ਜਾਂਦੀ। ਗੁਰੂ ਸਾਹਿਬਾਨ ਵਲੋਂ ਔਰਤਾਂ ਨੂੰ ਦਿੱਤਾ ਗਿਆ ਬਰਾਬਰ ਦਾ ਰੁਤਬਾ ਅਪ੍ਰਵਾਨ ਕਰਕੇ, ਪੰਥਕ ਰਹਿਤ ਮਰਿਆਦਾ ਦੀ ਉਲੰਘਣਾ ਕਰਕੇ, ਅੰਮ੍ਰਿਤ ਦਾ ਬਾਟਾ ਤਿਆਰ ਕਰਨ ਵਾਸਤੇ ਤਾਂ ਕਦੀ ਵੀ ਸ਼ਾਮਲ ਨਹੀਂ ਕੀਤਾ ਜਾਂਦਾ।

ਓਧਰ ਹਿੰਦੂ ਧਰਮ ਵਿਚ ਹੁਣ ਤੱਕ ਸੁਣਦੇ ਆਏ ਸਾਂ, "ਜੈ ਸੀਆ ਰਾਮ!" ਪਰ ਹੁਣ ਸੀਆ ਨਾਲੋਂ ਉਤਾਰ ਕੇ ਪਾਸੇ ਕਰ ਦਿੱਤੀ ਹੈ ਤੇ ਇਕੱਲੇ 'ਸ੍ਰੀ ਰਾਮ' ਦੇ ਵੱਜ ਰਹੇ ਨਾਅਰੇ ਤੇ ਜੈਕਾਰੇ ਸਹਿਵਨ ਹੀ ਔਰਤ ਦੀ ਸਥਿਤੀ ਦਾ ਬਿਆਨ ਕਰ ਜਾਂਦੇ ਹਨ।

## ਖੋਜੀ ਉਪਜੈ ਬਾਦੀ ਬਿਨਸੈ

ਜਿਹੜੇ ਗੁਰੂ ਨੇ ਖੋਜੀ ਉਪਜੈ ਬਾਦੀ ਬਿਨਸੈ ਆਖ ਕੇ ਸੱਚ ਦੀ ਖੋਜ ਵਿਚ ਰੁਝੇ ਜਗਿਆਸੂਆਂ ਨੂੰ ਵਡਿਆਇਆ ਤੇ ਬੇਸਿੱਟਾ ਰਹਿਣ ਵਾਲੇ ਜਾਬ੍ਹਾਂ ਦੇ ਭੇੜ ਵਾਲੇ ਵਾਦ-ਵਿਵਾਦੀ ਅਮਲ ਨੂੰ ਰੱਦ ਕੀਤਾ; ਜਿਹੜੇ ਗੁਰੂ ਨੇ ਸਾਰੀ ਉਮਰ 'ਕਿਛੁ ਸੁਣੀਐ ਕਿਛੁ ਕਹੀਐ ਨਾਨਕ' ਦੀ ਪਰਿਪਾਟੀ ਸਥਾਪਤ ਕਰ ਕੇ ਸਾਰੀ ਜ਼ਿੰਦਗੀ ਇਕ-ਦੂਜੇ ਤੋਂ ਸਿੱਖਣ-ਸਿਖਾਉਣ ਦੇ ਅਮਲ ਨੂੰ ਮਾਣ ਦਿੱਤਾ, ਉਹਦੇ ਵਾਰਸ ਖੋਜੀਆਂ ਨਾਲ ਕੀ ਸਲੂਕ ਕਰਦੇ ਆ ਰਹੇ ਨੇ, ਸਾਰੇ ਜਾਣਦੇ ਹਨ, ਪਰ ਫਿਰ ਵੀ ਚੇਤੇ ਕਰਵਾਉਣ ਲਈ ਦੱਸਦਾ ਜਾਵਾਂ। ਪੋਸਟ ਮਾਸਟਰ ਜਨਰਲ ਦੇ ਅਹੁਦੇ ਤੋਂ ਰਿਟਾਇਰ ਹੋਣ ਵਾਲੇ ਪ੍ਰਸਿੱਧ ਖੋਜੀ ਅਤੇ ਵਿਦਵਾਨ ਸਰਦਾਰ ਜੀ. ਬੀ. ਸਿੰਘ, ਜਿਸ ਨੇ ਖੋਜ ਕਰ ਕੇ ਵਿਗਿਆਨਕ ਸਬੂਤਾਂ ਨਾਲ ਸਿੱਧ ਕੀਤਾ ਕਿ ਗੁਰੂ ਨਾਨਕ ਦੇਵ ਤੋਂ ਦੋ ਤਿੰਨ ਸੌ ਸਾਲ ਪਹਿਲਾਂ ਵੀ ਗੁਰਮੁਖੀ ਲਿਪੀ ਪੰਜਾਬ ਅਤੇ ਇਸ ਦੇ ਆਸ ਪਾਸ ਦੇ ਇਲਾਕੇ ਵਿਚ ਪ੍ਰਚਲਿਤ ਸੀ; ਉਹਦੀ ਖੋਜ ਨੂੰ ਸ਼੍ਰੋਮਣੀ ਕਮੇਟੀ ਦੇ ਹੈਡ ਪ੍ਰਚਾਰਕ ਗਿਆਨੀ ਪੂਰਨ ਸਿੰਘ ਨੇ ਲਾਹੌਰ, ਉਹਦੇ ਘਰ ਜਾ ਕੇ, ਪੈਰੋਂ ਲਾਹ ਕੇ ਧੌੜੀ ਦੀਆਂ ਸੱਤ ਜੁੱਤੀਆਂ ਉਹਦੇ ਸਿਰ ਵਿਚ ਮਾਰ ਕੇ ਮਾਣ ਬਖਸ਼ਿਆ ਅਤੇ ਖਾਲਸਾ ਪੰਥ ਤੇ ਸਿੱਖ ਕੌਮ ਨੇ ਸੀਸ ਤਲੀ 'ਤੇ ਰੱਖ ਕੇ ਸੂਰਮਗਤੀ ਦਾ ਇਹ ਬੇਮਿਸਾਲ ਤੇ 'ਮਹਾਨ ਕਾਰਜ' ਕਰਨ ਬਦਲੇ ਗਿਆਨੀ ਜੀ ਦਾ ਅਕਾਲ ਤਖਤ ਸਾਹਿਬ 'ਤੇ ਸੱਦ ਕੇ ਸਨਮਾਨ ਕੀਤਾ।

ਜਿਹੜਾ ਗੁਰੂ ਵਾਰ ਵਾਰ ਆਪਣੇ ਆਪ ਨੂੰ ਆਦਮੀ ਆਖਦਾ ਹੈ, ਪੰਜਾਂ ਤੱਤਾਂ ਦਾ ਪੁਤਲਾ ਕਹਿੰਦਾ ਹੈ, ਸਾਹ ਲੈਣ ਵਾਲਾ ਜੀਵ ਕਹਿੰਦਾ ਹੈ, ਉਸੇ ਗੁਰੂ ਨੂੰ ਜਦੋਂ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਪਰਮ-ਮਨੁੱਖ ਆਖ ਕੇ ਵਡਿਆਇਆ ਤਾਂ ਪ੍ਰੀਤਲੜੀ ਦਾ ਗੁਰਦੁਆਰਿਆਂ ਵਿਚ ਜਾਣਾ ਮਨ੍ਹਾਂ ਕਰ ਦਿੱਤਾ ਗਿਆ ਤੇ ਗੁਰਬਖਸ਼ ਸਿੰਘ ਨੂੰ 'ਸੋਧਣ' ਦੀਆਂ ਸਕੀਮਾਂ ਵੀ ਬਣਾਈਆਂ ਗਈਆਂ। ਇਹ ਤਾਂ ਉਹਦੀ ਚੰਗੀ ਕਿਸਮਤ ਸੀ ਕਿ ਉਹਦਾ ਬਚਾਓ ਹੋ ਗਿਆ। ਸ਼ਾਇਦ ਇਹ ਉਸ ਵੇਲੇ ਟਲ ਗਈ ਉਹਦੀ ਸਜ਼ਾ ਹੀ ਹੋਵੇ, ਜੋ ਉਹਦੇ ਪੋਤਰੇ ਸੁਮੀਤ ਨੂੰ ਸਿੱਖ ਕੌਮ ਦੇ ਜੁਝਾਰੂ ਸੂਰਮਿਆਂ ਨੇ ਕਤਲ ਕਰ ਕੇ ਦਿੱਤੀ ਸੀ।

ਸਾਰੀ ਉਮਰ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਮਹਾਨ ਖੋਜੀ, ਵਿਦਵਾਨ ਤੇ ਸਾਹਿਤਕਾਰ ਗਿਆਨੀ ਸੋਹਣ ਸਿੰਘ ਸੀਤਲ ਨੂੰ ਪੰਜਾਬੀ ਸੂਬਾ ਅੰਦੋਲਨ ਵੇਲੇ ਜੇਲ੍ਹ ਵਿਚ ਕੈਦ ਭੁਗਤਣ ਸਮੇਂ, ਜੇਲ੍ਹ ਵਿਚਲੇ ਹੋਰ ਪੰਥਕ ਆਗੂਆਂ ਨੇ ਇਸ ਲਈ ਜੇਲ੍ਹ ਵਿਚ ਹੀ ਕਚਹਿਰੀ ਲਾ ਕੇ ਤਲਬ ਕਰ ਲਿਆ ਕਿ ਉਹ ਗੁਰੂ ਸਾਹਿਬ ਨੂੰ ਮਹਾਂਪੁਰਸ਼ ਹੀ ਕਿਉਂ ਕਹਿੰਦਾ ਹੈ; ਉਨ੍ਹਾਂ ਵਾਂਗ 'ਪਰਮੇਸ਼ਰ' ਕਿਉਂ ਨਹੀਂ ਮੰਨਦਾ?

ਡਾ. ਫੌਜਾ ਸਿੰਘ ਵੱਲੋਂ ਗੁਰੂ ਤੇਗ ਬਹਾਦਰ ਬਾਰੇ ਲਿਖੇ ਲੇਖ ਨੂੰ ਲੈ ਕੇ ਸਿੱਖ ਪੰਥ ਵਿਚ ਖੜੇ ਕਰ ਦਿੱਤੇ ਗਏ ਤੂਫਾਨ ਦੇ ਹਵਾਲੇ ਨਾਲ ਅੰਮ੍ਰਿਤਸਰ ਦੇ ਟੈਂਪਰੈਂਸ ਹਾਲ ਵਿਚ ਪੰਜਾਬ ਦੇ ਬੁੱਧੀਜੀਵੀਆਂ ਵੱਲੋਂ 'ਅਕਾਦਮਿਕ ਆਜ਼ਾਦੀ' ਦੇ ਮੁੱਦੇ 'ਤੇ ਕਰਵਾਈ ਜਾਣ ਵਾਲੀ ਵਿਚਾਰ ਚਰਚਾ ਵਿਚ ਜੈਕਾਰੇ ਬੁਲਾਉਂਦੇ, ਹਥਿਆਰਾਂ ਤੇ ਤਲਵਾਰਾਂ ਨਾਲ ਲੈਸ ਹਾਲ ਵਿਚ ਆ ਧਮਕੇ ਅੰਮ੍ਰਿਤਧਾਰੀ ਸੂਰਮਿਆਂ ਵੱਲੋਂ ਹਾਜ਼ਰ ਵਿਦਵਾਨਾਂ ਦੇ ਸਿਰ ਕਲਮ ਕਰ ਦੇਣ ਅਤੇ ਜ਼ਬਾਨ ਖਿੱਚ ਲੈਣ ਦੇ ਡਰਾਵਿਆਂ ਦਾ ਤਾਂ ਮੈਂ ਚਸ਼ਮਦੀਦ ਗਵਾਹ ਹਾਂ।

ਡਾ. ਪਿਆਰ ਸਿੰਘ ਮਰਦਾ ਮਰ ਗਿਆ, ਪਰ ਕਿਸੇ ਨਹੀਂ ਦੱਸਿਆ ਕਿ ਤੇਰਾ ਕਸੂਰ ਕੀ ਹੈ? ਸਿਰਫ ਅਕਾਲ ਤਖਤ ਸਾਹਿਬ ਤੋਂ ਜਾਰੀ ਕੀਤੇ ਗਏ ਇੱਕ ਹੁਕਮਨਾਮੇ ਰਾਹੀਂ ਉਹਦੀ ਖੋਜ-ਪੁਸਤਕ 'ਗਾਥਾ ਸ੍ਰੀ ਆਦਿ-ਗ੍ਰੰਥ' ਨੂੰ ਰਿਲੀਜ਼ ਹੋਣ ਤੋਂ ਪਹਿਲਾਂ ਹੀ ਜ਼ਬਤ ਕਰਵਾ ਦਿੱਤਾ ਗਿਆ। ਉਸ ਦਾ ਪੱਖ ਸੁਣੇ ਬਿਨਾ ਹੀ ਉਸ ਨੂੰ ਕਸੂਰਵਾਰ ਠਹਿਰਾਉਂਦਿਆਂ ਤਨਖਾਹ ਲਾ ਦਿੱਤੀ ਗਈ। ਦੋਸ਼ ਇਹ ਦਸਿਆ ਗਿਆ ਕਿ ਉਸ ਨੇ ਆਪਣੀ ਪੁਸਤਕ ਵਿਚ ਕੁਝ ਨਿਰਣੇ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰਾਦਰ ਕੀਤਾ ਹੈ। ਪਿਆਰ ਸਿੰਘ ਨੂੰ ਅੰਮ੍ਰਿਤਸਰ ਸਥਿਤ ਇੱਕ ਗੁਰਦੁਆਰੇ ਵਿਚ 40 ਦਿਨ ਵਾਸਤੇ ਹਰ ਦਿਨ ਝਾੜੂ ਲਾਉਣ ਅਤੇ ਸੰਗਤਾਂ ਦੇ ਜੋੜੇ ਸਾਫ ਕਰਨ ਦੀ ਸਜ਼ਾ ਲਾਈ ਗਈ, ਜੋ ਉਸ ਨੇ ਪੂਰੀ ਸ਼ਰਧਾ ਅਤੇ ਸਿਦਕ ਨਾਲ ਨਿਭਾਈ ਤੇ ਸ੍ਰੀ ਅਕਾਲ ਤਖਤ 'ਤੇ ਹਾਜ਼ਰ ਹੋ ਕੇ, ਗਲ ਵਿਚ ਪੱਲੂ ਪਾ ਕੇ ਕਿਹਾ ਕਿ ਹੁਣ ਤਾਂ ਉਹਨੂੰ ਦੱਸ ਦਿੱਤਾ ਜਾਵੇ ਕਿ ਉਹਦੇ ਲਿਖੇ ਵਿਚ ਕਿੱਥੇ ਤੇ ਕੀ ਗਲਤੀ ਸੀ? ਕਿਸੇ ਨੇ ਕੁਝ ਨਾ ਦੱਸਿਆ। ਪ੍ਰੰਤੂ ਇਸ ਹੋਈ-ਬੀਤੀ ਦੇ ਸਦਮੇ ਦੇ ਅਸਰ ਹੇਠ ਪਿਆਰ ਸਿੰਘ ਨੂੰ ਦਿਲ ਦੀ ਗੰਭੀਰ ਬਿਮਾਰੀ ਹੋ ਗਈ। ਤਿੰਨ ਸਾਲ ਇਲਾਜ ਚਲਦਾ ਰਿਹਾ ਤੇ ਉਹ ਆਪਣੇ ਸਵਾਲ ਦਾ ਜਵਾਬ ਪੁੱਛਦਾ ਪੁੱਛਦਾ ਇਸ ਸੰਸਾਰ ਤੋਂ ਕੂਚ ਕਰ ਗਿਆ।

ਤੇ ਜ਼ਲੀਲ ਕਰ ਕੇ ਪੰਥ 'ਚੋਂ ਛੇਕੇ ਗੁਰਬਖਸ਼ ਸਿੰਘ ਕਾਲਾ ਅਫਗਾਨਾ, ਪ੍ਰੋ. ਦਰਸ਼ਨ ਸਿੰਘ ਜਿਹੇ ਅਨੇਕਾਂ ਵਿਦਵਾਨਾਂ ਦੀ ਚਰਚਾ ਕਰਨ ਲੱਗੇ ਤਾਂ ਗੱਲ ਮੁੱਕਣੀ ਨਹੀਂ। ਸਾਡਾ ਮਤਲਬ ਇਹ ਹਰਗਿਜ਼ ਨਹੀਂ ਕਿ ਖੋਜੀਆਂ ਦੀ ਖੋਜ ਵਿਚ ਕਿਧਰੇ ਕੋਈ ਝੋਲ ਜਾਂ ਨੁਕਸ ਨਹੀਂ ਹੋਵੇਗਾ, ਹੋ ਵੀ ਸਕਦਾ ਹੈ ਤੇ ਨਹੀਂ ਵੀ; ਪਰ ਇਨ੍ਹਾਂ ਮਸਲਿਆਂ ਬਾਰੇ ਕਿਸੇ ਸਿੱਟੇ 'ਤੇ ਪਹੁੰਚਣ ਲਈ ਗੁਰੂ ਸਾਹਿਬ ਦਾ ਦੱਸਿਆ ਸੰਵਾਦ ਦਾ ਰਾਹ ਹੀ ਗਾਡੀ ਰਾਹ ਹੈ, ਪਰ ਅਸੀਂ ਉਸ ਰਾਹੋਂ ਭਟਕ ਕੇ ਗੁਰੂ ਤੋਂ ਬੇਮੁੱਖ ਹੋ ਚੁਕੇ ਹਾਂ, ਤੇ ਕਹਿੰਦੇ ਆਪਣੇ ਆਪ ਨੂੰ ਹੀ ਸੱਚੇ ਸਿੱਖ ਹਾਂ।

(ਚਲਦਾ)

***ਸਵਾਲ ਕੀਤਾ ਜਾ ਸਕਦਾ ਹੈ ਕਿ 'ਸੱਚੁ ਸੁਣਾਇਸੀ, ਸੱਚ ਕੀ ਬੇਲਾ!' ਦਾ ਪਾਠ ਕਰਨ ਵਾਲਿਆਂ ਵਿਚ ਕੀ ਏਨਾ ਜੇਰਾ ਤੇ ਜੁਰਅਤ ਹੈ ਕਿ ਹੁਣ ਜਦ ਸੱਚ ਬੋਲਣ ਦੀ ਸਭ ਤੋਂ ਵੱਧ ਲੋੜ ਹੈ ਤਾਂ ਸੱਚ ਬੋਲ ਸਕਦੇ ਹੋਣ? ਤੇ ਅੱਜ ਜਦ ਸਾਰਾ ਹਿੰਦੁਸਤਾਨ ਡਰਿਆ ਬੈਠਾ ਏ। ਧਰਤੀ ਦੇ ਰੱਬ ਬਣ ਬੈਠੇ ਗੱਦੀਆਂ 'ਤੇ ਬੈਠੇ ਰਾਜਿਆਂ ਨੂੰ ਕਹਿ ਸਕਦੇ ਹਾਂ ਕਿ ਜਦੋਂ ਬੇਦੋਸ਼ਿਆਂ ਨੂੰ ਨਫਰਤੀ ਭੀੜਾਂ ਗਲੀਆਂ-ਬਾਜ਼ਾਰਾਂ ਵਿਚ ਘੇਰ ਕੇ ਕਤਲ ਕਰਦੀਆਂ ਤੇ ਏਨਾ ਕਹਿਰ ਢਾਹੁੰਦਿਆਂ ਵੇਖ ਕੇ ਤੁਹਾਨੂੰ ਤਰਸ ਨਹੀਂ ਆਉਂਦਾ?"***

# ਗੁਰੂ ਨਾਨਕ ਸਾਹਿਬ ਦੀ ਸ਼ਖਸੀਅਤ

**ਕਿਸ਼ਤ ਪਹਿਲੀ**

## ਭਾਈ ਗੁਰਦਾਸ ਦੀਆਂ ਵਾਰਾਂ ਦੇ ਸੰਦਰਭ ਵਿਚ

**ਕਸ਼ਮੀਰਾ ਸਿੰਘ (ਪ੍ਰੋ.)**
**ਫੋਨ: 801-414-0171**

ਭਾਈ ਗੁਰਦਾਸ (ਸੰਨ 1551-1636) ਨੇ ਆਪਣੀ 85 ਸਾਲਾਂ ਦੀ ਉਮਰ ਵਿਚੋਂ ਤੀਜੇ ਤੋਂ ਛੇਵੇਂ ਗੁਰੂ ਜੀ ਦੀ ਪਵਿੱਤਰ ਸੰਗਤ ਅਤੇ ਚਰਨ-ਛੋਹ ਵਿਚ 58 ਸਾਲਾਂ ਦਾ ਜੀਵਨ ਗੁਜ਼ਾਰਿਆ। ਤੀਜੇ ਗੁਰੂ ਜੀ ਦੇ ਚਾਚੇ ਚੰਦਰਭਾਨ ਦੇ ਘਰ ਭਾਈ ਈਸ਼ਰ ਦਾਸ ਨੇ ਜਨਮ ਲਿਆ। ਭਾਈ ਗੁਰਦਾਸ ਨੇ ਭਾਈ ਈਸ਼ਰ ਦਾਸ ਅਤੇ ਬੀਬੀ ਜੀਵਨੀ ਦੇ ਘਰ ਜਨਮ ਲਿਆ। ਗੁਰੂ ਅਰਜਨ ਸਾਹਿਬ ਦੀ ਅਗਵਾਈ ਵਿਚ ਸੰਨ 1604 ਵਿਚ ਪੋਥੀ ਸਾਹਿਬ ਦੀ ਲਿਖਾਈ ਪੂਰੀ ਕਰਨ ਵਾਲੇ ਭਾਈ ਗੁਰਦਾਸ ਹੀ ਯੋਗ ਲਿਖਾਰੀ ਸਨ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਨਾਨਕ ਸਾਹਿਬ ਦੇ ਜੀਵਨ ਬਾਰੇ ਕੁਝ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ। ਇਹ ਵਾਰਾਂ ਹਨ-ਪਹਿਲੀ, 24ਵੀਂ ਅਤੇ 26ਵੀਂ। ਵਾਰਾਂ ਦੇ ਕਈ ਸ਼ਬਦਾਂ ਦੇ ਜੋੜਾਂ ਵਿਚ ਵੱਖ-ਵੱਖ ਲਿਖਤਾਂ 'ਚ ਥੋੜਾ-ਬਹੁਤਾ ਫਰਕ ਹੈ। ਵਾਰਾਂ ਦੇ ਸ਼ਬਦ ਜੋੜ ਗੁਰਬਾਣੀ ਦੀ ਲਿਖਣ ਸ਼ੈਲੀ ਅਨੁਸਾਰ ਨਹੀਂ ਹਨ।

ਭਾਈ ਗੁਰਦਾਸ ਦੀ ਪਹਿਲੀ ਵਾਰ ਦੀਆਂ 49 ਪਉੜੀਆਂ ਹਨ। ਪਉੜੀ ਨੰਬਰ 21 ਤੋਂ 44 ਤਕ ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਦੇ ਕੁਝ ਹਾਲਾਤ ਬਿਆਨ ਕਰ ਕੇ ਗੁਰੂ ਜੀ ਵਲੋਂ ਪ੍ਰਗਟ ਹੋਣ ਅਤੇ ਉਨ੍ਹਾਂ ਵਲੋਂ ਕੀਤੇ ਪ੍ਰਚਾਰਕ ਦੌਰਿਆਂ (ਉਦਾਸੀਆਂ) ਬਾਰੇ ਜੋ ਲਿਖਿਆ ਹੈ, ਉਸ ਬਾਰੇ ਸੰਖੇਪ ਜਾਣਕਾਰੀ ਇਸ ਤਰ੍ਹਾਂ ਹੈ:

**ਗੁਰੂ ਜੀ ਦੇ ਆਗਮਨ ਤੋਂ ਪਹਿਲਾਂ ਦੇ ਹਾਲਾਤ:**

(ੳ) ਇਸਲਾਮ ਮੱਤ ਵਾਲਿਆਂ ਦੀ ਦਸ਼ਾ ਪਉੜੀ ਨੰਬਰ 20 ਵਿਚ ਇਉਂ ਬਿਆਨ ਕੀਤੀ ਗਈ ਹੈ,

ਬਹੁ ਵਾਟੀ ਜੱਗ ਚਲਿਆ
ਜਬ ਹੀ ਭਏ ਮਹੰਮਦ ਯਾਰਾ॥
ਕੌਮ ਬਹੱਤਰ ਸੰਗ ਕਰ
ਬਹੁ ਬਿਧਿ ਬੈਰ ਬਿਰੋਧ ਪਸਾਰਾ॥
ਰੋਜੇ ਈਦ ਨਮਾਜ ਕਰ
ਕਰਮੀ ਬੰਦ ਕੀਆ ਸੰਸਾਰਾ॥
ਪੀਰ ਪਕੰਬਰ ਔਲੀਐ
ਗੌਸ ਕੁਤਬ ਬਹੁ ਭੇਖ ਸਵਾਰਾ॥
ਠਾਕੁਰ ਦੁਆਰੇ ਢਾਹਿਕੈ
ਤਿਹ ਠਉੜੀਂ ਮਸੀਤ ਉਸਾਰਾ॥
ਮਾਰਨ ਗਊ ਗਰੀਬ ਨੋ
ਧਰਤੀ ਉਪਰ ਪਾਪ ਬਿਥਾਰਾ॥
ਕਾਫਰ ਮੁਲਹਦ ਇਰਮਨੀ
ਰੂੰਮੀ ਜੰਗੀ ਦੁਸ਼ਮਨ ਦਾਰਾ॥
ਪਾਪੇ ਦਾ ਵਰਤਿਆ ਵਰਤਾਰਾ॥20॥

(ਦੁਸਮਨ ਦਾਰਾ=ਔਰਤਾਂ ਉਤੇ ਜ਼ੁਲਮ ਕਰਨ ਵਾਲੇ)

(ਅ) ਹਿੰਦੂਆਂ ਅਤੇ ਮੁਸਲਮਾਨਾਂ ਦੇ ਉਸ ਸਮੇਂ ਦੇ ਕਰਮ ਪਉੜੀ ਨੰਬਰ 21 ਵਿਚ ਇਉਂ ਬਿਆਨ ਕੀਤੇ ਗਏ ਹਨ,

ਚਾਰ ਵਰਨ ਚਾਰ ਮਜਹਬਾਂ
ਜਗ ਵਿਚ ਹਿੰਦੂ ਮੁਸਲਮਾਣੇ॥
ਖੁਦੀ ਬਖੀਲੀ ਤਕੱਬਰੀ
ਖਿੱਚੋਤਾਣ ਕਰੇਨ ਧਿਙਾਣੇ॥
ਗੰਗ ਬਨਾਰਸ ਹਿੰਦੂਆਂ
ਮੱਕਾ ਕਾਬਾ ਮੁਸਲਮਾਣੇ॥
ਸੁੰਨਤ ਮੁਸਲਮਾਨ ਦੀ
ਤਿਲਕ ਜੰਞੂ ਹਿੰਦੂ ਲੋਭਾਣੇ॥
ਰਾਮ ਰਹੀਮ ਕਹਾਇੰਦੇ
ਇਕ ਨਾਮ ਦੁਇ ਰਾਹ ਭੁਲਾਣੇ॥
ਬੇਦ ਕਤੇਬ ਭੁਲਾਇਕੈ
ਮੋਹੇ ਲਾਲਚ ਦੁਨੀ ਸ਼ੈਤਾਣੇ॥
ਸੱਚ ਕਿਨਾਰੇ ਰਹਿ ਗਯਾ
ਖਹਿ ਮਰਦੇ ਬਾਮਣ ਮਉਲਾਣੇ॥
ਸਿਰੋਂ ਨ ਮਿਟੇ ਆਵਣ ਜਾਣੇ॥21॥

(ੲ) ਧੌਲ ਧਰਮ ਦੀ ਪੁਕਾਰ ਅਤੇ ਪੂਰੇ ਗੁਰੂ ਦੀ ਅਣਹੋਂਦ ਦਾ ਬਿਆਨ ਪਉੜੀ ਨੰਬਰ 22 ਵਿਚ ਇਉਂ ਹੈ,

ਚਾਰੇ ਜੱਗੇ ਚਹੁੰ ਜੁਗੀ
ਪੰਚਾਇਣ ਪ੍ਰਭ ਆਪੇ ਹੋਆ॥
ਆਪੇ ਪੱਟੀ ਕਲਮ ਆਪ
ਆਪੇ ਲਿਖਣਹਾਰਾ ਹੋਆ॥
ਬਾਝ ਗੁਰੂ ਅੰਧੇਰ ਹੈ
ਖਹਿ ਖਹਿ ਮਰਦੇ ਬਹੁ ਬਿਧ ਲੋਆ॥
ਵਰਤਿਆ ਪਾਪ ਜਗੱਤ੍ਰ ਤੇ
ਧਉਲ ਉਡੀਣਾ ਨਿਸਦਿਨ ਰੋਆ॥
ਬਾਝ ਦਇਆ ਬਲ ਹੀਣ ਹੋ
ਨਿੱਘਰ ਚਲੇ ਰਸਾਤਲ ਟੋਆ॥
ਖੜਾ ਇਕ ਤੇ ਪੈਰ ਤੇ
ਪਾਪ ਸੰਗ ਬਹੁ ਭਾਰਾ ਹੋਆ॥
ਥੰਮੇ ਕੋਇ ਨ ਸਾਧ ਬਿਨ
ਸਾਧ ਨ ਦਿਸੈ ਜਗ ਵਿਚ ਕੋਆ॥
ਧਰਮ ਧੌਲ ਪੁਕਾਰੈ ਤਲੇ ਖੜੋਆ॥

(ਸ) ਸਮਾਜ 'ਚ ਉਦੋਂ ਮਚੀ ਹਨੇਰਗਰਦੀ ਦਾ ਜ਼ਿਕਰ ਪਉੜੀ ਨੰਬਰ 30 ਵਿਚ ਇਉਂ ਹੈ,

ਕਲ ਆਈ ਕੁੱਤੇ ਮੁਹੀ
ਖਾਜ ਹੋਆ ਮੁਰਦਾਰ ਗੁਸਾਈ॥
ਰਾਜੇ ਪਾਪ ਕਮਾਂਵਦੇ
ਉਲਟੀ ਵਾੜ ਖੇਤ ਕਉ ਖਾਈ॥
ਪਰਜਾ ਅੰਧੀ ਗਿਆਨ ਬਿਨ
ਕੂੜ ਕੁਸਤ ਮੁਖਹੁ ਅਲਾਈ॥
ਚੇਲੇ ਸਾਜ ਵਜਾਇੰਦੇ
ਨੱਚਣ ਗੁਰੂ ਬਹੁਤ ਬਿਧ ਭਾਈ॥
ਸੇਵਕ ਬੈਠਨ ਘਰਾਂ ਵਿਚ
ਗੁਰ ਉਠ ਘਰੀਂ ਤਿਨਾੜੇ ਜਾਈ॥
ਕਾਜ਼ੀ ਹੋਏ ਰਿਸ਼ਵਤੀ
ਵੱਢੀ ਲੈ ਕੇ ਹੱਕ ਗਵਾਈ॥
ਇਸਤ੍ਰੀ ਪੁਰਖੇ ਦਾਮ ਹਿਤ
ਭਾਵੇਂ ਆਇ ਕਿਥਾਉਂ ਜਾਈ॥
ਵਰਤਿਆ ਪਾਪ ਸਭਸ ਜਗ ਮਾਂਹੀ॥30॥

(ਹ) ਸਤਿਨਾਮੁ ਦਾ ਚੱਕ੍ਰ ਫਿਰਾਉਣ ਲਈ ਗੁਰੂ ਨਾਨਕ ਪਾਤਿਸ਼ਾਹ ਦਾ ਆਗਮਨ ਹੋਇਆ, ਜਿਵੇਂ ਦੁਖੀਆਂ ਦੀ ਪੁਕਾਰ ਸੁਣੀ ਗਈ ਹੋਵੇ। ਇਹ ਬਿਆਨ ਪਉੜੀ ਨੰਬਰ 23 ਵਿਚ ਇਉਂ ਹੈ,

ਸੁਣੀ ਪੁਕਾਰ ਦਾਤਾਰ ਪ੍ਰਭ
ਗੁਰ ਨਾਨਕ ਜਗ ਮਾਹਿ ਪਠਾਯਾ॥
ਚਰਨ ਧੋਇ ਰਹਿਰਾਸ ਕਰ
ਚਰਨਾਮ੍ਰਿਤ ਸਿੱਖਾਂ ਪੀਲਾਯਾ॥
ਪਾਰਬ੍ਰਹਮ ਪੂਰਨ ਬ੍ਰਹਮ
ਕਲਿਜੁਗ ਅੰਦਰ ਇਕ ਦਿਖਾਯਾ॥
ਚਾਰੇ ਪੈਰ ਧਰੰਮ ਦੇ
ਚਾਰ ਵਰਨ ਇਕ ਵਰਨ ਕਰਾਯਾ॥
ਰਾਣਾ ਰੰਕ ਬਰਾਬਰੀ
ਪੈਰੀਂ ਪਵਣਾ ਜਗ ਵਰਤਾਯਾ॥
ਉਲਟਾ ਖੇਲ ਪਿਰੰਮ ਦਾ
ਪੈਰਾਂ ਉਪਰ ਸੀਸ ਨਿਵਾਯਾ॥
ਕਲਿਜੁਗ ਬਾਬੇ ਤਾਰਿਆ
ਸਤਿਨਾਮ ਪੜ੍ਹ ਮੰਤ੍ਰ ਸੁਣਾਯਾ॥
ਕਲਿ ਤਾਰਣ ਗੁਰ ਨਾਨਕ ਆਯਾ॥23॥

(ਕ) ਗੁਰੂ ਨਾਨਕ ਸਾਹਿਬ ਨੂੰ ਸੂਰਜ ਅਤੇ ਸ਼ੇਰ ਨਾਲ ਤੁਲਨਾ ਦੇ ਕੇ ਪਉੜੀ ਨੰਬਰ 27 ਵਿਚ ਲਿਖਿਆ ਹੈ ਕਿ ਗੁਰੂ ਜੀ ਦੇ ਪ੍ਰਚਾਰ ਨਾਲ ਘਰ ਘਰ ਕੀਰਤਨ ਦੇ ਪ੍ਰਵਾਹ ਚੱਲ ਪਏ। ਪਉੜੀ ਨੰਬਰ 34 ਵਿਚ ਵੀ ਗੁਰੂ ਜੀ ਨੂੰ ਸ਼ੇਰ, ਸੂਰਜ ਅਤੇ ਚੰਦ ਦੀ ਰੌਸ਼ਨੀ ਨਾਲ ਤੁਲਨਾ ਦਿੱਤੀ ਹੈ,

(1) ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ
ਤਾਰੇ ਛਪੇ ਅੰਧੇਰ ਪਲੋਆ॥
ਸਿੰਘ ਬੁਕੇ ਮਿਰਗਾਵਲੀ
ਭੰਨੀ ਜਾਏ ਨ ਧੀਰ ਧਰੋਆ॥
ਜਿਥੈ ਬਾਬਾ ਪੈਰ ਧਰੈ
ਪੂਜਾ ਆਸਣ ਥਾਪਣ ਸੋਆ॥
ਸਿਧ ਆਸਣ ਸਭ ਜਗਤ ਦੇ
ਨਾਨਕ ਆਦਿ ਮਤੇ ਜੇ ਕੋਆ॥
ਘਰ ਘਰ ਅੰਦਰ ਧਰਮਸਾਲ
ਹੋਵੈ ਕੀਰਤਨ ਸਦਾ ਵਿਸੋਆ॥
ਬਾਬੇ ਤਾਰੇ ਚਾਰ ਚਕ
ਨੌ ਖੰਡ ਪ੍ਰਿਥਮੀ ਸਚਾ ਢੋਆ॥
ਗੁਰਮੁਖ ਕਲਿ ਵਿਚ ਪਰਗਟ ਹੋਆ॥27॥

(2) ਛਪੇ ਨਾਹਿ ਛਪਾਇਆ
ਚੜਿਆ ਸੂਰਜ ਜਗ ਰੁਸ਼ਨਾਈ॥
ਬੁਕਿਆ ਸਿੰਘ ਉਜਾੜ ਵਿਚ
ਸਭ ਮਿਰਗਾਵਲ ਭੰਨੀ ਜਾਈ॥
ਚੜ੍ਹਿਆ ਚੰਦ ਨ ਲੁਕਈ
ਕਢ ਕੁਨਾਲੀ ਜੋਤ ਛਪਾਈ॥34॥

(ਖ) ਹਉਮੈ ਅਤੇ ਤ੍ਰਿਸ਼ਨਾ ਦੀ ਅੱਗ ਵਿਚ ਜਲ-ਬਲ ਰਹੀ ਲੋਕਾਈ ਨੂੰ ਧੀਰਜ ਦੇਣ ਲਈ ਗੁਰੂ ਜੀ ਨੇ ਜਾਨ ਜੋਖੋਂ ਵਿਚ ਪਾ ਕੇ ਪੂਰੀ ਤਿਆਰੀ ਨਾਲ ਉਦਾਸੀਆਂ (ਪ੍ਰਚਾਰਕ ਫੇਰੀਆਂ) ਸ਼ੁਰੂ ਕੀਤੀਆਂ, ਜਿਨ੍ਹਾਂ ਦਾ ਜ਼ਿਕਰ ਪਉੜੀ ਨੰਬਰ 24 ਵਿਚ ਇਉਂ ਹੈ,

ਪਹਿਲਾਂ ਬਾਬੇ ਪਾਯਾ ਬਖਸ਼ ਦਰ
ਪਿਛੋਂ ਦੇ ਫਿਰ ਘਾਲ ਕਮਾਈ॥
ਰੇਤ ਅੱਕ ਆਹਾਰ ਕਰ
ਰੋੜਾਂ ਕੀ ਗੁਰ ਕਰੀ ਵਿਛਾਈ॥
ਭਾਰੀ ਕਰੀ ਤੱਪਸਿਆ
ਬਡੇ ਭਾਗ ਹਰਿ ਸਿਉਂ ਬਣਿ ਆਈ॥
ਬਾਬਾ ਪੈਧਾ ਸਚ ਖੰਡ
ਨਉ ਨਿਧਿ ਨਾਮ ਗਰੀਬੀ ਪਾਈ॥
ਬਾਬਾ ਦੇਖੈ ਧਿਆਨ ਧਰ
ਜਲਤੀ ਸਭ ਪ੍ਰਿਥਵੀ ਦਿਸ ਆਈ॥
ਬਾਝਹੁ ਗੁਰੂ ਗੁਬਾਰ ਹੈ
ਹੈਹੈ ਕਰਦੀ ਸੁਣੀ ਲੁਕਾਈ॥
ਬਾਬੇ ਭੇਖ ਬਣਾਇਆ
ਉਦਾਸੀ ਕੀ ਰੀਤ ਚਲਾਈ॥
ਚੜ੍ਹਿਆ ਸੋਧਨ ਧਰਤ ਲੁਕਾਈ॥24॥

(ਗ) ਤੀਰਥਾਂ ਉਤੇ ਜਾ ਕੇ ਲੋਕਾਂ ਨੂੰ ਦੱਸਿਆ ਕਿ ਰੱਬੀ ਪ੍ਰੇਮ ਭਗਤੀ ਤੋਂ ਬਿਨਾ ਕੀਤੇ ਸਾਰੇ ਕਰਮ ਫੋਕਟ ਹਨ। ਪਉੜੀ ਨੰਬਰ 25 ਵਿਚ ਇਸ ਦਾ ਜ਼ਿਕਰ ਇਉਂ ਹੈ,

ਬਾਬਾ ਆਇਆ ਤੀਰਥੀਂ
ਤੀਰਥ ਪੁਰਬ ਸਭੇ ਫਿਰ ਦੇਖੈ॥
ਪੂਰਬ ਧਰਮ ਬਹੁ ਕਰਮ ਕਰ
ਭਾਉ ਭਗਤਿ ਬਿਨ ਕਿਤੇ ਨ ਲੇਖੈ॥
ਭਾਉ ਨ ਬ੍ਰਹਮੇ ਲਿਖਿਆ
ਚਾਰ ਬੇਦ ਸਿੰਮ੍ਰਿਤਿ ਪੜ੍ਹ ਦੇਖੈ॥
ਢੂੰਡੀ ਸਗਲੀ ਪਿਰਥਮੀ
ਸਤਿਜੁਗ ਆਦਿ ਦੁਆਪਰ ਤ੍ਰੇਤੈ॥
ਕਲਿਜੁਗ ਧੁੰਧੂਕਾਰ ਹੈ
ਭਰਮ ਭੁਲਾਈ ਬਹੁ ਬਿਧਿ ਭੇਖੈ॥
ਭੇਖੀਂ ਪ੍ਰਭੂ ਨ ਪਾਈਐ
ਆਪ ਗਵਾਏ ਰੂਪ ਨ ਰੇਖੈ॥
ਗੁਰਮੁਖ ਵਰਨ ਅਵਰਨ ਹੋਇ
ਨਿਵ ਚਲੈ ਗੁਰਸਿਖ ਵਿਸੇਖੈ॥
ਤਾਂ ਕੁਛ ਘਾਲ ਪਵੈ ਦਰ ਲੇਖੈ॥25॥

ਤੀਰਥਾਂ ਉਤੇ ਜਾ ਕੇ ਗੁਰੂ ਜੀ ਨੇ ਜੋ ਦੇਖਿਆ, ਉਹ ਸਿੱਟਾ ਭਾਈ ਗੁਰਦਾਸ ਨੇ ਪਉੜੀ ਨੰਬਰ 26 ਵਿਚ ਲਿਖਿਆ ਹੈ ਕਿ ਗਿਆਨ ਦੇ ਅੰਨ੍ਹਿਆਂ ਨੇ ਅੱਗੇ ਗਿਆਨ ਦੇ ਅੰਨ੍ਹਿਆਂ ਨੂੰ ਹਨੇਰੇ ਖੂਹ ਵਿਚ ਰੇੜ੍ਹਿਆ ਹੋਇਆ ਹੈ। ਦੇਖੋ ਇਹ ਪਉੜੀ,

ਜਤ ਸਤੀ ਚਿਰ ਜੀਵਣੇ
ਸਾਧਿਕ ਸਿੱਧ ਨਾਥ ਗੁਰ ਚੇਲੇ॥
ਦੇਵੀ ਦੇਵ ਰਿਖੀਸ਼ਰਾਂ
ਭੈਰੋਂ ਖੇਤ੍ਰ ਪਾਲ ਬਹੁ ਮੇਲੇ॥
ਗਣ ਗੰਧਰਬ ਅਪਸ਼ਰਾਂ
ਕਿੰਨਰ ਜੱਛ ਚਲਿਤ ਬਹੁ ਖੇਲੇ॥
ਰਾਕਸ਼ ਦਾਨੋ ਦੈਂਤ ਲਖ
ਅੰਦਰ ਦੂਜਾ ਭਾਉ ਦੁਹੇਲੇ॥
ਹਉਮੈ ਅੰਦਰ ਸਭਕੋ
ਡੁਬੇ ਗੁਰੂ ਸਣੇ ਬਹੁ ਚੇਲੇ॥
ਗੁਰਮੁਖ ਕੋਇ ਨ ਦਿਸਈ
ਢੂੰਡੇ ਤੀਰਥ ਜਾਤ੍ਰੀ ਮੇਲੇ॥
ਢੂੰਡੇ ਹਿੰਦੂ ਤੁਰਕ ਸਭ
ਪੀਰ ਪੈਕੰਬਰ ਕਉਮਿ ਕਤੇਲੇ॥
ਅੰਧੀ ਅੰਧੇ ਖੂਹੇ ਠੇਲੇ॥26॥

**ਗੁਰੂ ਨਾਨਕ ਸਾਹਿਬ ਵਲੋਂ ਸਿੱਧਾਂ ਨਾਲ ਸੰਵਾਦ:**

(ੳ) ਸੁਮੇਰ ਪਰਬਤ ਉਤੇ ਗੁਰੂ ਜੀ ਗਏ ਤਾਂ ਸਿੱਧਾਂ ਨੇ ਗੁਰੂ ਜੀ ਨੂੰ 'ਬਾਲਿਆ' ਕਹਿ ਕੇ ਸੰਬੋਧਨ ਕੀਤਾ, ਕਿਉਂਕਿ ਸਿੱਧਾਂ ਨੇ ਆਪਣੀਆਂ ਉਮਰਾਂ ਲੰਬੀਆਂ ਕੀਤੀਆਂ ਹੋਈਆਂ ਸਨ। ਗੁਰੂ ਜੀ ਤੋਂ ਨਾਂ ਪੁੱਛਦੇ ਕਹਿੰਦੇ ਹਨ ਕਿ ਉਹ ਕਿਹੜੀ ਸ਼ਕਤੀ ਹੈ, ਜੋ ਉਨ੍ਹਾਂ ਨੂੰ ਸੁਮੇਰ ਪਰਬਤ ਉਤੇ ਲਿਆਈ ਹੈ? ਇਹ ਸੰਵਾਦ ਪਉੜੀ ਨੰਬਰ 28 ਵਿਚ ਇਸ ਤਰ੍ਹਾਂ ਹੈ,

ਬਾਬੇ ਡਿਠੀ ਪਿਰਥਮੀ
ਨਵੈ ਖੰਡ ਜਿਥੈ ਤਕ ਆਹੀ॥
ਫਿਰ ਜਾ ਚੜ੍ਹੇ ਸੁਮੇਰ ਪਰ
ਸਿਧ ਮੰਡਲੀ ਦ੍ਰਿਸ਼ਟੀ ਆਈ॥
ਚੌਰਾਸੀਹ ਸਿਧ ਗੋਰਖਾਦਿ
ਮਨ ਅੰਦਰ ਗਿਣਤੀ ਵਰਤਾਈ॥
ਸਿਧ ਪੁੱਛਣ ਸੁਨ ਬਾਲਿਆ
ਕੌਣ ਸ਼ਕਤਿ ਤੁਹਿ ਏਥੇ ਲਿਆਈ॥
ਹਉਂ ਜਪਿਆ ਪਰਮੇਸ਼ਰੋ
ਭਾਉ ਭਗਤ ਸੰਗ ਤਾੜੀ ਲਾਈ॥
ਆਖਣ ਸਿਧ ਸੁਣ ਬਾਲਿਆ
ਅਪਣਾ ਨਾਂ ਤੁਮ ਦੇਹੁ ਬਤਾਈ॥
ਬਾਬਾ ਆਖੇ ਨਾਥ ਜੀ
ਨਾਨਕ ਨਾਮ ਜਪੇ ਗਤ ਪਾਈ॥
ਨੀਚ ਕਹਾਇ ਉਚ ਘਰ ਆਈ॥28॥

(ਅ) ਗੁਰੂ ਜੀ ਨੂੰ ਸਿੱਧ ਮਾਤ ਲੋਕ ਦਾ ਹਾਲ ਪੁੱਛਦੇ ਹਨ। ਗੁਰੂ ਜੀ ਉਤਰ ਦਿੰਦੇ ਹਨ ਕਿ ਤੁਸੀਂ ਸਿੱਧ ਬਣ ਕੇ ਤਾਂ ਪਰਬਤਾਂ ਵਿਚ ਲੁਕੇ ਬੈਠੇ ਹੋ। ਜਗਤ ਦੀ ਸਾਰ ਲੈਣ ਵਾਲਾ ਹੋਰ ਕੌਣ ਹੈ? ਇਹ ਸੰਵਾਦ ਪਉੜੀ ਨੰਬਰ 29 ਵਿਚ ਇਉਂ ਹੈ,

ਫਿਰ ਪੁੱਛਣ ਸਿਧ ਨਾਨਕਾ
ਮਾਤ ਲੋਕ ਵਿਚ ਕਿਆ ਵਰਤਾਰਾ॥
ਸਭ ਸਿਧੀਂ ਏਹ ਬੁਝਿਆ
ਕਲਿ ਤਾਰਣ ਨਾਨਕ ਅਵਤਾਰਾ॥
ਬਾਬੇ ਕਹਿਆ ਨਾਥ ਜੀ
ਸੱਚ ਚੰਦ੍ਰਮਾ ਕੂੜ ਅੰਧਾਰਾ॥
ਕੂੜ ਅਮਾਵਸ ਵਰਤਿਆ
ਹਉਂ ਭਾਲਣ ਚੜ੍ਹਿਆ ਸੰਸਾਰਾ॥
ਪਾਪ ਗਿਰਾਸੀ ਪਿਰਥਮੀ
ਧੌਲ ਖੜਾ ਧਰ ਹੇਠ ਪੁਕਾਰਾ॥
ਸਿਧ ਛਪ ਬੈਠੇ ਪਰਬਤੀਂ
ਕੌਣ ਜਗ ਕਉ ਪਾਰ ਉਤਾਰਾ॥
ਜੋਗੀ ਗਿਆਨ ਵਿਹੂਣਿਆਂ
ਨਿਸਦਿਨ ਅੰਗ ਲਗਾਇਨ ਛਾਰਾ॥
ਬਾਝ ਗੁਰੂ ਡੁੱਬਾ ਜਗ ਸਾਰਾ॥29॥

(ੲ) ਸਿੱਧਾਂ ਨੇ ਗੁਰੂ ਜੀ ਨੂੰ ਆਪਣੇ ਮੱਤ ਵਿਚ ਲਿਆਉਣ ਦੇ ਅਸਫਲ ਯਤਨ ਕੀਤੇ। ਗੁਰੂ ਜੀ ਦੀ ਪ੍ਰੀਖਿਆ ਲਈ ਉਨ੍ਹਾਂ ਨੂੰ ਸਿੱਧਾਂ ਨੇ ਇੱਕ ਚਿੱਪੀ ਵਿਚ ਪਾਣੀ ਲਿਆਉਣ ਲਈ ਕਿਹਾ। ਗੁਰੂ ਜੀ ਦੇਖਦੇ ਹਨ ਕਿ ਪਾਣੀ ਵਾਲੇ ਤਲਾਬ ਵਿਚ ਹੀਰੇ, ਮੋਤੀ ਹੀ ਹਨ, ਜਿਸ ਲਈ ਗੁਰੂ ਜੀ ਨੇ ਕਿਹਾ ਕਿ ਉਥੇ ਪਾਣੀ ਨਹੀਂ ਹੈ। ਗੁਰੂ ਜੀ ਮੋਹ ਮਾਇਆ ਤੋਂ ਨਿਰਲੇਪ ਸਨ, ਜਿਸ ਲਈ ਉਹ ਹੀਰੇ, ਮੋਤੀ ਦੇਖ ਕੇ ਸਿੱਧਾਂ ਦੀ ਚਾਲ ਸਮਝ ਗਏ ਸਨ। ਗੁਰੂ ਜੀ ਨੇ ਸ਼ਬਦ-ਗੁਰਬਾਣੀ ਦੀ ਬਰਕਤ ਨਾਲ ਸਿੱਧ-ਮੰਡਲੀ ਉਤੇ ਜਿੱਤ ਪ੍ਰਾਪਤ ਕੀਤੀ। ਇਹ ਵਾਰਤਾ ਪਉੜੀ ਨੰਬਰ 31 ਵਿਚ ਦਰਜ ਹੈ,

ਸਿਧੀਂ ਮਨੇ ਬਿਚਾਰਿਆ
ਕਿਵੇਂ ਦਰਸ਼ਨ ਏਹ ਲੇਵੇ ਬਾਲਾ॥
ਐਸਾ ਜੋਗੀ ਕਲੀ ਮਾਹਿ
ਹਮਰੇ ਪੰਥ ਕਰੇ ਉਜਿਆਲਾ॥
ਖੱਪਰ ਦਿਤਾ ਨਾਥ ਜੀ
ਪਾਣੀ ਭਰ ਲੈਵਣ ਉਠ ਚਾਲਾ॥
ਬਾਬਾ ਆਇਆ ਪਾਣੀਐ
ਡਿਠੇ ਰਤਨ ਜਵਾਹਰ ਲਾਲਾ॥
ਸਤਿਗੁਰ ਅਗਮ ਅਗਾਧ
ਪੁਰਖ ਕੇਹੜਾ ਝਲੇ ਗੁਰ ਦੀ ਝਾਲਾ॥
ਫਿਰ ਆਯਾ ਗੁਰ ਨਾਥ ਜੀ
ਪਾਣੀ ਠਉੜ ਨਹੀਂ ਉਸ ਤਾਲਾ॥
ਸ਼ਬਦ ਜਿਤੀ ਸਿਧ ਮੰਡਲੀ
ਕੀਤੋਸੁ ਅਪਣਾ ਪੰਥ ਨਿਰਾਲਾ॥
ਕਲਿਜੁਗ ਨਾਨਕ ਨਾਮ ਸੁਖਾਲਾ॥31॥

**ਗੁਰੂ ਨਾਨਕ ਸਾਹਿਬ ਦਾ ਮੱਕੇ ਜਾਣਾ:**

(ੳ) ਗੁਰੂ ਜੀ ਹਾਜੀਆਂ ਦੇ ਭੇਸ ਵਿਚ ਮੱਕੇ ਗਏ ਤਾਂ ਉਨ੍ਹਾਂ ਦੇ ਲੱਤ ਦੀ ਠੋਕਰ ਮਾਰੀ ਗਈ, ਕਿਉਂਕਿ ਉਹ ਕਾਅਬੇ ਵਲ ਨੂੰ ਪੈਰ ਕਰ ਕੇ ਪੈ ਗਏ ਸਨ। ਇਸ ਘਟਨਾ ਤੋਂ ਮੱਕੇ ਦੇ ਕਾਜ਼ੀ ਨੂੰ ਸਮਝ ਪੈ ਗਈ ਕਿ ਖੁਦਾ ਤਾਂ ਸੱਭੇ ਦਿਸ਼ਾਵਾਂ ਵਿਚ ਮੌਜੂਦ ਹੈ। ਇਹ ਘਟਨਾ ਪਉੜੀ ਨੰਬਰ 32 ਵਿਚ ਇਉਂ ਦਰਜ ਹੈ,

ਬਾਬਾ ਫਿਰ ਮੱਕੇ ਗਯਾ
ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹੱਥ ਕਿਤਾਬ ਕੱਛ ਕੂਜਾ
ਬਾਂਗ ਮੁਸੱਲਾ ਧਾਰੀ॥
ਬੈਠਾ ਜਾਇ ਮਸੀਤ ਵਿਚ
ਜਿਥੇ ਹਾਜੀ ਹੱਜ ਗੁਜਾਰੀ॥
ਜਾਂ ਬਾਬਾ ਸੁੱਤਾ ਰਾਤ ਨੂੰ
ਵੱਲ ਮਹਿਰਾਬੇ ਪਾਂਇ ਪਸਾਰੀ॥
ਜੀਵਣ ਮਾਰੀ ਲਤ ਦੀ
ਕੇਹੜਾ ਸੁਤਾ ਕੁਫਰ ਕੁਫਾਰੀ॥
ਲਤਾਂ ਵਲ ਖੁਦਾਇ ਦੇ
ਕਿਉਂਕਰ ਪਇਆ ਹੋਇ ਬਜਗਾਰੀ॥
ਟੰਗੋਂ ਪਕੜ ਘਸੀਟਿਆ
ਫਿਰਿਆ ਮੱਕਾ ਕਲਾ ਦਿਖਾਰੀ॥
ਹੋਇ ਹੈਰਾਨ ਕਰੇਨ ਜੁਹਾਰੀ॥32॥

**ਨੋਟ:** ਜੀਵਣ ਕਿਸੇ ਕਾਜ਼ੀ ਦਾ ਨਾਂ ਨਹੀਂ। ਇਹ ਸੰਸਕ੍ਰਿਤ ਦੇ ਸ਼ਬਦ ਜ੍ਰਿੰਭਣ ਤੋਂ ਹੈ, ਜਿਸ ਦਾ ਅਰਥ ਹੈ-ਠੋਕਰ ਮਾਰਨੀ ਜਾਂ ਦੁਲੱਤਾ ਮਾਰਨਾ ਜਾਂ ਝਟਕੇ ਨਾਲ ਪ੍ਰਹਾਰ ਕਰਨਾ (ਮਹਾਨ ਕੋਸ਼)।

ਜੀਵਣ ਮਾਰੀ ਲੱਤ ਦੀ-ਲੱਤ ਦੀ ਠੋਕਰ ਮਾਰੀ ਗਈ।

ਜੀਵਣ ਹੇਂਦਕਾ ਲਫਜ਼ ਹੈ, ਜੋ ਮੁਸਲਮਾਨ ਲਈ ਨਹੀਂ ਹੋ ਸਕਦਾ।

(ਅ) ਕਾਜ਼ੀਆਂ ਨੇ ਮੱਕੇ ਵਿਚ ਗੁਰੂ ਜੀ ਨਾਲ ਸੰਵਾਦ ਰਚਾਇਆ ਅਤੇ ਪੁੱਛਿਆ ਕਿ ਉਹ ਹਿੰਦੂ ਨੂੰ ਵੱਡਾ ਮੰਨਦੇ ਹਨ ਕਿ ਮੁਸਲਮਾਨ ਨੂੰ। ਗੁਰੂ ਜੀ ਨੇ ਨਿਡਰ ਹੋ ਕੇ ਉਤਰ ਦਿੱਤਾ ਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਉਹ ਵੱਡਾ ਹੈ, ਜਿਸ ਦੇ ਕੀਤੇ ਅਮਲ ਵੱਡੇ ਹੋਣ। ਜੇ ਚੰਗੇ ਅਮਲਾਂ ਤੋਂ ਦੋਵੇਂ ਖਾਲੀ ਰਹਿਣਗੇ ਤਾਂ ਦੋਵੇਂ ਹੀ ਪਛਤਾਉਣਗੇ। ਗੁਰੂ ਜੀ ਕੋਲ ਜਿਸ ਕਿਤਾਬ ਦਾ ਜ਼ਿਕਰ ਕੀਤਾ ਗਿਆ ਹੈ, ਉਹ ਗੁਰਬਾਣੀ ਦੀ ਪੋਥੀ ਸੀ, ਜਿਸ ਵਿਚ ਉਨ੍ਹਾਂ ਦੀ ਆਪਣੀ ਅਤੇ ਭਗਤਾਂ ਦੀ ਬਾਣੀ ਸੀ। ਪਉੜੀ ਨੰਬਰ 33 ਇਸ ਪ੍ਰਸੰਗ ਨੂੰ ਇਉਂ ਬਿਆਨ ਕਰਦੀ ਹੈ,

ਪੁਛਨ ਗਲ ਈਮਾਨ ਦੀ
ਕਾਜ਼ੀ ਮੁਲਾਂ ਇਕਠੇ ਹੋਈ॥
ਵਡਾ ਸਾਂਗ ਵਰਤਾਇਆ
ਲਖ ਨ ਸਕੇ ਕੁਦਰਤਿ ਕੋਈ॥
ਪੁਛਨ ਖੋਲ ਕਿਤਾਬ ਨੂੰ
ਵਡਾ ਹਿੰਦੂ ਕੀ ਮੁਸਲਮਾਨੋਈ॥
ਬਾਬਾ ਆਖੇ ਹਾਜੀਆਂ
ਸ਼ੁਭ ਅਮਲਾਂ ਬਾਝੋ ਦੋਵੇਂ ਰੋਈ॥
ਹਿੰਦੂ ਮੁਸਲਮਾਨ ਦੋਇ
ਦਰਗਹਿ ਅੰਦਰ ਲੈਣ ਨ ਢੋਈ॥
ਕਚਾ ਰੰਗ ਕੁਸੁੰਭ ਕਾ
ਪਾਣੀ ਧੋਤੇ ਥਿਰ ਨ ਰਹੋਈ॥
ਕਰਨ ਬਖੀਲੀ ਆਪ ਵਿਚ
ਰਾਮ ਰਹੀਮ ਇੱਕ ਥਾਇ ਖਲੋਈ॥
ਰਾਹ ਸ਼ੈਤਾਨੀ ਦੁਨੀਆ ਗੋਈ॥33॥

**ਗੁਰੂ ਜੀ ਦੀ ਬਗਦਾਦ ਫੇਰੀ:**

ਭਾਈ ਗੁਰਦਾਸ ਨੇ ਜ਼ਿਕਰ ਕੀਤਾ ਹੈ ਕਿ ਗੁਰੂ ਜੀ ਦੇ ਨਾਲ ਸਿਰਫ ਮਰਦਾਨਾ ਹੀ ਸਾਥੀ ਸੀ ਅਤੇ ਤੀਜਾ ਕੋਈ ਵਿਅਕਤੀ ਨਹੀਂ ਸੀ। ਇਸ ਗਵਾਹੀ ਤੋਂ ਸਿੱਧ ਹੁੰਦਾ ਹੈ ਕਿ ਬਾਲਾ ਇੱਕ ਨਕਲੀ ਪਾਤਰ ਹੈ, ਜੋ ਕੇਵਲ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਹੀ ਇੱਕ ਪਾਤਰ ਹੈ। ਪੀਰ ਦਸਤਗੀਰ ਨਾਲ ਕੀ ਸੰਵਾਦ ਰਚਾਇਆ ਗਿਆ, ਜਿਸ ਦਾ ਵੇਰਵਾ ਵਾਰ ਵਿਚ ਨਹੀਂ ਮਿਲਦਾ। ਪਉੜੀ ਨੰਬਰ 36 ਵਿਚ ਗੁਰੂ ਜੀ ਵਲੋਂ ਕੀਤੀ ਕਰਾਮਤ, ਪੀਰ ਦੇ ਪੁੱਤਰ ਨੂੰ ਨਾਲ ਲੈ ਕੇ ਹਵਾ ਵਿਚ ਉਡ ਕੇ ਜਾਣ, ਦਾ ਜ਼ਿਕਰ ਹੈ, ਜੋ ਢੁਕਦਾ ਨਹੀਂ ਹੈ। ਗੁਰੂ ਜੀ ਕਰਾਮਾਤੀ ਨਹੀਂ ਸਨ, ਸਗੋਂ ਕਰਾਮਾਤ ਕਰਨ ਵਾਲੇ ਸਿੱਧਾਂ ਨੂੰ ਉਸ ਰਸਤੇ ਤੋਂ ਵਰਜਣ ਵਾਲੇ ਸਨ। ਜਪੁ ਜੀ ਵਿਚ ਵੀ 'ਰਿਧਿ ਸਿਧਿ' ਨੂੰ 'ਅਵਰਾ ਸਾਦ' ਕਿਹਾ ਗਿਆ ਹੈ। ਪਉੜੀ ਨੰਬਰ 37 ਵਿਚ ਗੁਰੂ ਨਾਨਕ ਸਾਹਿਬ ਵਲੋਂ ਗੜ੍ਹ ਬਗਦਾਦ, ਮੱਕੇ ਤੇ ਮਦੀਨੇ ਨੂੰ ਨਿਵਾਉਣ ਅਤੇ ਸਤਿਨਾਮ ਦਾ ਚੱਕ੍ਰ ਫੇਰਨ ਦੀ ਗੱਲ ਕੀਤੀ ਗਈ ਹੈ। ਦੇਖੋ ਪ੍ਰਮਾਣ,

(ੳ) ਫਿਰ ਬਾਬਾ ਗਿਆ ਬਗਦਾਦ ਨੂੰ
ਬਾਹਰ ਜਾਇ ਕੀਆ ਅਸਥਾਨਾ॥
ਇਕ ਬਾਬਾ ਅਕਾਲ ਰੂਪ
ਦੂਜਾ ਰਬਾਬੀ ਮਰਦਾਨਾ॥
ਦਿਤੀ ਬਾਂਗ ਨਿਮਾਜ਼ ਕਰ
ਸੁੰਨ ਸਮਾਨ ਹੋਯਾ ਜਹਾਨਾ॥
ਸੁੰਨ ਮੁੰਨ ਨਗਰੀ ਭਈ
ਦੇਖ ਪੀਰ ਭਇਆ ਹੈਰਾਨਾ॥
ਵੇਖੈ ਧਿਆਨ ਲਗਾਇ ਕਰ
ਇਕ ਫਕੀਰ ਵਡਾ ਮਸਤਾਨਾ॥
ਪੁਛਿਆ ਫਿਰਕੇ ਦਸਤਗੀਰ
ਕੌਨ ਫਕੀਰ ਕਿਸ ਕਾ ਘਰਿਹਾਨਾ॥
ਨਾਨਕ ਕਲਿ ਵਿਚ ਆਇਆ
ਰਬ ਫਕੀਰ ਇਕ ਪਹਿਚਾਨਾ॥
ਧਰਤ ਅਕਾਸ਼ ਚਹੂੰ ਦਿਸ ਜਾਨਾ॥35॥

(ਅ) ਨਾਲ ਲੀਤਾ ਬੇਟਾ ਪੀਰ ਦਾ
ਅਖੀਂ ਮੀਟ ਗਿਆ ਹਵਾਈ॥
ਲਖ ਅਕਾਸ਼ ਪਤਾਲ ਲਖ
ਅਖ ਫੁਰਕ ਵਿਚ ਸਭ ਦਿਖਲਾਈ॥
ਭਰ ਕਚਕੌਲ ਪ੍ਰਸਾਦ ਦਾ
ਧੁਰੋਂ ਪਤਾਲੋਂ ਲਈ ਕੜਾਈ॥
ਜ਼ਾਹਰ ਕਲਾ ਨ ਛਪੈ ਛਪਾਈ॥36॥

(ਚਲਦਾ)

ਵਿਚਾਰ ਚਰਚਾ

# ਗੁਰੂ ਨਾਨਕ ਜੀ ਜਾਂ ਨਾਨਕ...?

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਅਜੇ ਕੁਝ ਕੁ ਦਿਨ ਪਹਿਲਾਂ ਹੀ ਸਾਰੇ ਸਿੱਖ ਜਗਤ ਜਾਂ ਸੰਸਾਰ ਭਰ ਵਿਚ ਬਹੁਤ ਚਾਵਾਂ ਅਤੇ ਸੱਧਰਾਂ ਨਾਲ ਮਨਾਇਆ ਗਿਆ ਹੈ। ਇਸ ਸ਼ਤਾਬਦੀ ਬਾਰੇ ਹਰ ਕਿਸੇ ਨੂੰ ਜਾਣਕਾਰੀ ਹੈ ਅਤੇ ਰੱਖਣੀ ਚਾਹੀਦੀ ਵੀ ਹੈ, ਪਰ ਸ਼ਤਾਬਦੀ ਦੇ ਐਨ ਕੁਝ ਕੁ ਮਹੀਨੇ ਪਹਿਲਾਂ ਤੋਂ ਇਕ ਸ਼ਬਦ ਦਾ ਐਨੇ ਜ਼ੋਰ ਸ਼ੋਰ ਨਾਲ ਪ੍ਰਚਾਰ ਹੋਇਆ ਅਤੇ ਹੋ ਰਿਹਾ ਹੈ ਕਿ ਕਮਾਲ ਹੋਈ ਪਈ ਹੈ, ਪਰ ਮਜਾਲ ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਜਾਂ ਕਿਸੇ ਹੋਰ ਧਾਰਮਿਕ ਸਿੱਖ ਸੰਸਥਾ ਦੇ ਕੰਨਾਂ 'ਤੇ ਜੂੰ ਸਰਕੀ ਹੋਵੇ ਅਤੇ ਕਿਸੇ ਨੇ ਇਸ ਗੱਲ ਦਾ ਨੋਟਿਸ ਲਿਆ ਹੋਵੇ! ਨਾ ਜੀ ਨਾ, ਬਿਲਕੁਲ ਹੀ ਨਹੀਂ। ਇੰਜ ਲਗਦਾ ਹੈ, ਜਿਵੇਂ ਇਹ ਸਾਰਾ ਕੁਝ ਕਿਸੇ ਸੋਚੀ ਸਮਝੀ ਸਾਜਿਸ਼ ਅਧੀਨ ਕੀਤਾ ਜਾ ਰਿਹਾ ਹੋਵੇ। ਜਿਸ ਸ਼ਬਦ ਦਾ ਨਿਰਾਦਰ ਜੋਰ ਸ਼ੋਰ ਨਾਲ ਹੋਇਆ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਅਤੇ ਹੋ ਰਿਹਾ ਹੈ, ਉਹ ਸ਼ਬਦ ਹੈ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲੋਂ 'ਗੁਰੂ' ਸ਼ਬਦ ਦਾ ਪੂਰੀ ਤਰ੍ਹਾਂ ਨਾਲ ਬਾਈਕਾਟ ਕੀਤੇ ਜਾਣਾ। ਸਾਰੇ ਤਾਂ ਨਹੀਂ, ਪਰ ਬਹੁ ਗਿਣਤੀ 'ਚ ਲਿਖਾਰੀਆਂ, ਕਲਮਕਾਰਾਂ, ਗਾਇਕਾਂ ਅਤੇ ਬੁਲਾਰਿਆਂ ਨੇ 'ਗੁਰੂ ਨਾਨਕ' ਦੀ ਥਾਂ ਇਕੱਲੇ 'ਨਾਨਕ' ਸ਼ਬਦ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂ ਕਰ ਰਹੇ ਹਨ। ਕਿਉਂ? ਕਿਉਂਕਿ ਇਸ 'ਤੇ ਕਿਸੇ ਨੇ ਸਵਾਲ ਹੀ ਨਹੀਂ ਕੀਤਾ ਤਾਂ ਜਵਾਬ ਕਿਸ ਨੇ ਦੇਣਾ!

ਫੇਸਬੁਕ 'ਤੇ ਦੇਖ ਲਓ, ਕੁਝ ਕੁ ਲਿਖਤਾਂ ਛੱਡ ਕੇ ਹਰ ਥਾਂ 'ਨਾਨਕ' ਸ਼ਬਦ ਲਿਖਿਆ ਮਿਲੇਗਾ। ਗਾਇਕਾਂ ਨੂੰ ਸੁਣ ਲਉ, ਹਰ ਥਾਂ 'ਨਾਨਕ, ਨਾਨਕ' ਦੀ ਰੱਟ ਲੱਗੀ ਪਈ ਹੈ। ਬੁਲਾਰਿਆਂ ਨੂੰ ਦੇਖ ਲਉ, ਉਹ ਸਭ ਤੋਂ ਅੱਗੇ ਨਿਕਲ ਰਹੇ ਹਨ, ਹੋਰ ਤਾਂ ਹੋਰ ਵੱਡੇ ਵੱਡੇ ਕਵੀ ਦਰਬਾਰਾਂ ਦੇ ਨਾਮ ਰੱਖੇ ਜਾ ਰਹੇ ਹਨ, 'ਨਾਨਕ ਕਵੀ ਦਰਬਾਰ।' ਵਾਹ! ਸਮੇਂ ਨੇ ਕਿਆ ਪਲਟੀ ਮਾਰੀ ਹੈ, ਜਿਸ ਗੁਰੂ ਦੀ ਜਨਮ ਸ਼ਤਾਬਦੀ ਮਨਾ ਕੇ ਅਸੀਂ ਸੰਸਾਰ ਨੂੰ ਕੋਈ ਗੁਰੂ ਉਪਦੇਸ਼ ਦਾ ਅਗਾਂਹਵਧੂ ਸੁਨੇਹਾ ਦੇਣਾ ਸੀ, ਉਲਟਾ ਉਸ ਕੌਮ ਨੇ ਗੁਰੂ ਦੀ ਜਨਮ ਸ਼ਤਾਬਦੀ ਨੂੰ ਇਹ ਉਪਹਾਰ ਦੇ ਕੇ ਚਾਰ ਚੰਨ ਨਹੀਂ, ਹਜ਼ਾਰ ਚੰਨ ਲਾ ਦਿੱਤੇ ਹਨ। ਮੈਂ ਦੋਵੇਂ ਹੱਥ ਜੋੜ ਕਲਮਕਾਰਾਂ, ਗਾਇਕਾਂ ਅਤੇ ਬੁਲਾਰਿਆਂ ਨੂੰ ਪੁੱਛਦੀ ਹਾਂ, ਕੀ ਕਦੀ ਤੁਸਾਂ ਆਪਣੇ ਪਿਤਾ ਜੀ, ਬਾਪੂ ਜੀ ਜਾਂ ਡੈਡੀ ਜੀ ਨੂੰ ਇਸ ਰੁਖੇਪਨ ਨਾਲ ਆਵਾਜ਼ ਦੇ ਕੇ ਬੁਲਾਇਆ ਹੈ? ਨਹੀਂ ਨਾ! ਅਤੇ ਜੇ ਤੁਸੀਂ ਇਹ ਗੁਸਤਾਖੀ ਕਦੇ ਆਪਣੇ ਬਾਪੂ ਜੀ ਨਾਲ ਨਹੀਂ ਕੀਤੀ ਤਾਂ ਕਿਸ ਦੇ ਹੁਕਮ ਨਾਲ ਤੁਸੀਂ 'ਗੁਰੂ ਨਾਨਕ ਸਾਹਿਬ' ਨੂੰ 'ਨਾਨਕ, ਨਾਨਕ' ਆਖ ਆਖ ਕੇ ਬੇਹੁਰਮਤੀਆਂ ਕਰ ਰਹੇ ਹੋ? ਕਿਉਂ ਇਹ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ?

ਨਾਨਕ ਕੌਣ ਹੈ? ਕੀ ਤੁਸੀਂ ਇਸ ਨਾਨਕ ਨਾਂ ਨੂੰ ਪਹਿਲੀ ਵਾਰ ਸੁਣ ਰਹੇ ਹੋ? ਕੀ ਪਹਿਲਾਂ ਤੁਸੀਂ ਆਪਣੀ ਜ਼ਿੰਦਗੀ ਵਿਚ ਕਦੀ ਇਸ ਨਾਂ ਨੂੰ ਸਤਿਕਾਰ ਨਹੀਂ ਦਿੱਤਾ? ਕੀ ਕਦੀ ਘਰ ਵਿਚ ਮਾਂ ਨੇ ਇਹ ਨਹੀਂ ਸੀ ਆਖਿਆ, 'ਬੇਟਾ ਸਾਡਾ ਗੁਰੂ ਗੁਰੂ ਨਾਨਕ ਜੀ ਹੈ।' ਜਾਂ ਤੁਸਾਂ ਕਦੀ ਇਸ ਨੂੰ ਧੰਨ ਗੁਰੂ ਨਾਨਕ ਜੀ ਆਖ ਮੱਥਾ ਨਹੀਂ ਟੇਕਿਆ? ਮੈਂ ਹੈਰਾਨ ਹਾਂ, ਜਗਤ ਗੁਰੂ ਗੁਰੂ ਨਾਨਕ ਦੇਵ ਜੀ ਦੇ ਪਾਵਨ ਨਾਂ ਦੀ ਅੱਜ ਸ਼ੱਰੇਆਮ ਕਿਵੇਂ ਖਿੱਲੀ ਉਡਾਈ ਜਾ ਰਹੀ ਹੈ। ਸਾਡਾ ਪਿਆਰਾ ਧਰਮ, ਸਾਡਾ ਨਿਆਰਾ ਧਰਮ!

ਕੋਈ ਸਵਾਲ ਕਰ ਸਕਦਾ ਹੈ ਕਿ 'ਨਾਨਕ ਨਾਮ ਚੜਦੀ ਕਲਾ' ਵਿਚ ਪਹਿਲਾਂ ਗੁਰੂ ਕਿਉਂ ਨਹੀ ਆਖਿਆ ਜਾਂਦਾ? ਬੇਨਤੀ ਹੈ ਜੀ, ਬਹੁਤ ਸਮਾਂ ਪਹਿਲਾਂ 'ਗੁਰੂ ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ' ਹੀ ਬੋਲਿਆ ਜਾਂਦਾ ਸੀ। ਫਿਰ ਪਤਾ ਹੀ ਨਹੀਂ ਕਦੋਂ 'ਗੁਰੂ' ਸ਼ਬਦ ਨੂੰ ਗਾਇਬ ਕਰ ਦਿਤਾ ਗਿਆ ਅਤੇ ਕਿਸੇ ਨੂੰ ਕੋਈ ਫਰਕ ਹੀ ਨਹੀਂ ਪਿਆ! ਜਿਨ੍ਹਾਂ ਨੂੰ ਫਰਕ ਪੈਣੇ ਚਾਹੀਦੇ ਸਨ, ਉਨ੍ਹਾਂ ਨੂੰ ਤਾਂ ਚੌਧਰਾਂ ਅਤੇ ਗੋਲਕਾਂ ਤੋਂ ਹੀ ਕਦੀ ਵਿਹਲ ਨਹੀ ਮਿਲੀ।

'ਨਾਨਕ ਸਾਇਰ ਏਵ ਕਹਿਤ ਹੈ ਸਚੇ ਪਰਵਦਿਗਾਰਾ॥' ਇਹ ਵੀ ਸਤਿਗੁਰੂ ਜੀ ਆਪਣੀ ਬਾਣੀ ਵਿਚ ਆਖਦੇ ਹਨ, ਕੋਈ ਹੋਰ ਨਹੀਂ।

ਸਤਿਕਾਰ ਦੇਖਣਾ ਹੈ ਤਾਂ ਗੁਰਬਾਣੀ ਵਿਚ ਹੀ ਦੇਖੋ, ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੀ ਜਦ ਗੁਰੂ ਨਾਨਕ ਸਾਹਿਬ ਦੀ ਸਿਫਤਿ ਸਾਲਾਹ ਕਰਦੇ ਹਨ ਤਾਂ ਉਹ ਵੀ ਨਾਨਕ ਤੋਂ ਪਹਿਲਾਂ 'ਗੁਰੂ' ਸ਼ਬਦ ਵਰਤਦੇ ਹਨ ਅਤੇ ਬਹੁਤ ਸਾਰੇ ਸ਼ਬਦਾਂ ਵਿਚ ਆਖਦੇ ਹਨ,

ਸਭ ਤੇ ਵਡਾ ਸਤਿਗੁਰੁ ਨਾਨਕੁ
ਜਿਨਿ ਕਲ ਰਾਖੀ ਮੇਰੀ॥

ਪ੍ਰਗਟ ਭਈ ਸਗਲੇ ਜੁਗ ਅੰਤਰਿ
ਗੁਰ ਨਾਨਕ ਕੀ ਵਡਿਆਈ॥

ਗੁਰੁ ਨਾਨਕੁ ਜਿਨ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ॥

ਸਭੇ ਕਾਜ ਸੁਹੇਲੜੇ ਥੀਏ
ਗੁਰੁ ਨਾਨਕੁ ਸਤਿਗੁਰੁ ਤੁਠਾ॥

ਗੁਰੁ ਨਾਨਕ ਜਾ ਕਉ ਭਇਆ ਦਇਆਲਾ॥
ਸੋ ਜਨੁ ਹੋਆ ਸਦਾ ਨਿਹਾਲਾ॥

ਗੁਝੀ ਛੰਨੀ ਨਾਹੀ ਬਾਤ॥
ਗੁਰੁ ਨਾਨਕੁ ਤੁਠਾ ਕੀਨੀ ਦਾਤਿ॥

ਹਰਿ ਭਗਤਿ ਖਜਾਨਾ ਬਖਸਿਆ
ਗੁਰਿ ਨਾਨਕਿ ਕੀਆ ਪਸਾਉ ਜੀਉ॥

ਜਗਤ ਗੁਰੂ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼ ਪੁਰਬ ਜਿਸ ਤਰੀਕੇ ਨਾਲ ਮਨਾਇਆ ਗਿਆ ਹੈ ਅਤੇ ਚੌਧਰਾਂ ਲਈ ਜੋ ਜੋ ਦਿਖਾਵੇ ਕੀਤੇ ਗਏ ਹਨ, ਉਸ ਤੋਂ ਸਾਰਾ ਸਿੱਖ ਜਗਤ ਭਲੀਭਾਂਤ ਜਾਣੂੰ ਹੈ। ਕੌਮ ਦੀ ਕਿਰਤ ਕਮਾਈ ਨੂੰ ਪਾਣੀ ਵਾਂਗ ਰੋੜਿਆ ਗਿਆ ਹੈ ਅਤੇ ਆਪਣੇ ਭੰਡਾਰੇ ਵੀ ਆਉਣ ਵਾਲੀਆਂ ਪੀੜ੍ਹੀਆਂ ਲਈ ਭਰ ਲਏ ਗਏ ਹਨ।

ਬਾਲੀਵੁੱਡ ਦੇ ਨਾਮੀ ਗਾਇਕ ਸੁਖਵਿੰਦਰ ਸਿੰਘ ਨੇ ਇਸ ਸ਼ਬਦ ਦਾ ਗਾਇਨ ਕੀਤਾ,

ਨਾਨਕ ਆਇਆ ਨਾਨਕ ਆਇਆ ਨਾਨਕ ਆਇਆ। ਕਲਿ ਤਾਰਣ ਗੁਰੂ ਨਾਨਕ ਆਇਆ। (ਭਾਈ ਗੁਰਦਾਸ)

ਨਾਮੀ ਗਾਇਕ ਇਸ ਸ਼ਬਦ ਦੀ ਕੋਈ ਬੰਧਿਸ਼ ਹੋਰ ਵੀ ਬਣਾ ਸਕਦੇ ਸਨ, ਪਰ ਲੋੜ ਹੀ ਕੋਈ ਨਹੀਂ! ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਆਪ ਸ਼ਬਦ ਰਿਲੀਜ਼ ਕਰ ਰਹੇ ਹੋਣ ਤਾਂ ਪਰਵਾਹ ਕਿਸ ਦੀ ਹੈ? ਸਈਆਂ ਭਏ ਕੋਤਵਾਲ ਅਬ ਡਰ ਕਾਹੇ ਕਾ। ਖੈਰ! ਇਸ ਪਿਛੋਂ ਤਾਂ ਜੋ ਵੀ ਗਾਇਕ ਉਠਿਆ, ਉਸ ਨੇ 'ਨਾਨਕ ਆਇਆ, ਨਾਨਕ ਆਇਆ' ਗਾ ਕੇ ਹੀ ਆਪਣੀ ਸ਼ਰਧਾ ਪੂਰੀ ਕਰ ਲਈ।

ਹੋਰ ਤਾਂ ਹੋਰ, ਸਾਡੇ ਸਿੱਖ ਕੌਮ ਦੇ ਕੁਝ ਸਿਰਮੌਰ ਪ੍ਰਚਾਰਕ ਵੀ ਇਸ ਅਧੂਰੇ ਸ਼ਬਦ ਦੀ ਖੁੱਲ੍ਹ ਕੇ ਵਰਤੋ ਕਰ ਰਹੇ ਹਨ। ਵਾਹ! ਜਿਨ੍ਹਾਂ ਨੇ ਗਲਤੀਆਂ ਕਰਨ ਵਾਲਿਆਂ ਨੂੰ ਵਰਜਣਾ ਸੀ, ਉਹ ਆਪ ਗਲਤੀਆਂ ਕਰ ਰਹੇ ਹਨ। ਹੈ ਨਾ ਕਮਾਲ? ਮੈਂ ਇਹ ਨਹੀਂ ਆਖ ਰਹੀ ਕਿ ਇਸ ਗਲਤੀ ਜਾਂ ਸਾਜਿਸ਼ ਨਾਲ ਸਿਰਫ ਮੈਨੂੰ ਹੀ ਦੁੱਖ ਹੋਇਆ ਹੈ! ਨਹੀਂ, ਹੋਰ ਵੀ ਬਥੇਰੇ ਗੁਰੂ ਨੂੰ ਪਿਆਰ ਕਰਨ ਵਾਲੇ ਲਿਖਣਗੇ ਜਾਂ ਬੋਲਣਗੇ, ਪਰ ਮੇਰੀ ਬੇਨਤੀ ਹੈ ਕਿ ਇਹ ਸ਼ੁਰੂਆਤ ਚੰਗੀ ਨਹੀਂ, ਬਹੁਤ ਮਾੜੀ ਹੈ। ਸਾਨੂੰ ਸਭ ਨੂੰ ਹੀ ਇਸ ਖਿਲਾਫ ਆਵਾਜ਼ ਉਠਾਉਣੀ ਚਾਹੀਦੀ ਹੈ, ਪਰ ਉਠਾਏਗਾ ਕੌਣ? ਕਿਉਂਕਿ ਸੁਣਨ ਵਾਲਾ ਕੋਈ ਨਹੀਂ।

ਧੜੇਬੰਦੀ ਤਾਂ ਕੌਮ ਵਿਚ ਸ਼ੁਰੂ ਤੋਂ ਹੀ ਚਲਦੀ ਆ ਰਹੀ ਹੈ, ਪਰ ਇਹ ਧੜੇਬੰਦੀ ਕੌਮ ਦਾ ਜਿੰਨਾ ਨੁਕਸਾਨ ਹੁਣ ਕਰ ਰਹੀ ਹੈ, ਉਨਾ ਸ਼ਾਇਦ ਪਹਿਲਾਂ ਕਦੀ ਨਹੀਂ ਹੋਇਆ। ਇਸ ਨੁਕਸਾਨ ਲਈ ਜਿਥੇ ਸਾਡੀ ਬੇਇਮਾਨ ਲੀਡਰਸ਼ਿਪ ਜਿੰਮੇਦਾਰ ਹੈ, ਉਥੇ ਸਾਡੀ ਕੌਮ ਵੀ ਬਰਾਬਰ ਦੀ ਭਾਈਵਾਲ ਹੈ। ਸਿੱਖ ਕੌਮ ਦੇ ਕਈ ਸੁਚੱਜੇ ਅਤੇ ਸੂਝਵਾਨ ਲੀਡਰਾਂ ਨੇ ਬਹੁਤ ਵਾਰੀ ਕੌਮ ਨੂੰ ਹਲੂਣੇ ਵੀ ਦਿੱਤੇ ਹਨ ਭਾਵ ਜਗਾਉਣ ਦੀ ਕੋਸ਼ਿਸ਼ ਵੀ ਕੀਤੀ ਹੈ ਕਿ ਆਉ ਸਾਰੇ ਇਕ ਝੰਡੇ ਥੱਲੇ ਇਕੱਠੇ ਹੋ ਕੇ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਪੰਥ ਲਈ ਇਕ ਨਵੀਂ ਸ਼ੁਰੂਆਤ ਕਰੀਏ, ਪਰ ਕਦੀ ਵੀ ਕੌਮ ਵਲੋਂ ਹੁੰਗਾਰਾ ਨਾ ਮਿਲਿਆ। ਮਤਲਬ ਸਾਫ ਤੇ ਸਪੱਸ਼ਟ ਹੈ ਕਿ ਗੁਰਧਾਮਾਂ 'ਤੇ ਕਾਬਜ ਲੋਕ ਥੋੜ੍ਹੇ ਨਹੀਂ, ਲੋੜੋਂ ਵੱਧ ਮਾਇਆਧਾਰੀ ਹਨ ਅਤੇ ਲੰਮੇ ਸਮੇਂ ਤੋਂ ਉਨ੍ਹਾਂ ਦੀ ਸਾਰੀ ਕੌਮ 'ਤੇ ਬਾਦਸ਼ਾਹਤ ਵੀ ਚਲੀ ਆ ਰਹੀ ਹੈ।

ਅੱਜ ਸੰਸਾਰ ਵਿਚ ਪੈਸੇ ਦਾ ਰਾਜ ਹੈ, ਡਾਂਗ ਦਾ ਰਾਜ ਹੈ, ਗੁੰਡਾਗਰਦੀ ਦਾ ਰਾਜ ਹੈ। ਆਮ ਭੋਲੇ ਭਾਲੇ ਲੋਕਾਂ ਨੂੰ ਡਰਾਉਣ ਧਮਕਾਉਣ ਲਈ ਇੰਨਾ ਕੁਝ ਕਾਫੀ ਹੈ। ਪਿੰਡਾਂ ਦੇ ਲੋਕ ਤਾਂ ਉਸ ਪਰਿਵਾਰ ਨੂੰ ਹੀ ਗੁਰੂ ਅਤੇ ਪੰਥ ਜਾਣ ਕੇ ਹੁਣ ਵੀ ਟੀ. ਵੀ. ਚੈਨਲਾਂ 'ਤੇ ਮੱਥੇ ਟੇਕਦੇ ਦੇਖੇ ਜਾ ਸਕਦੇ ਹਨ। ਕਿਥੇ ਗਏ ਸ਼ਬਦ ਗੁਰੂ ਦੀਆਂ ਬੇਅਦਬੀਆਂ ਕਰਨ ਵਾਲੇ ਲੋਕ? ਗਲੀਆਂ ਵਿਚ ਦਨਦਨਾਉਂਦੇ ਫਿਰਦੇ ਹਨ, ਨਾ ਕਿਸੇ ਨੇ ਕਿਸੇ ਨੂੰ ਫੜਿਆ ਹੈ ਅਤੇ ਨਾ ਫੜਨਾ ਹੈ। ਵਿਕਾਊ ਅਤੇ ਮਰੀਆਂ ਜਮੀਰਾਂ ਵਾਲੇ ਗੁਰੂ ਨੂੰ ਕੀ ਜਾਣਦੇ ਹਨ, ਜਦ ਵੀ ਕੋਈ ਟਾਵਾਂ ਜਾਂ ਵਿਰਲਾ ਬੰਦਾ ਸੱਚ ਬੋਲਣ ਦੀ ਜੁਰਅਤ ਕਰਦਾ ਹੈ ਤਾਂ ਫਟਾ ਫਟ ਉਸ ਨੂੰ ਆਰ. ਐਸ. ਐਸ. ਦਾ ਪਿੱਠੂ ਗਰਦਾਨ ਕੇ ਉਸ ਦਾ ਜਿਉਣਾ ਮੁਹਾਲ ਕਰ ਦਿੱਤਾ ਜਾਂਦਾ ਹੈ, ਜਦ ਕਿ ਸਾਡੀ ਲੀਡਰਸ਼ਿਪ ਆਪ ਆਰ. ਐਸ. ਐਸ. ਦੀ ਭਾਈਵਾਲ ਹੈ ਅਤੇ ਸ਼ੱਰ੍ਹੇਆਮ ਉਨ੍ਹਾਂ ਦੇ ਤਲਵੇ ਚੱਟਦੀ ਹੈ।

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਅਤੇ ਕਰਤਾਰਪੁਰ ਸਾਹਿਬ ਲਾਂਘੇ ਦਾ ਨੀਂਹ ਪੱਥਰ ਰੱਖਣ ਤੋਂ ਲੈ ਕੇ ਲਾਂਘਾ ਖੁੱਲ੍ਹਣ ਤਕ, ਜੋ ਜੋ ਬੇਹੁਰਮਤੀਆਂ ਹੋਈਆਂ ਜਾਂ ਕੀਤੀਆਂ ਗਈਆਂ, ਬਹੁਤ ਹੀ ਸ਼ਰਮਨਾਕ ਹਨ, ਪਰ 'ਮੋਦੀ ਦੀ ਜੈ ਜੈ' ਕਰ ਕੇ ਖੈਰਾਤ ਵਿਚ ਵਜਾਰਤਾਂ ਲੈਣ ਵਾਲਿਆਂ ਨੂੰ ਨਾ ਭੋਰਾ ਜਿੰਨੀ ਕੋਈ ਸ਼ਰਮ ਹੀ ਆਈ ਅਤੇ ਨਾ ਹੀ ਕੋਈ ਫਰਕ ਪਿਆ।

ਮੈਨੂੰ ਪਤਾ ਹੈ, ਇਸ ਲੇਖ ਨਾਲ ਵੀ ਨਾ ਹੀ ਕਿਸੇ ਦੇ ਕੰਨ 'ਤੇ ਕੋਈ ਜੂੰ ਸਰਕਣੀ ਹੈ ਅਤੇ ਨਾ ਹੀ ਕਿਸੇ ਨੇ ਕੋਈ ਕਦਮ ਚੁਕਣਾ ਹੈ, ਪਰ ਮੈਂ ਆਪਣੀ ਅੰਦਰਲੀ ਆਵਾਜ਼ ਨੂੰ ਕਿਵੇਂ ਮਾਰ ਸੁੱਟਾਂ? ਇਹ ਮੇਰਾ ਧਰਮ ਹੈ, ਮੇਰਾ ਫਰਜ਼ ਹੈ, ਤੇ ਇਹ ਮੇਰਾ ਮੇਰੇ ਗੁਰੂ ਪ੍ਰਤੀ ਪਿਆਰ-ਸਤਿਕਾਰ ਹੈ ਕਿ ਮੈਂ ਬੁਰਾਈ ਖਿਲਾਫ ਅਤੇ ਸੱਚ ਦੇ ਹੱਕ ਵਿਚ ਆਵਾਜ਼ ਬੁਲੰਦ ਕਰਾਂ। ਮੇਰੇ ਸਤਿਗੁਰੂ ਨੇ ਮੈਨੂੰ ਕਲਮ ਦਿੱਤੀ ਹੈ, ਮੈਨੂੰ ਲਿਖਣਾ ਸਿਖਾਇਆ ਹੈ ਤਾਂ ਮੈਂ ਲਿਖਦੀ ਹਾਂ ਅਤੇ ਲਿਖਦੀ ਰਹਾਂਗੀ।

ਮੇਰੀ ਕਲਮਕਾਰ ਵੀਰਾਂ ਤੇ ਭੈਣਾਂ ਨੂੰ ਬੇਨਤੀ ਹੈ ਕਿ ਆਪਣੀਆਂ ਕਲਮਾਂ ਦੇ ਰੁਖ ਮੋੜੋ, ਆਪਣੀਆਂ ਕਲਮਾਂ ਸੱਚ ਲਈ ਵਾਹੋ, ਸੱਚ ਦੇ ਹੱਕ ਵਿਚ ਲਾਮਬੰਦ ਹੋਵੋ, ਸੱਚ ਲਈ ਆਵਾਜ਼ ਉਠਾਓ, ਨਹੀਂ ਤਾਂ ਅਸੀਂ ਵੀ ਗੁਨਾਹਗਾਰ ਹੋਵਾਂਗੇ।


ਕਿੰਨਾ ਚੰਗਾ ਹੋਵੇ ਜੇ ਕਲਮਕਾਰ ਹੀ ਸ਼ੁਰੂਆਤ ਕਰਨ ਅਤੇ 'ਨਾਨਕ' ਦੀ ਥਾਂ 'ਗੁਰੂ ਨਾਨਕ' ਲਿਖਣਾ ਸ਼ੁਰੂ ਕਰ ਦਿੱਤਾ ਜਾਵੇ। ਇਹ ਚੰਗਾ ਤੇ ਨੇਕ ਉਪਰਾਲਾ ਹੋਵੇਗਾ ਅਤੇ ਅਸੀਂ ਆਪਣੇ ਗੁਰੂ ਦੇ ਸਨਮੁਖ ਹੋ ਖੁਸ਼ੀਆਂ ਲੈ ਸਕਾਂਗੇ। ਆਓ, ਉਹ ਕਰਮ ਕਰੀਏ, ਜੋ ਸਾਡੇ ਧਰਮ ਅਤੇ ਸਮਾਜ ਦੇ ਹਿਤ ਵਿਚ ਹੋਣ, ਜਿਸ ਨਾਲ ਕਿਸੇ ਦੇ ਮਨ ਨੂੰ ਕੋਈ ਠੇਸ ਨਾ ਪਹੁੰਚੇ, ਕਿਉਂਕਿ ਸਮਾਂ ਬਹੁਤ ਭਿਆਨਕ ਹੈ ਤੇ ਹਰ ਪਾਸੇ ਖਲਬਲੀ ਮੱਚੀ ਪਈ ਹੈ। ਆਓ, ਮਿਲ ਕੇ ਕੋਈ ਚੰਗੀਆਂ ਤਦਬੀਰਾਂ ਘੜੀਏ ਤੇ ਕੁਝ ਚੰਗਾ ਕਰਨ ਵਿਚ ਆਪਣਾ ਹਿੱਸਾ ਪਾਈਏ ਤੇ ਗੁਰੂ ਚਰਨਾਂ ਵਿਚ ਸਮਰਪਿਤ ਹੋਈਏ।

# ਯਾਰੜੇ ਦੇ ਸੱਥਰ ਦਾ ਸਿਦਕ, ਸਿਰੜ ਅਤੇ ਸੱਚ

ਪੋਹ ਮਹੀਨੇ ਦੀ ਪਹਿਲੀ ਅਤੇ ਸੱਜਰੀ ਸਵੇਰ ਮੌਸਮੀ ਪੱਖ ਤੋਂ ਸਰਦੀ ਦਾ ਕਹਿਰ, ਇਸ ਮਹੀਨੇ ਦਾ ਠਰਿਆ ਹੋਇਆ ਸੱਚ ਤੇ ਪਛਾਣ ਹੈ।

ਇਤਿਹਾਸ ਦੇ ਨੁਕਤੇ ਤੋਂ ਇਹ ਮਹੀਨਾ ਦਸਮੇਸ਼ ਪਿਤਾ ਦੇ ਸਰਬੰਸ-ਦਾਨ ਨਾਲ ਜੁੜਿਆ ਹੋਇਆ ਹੈ। ਇਸ ਮਹੀਨੇ ਵਿਚ ਤਿੰਨ ਦਿਵਸ ਅਜਿਹੇ ਹਨ, ਜੋ ਨਾਨਕ ਨਾਮ ਲੇਵਿਆਂ ਦੇ ਦਿਲ ਵਿਚ ਕੰਡੇ ਵਾਂਗ ਚੁਭੇ, ਟੀਸ ਬਣ ਉਭਰੇ ਤੇ ਫੁੱਲ ਵਾਂਗ ਖਿੜ ਗਏ।

ਜੇ ਇਨ੍ਹਾਂ ਦਿਨਾਂ, ਦਿਵਸਾਂ ਜਾਂ ਦੇਸ੍ਹਿਆਂ ਨੂੰ



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਸਥਾਨ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਇਹ ਹਨ: ਚਮਕੌਰ ਸਾਹਿਬ, ਸਰਹਿੰਦ ਅਤੇ ਮਾਛੀਵਾੜਾ।

ਅਸੀਂ ਹਰ ਸਾਲ ਇਨ੍ਹਾਂ ਦਿਨਾਂ ਦੌਰਾਨ ਇਨ੍ਹਾਂ ਤਿੰਨਾਂ ਸਥਾਨਾਂ 'ਤੇ ਦਸਮੇਸ਼ ਪਿਤਾ ਦੇ ਸਰਬੰਸ-ਦਾਨ ਨਾਲ ਜੁੜੇ ਜੋੜ-ਮੇਲਿਆਂ 'ਚ ਗੁਰੂ ਪ੍ਰਤੀ ਮਹਾਂ ਉਦਾਸੀ ਅਤੇ ਸ਼ੁਕਰਗੁਜਾਰੀ ਦੇ ਆਲਮ ਵਿਚ ਨਤਮਸਤਕ ਹੁੰਦੇ ਹਾਂ।

ਦਸਮੇਸ਼ ਪਿਤਾ ਦੇ ਦੋ ਦੁਲਾਰੇ ਚਮਕੌਰ ਦੀ ਕੱਚੀ ਗੜ੍ਹੀ ਵਿਚ ਜੰਗੇ ਮੈਦਾਨ 'ਚ ਲੜਦੇ ਲੜਦੇ ਸ਼ਹੀਦ ਹੋ ਗਏ ਅਤੇ ਦੋ ਛੋਟੇ ਲਖਤਿ-ਜਿਗਰ ਸਰਹਿੰਦ ਦੀਆਂ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੇ ਗਏ।

ਦਸਮੇਸ਼ ਪਿਤਾ ਦੇ ਮਾਤਾ ਗੁਜਰੀ ਆਪਣੇ ਨਿਕੜੇ ਪੋਤਰਿਆਂ ਦੀ ਸ਼ਹਾਦਤ ਦੀ ਅਸਹਿ ਅਤੇ ਅਕਹਿ ਖਬਰ ਸੁਣਦੇ ਸਾਰ ਸਰਹਿੰਦ ਵਿਖੇ ਠੰਡੇ ਬੁਰਜ ਵਿਚ ਹੀ ਵਾਹਿਗੁਰੂ ਵਿਚ ਲੀਨ ਹੋ ਗਏ ਤੇ ਪ੍ਰਾਣ ਤਿਆਗ ਦਿੱਤੇ।

ਦਾਦੀ ਮਾਂ ਗੁਜਰੀ ਦੇ ਲਾਲ ਦੇ ਲਾਲਾਂ ਦੇ ਵਿਛੋੜੇ ਦੇ ਅਹਿਸਾਸ ਅਤੇ ਸੀਨੇ ਦੇ ਦੁਖੜੇ ਜਾਣ ਕੇ ਤਾਂ ਧਰਤੀ ਦਾ ਸੀਨਾ ਪਾਟ ਜਾਵੇ, ਅੰਬਰ ਕੰਬ ਜਾਵੇ ਤੇ ਬ੍ਰਹਿਮੰਡ ਬਿਖਰ ਜਾਵੇ।

ਦਸਮੇਸ਼ ਪਿਤਾ ਬਿਨਾ ਕਲਗੀ, ਬਿਨਾ ਘੋੜੇ ਅਤੇ ਬਿਨਾ ਜੋੜੇ ਦੇ ਮਾਛੀਵਾੜੇ ਦੇ ਜੰਗਲ ਵਿਚ ਜਾ ਬਿਰਾਜੇ। ਖੂਹ ਦੀ ਟਿੰਡ ਉਤਾਰ ਕੇ ਪਾਣੀ ਪੀਤਾ ਤੇ ਉਸ ਦਾ ਸਿਰਹਾਣਾ ਬਣਾ ਕੇ ਜੰਡ ਦੇ ਰੁੱਖ ਹੇਠ ਸੌਂ ਗਏ, 'ਨੇਹੁ ਵਾਲੇ ਨੈਣਾਂ ਕੀ ਨੀਂਦਰ।' ਰਾਤ ਨੂੰ ਦਸਮੇਸ਼ ਪਿਤਾ ਦੇ ਮਨ ਮਸਤਕ 'ਚ ਪੁਤਰ, ਪਤੀ ਅਤੇ ਪਿਤਾ ਹੋਣ ਦੇ ਭਰਵੇਂ ਅਹਿਸਾਸ ਜਾਗੇ ਹੋਣਗੇ।

ਪਿਤਾ ਸ੍ਰੀ ਗੁਰੂ ਤੇਗ ਬਹਾਦਰ ਦਾ ਸਾਇਆ ਯਾਦ ਆਇਆ ਹੋਵੇਗਾ, ਮਾਂ ਗੁਜਰੀ ਦੀ ਨਿੱਘੀ ਗੋਦ ਚੇਤੇ ਆਈ ਹੋਵੇਗੀ, ਪ੍ਰਾਣ ਪਿਆਰੀਆਂ ਪਤਨੀਆਂ ਦੀ ਪਤਾਸੇ ਜਿਹੀ ਨਿਰਮਲ ਮਿਠਾਸ ਦਾ ਚੇਤਾ ਆਇਆ ਹੋਵੇਗਾ ਤੇ ਆਪਣੇ ਖੂਨ ਦੀਆਂ ਚਾਰ ਕ੍ਰਿਸ਼ਮਈ ਅਤੇ ਅਲੌਕਿਕ ਕਣੀਆਂ ਦੇ ਲਾਡ ਤੇ ਮਣਾਂ ਮੂੰਹੀਂ ਮੋਹ ਦੀ ਯਾਦ ਆਈ ਹੋਵੇਗੀ।

ਆਪਣੇ ਦਾਦੇ ਦੀ ਸ਼ਮਸ਼ੀਰ ਦੀ ਲਿਸ਼ਕੋਰ ਚੇਤੇ ਕਰਕੇ ਉਨ੍ਹਾਂ ਆਪਣੀ ਤੇਗ ਨੂੰ ਜ਼ਰੂਰ ਸੀਨੇ ਨਾਲ ਲਾਇਆ ਹੋਵੇਗਾ। ਆਪਣੇ ਪੜਦਾਦੇ ਨੂੰ ਤੱਤੀ ਤਵੀ 'ਤੇ ਬੈਠਿਆਂ ਯਾਦ ਕਰਕੇ, ਉਨ੍ਹਾਂ ਦੇ ਸੀਤ ਹਿਰਦੇ ਵਿਚ ਜ਼ਰੂਰ ਰੋਹ ਦੇ ਭਾਂਬੜ ਮਚੇ ਹੋਣਗੇ ਤੇ ਉਨ੍ਹਾਂ ਨੂੰ ਚੇਤੇ ਆਈ ਹੋਵੇਗੀ ਆਪਣੀ ਹੀ ਬਾਣੀ, 'ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ॥'

ਉਨ੍ਹਾਂ ਦੀ ਪਰਤੀ ਹੋਈ ਸੁਰਤ ਜ਼ਰੂਰ ਪੁੱਜ ਗਈ ਹੋਵੇਗੀ ਆਪਣੇ ਬਾਬੇ ਦੇ ਬਾਬੇ, ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ; ਜਿਨ੍ਹਾਂ ਦੇ ਸੁਰਤ ਸੰਭਾਲਣ 'ਤੋਂ ਪਹਿਲਾਂ ਹੀ ਕੁਦਰਤ ਨੇ ਮਾਂ-ਪਿਉ ਦਾ ਸਾਇਆ ਖੋਹ ਲਿਆ ਸੀ; ਜੋ ਆਪਣੀ ਨਾਨੀ ਮਾਂ ਦੇ ਘਰ ਦਾ ਤੋਰਾ ਤੋਰਨ ਲਈ ਘੁੰਗਣੀਆਂ ਦੀ ਫੜ੍ਹੀ ਲਾਉਣ ਲੱਗ ਪਏ ਸਨ। ਇਹ ਉਹੀ ਫੜ੍ਹੀ ਸੀ, ਜੋ ਉਨ੍ਹਾਂ ਨੂੰ ਗੁਰੂ ਨਾਨਕ ਤੋਂ ਅੰਗਦ ਤੇ ਅੰਗਦ ਤੋਂ ਅਮਰਦਾਸ ਬਣੇ ਸਤਿਗੁਰੂ ਦੇ ਦਰ 'ਤੇ ਲੈ ਗਈ ਸੀ ਤੇ ਭਾਈ ਜੇਠੇ ਤੋਂ ਧੰਨ ਗੁਰੂ ਰਾਮਦਾਸ ਹੋਣ ਦਾ ਸਬੱਬ ਬਣੀ ਸੀ।

ਕੌਣ ਕਹਿ ਸਕਦਾ ਹੈ ਕਿ ਉਨ੍ਹਾਂ ਨੂੰ ਇਸ ਮਹਾਂ ਇਕੱਲ ਦੇ ਆਲਮ ਵਿਚ ਆਪਣੇ ਇਸ਼ਕ ਅਤੇ ਇਸ਼ਟ ਨੂੰ ਸਿਰ ਤਲੀ 'ਤੇ ਧਰ ਕੇ ਨਿਭਾਉਣ ਵਾਲੇ ਸਿਦਕੀ ਅਤੇ ਸਿਰੜੀ ਖਾਲਸੇ ਦੀ ਯਾਦ ਨਹੀਂ ਆਈ ਹੋਵੇਗੀ! ਇਨ੍ਹਾਂ ਮੌਲਦੀਆਂ ਯਾਦਾਂ ਦੇ ਖੌਲਦੇ ਹੜ੍ਹ 'ਚ ਦਸਮੇਸ਼ ਪਿਤਾ ਨੇ ਉਚਾਰਣ ਕੀਤਾ,

ਮਿਤ੍ਰ ਪਿਆਰੇ ਨੂੰ
ਹਾਲੁ ਮੁਰੀਦਾ ਦਾ ਕਹਣਾ॥
ਤੁਧੁ ਬਿਨੁ ਰੋਗੁ ਰਜਾਈਆ ਦਾ ਓਢਣੁ
ਨਾਗ ਨਿਵਾਸਾ ਦਾ ਰਹਣਾ॥
ਸੂਲ ਸੁਰਾਹੀ ਖੰਜਰ ਪਿਯਾਲਾ
ਬਿੰਗੁ ਕਸਾਈਯਾ ਦਾ ਸਹਣਾ॥
ਯਾਰੜੇ ਦਾ ਸਾਨੂੰ ਸਥਰ ਚੰਗਾ
ਭਠ ਖੇੜਿਆਂ ਦਾ ਰਹਣਾ॥

ਗੁਰੂ ਨਾਨਕ ਪਾਤਿਸ਼ਾਹ ਦੀਆਂ ਗਿਆਨਮਈ ਉਦਾਸੀਆਂ ਦੇ ਮਹਾਂ ਸੰਕਲਪ, ਤਿਆਗ ਅਤੇ ਸ਼ਹਾਦਤ ਦੇ ਪੁੰਜ ਤੇ ਪ੍ਰੇਰਨਾ ਸਰੋਤ ਇਸ ਸ਼ਬਦ ਵਿਚ ਹਲੀਮੀ ਰਾਜ ਦੇ ਤਮਾਮ ਨਕਸ਼ ਉਕਰੇ ਅਤੇ ਉਭਰੇ ਹੋਏ ਹਨ। ਇਸ ਸ਼ਬਦ ਦੇ ਪਦ ਚਿੰਨ੍ਹਾਂ ਦੀ ਸ਼ਨਾਖਤ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਸੰਕੇਤਕ ਬੇਗਮਪੁਰੇ ਦੇ 'ਹਲੇਮੀ ਰਾਜੁ' ਵੱਲ ਮੋੜ ਅਤੇ ਤੋਰ ਸਕਦੀ ਹੈ।

ਇਸ ਸ਼ਬਦ ਵਿਚ ਏਨੇ ਸੱਚੇ ਅਤੇ ਸੁੱਚੇ ਹੌਲ ਉਠਦੇ ਹਨ ਤੇ ਦਿਲ ਨੂੰ ਧੂਹ ਪਾਉਂਦੇ ਹਨ ਕਿ ਇਹ ਸਾਨੂੰ ਉਸ ਅਰਾਜਕਤਾ ਵਿਚੋਂ ਧੂਹ ਕੇ ਬਾਹਰ ਕੱਢ ਸਕਦੇ ਹਨ, ਜਿਸ ਵਿਚ ਸਾਨੂੰ ਪੱਛਮੀ ਬਸਤੀਵਾਦੀ ਬੁੱਧੀਵਾਦ, ਭਾਰਤੀ ਏਕਾ-ਕੇਂਦ੍ਰਿਤ ਰਾਸ਼ਟਰਵਾਦ ਤੇ ਪੰਜਾਬ ਦਾ 'ਦਲਦਲਵਾਦ' ਲੈ ਵੜਿਆ ਹੈ।

ਦਸਮੇਸ਼ ਪਿਤਾ ਦੇ ਇਸ ਸ਼ਬਦ ਵਿਚ ਪੰਜਾਬ ਦੀ ਉਸ ਸਮੱਸਿਆ ਦਾ ਹੱਲ ਵੀ ਛੁਪਿਆ ਹੋਇਆ ਹੈ, ਜੋ ਆਇਲੈਟਸ ਕੇਂਦਰਾਂ 'ਚੋਂ ਲੱਖਾਂ ਰੁਪਏ ਖਰਚ ਕੇ ਮਿਲਣ ਵਾਲੇ ਬੈਂਡਾਂ ਦੇ ਆਸਰੇ, ਯਾਰੜੇ ਦੇ ਸੱਥਰ ਨੂੰ ਅਲਵਿਦਾ ਆਖ ਕੇ ਖੇੜਿਆਂ ਦੇ ਮੁਲਕ ਵੱਲ ਉਡਾਰੀ ਮਾਰ ਜਾਣ ਦੀ ਹੈ।

ਇਸ ਸ਼ਬਦ ਵਿਚ ਦੱਸਿਆ ਗਿਆ ਹੈ ਕਿ ਖੇੜਿਆਂ ਦੇ ਨਿਵਾਸ, ਰਜਾਈਆਂ ਦੇ ਓਢਣ, ਸੁਰਾਹੀਆਂ, ਪਿਆਲੇ ਅਤੇ ਸ਼ੋਖ ਨੈਣ ਪਿਆਰ ਵਿਚ ਭਿੱਜੀਆਂ ਸੱਚੀਆਂ-ਸੁੱਚੀਆਂ, ਸਿਦਕੀ ਅਤੇ ਸਿਰੜੀ ਰੂਹਾਂ ਨੂੰ ਨਾਗਾਂ ਵਾਂਗ ਡੱਸਦੇ ਹਨ, ਰੋਗ ਵਾਂਗ ਗ੍ਰਸਦੇ ਹਨ, ਸੂਲ ਵਾਂਗ ਚੁਭਦੇ ਹਨ, ਖੰਜਰ ਵਾਂਗ ਖੁਭਦੇ ਹਨ, ਕਸਾਈ ਵਾਂਗ ਕੋਂਹਦੇ ਅਤੇ ਭੱਠ ਵਾਂਗ ਸਾੜਦੇ ਹਨ।

ਇਹ ਸ਼ਬਦ ਸਾਡੇ ਧੁਰ ਅੰਦਰ ਨੂੰ ਪ੍ਰੇਰਦਾ ਹੈ ਕਿ ਆਉ! ਖੇੜਿਆਂ ਦੀ ਝੂਠੀ ਚਮਕ ਦਮਕ ਦਾ ਤਿਆਗ ਕਰੀਏ, ਯਾਰੜੇ ਦੇ ਸੱਥਰ ਨੂੰ ਤਰਜੀਹ ਦੇਈਏ ਤੇ ਇਸ ਪੋਹ ਦੇ ਮਹੀਨੇ, ਹਰ ਰੋਜ਼ ਦਸਮੇਸ਼ ਪਿਤਾ ਦੀ ਲਾਸਾਨੀ ਕਥਨੀ ਤੇ ਕਰਨੀ (lexis and praxis) ਅੱਗੇ ਸਿਰ ਨਿਵਾਈਏ ਅਤੇ ਆਪਣੇ ਅੰਦਰਲੇ ਨਾਨਕ ਨਾਮ ਲੇਵਾ ਸਿੱਖ ਸਿਦਕ, ਸਿਰੜ ਤੇ ਸੱਚ ਵੱਲ ਗਹੁ ਨਾਲ ਦੇਖੀਏ ਕਿ ਅਸੀਂ ਕਿੱਥੇ ਖੜ੍ਹੇ ਹਾਂ! 'ਸਿਦਕੁ ਕਰਿ ਸਿਜਦਾ ਮਨੁ ਕਰਿ ਮਕਸੂਦੁ॥'

## ਸਾਕਾ ਸਰਹਿੰਦ

ਧਾਹਾਂ ਮਾਰਦਾ ਵਜੀਦ ਖਾਂ ਰੋਇਆ,
ਹਾਏ ਅੱਲਾ ਕੀ ਅਨਰਥ ਹੋਇਆ।
ਸੁੱਚਾ ਨੰਦ ਦੀ ਬਹਿ ਗਈ ਬੇੜੀ,
ਜਿਸ ਨੇ ਝੂਠਾ ਜਾਲ ਪਰੋਇਆ।
ਮੁਆਫ ਕਰੀਂ ਗੁਨਾਹ ਇਹ ਮੇਰਾ,
ਦੀਨ ਇਮਾਨ ਮੇਰਾ ਗਫਲਤ ਖੋਇਆ।
ਮੇਰੀ ਅਕਲ 'ਤੇ ਪੈ ਗਿਆ ਪੜਦਾ,
ਦੈਂਤ ਕਸਾਈ ਅੰਦਰੋਂ ਉਠ ਖਲੋਇਆ।
ਮਾਸੂਮ ਬਾਲਾਂ 'ਤੇ ਜੋ ਸ਼ੱਰਾ ਨਹੀਂ ਲਗਦੀ,
ਕਾਜੀ ਹੱਥੋਂ ਇਹ ਫਤਵਾ ਹੋਇਆ।
ਬਾਬਾ ਜ਼ੋਰਾਵਰ ਤੇ ਫਤਿਹ ਸਿੰਘ ਸੂਰੇ,
ਜੋੜਾ ਨੀਂਹ ਦੇ ਵਿਚ ਆਣ ਖਲੋਇਆ।

ਗਾਰੇ ਨਾਲ ਇੱਟਾਂ ਚਿਣ ਦਿੱਤੀਆਂ ਰਾਜਾਂ,
ਧਰਤੀ ਅੰਬਰ ਫੁੱਟ ਫੁੱਟ ਰੋਇਆ।
ਖਲਕਤ ਹਾਕਮ ਨੂੰ ਦੁਰ ਲਾਹਨਤ ਪਾਵੇ,
ਮਸਕੀਨ ਹੰਸਾਂ ਦਾ ਜੋੜਾ ਕੋਹਿਆ।
ਨੀਂਦ ਨਾ ਆਵੇ ਪਿਆ ਪਛਤਾਵੇ,
ਜਾਮ ਪੀਤਾ ਜੋ ਨਿਹਫਲ ਹੋਇਆ।
ਹਾਅ ਦਾ ਨਾਅਰਾ ਮਾਰਿਆ ਬੇਗਮ,
ਮਹਿਲਾਂ ਦਾ ਦਰਵਾਜਾ ਢੋਇਆ।
ਦੁਸ਼ਮਣੀ ਨਾਲ ਸਿੰਘਾਂ ਦੇ ਪਾ ਕੇ,
ਮੁਗਲ ਜੜ੍ਹਾਂ ਵਿਚ ਤੇਲ ਤੂੰ ਚੋਇਆ।
ਆਦਮਖੋਰ! ਘਰ ਪੈਰ ਨਾ ਪਾਵੀਂ,
ਸਾਡੇ ਲਈ ਤੂੰ ਜਿਉਂਦਾ ਮੋਇਆ,
'ਪੰਨੂ' ਲਈ ਤੂੰ ਜਿਉਂਦਾ ਮੋਇਆ।

-ਚਰਨਜੀਤ ਸਿੰਘ ਪੰਨੂ, ਸੈਨ ਹੋਜ

# ਚਮਕੌਰ ਦੀ ਗੜ੍ਹੀ ਤੋਂ ਸਰਹਿੰਦ ਦੀ ਦੀਵਾਰ ਤੱਕ

**ਲਾਸਾਨੀ ਸ਼ਹਾਦਤਾਂ**

ਪੰਜਾਬ ਦੇ ਇਤਿਹਾਸ ਵਿਚ ਦਸੰਬਰ ਮਹੀਨੇ ਦੇ ਪਿਛਲੇ ਪੰਦਰਵਾੜੇ ਦੀ ਵਿਸ਼ੇਸ਼ ਥਾਂ ਹੈ। ਇਨ੍ਹੀਂ ਦਿਨੀਂ ਹੀ ਦਸ਼ਮੇਸ਼ ਪਿਤਾ ਦੇ ਚਾਰ ਪੁੱਤਰ ਕੌਮ ਅਤੇ ਧਰਮ ਲਈ ਆਪਾ ਵਾਰ ਗਏ ਸਨ। ਵੱਡੇ ਦੋ ਸਾਹਿਬਜ਼ਾਦਿਆਂ-ਅਜੀਤ ਸਿੰਘ ਤੇ ਜੁਝਾਰ ਸਿੰਘ ਨੇ ਚਮਕੌਰ ਦੇ ਮੈਦਾਨ-ਏ-ਜੰਗ 'ਚ ਤਲਵਾਰ ਦੇ ਜੌਹਰ ਦਿਖਾਏ ਅਤੇ ਛੋਟੇ ਦੋ ਸਾਹਿਬਜ਼ਾਦਿਆਂ-ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਨੇ ਸੂਬਾ ਸਰਹੰਦ ਵਲੋਂ ਦਿੱਤੇ ਦੁਨਿਆਵੀ ਲਾਲਚਾਂ ਨੂੰ ਠੁਕਰਾਉਂਦਿਆਂ ਧਰਮ ਪ੍ਰਤੀ ਆਸਥਾ ਨੂੰ ਠੇਸ ਨਹੀਂ ਪੁੱਜਣ ਦਿੱਤੀ।

ਇਸ ਘਟਨਾਵਲੀ ਦਾ ਅਰੰਭ ਮਈ 1704

**ਡਾ. ਗੁਰਦੇਵ ਸਿੰਘ ਸਿੱਧੂ**

ਵਿਚ ਮੁਗਲਾਂ ਤੇ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਟਿਕਾਣੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾਉਣ ਤੋਂ ਹੋਇਆ। ਜਦੋਂ ਦੁਸ਼ਮਣ ਸੈਨਾ ਨਾਲ ਸਿੰਘਾਂ ਨੂੰ ਦਬਕਾਉਣ ਵਿਚ ਸਫਲ ਨਾ ਹੋਇਆ ਤਾਂ ਉਸ ਨੇ ਇਕ ਪਾਸੇ ਨਗਰ ਵਿਚ ਜਾਣ ਵਾਲੇ ਪਾਣੀ ਦੇ ਸਰੋਤ ਨੂੰ ਰੋਕ ਦਿੱਤਾ ਅਤੇ ਦੂਜੇ ਪਾਸੇ ਕੁਰਾਨ ਤੇ ਦੇਵੀ ਦੇ ਨਾਂ 'ਤੇ ਕਸਮਾਂ ਖਾ ਕੇ ਗੁਰੂ ਜੀ ਨੂੰ ਭਰੋਸਾ ਦਿਵਾਇਆ ਕਿ ਜੇ ਉਹ ਕਿਲ੍ਹਾ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਸੁਰੱਖਿਅਤ ਲਾਂਘਾ ਦੇ ਦਿੱਤਾ ਜਾਵੇਗਾ।

ਗੁਰੂ ਗੋਬਿੰਦ ਸਿੰਘ ਆਪਣੇ ਪਰਿਵਾਰ ਅਤੇ ਸਿੱਖ ਸੈਨਾ ਨਾਲ ਅਜੇ ਅਨੰਦਪੁਰ ਤੋਂ ਬਹੁਤੀ ਦੂਰ ਨਹੀਂ ਸਨ ਗਏ ਕਿ ਦੁਸ਼ਮਣ ਨੇ ਪਿੱਛਿਓਂ ਹਮਲਾ ਕਰ ਦਿੱਤਾ। ਗੁਰੂ ਜੀ ਨੇ ਰਣਨੀਤਿਕ ਪੈਂਤੜੇ ਵਜੋਂ ਸਿੰਘਾਂ ਦੇ ਤਿੰਨ ਜਥਿਆਂ ਨੂੰ ਵਖ-ਵਖ ਸਥਾਨਾਂ 'ਤੇ ਤਾਇਨਾਤ ਕੀਤਾ ਹੋਇਆ ਸੀ। ਉਨ੍ਹਾਂ ਜਥਿਆਂ ਨੇ ਦੁਸ਼ਮਣ ਨੂੰ ਉਲਝਾਈ ਰੱਖਿਆ ਜਿਸ ਦੌਰਾਨ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦਾ ਪਰਿਵਾਰ ਤੇ ਕੁਝ ਸਿੰਘ ਸਰਸਾ ਨਦੀ ਤਕ ਪਹੁੰਚ ਗਏ ਪਰ ਇਸ ਹਫੜਾ-ਦਫੜੀ ਵਿਚ ਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਵੱਡੇ ਸਾਹਿਬਜ਼ਾਦੇ ਗੁਰੂ ਜੀ ਨਾਲ, ਛੋਟੇ ਸਾਹਿਬਜ਼ਾਦੇ ਦਾਦੀ ਮਾਤਾ ਗੁਜਰੀ ਜੀ ਨਾਲ ਅਤੇ ਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਤੇ ਮਾਤਾ ਜੀਤੋ ਭਾਈ ਮਨੀ ਸਿੰਘ ਦੇ ਨਾਲ ਸਨ। ਦੋਹਾਂ ਮਾਤਾਵਾਂ ਨੂੰ ਭਾਈ ਮਨੀ ਸਿੰਘ ਦਿੱਲੀ ਲੈ ਗਏ, ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨੂੰ ਉਨ੍ਹਾਂ ਦਾ ਰਸੋਈਆ ਗੰਗੂ ਆਪਣੇ ਪਿੰਡ ਖੇੜੀ ਲੈ ਗਿਆ ਤੇ ਵੱਡੇ ਸਾਹਿਬਜ਼ਾਦੇ ਗੁਰੂ ਜੀ ਨਾਲ ਚਮਕੌਰ ਪੁੱਜੇ। ਹੋਰ ਚਾਲੀ ਸਿੰਘ ਵੀ ਇਸ ਜਥੇ 'ਚ ਸ਼ਾਮਲ ਸਨ।

ਗੁਰੂ ਜੀ ਜਾਣਦੇ ਸਨ ਕਿ ਦੁਸ਼ਮਣ ਸੈਨਾ ਉਨ੍ਹਾਂ ਦਾ ਪਿੱਛਾ ਕਰ ਰਹੀ ਹੈ, ਇਸ ਲਈ ਉਨ੍ਹਾਂ ਚਮਕੌਰ ਦੀ ਇਕ ਕੱਚੀ ਗੜ੍ਹੀ 'ਚ ਮੋਰਚੇ ਲਾ ਲਏ। ਗੁਰੂ ਜੀ ਨੇ ਸਾਰੇ ਸਿੰਘਾਂ ਨੂੰ ਤੀਰ, ਗੋਲੀਆਂ ਆਦਿ ਵੰਡ ਕੇ ਉਨ੍ਹਾਂ ਨੂੰ ਚੁਫੇਰੇ ਨਜ਼ਰ ਰੱਖਣ ਲਈ ਆਖਿਆ। ਇਉਂ ਇਥੇ ਉਹ ਅਸਾਵੀਂ ਜੰਗ ਲੜੀ ਗਈ ਜਿਥੇ ਇਕ ਪਾਸੇ ਕੱਚੀ ਗੜ੍ਹੀ ਵਿਚ ਗਿਣਤੀ ਦੇ ਚਾਲੀ ਸਿੰਘ ਸਨ ਤੇ ਦੂਜੇ ਪਾਸੇ ਵੱਡੀ ਗਿਣਤੀ ਵਿਚ ਦੁਸ਼ਮਣ ਸੈਨਾ। ਜਿਉਂ ਹੀ ਦੁਸ਼ਮਣ ਗੜ੍ਹੀ ਦੇ ਨੇੜੇ ਆਉਂਦਾ, ਗੁਰੂ ਜੀ ਤੇ ਸਿੰਘ ਉਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਦਿੰਦੇ। ਜਦ ਤੀਰ ਅਤੇ ਗੋਲੀਆਂ ਖਤਮ ਹੋ ਗਏ ਤਾਂ ਗੁਰੂ ਜੀ ਤੋਂ ਆਗਿਆ ਲੈ ਕੇ ਸਿੰਘ ਛੋਟੀਆਂ-ਛੋਟੀਆਂ ਟੋਲੀਆਂ 'ਚ ਗੜ੍ਹੀ ਤੋਂ ਬਾਹਰ ਜਾ ਕੇ ਦੁਸ਼ਮਣ ਉਤੇ ਹਮਲਾਵਰ ਹੋਏ।

ਗੜ੍ਹੀ ਉਤੇ ਖੜ੍ਹ ਕੇ ਸਿੰਘਾਂ ਦੀ ਸੂਰਬੀਰਤਾ ਨੂੰ ਦੇਖ ਅਜੀਤ ਸਿੰਘ ਨੇ ਗੁਰੂ-ਪਿਤਾ ਅੱਗੇ ਜੰਗ ਦੇ ਮੈਦਾਨ ਵਿਚ ਜਾਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਮੱਥਾ ਚੁੰਮ ਕੇ ਉਨ੍ਹਾਂ ਨੂੰ ਛਾਤੀ ਨਾਲ ਲਾਇਆ ਤੇ ਹੱਥੀਂ ਜੰਗ ਦੇ ਮੈਦਾਨ ਵਿਚ ਤੋਰਿਆ। ਵੱਡੇ ਵੀਰ ਨੂੰ ਬਹਾਦਰੀ ਨਾਲ ਜੂਝਦਿਆਂ ਵੇਖ ਛੋਟੇ ਸਾਹਿਬਜ਼ਾਦੇ ਦੇ ਮਨ ਵਿਚ ਵੀ ਉਤਸ਼ਾਹ ਉਤਪੰਨ ਹੋਇਆ ਤਾਂ ਉਨ੍ਹਾਂ ਨੇ ਵੀ ਗੁਰੂ-ਪਿਤਾ ਨੂੰ ਬੇਨਤੀ ਕੀਤੀ, "ਦਿਹੋ ਆਗਿਆ ਪਿਤਾ ਜੀ ਮੇਰੇ ਤਾਈਂ, ਜਾਵਾਂ ਜੰਗ ਅੰਦਰ ਲਲਕਾਰ ਕਰ ਕੇ।" ਬੇਨਤੀ ਸੁਣ ਕੇ ਗੁਰੂ ਜੀ ਖੁਸ਼ ਹੋਏ ਅਤੇ ਉਨ੍ਹਾਂ ਨੂੰ ਵੀ ਜੰਗ ਦੇ ਮੈਦਾਨ ਵਿਚ ਜਾਣ ਦੀ ਇਜਾਜ਼ਤ ਦੇ ਦਿੱਤੀ।

ਚਮਕੌਰ ਦੀ ਜੰਗ ਦਾ ਮਹੱਤਵ ਇਸ ਕਾਰਨ ਨਹੀਂ ਕਿ ਭੋਜਨ ਅਤੇ ਅਸਲੇ ਤੋਂ ਵਾਂਝੇ ਚਾਲੀ ਸਿੰਘਾਂ, ਦੋਵਾਂ ਸਾਹਿਬਜ਼ਾਦਿਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣ ਫੌਜ ਦਾ ਬੇਮਿਸਾਲ ਬਹਾਦਰੀ ਨਾਲ ਮੁਕਾਬਲਾ ਕੀਤਾ ਸਗੋਂ ਇਕ ਬਾਪ ਵਲੋਂ ਜਿਗਰ ਦੇ ਟੋਟਿਆਂ ਨੂੰ ਸਾਹਮਣੇ ਖੜ੍ਹੀ ਮੌਤ ਵਲ ਆਪ ਤੋਰ ਕੇ ਹਉਕੇ ਲੈਣ ਦੀ ਥਾਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਕਰਕੇ ਵੀ ਹੈ। ਇਨ੍ਹਾਂ ਦੋਵਾਂ ਸਾਹਿਬਜ਼ਾਦਿਆਂ ਦੀ ਜੰਗ ਦੇ ਮੈਦਾਨ ਵਿਚ ਸ਼ਹੀਦੀ ਤੋਂ ਕੁਝ ਹੀ ਦਿਨ ਪਿੱਛੋਂ ਸਰਹੰਦ ਦਾ ਸਾਕਾ ਵਰਤਿਆ।

ਸਰਸਾ ਨਦੀ 'ਤੇ ਗੁਰੂ ਜੀ ਦੇ ਮੁੱਖ ਜਥੇ ਤੋਂ ਵਿਛੜੀ ਮਾਤਾ ਗੁਜਰੀ, ਸਿਆਲ ਦੀ ਠੰਢੀ ਠਾਰ ਰਾਤ ਵਿਚ ਵਗ ਰਹੀ ਠੱਕੇ ਦੀ ਹਵਾ, ਨਦੀ ਪਾਰ ਕਰਨ ਸਮੇਂ ਭਿੱਜੇ ਕੱਪੜੇ ਤੇ ਚਾਰ-ਚੁਫੇਰੇ ਹਰਲ-ਹਰਲ ਕਰਦੇ ਦੁਸ਼ਮਣਾਂ ਤੋਂ ਬਾਲਾਂ ਨੂੰ ਬਚਾ ਕੇ ਕਿਸੇ ਸੁਰੱਖਿਅਤ ਟਿਕਾਣੇ ਲੈ ਜਾਣ ਬਾਰੇ ਸੋਚ ਹੀ ਰਹੀ ਸੀ ਕਿ ਗੁਰੂ ਘਰ ਦਾ ਰਸੋਈਆ ਗੰਗੂ ਆ ਗਿਆ। ਉਸ ਨੇ ਮਾਤਾ ਗੁਜਰੀ ਨੂੰ ਧਰਵਾਸ ਦਿੰਦਿਆਂ ਆਖਿਆ, "ਇਥੋਂ ਥੋੜ੍ਹੇ ਹੀ ਕੋਹਾਂ 'ਤੇ ਪਿੰਡ ਮੇਰਾ, ਓਹ ਤਾਂ ਸਮਝ ਤੂੰ ਆਪਣਾ ਘਰ ਮਾਈ।" ਡੁੱਬਦੇ ਨੂੰ ਤਿਣਕੇ ਦਾ ਸਹਾਰਾ, ਮਾਤਾ ਗੁਜਰੀ ਨੇ ਉਸ ਨਾਲ ਜਾਣ ਦੀ ਸਹਿਮਤੀ ਦੇ ਦਿੱਤੀ। ਮਾਤਾ ਗੁਜਰੀ ਕੋਲ ਦੌਲਤ ਵੇਖ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਘਰ ਪਹੁੰਚ ਕੇ ਉਸ ਨੇ ਪਹਿਲਾਂ ਧਨ ਕਾਬੂ ਕੀਤਾ ਤੇ ਫਿਰ ਉਨ੍ਹਾਂ ਬਾਰੇ ਮੋਰਿੰਡੇ ਦੇ ਮੁਗਲ ਹਾਕਮ ਪਾਸ ਜਾ ਮੁਖਬਰੀ ਕੀਤੀ। ਮੋਰਿੰਡੇ ਦੇ ਹਾਕਮਾਂ ਨੇ ਮਾਤਾ ਗੁਜਰੀ ਜੀ ਅਤੇ ਦੋਹਾਂ ਬਾਲ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਕੋਲ ਪਹੁੰਚਾਉਣ ਵਿਚ ਦੇਰ ਨਾ ਲਾਈ।

ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਮਾਲਵੇ ਵਲ ਜਾ ਰਹੇ ਗੁਰੂ ਗੋਬਿੰਦ ਸਿੰਘ ਦਾ ਪਿੱਛਾ ਕਰਨਾ ਛੱਡ ਕੇ ਵਜ਼ੀਰ ਖਾਂ ਸੂਬਾ ਸਰਹੰਦ ਰਾਜਧਾਨੀ ਪਰਤਿਆ ਤਾਂ ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕਰਨ ਦਾ ਹੁਕਮ ਹੋਇਆ। ਸਾਹਿਬਜ਼ਾਦਿਆਂ 'ਤੇ ਮੁਸਲਮਾਨ ਬਣਨ ਲਈ ਜ਼ੋਰ ਪਾਇਆ ਗਿਆ ਪਰ ਉਹ ਨਾ ਮੰਨੇ। ਲਾਲਚ ਦਿੱਤੇ ਗਏ, ਫਿਰ ਵੀ ਦੋਹਾਂ ਸਾਹਿਬਜ਼ਾਦਿਆਂ ਨੂੰ ਧਰਮ ਬਦਲੀ ਲਈ ਮਨਾ ਨਾ ਸਕੇ। ਆਖਰ ਦੋਹਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਵਾ ਦਿੱਤਾ ਗਿਆ। ਸ਼ਹੀਦੀ ਮੌਕੇ ਸਾਹਿਬਜ਼ਾਦਿਆਂ ਦੀ ਉਮਰ ਕ੍ਰਮਵਾਰ ਨੌਂ ਸਾਲ ਤੇ ਸੱਤ ਸਾਲ ਸੀ ਅਤੇ ਇਉਂ ਉਹ ਸੰਸਾਰ ਦੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਹੋਏ ਹਨ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦੁਖਦਾਈ ਸੂਚਨਾ ਮਿਲੀ ਤਾਂ ਮਾਤਾ ਗੁਜਰੀ ਦੀ ਪ੍ਰਾਣ ਪੰਖੇਰੂ ਵੀ ਉਡਾਰੀ ਮਾਰ ਗਏ।

ਚਮਕੌਰ ਸਾਹਿਬ ਅਤੇ ਸਰਹਿੰਦ ਵਿਚ ਵਾਪਰੀਆਂ ਇਨ੍ਹਾਂ ਦੋਹਾਂ ਅਦੁੱਤੀ ਘਟਨਾਵਾਂ ਦੀ ਮਹੱਤਤਾ ਦ੍ਰਿੜਾਉਣ ਲਈ ਵਿਦਵਾਨ ਖੋਜੀ ਕਾਫਿਰ ਵਲੋਂ ਆਪਣੀ ਪੁਸਤਕ 'ਸਿੱਖ ਇਤਿਹਾਸਕਾਰੀ ਵਿਚ ਤੁਕਾਕਾਰੀ' 'ਚ ਲਿਖੇ ਇਹ ਸ਼ਬਦ ਵਿਚਾਰਨਯੋਗ ਹਨ, 'ਅਨੰਦਪੁਰ ਛੱਡਣ ਤੋਂ ਲੈ ਕੇ ਚਮਕੌਰ ਅਤੇ ਸਰਹਿੰਦ ਵਾਲੇ ਸਾਕੇ, ਇਕ ਹਫਤੇ ਦੇ ਬੜੇ ਸੰਖੇਪ ਸਮੇਂ 'ਚ ਵਾਪਰਦੇ ਆ, ਮਗਰ ਸਾਕਿਆਂ 'ਚ ਸਮੋਇਆ ਇਤਿਹਾਸ ਸੰਖੇਪ ਨਹੀਂ, ਸਗੋਂ ਅਤਿ ਵਿਸ਼ਾਲ ਏ, ਸੰਘਣਾ ਵੀ। ਸੰਸਾਰ ਦੇ ਇਤਿਹਾਸ ਦੇ ਸੰਦਰਭ ਨਾਤੇ ਵੀ, ਖਾਸ ਕਰ ਕੇ ਚਮਕੌਰ ਦੀ ਅਜੋੜ ਜੰਗ ਅਤੇ ਸਰਹਿੰਦ ਵਿਚਲੀ ਸ਼ਹੀਦੀ ਦਾ ਤੋੜ, ਸ਼ਾਇਦ ਕਿਧਰੇ ਨਹੀਂ ਮਿਲਦਾ।' (ਪੰਨਾ 69)

# ਸਾਹਿਬਜ਼ਾਦਿਆਂ ਦੀ ਸ਼ਹਾਦਤ

ਸੰਸਾਰ ਵਿਚ ਇਨਸਾਨੀਅਤ, ਮਨੁੱਖੀ ਨੈਤਿਕਤਾ ਅਤੇ ਸਭਿਆਚਾਰਕ ਪੱਧਰ ਦਾ ਜੇ ਕੋਈ ਅੰਤਿਮ ਰੁਤਬਾ ਹੈ ਤਾਂ ਉਹ ਹੈ ਸ਼ਹੀਦੀ ਜਾਂ ਸ਼ਹਾਦਤ। 'ਸ਼ਹਾਦਤ' (ਅਰਬੀ) ਦਾ ਸ਼ਾਬਦਿਕ ਅਰਥ ਵੀ ਗਵਾਹੀ ਦੇਣੀ, ਤਸਦੀਕ ਕਰਨਾ, ਸਹੀ ਪਾਉਣਾ ਹੈ। ਅਧਿਆਤਮਕ ਨਿਸ਼ਚੇ ਵਿਚ 'ਸ਼ਹੀਦ' ਸਮੁੱਚੀ ਲੋਕਾਈ ਨੂੰ ਅਕਾਲ ਪੁਰਖ ਦੀ ਸੰਤਾਨ ਸਮਝਦਾ, ਉਸ ਲਈ ਪ੍ਰਾਣਾਂ ਦੀ ਅਹੂਤੀ ਦੇਣੀ 'ਸਚਖੰਡ' ਦੇ ਮਾਰਗ 'ਚ ਤੁਛ ਭੇਟਾ ਸਮਝਦਾ ਹੈ। ਸ਼ਹਾਦਤ ਇਕ ਦੈਵੀ ਕਾਰਜ ਹੈ, ਜਿਸ ਨੂੰ ਪੂਰਨ ਸਮਰਪਣ ਦੀ ਭਾਵਨਾ ਨਾਲ ਸਵੀਕਾਰ ਕੀਤਾ ਜਾਣਾ ਹੁੰਦਾ ਹੈ। ਪਹਿਲਾਂ 'ਸ਼ਹੀਦ' ਪਦ ਧਰਮ ਨਾਲ ਹੀ ਸਬੰਧਤ ਸੀ। ਪਿਛੋਂ ਇਸ ਸ਼ਬਦ ਦੀ ਵਿਆਪਕ ਤੇ ਖੁੱਲ੍ਹੀ ਵਰਤੋਂ ਹੋਣ ਲੱਗ ਪਈ ਹੈ। ਇਸ ਨੇ ਸਮਾਜਕ ਆਦਰਸ਼ਾਂ ਲਈ ਵੱਡੀਆਂ ਕੁਰਬਾਨੀਆਂ ਨੂੰ ਵੀ ਆਪਣੇ ਕਲਾਵੇ 'ਚ ਲੈ ਲਿਆ।

**ਡਾ. ਗੁਰਤੇਜ ਸਿੰਘ ਠੀਕਰੀਵਾਲਾ**

ਪੰਜਾਬੀ ਭਾਸ਼ਾ ਵਿਚ 'ਸ਼ਹਾਦਤ' ਸ਼ਬਦ ਅਰਬੀ ਤੋਂ ਲਿਆ ਗਿਆ ਹੈ। ਸਨਾਤਨੀ ਹਿੰਦੂ ਧਰਮ ਵਿਚ ਅਹਿੰਸਾ ਦਾ ਸਿਧਾਂਤ ਹੈ, ਪਰ ਮਹਾਂਭਾਰਤ ਦੇ ਪ੍ਰਸੰਗ 'ਚ ਅਖੀਰ ਨੂੰ ਯੁੱਧ ਕਰਨਾ ਧਾਰਮਿਕ ਫਰਜ਼ ਦੱਸਿਆ ਗਿਆ ਹੈ। ਈਸਾਈ ਧਰਮ ਅਨੁਸਾਰ ਸ਼ਹਾਦਤ ਲਈ ਸਰੀਰਕ ਮੌਤ ਮਰਨਾ ਜ਼ਰੂਰੀ ਨਹੀਂ ਸਗੋਂ ਨਿਸ਼ਕਾਮ ਸੇਵਾ ਵਿਚ ਲੱਗਾ ਸ਼ਰਧਾਲੂ ਦਾ ਮਨ ਆਪਣੇ ਆਪ 'ਚ ਸ਼ਹਾਦਤ ਹੈ। ਇਸਲਾਮ ਅਨੁਸਾਰ ਜੋ ਕਾਫਰਾਂ ਖਿਲਾਫ ਲੜਦਾ ਜਾਨ ਵਾਰ ਦਿੰਦਾ ਹੈ, ਸ਼ਹੀਦ ਅਖਵਾਉਂਦਾ ਹੈ। ਸ਼ਹਾਦਤ ਦੇ ਸਿੱਖ ਸੰਕਲਪ ਵਿਚ ਧਾਰਮਿਕ ਵਿਸ਼ਵਾਸਾਂ ਦੀ ਸੁਤੰਤਰਤਾ ਲਈ ਸੁਚੇਤ ਮੌਤ ਕਬੂਲਣੀ ਸ਼ਹਾਦਤ ਦੀ ਅਹਿਮ ਸ਼ਰਤ ਹੈ।

ਸਿੱਖ ਧਰਮ ਵਿਚ ਸ਼ਹਾਦਤ ਤੇ ਸੂਰਬੀਰਤਾ ਵਿਚਲਾ ਸੰਤੁਲਨ ਮੀਰੀ-ਪੀਰੀ, ਸੰਤ-ਸਿਪਾਹੀ ਦੇ ਦੋ ਧਾਰਾਵੀ ਇਕ ਆਦਰਸ਼ ਨੂੰ ਹੋਰ ਵਧੇਰੇ ਚਾਰ ਚੰਨ ਲਾਉਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੂਰਬੀਰ ਹੀ ਸ਼ਹਾਦਤ ਦਾ ਜਾਮ ਪੀਂਦਾ ਹੈ ਤੇ ਸ਼ਹੀਦਾਂ ਦਾ ਜੀਵਨ ਸਮਾਜ ਤੇ ਕੌਮਾਂ ਵਿਚ ਮਹਾਨ ਤਬਦੀਲੀਆਂ ਲਈ ਪ੍ਰੇਰਨਾ ਬਣਦਾ ਹੈ, ਪਰ ਸਿਰਫ ਸ਼ਹਾਦਤ ਨਾਲ ਹੀ ਧਰਤੀ ਉਤਲੇ ਜ਼ੁਲਮ ਤੇ ਅਨਿਆਂ ਦਾ ਮੁਕੰਮਲ ਖਾਤਮਾ ਨਾ ਹੋਣ 'ਤੇ ਜ਼ਾਲਮ ਨੂੰ ਮੈਦਾਨ-ਏ-ਜੰਗ ਵਿਚ ਲਲਕਾਰਨ ਦਾ ਹੋਰ ਵੱਧ ਇਨਕਲਾਬੀ ਵਿਚਾਰ ਸਿੱਖ ਸ਼ਹਾਦਤ ਦੇ ਸੰਕਲਪ ਨੂੰ ਨਵੇਂ ਤੇ ਵਿਸਤ੍ਰਿਤ ਅਰਥ ਦੇ ਕੇ ਇਸ ਨੂੰ ਰਾਜਸੀ ਤੇ ਸਮਾਜੀ ਤਬਦੀਲੀ ਦਾ ਇਕ ਵਾਹਦ ਸੂਤਰਧਾਰ ਬਣਾਉਣ ਵਲ ਕਦਮ ਸੀ। ਇਸ ਪ੍ਰਸੰਗ ਵਿਚ ਇਹ ਕਹਿਣਾ ਉਚਿਤ ਹੈ ਕਿ ਸਿੱਖ ਧਰਮ ਅਨੁਸਾਰ ਜੇ ਤਲਵਾਰ ਚੁੱਕਣਾ ਪਹਿਲਾ ਕਦਮ ਨਹੀਂ ਤਾਂ ਕੇਵਲ ਸ਼ਹਾਦਤ ਦੇਣ ਦਾ ਇਕ ਮਾਤਰ ਅਮਲ ਵੀ ਸਿੱਖ ਫਲਸਫੇ ਦੇ ਸੰਪੂਰਨ ਮੀਰੀ ਗੁਣਾਂ ਦੀ ਸਮੂਚੀ ਪ੍ਰਤੀਨਿਧਤਾ ਨਹੀਂ ਕਰਦਾ।

ਭਾਈ ਗੁਰਦਾਸ ਜੀ ਦੀ ਗਿਆਰਵੀਂ ਵਾਰ ਦਾ ਟੀਕਾ ਕਰਦਿਆਂ ਭਾਈ ਮਨੀ ਸਿੰਘ ਨੇ ਇਸ ਜੁਗਤ ਦਾ ਭਾਵਪੂਰਤ ਵਰਣਨ ਕੀਤਾ ਹੈ ਕਿ ਭਾਈ ਸੀਗਾਰੂ ਅਤੇ ਭਾਈ ਜੈਤਾ ਜੀ ਸੂਰਬੀਰ ਤੇ ਪਰਉਪਕਾਰੀ ਜਿਉੜਿਆਂ ਨੇ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ, "ਹੇ ਮਾਲਕ! ਕਦੇ ਨੂਰਦੀਨ, ਕਦੀ ਕੁਲੀ ਖਾਨ ਤੇ ਕਦੀ ਬੀਰਬਲ ਗੁਰੂ ਘਰ 'ਤੇ ਹੱਲਾ ਕਰਦੇ ਹਨ ਅਤੇ ਡਰਾਵੇ ਦਿੰਦੇ ਹਨ। ਸਾਨੂੰ ਆਗਿਆ ਬਖਸ਼ੋ ਕਿ ਅਸੀਂ ਵੀ ਸ਼ਸਤਰ ਪਹਿਨ ਜੂਝੀਏ।" ਉਦੋਂ ਗੁਰੂ ਸਾਹਿਬ ਦਾ ਫੁਰਮਾਨ ਸੀ, "ਅਸਾਂ ਜੋ ਸ਼ਸਤ੍ਰ ਪਕੜਨੇ ਹੈਨਿ ਸੋ ਗੁਰੂ ਹਰਗੋਬਿੰਦ ਰੂਪ ਧਾਰ ਪਕੜਨੇ ਹੈਨਿ, ਸਮਾਂ ਕਲਜੁਗ ਦਾ ਵਰਤਣਾ ਹੈ। ਸ਼ਸਤ੍ਰ ਦੀ ਵਿਦਿਆ ਕਰ ਮੀਰ ਦੀ ਮੀਰੀ ਖਿਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਸਮਝ ਕਰ ਪੀਰ ਦੀ ਪੀਰੀ ਖਿਚ ਲੈਣੀ ਹੈ।"

ਸਾਹਿਬਜ਼ਾਦਿਆਂ ਦੀ ਸ਼ਹਾਦਤ ਕਈ ਪੱਖਾਂ ਤੋਂ ਸਿੱਖ ਇਤਿਹਾਸ ਦੀ ਵੱਡੀ ਘਟਨਾ ਹੈ। ਚਾਰ ਸਾਹਿਬਜ਼ਾਦੇ ਸ਼ਹਾਦਤ ਦੇ ਸਿੱਖ ਸੰਕਲਪ ਨੂੰ ਜਿਸ ਨਿਡਰਤਾ ਤੇ ਦਲੇਰੀ ਨਾਲ ਅਮਲ 'ਚ ਲਿਆ ਗਏ, ਆਪਣੇ ਆਪ ਵਿਚ ਲਾਮਿਸਾਲ ਘਟਨਾ ਹੈ। ਸਾਹਿਬਜ਼ਾਦਿਆਂ ਦਾ ਮੈਦਾਨ-ਏ-ਜੰਗ ਜੂਝ ਕੇ ਸ਼ਹੀਦ ਹੋਣਾ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਮੁਗਲ ਹਕੂਮਤ ਵਲੋਂ ਕੰਧ 'ਚ ਚਿਣਵਾ ਕੇ ਸ਼ਹੀਦ ਕਰਨਾ ਸ਼ਹਾਦਤ ਤੇ ਸੂਰਬੀਰਤਾ ਦਾ ਅਨੋਖਾ ਸੁਮੇਲ ਹੈ। ਦੋਵੇਂ ਸ਼ਹਾਦਤਾਂ ਵਿਚ ਸਮੇਂ ਦਾ ਵੀ ਬਹੁਤਾ ਅੰਤਰ ਨਹੀਂ ਸੀ। ਵਿਦਵਾਨ ਲੋਕ ਸ਼ਹੀਦ ਦੇ ਰੁਤਬੇ ਲਈ ਨਿਰਧਾਰਿਤ ਲੱਛਣਾਂ ਵਿਚੋਂ ਇਕ ਲੱਛਣ ਇਹ ਮੰਨਦੇ ਹਨ ਕਿ ਜਦ ਹਕੂਮਤ ਸ਼ਹੀਦ ਨੂੰ ਆਪਣੇ ਧਰਮ ਜਾਂ ਅਕੀਦੇ ਤੋਂ ਪਿੱਛੇ ਹਟਣ ਲਈ ਉਸ ਨੂੰ ਜੀਵਨ ਬਖਸ਼ ਦੀ ਪੇਸ਼ਕਸ਼ ਕਰਦੀ ਹੈ ਤਦ ਵੀ ਉਹ ਆਪਣੇ ਨਿਸ਼ਚੇ ਤੋਂ ਪਿੱਛੇ ਨਾ ਹਟੇ, ਤਾਂ ਉਹ ਸ਼ਖਸ 'ਸ਼ਹੀਦ' ਪਦਵੀ ਦਾ ਹੱਕਦਾਰ ਹੈ। ਛੋਟੇ ਸਾਹਿਬਜ਼ਾਦੇ ਇਕ ਤੋਂ ਵੱਧ ਵਾਰ ਉਕਤ ਲਛਣ ਦੇ ਧਾਰਨੀ ਰਹੇ। ਮੁਗਲ ਹਕੂਮਤ ਉਨ੍ਹਾਂ ਨੂੰ ਇਸਲਾਮ 'ਚ ਲਿਆਉਣ ਲਈ ਕਈ ਤਰ੍ਹਾਂ ਦੀਆਂ ਪੇਸ਼ਕਸ਼ਾਂ ਕਰਦੀ ਰਹੀ, ਜੋ ਸਾਹਿਬਜ਼ਾਦਿਆਂ ਨੇ ਸਾਫ ਸ਼ਬਦਾਂ 'ਚ ਠੁਕਰਾਈਆਂ। ਜੇ ਮੁਗਲ ਹਕੂਮਤ ਦੇ ਜ਼ੁਲਮੀ ਕਹਿਰ ਦੇ ਹੱਦ-ਬੰਨੇ ਟਪਾ ਦਿੱਤੇ ਤਾਂ ਸਾਹਿਬਜ਼ਾਦੇ ਨਿਰਭੈਤਾ ਤੇ ਸੂਰਬੀਰਤਾ ਦੀ ਸਿਖਰ 'ਤੇ ਅਪੜ ਗਏ ਸਨ। ਛੋਟੇ ਸਾਹਿਬਜ਼ਾਦਿਆਂ ਦਾ ਸਰਹਿੰਦ ਦੇ ਮੁਗਲ ਦਰਬਾਰ ਨਾਲ ਜਿਸ ਪੱਧਰ 'ਤੇ ਵਾਰਤਾਲਾਪ ਹੋਇਆ ਤੇ ਜਿਸ ਨਿਡਰਤਾ ਤੇ ਠਰ੍ਹੰਮੇ ਨਾਲ ਉਨ੍ਹਾਂ ਨੇ ਸੂਬਾ ਸਰਹਿੰਦ ਨੂੰ ਬਾ-ਦਲੀਲ ਚਿੱਤ ਕੀਤਾ, ਇਸ ਪੱਧਰ ਦੀ ਇਹ ਮਨੁੱਖੀ ਰਾਜਸੀ ਇਤਿਹਾਸ ਦੀ ਵਿਲੱਖਣ ਘਟਨਾ ਹੈ, ਜਿਸ 'ਤੇ ਜਿੰਨਾ ਮਾਣ ਕੀਤਾ ਜਾਵੇ, ਘੱਟ ਹੈ।

ਇਤਿਹਾਸਕ ਲਿਖਤਾਂ ਵਿਚੋਂ ਇਸ ਵਾਰਤਾਲਾਪ ਦੇ ਮਿਲਦੇ ਉਲੇਖ ਅਨੁਸਾਰ ਛੋਟੇ ਸਾਹਿਬਜ਼ਾਦੇ ਮਾਸੂਮੀਅਤ ਅਵਸਥਾ ਵਿਚ ਵੀ ਸੂਬੇ ਦੀ ਕਚਹਿਰੀ ਵਿਚ ਪਹੁੰਚਣ ਤੋਂ ਲੈ ਕੇ ਅਖੀਰ ਤਕ ਸਰੀਰਕ ਤੇ ਮਾਨਸਿਕ ਝੁਕਾਵਾਂ ਤੋਂ ਮੁਕੰਮਲ ਮੁਕਤ ਰਹੇ। ਉਨ੍ਹਾਂ ਦੇ ਬੋਲਾਂ ਤੇ ਹਾਵ-ਭਾਵਾਂ ਤੋਂ ਉਨ੍ਹਾਂ ਦੇ ਸਹਿਜ ਅਤੇ ਸੂਝ-ਬੂਝ ਦੇ ਦੈਵੀ ਗੁਣਾਂ ਦਾ ਪ੍ਰਗਟਾਵਾ ਹੁੰਦਾ ਹੈ, ਜੋ ਗੁਰਬਾਣੀ 'ਚ ਗੁਰਮੁੱਖ ਜਾਂ ਜੀਵਨ ਮੁਕਤ ਮਹਾਂਪੁਰਸ਼ ਦੇ ਦਰਸਾਏ ਗਏ ਹਨ। ਉਨ੍ਹਾਂ ਦੇ ਕਥਨਾਂ ਵਿਚੋਂ ਜਿੱਥੇ ਉਨ੍ਹਾਂ ਦੀ 'ਜੀਵਨ ਮੁਕਤ' ਅਵਸਥਾ ਦਾ ਦਰਸ਼ਨ ਹੁੰਦਾ, ਉਥੇ ਦਾਦਾ ਗੁਰੂ ਤੇਗ ਬਹਾਦਰ ਅਤੇ ਪਿਤਾ ਗੁਰੂ ਗੋਬਿੰਦ ਸਿੰਘ ਦੀ ਦੈਵੀ ਸ਼ਖਸੀਅਤ ਬਾਰੇ ਉਨ੍ਹਾਂ ਦਾ ਅਗੰਮੀ ਅਨੁਭਵ ਪ੍ਰਕਾਸ਼ਮਾਨ ਹੁੰਦਾ ਹੈ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਮਾਜਕ ਤੇ ਸਭਿਆਚਾਰਕ ਪਧਰ 'ਤੇ ਵੀ ਅਮਿਟ ਛਾਪ ਛੱਡ ਗਈ ਹੈ। ਪੋਹ ਦੇ ਮਹੀਨੇ ਸਿੱਖ ਘਰਾਂ ਵਿਚ ਵਿਆਹ ਆਦਿ ਖੁਸ਼ੀ ਦੇ ਸਮਾਗਮ ਨਾ ਕਰਨ ਦੇ ਵਿਸ਼ਵਾਸ ਪਿੱਛੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਗਹਿਰੇ ਗਮ ਦੀ ਭਾਵਨਾ ਵਿਦਮਾਨ ਹੈ। ਸਵੈਮਾਨ, ਅਣਖ, ਬੀਰਤਾ, ਕੁਰਬਾਨੀ, ਪਰਉਪਕਾਰ ਜਿਹੇ ਸਦਾਚਾਰਕ ਗੁਣਾਂ ਦੇ ਪ੍ਰੇਰਕ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹਾਦਤ ਨੇ ਪੰਜਾਬੀ ਸਭਿਆਚਾਰ ਦੀ ਗਾਇਨ ਪਰੰਪਰਾ ਨੂੰ ਵੱਡੇ ਪਧਰ 'ਤੇ ਪ੍ਰਭਾਵਿਤ ਕੀਤਾ ਹੈ। 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਦੇ ਬੋਲ ਹਮੇਸ਼ਾ ਹੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਲੋਕ ਮਨਾਂ ਅਤੇ ਜ਼ੁਬਾਨਾਂ ਵਿਚ ਤਾਜ਼ਾ ਰੱਖਦੇ ਰਹਿਣਗੇ।

ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਸੱਚ 'ਸ਼ਹਾਦਤ' ਦੇ ਬ੍ਰਹਿਮੰਡੀ ਫਲਸਫੇ ਦੀ ਲਾਸਾਨੀ ਘਟਨਾ ਹੈ। ਇਹ ਸਿੱਖ ਇਤਿਹਾਸ ਦਾ ਅਜਿਹਾ ਬਿਰਤਾਂਤ ਹੈ, ਜਿਹੜਾ ਪੂਰਵ-ਇਤਿਹਾਸਕ ਕਥਾਵਾਂ ਨੂੰ ਵੀ ਮਾਤ ਪਾਉਂਦਾ ਹੈ। ਇਸ ਨੂੰ ਬਿਆਨ ਕਰਨ ਲਈ ਕਿਸੇ 'ਪੌਰਾਣਿਕ ਕਥਾ' ਦੇ ਹਵਾਲਿਆਂ ਅਤੇ ਮੁਹਾਵਰੇ ਦੀ ਲੋੜ ਨਹੀਂ। ਇਹ ਬਿਰਤਾਂਤ ਸੰਸਾਰ ਇਤਿਹਾਸ ਦੀ ਹਕੀਕੀ 'ਮਹਾਨ ਕਥਾ' ਹੈ। ਇਸ ਕਥਾ ਦੇ ਨਾਇਕ ਪਾਤਰ 'ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ' ਦੇ ਇਲਾਹੀ ਵਚਨ ਨੂੰ ਪ੍ਰਤੱਖ ਰੂਪਮਾਨ ਕਰਦੇ ਹਨ ਅਤੇ ਗੁਰੂ ਲਿਵ ਦਾ ਮਹਾਂ ਅਨੰਦ 'ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ' ਦੇ ਗੁਰ ਵਾਕ ਦੇ ਪ੍ਰਕਾਸ਼ ਵਿਚ ਪੋਹ ਮਹੀਨੇ ਦੀ ਠੰਢ ਨੂੰ ਬੇਅਸਰ ਕਰਦਾ ਹੈ।

# ਦੀਵਾਨ ਟੋਡਰ ਮੱਲ

ਮਨੁੱਖੀ ਬਰਾਬਰੀ, ਆਪਸੀ ਭਾਈਚਾਰੇ ਅਤੇ ਸਰਬਤ ਦਾ ਭਲਾ ਮੰਗਣ ਵਾਲੇ ਸਿੱਖ ਧਰਮ ਦੀ ਦੁਨੀਆਂ ਵਿਚ ਵੱਖਰੀ ਪਛਾਣ ਹੈ। ਇਸ ਧਰਮ ਨੂੰ ਕਾਇਮ ਕਰਨ ਲਈ ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣਾ ਵੱਡਮੁੱਲਾ (ਉਦਾਸੀਆਂ ਦੇ ਰੂਪ ਵਿਚ) ਯੋਗਦਾਨ ਪਾਇਆ

**ਰਮੇਸ਼ ਬੱਗਾ ਚੋਹਲਾ**

ਅਤੇ ਉਨ੍ਹਾਂ ਨੂੰ ਅਕਹਿ ਤੇ ਅਸਹਿ ਕਸ਼ਟ ਵੀ ਝੱਲਣੇ ਪਏ, ਪਰ ਉਨ੍ਹਾਂ ਨੇ ਕਦੇ ਵੀ ਆਪਣੇ ਸਿੱਖੀ ਸਿਦਕ ਨੂੰ ਡੋਲਣ ਨਹੀਂ ਦਿੱਤਾ। ਗੁਰੂ ਘਰ 'ਤੇ ਜਦੋਂ ਵੀ ਕਦੀ ਸੰਕਟ ਦਾ ਸਮਾਂ ਆਇਆ ਤਾਂ ਸਿੱਖਾਂ ਦੇ ਨਾਲ-ਨਾਲ ਕੁਝ ਗੈਰ-ਸਿੱਖਾਂ ਨੇ ਵੀ ਤਨ, ਮਨ ਅਤੇ ਧਨ ਨਾਲ ਆਪਣਾ ਵਿਸ਼ੇਸ਼ ਯੋਗਦਾਨ ਪਾ ਕੇ ਵੱਖਰੀ ਮਿਸਾਲ ਕਾਇਮ ਕੀਤੀ। ਗੁਰੂ ਪਰਿਵਾਰ (ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ) ਪ੍ਰਤੀ ਪਿਆਰ ਤੇ ਸਤਿਕਾਰ ਦੀ ਭਾਵਨਾ ਰੱਖਣ ਵਾਲੇ ਦੀਵਾਨ ਟੋਡਰ ਮੱਲ ਇਸ ਤਰ੍ਹਾਂ ਦਾ ਯੋਗਦਾਨ ਪਾਉਣ ਵਾਲੇ ਗੈਰ ਸਿੱਖਾਂ ਵਿਚੋਂ ਇਕ ਹਨ।

ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੀਆਂ ਦੇਹਾਂ ਨੂੰ ਬੇਅਦਬੀ ਤੋਂ ਬਚਾਉਣ ਲਈ ਦੀਵਾਨ ਟੋਡਰ ਮੱਲ ਨੇ ਆਪਣੇ ਕੋਲੋਂ ਵੱਡਾ ਧਨ ਖਰਚਿਆ ਅਤੇ ਪੂਰੇ ਸਨਮਾਨ ਨਾਲ ਉਨ੍ਹਾਂ ਦਾ ਸਸਕਾਰ ਕਰਵਾਇਆ। ਸਰਹਿੰਦ ਰਹਿੰਦੇ ਦੀਵਾਨ ਟੋਡਰ ਮੱਲ ਧਨਾਢ ਵਪਾਰੀ ਹੋਣ ਦੇ ਨਾਲ-ਨਾਲ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਸੱਚੇ ਸ਼ਰਧਾਲੂ ਵੀ ਸਨ। ਜਿਸ ਹਵੇਲੀ ਵਿਚ ਉਹ ਰਹਿੰਦੇ ਸਨ, ਉਸ ਨੂੰ 'ਜਹਾਜ਼ ਮਹੱਲ' ਕਿਹਾ ਜਾਂਦਾ ਸੀ।

ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਅਤੇ ਉਸ ਦੇ ਅਹਿਲਕਾਰਾਂ ਨੇ 13 ਪੋਹ ਨੂੰ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾਉਣ ਤੋਂ ਬਾਅਦ ਸ਼ਾਹੀ ਫੁਰਮਾਨ ਜਾਰੀ ਕਰ ਦਿੱਤਾ ਕਿ ਹਕੂਮਤ ਦੇ ਬਾਗੀਆਂ ਦਾ ਸਰਕਾਰੀ ਜ਼ਮੀਨ ਉਪਰ ਸਸਕਾਰ ਨਹੀਂ ਕੀਤਾ ਜਾ ਸਕਦਾ। ਫੁਰਮਾਨ ਵਿਚ ਇਹ ਸ਼ਰਤ ਰੱਖੀ ਗਈ ਸੀ ਕਿ ਜੇ ਕੋਈ ਇਨ੍ਹਾਂ ਤਿੰਨਾਂ ਦਾ ਸਸਕਾਰ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਸਸਕਾਰ ਕਰਨ ਲਈ ਸਰਹਿੰਦ ਦੇ ਚੌਧਰੀ ਕੋਲੋਂ ਜ਼ਮੀਨ ਮੁੱਲ ਖਰੀਦਣੀ ਪਵੇਗੀ। ਸਸਕਾਰ ਲਈ ਲੋੜੀਂਦੀ ਜ਼ਮੀਨ ਵਾਸਤੇ ਓਨੀ ਥਾਂ 'ਤੇ ਸੋਨੇ ਦੇ ਸਿੱਕੇ (ਅਸ਼ਰਫੀਆਂ) ਸਿੱਧੇ ਖੜ੍ਹੇ ਕਰਨੇ ਪੈਣੇ ਸਨ ਜੋ ਕਿਸੇ ਆਮ ਬੰਦੇ ਦੇ ਵੱਸ ਦੀ ਗੱਲ ਨਹੀਂ ਸੀ। ਇਸ ਮਹਿੰਗੀ ਜ਼ਮੀਨ ਨੂੰ ਖਰੀਦਣ ਲਈ ਵੱਡੇ ਹੌਸਲੇ ਅਤੇ ਧਨ ਦੀ ਲੋੜ ਸੀ।



ਉਸ ਸਮੇਂ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਕਰੀਬ 78 ਹਜ਼ਾਰ ਮੋਹਰਾਂ ਨੂੰ ਸਿੱਧਾ ਖੜ੍ਹਿਆਂ ਕਰਕੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਜ਼ਮੀਨ ਮੁੱਲ ਖਰੀਦੀ। ਉਨ੍ਹਾਂ ਦੀ ਇਸ ਵੱਡਮੁੱਲੀ ਅਤੇ ਨੇਕ ਸੇਵਾ ਦਾ ਧੰਨਵਾਦ ਕਰਦਿਆਂ ਸਿੱਖ ਸੰਗਤ ਵਲੋਂ ਉਨ੍ਹਾਂ ਦੇ ਨਾਮ 'ਤੇ 'ਦੀਵਾਨ ਟੋਡਰ ਮੱਲ ਮਾਰਗ' ਅਤੇ 'ਦੀਵਾਨ ਟੋਡਰ ਮੱਲ ਯਾਦਗਾਰੀ ਗੇਟ' ਬਣਾਏ ਗਏ ਹਨ। ਉਨ੍ਹਾਂ ਦੀ ਯਾਦ ਵਿਚ 'ਦੀਵਾਨ ਟੋਡਰ ਮੱਲ ਹਾਲ' ਵੀ ਉਸਾਰਿਆ ਗਿਆ ਹੈ।

## ਕਹਾਣੀ

# ਨੱਚਦੀ ਗੁੱਡੀ

ਪੂਨਮ ਬਿਲਿੰਗ
ਫੋਨ: 91-94649-46099

ਮਾਸੂਮ, ਗੋਲ ਮਟੋਲ, ਚਹਿਕਦਾ ਚਿਹਰਾ, ਮੋਟੀਆਂ-ਮੋਟੀਆਂ ਅੱਖਾਂ, ਗੋਰਾ ਰੰਗ, ਅਣਭੋਲ ਹਮੇਸ਼ਾ ਟਪੂੰ-ਟਪੂੰ ਕਰਦੀ ਉਹ ਹਾਣ ਦੇ ਬੱਚਿਆਂ ਨਾਲ ਖੇਡਦੀ ਮੋਹਰੀ ਰਹਿੰਦੀ, ਹਰ ਕੰਮ ਵਿਚ ਅੱਵਲ। ਉਹ ਬੱਚਿਆਂ 'ਤੇ ਪੂਰਾ ਰੋਅਬ ਮਾਰਦੀ। ਉਹ ਅੱਗੇ-ਅੱਗੇ, ਸਾਰੇ ਬੱਚੇ ਉਸ ਦੇ ਪਿੱਛੇ-ਪਿੱਛੇ ਰਹਿੰਦੇ। ਖੂਬ ਖੇਡਦੀ, ਮਸਤੀ ਕਰਦੀ, ਮੈਡਮ ਬਣ ਬੱਚਿਆਂ 'ਤੇ ਰੋਅਬ ਦਿਖਾਉਂਦੀ। ਬਚਪਨ ਦੀ ਦੁਨੀਆਂ ਵਿਚ ਮਸਤ ਬੱਚੇ ਇੱਕ ਦੂਜੇ ਨਾਲ ਆਪਣੇ ਮੰਮੀ-ਪਾਪਾ ਦੀਆਂ ਗੱਲਾਂ ਕਰਦੇ ਆਪਣੇ ਪਾਪਾ ਵਲੋਂ ਲਿਆ ਕੇ ਦਿੱਤੇ ਖਿਡੌਣੇ ਵਿਖਾਉਂਦੇ ਤਾਂ ਟੀਨੂੰ ਦਾ ਬਾਲ ਮਨ ਆਪਣੇ ਪਾਪਾ ਬਾਰੇ ਸੋਚਣ ਲੱਗਦਾ।

"ਟੀਨੂੰ ਤੇਰੇ ਪਾਪਾ ਕਿੱਥੇ ਹਨ?" ਇੱਕ ਦਿਨ ਰਿੰਕੂ ਨੇ ਪੁਛਿਆ।

ਟੀਨੂੰ ਬਿਨਾ ਜਵਾਬ ਦਿੱਤੇ ਦੌੜ ਗਈ ਤੇ ਆਪਣੀ ਮੰਮੀ ਨੂੰ ਆਣ ਸਿੱਧਾ ਸਵਾਲ ਕੀਤਾ, "ਮੰਮੀ ਮੇਰੇ ਪਾਪਾ ਕਿੱਥੇ ਹਨ? ਸਾਰੇ ਬੱਚਿਆਂ ਦੇ ਪਾਪਾ ਰੋਜ ਸ਼ਾਮ ਨੂੰ ਘਰ ਆ ਜਾਂਦੇ ਹਨ, ਮੇਰੇ ਪਾਪਾ ਕਿਉਂ ਨਹੀਂ ਆਉਂਦੇ?"

"ਬੇਟੇ ਤੇਰੇ ਪਾਪਾ ਬਹੁਤ ਦੂਰ ਵਿਦੇਸ਼ ਵਿਚ ਹਨ, ਉਹ ਹਰ ਰੋਜ਼ ਨਹੀਂ ਆ ਸਕਦੇ।"

"ਕੀ ਉਹ ਕਦੇ ਵੀ ਨਹੀਂ ਆਉਣਗੇ?"

"ਬੇਟਾ ਆਉਣਗੇ।"

"ਕਦੋਂ? ਕਿਵੇਂ? ਦੱਸੋ ਮੰਮੀ।"

"ਜਦੋਂ ਕੰਮ ਤੋਂ ਛੁੱਟੀ ਮਿਲੂ, ਜਹਾਜ 'ਚ ਬੈਠ ਕੇ ਆਪਣੀ ਪਰੀ ਬੇਟੀ ਕੋਲ ਉਡ ਕੇ ਆਉਣਗੇ।"

"ਪਾਪਾ ਨੂੰ ਕਹੋ ਕਿ ਜਲਦੀ ਆਉਣ ਕੱਲ ਨੂੰ।"

"ਨਹੀਂ ਬੇਟਾ, ਇੰਨੀ ਜਲਦੀ ਨਹੀਂ। ਐਨਾ ਸੌਖਾ ਨਹੀਂ ਹੁੰਦਾ ਸੱਤ ਸਮੁੰਦਰ ਪਾਰ ਕਰਕੇ ਆਉਣਾ।"

"ਮੈਂ ਪਾਪਾ ਨਾਲ ਗੱਲ ਕਰਨੀ ਐ, ਮੇਰੀ ਗੱਲ ਕਰਵਾਓ।"

"ਨਹੀਂ ਬੇਟਾ ਹੁਣ ਤਾਂ ਉਥੇ ਰਾਤ ਐ, ਪਾਪਾ ਸੁੱਤੇ ਹੋਣਗੇ। ਆਪਣੀ ਜਾਬ ਤੋਂ ਥੱਕ ਕੇ ਆਏ ਹੋਣਗੇ, ਉਥੇ ਬਹੁਤ ਕੰਮ ਕਰਕੇ ਖੂਬ ਪੈਸੇ ਕਮਾ ਕੇ ਆਪਣੀ ਟੀਨੂੰ ਲਈ ਢੇਰ ਸਾਰੇ ਖਿਡੌਣੇ, ਕੱਪੜੇ ਲੈ ਕੇ ਆਉਣਗੇ।"

"ਪਾਪਾ ਨੂੰ ਕਹਿਣਾ, ਮੇਰੇ ਲਈ ਨੱਚਣ ਵਾਲੀ ਗੁੱਡੀ ਲੈ ਕੇ ਆਉਣ।"

"ਹੋਰ ਕੀ?"

"ਹੋਰ...ਘੜੀ ਤੇ ਸੋਹਣੀ ਜਿਹੀ ਡਰੈਸ ਵੀ।"

"ਠੀਕ ਹੈ।"

"ਪਾਪਾ ਨੂੰ ਕਹਿਣਾ ਜਲਦੀ ਆਉਣ।"

"ਮੈਂ ਰਿੰਕੂ ਨੂੰ ਆਪਣੇ ਪਾਪਾ ਨਾਲ ਮਿਲਾਉਣਾ, ਨਾਲੇ ਖਿਡੌਣੇ ਵਿਖਾਊਂ। ਪਤਾ ਅੱਜ ਉਸ ਦੇ ਪਾਪਾ ਨੇ ਉਸ ਨੂੰ ਜੀਪ ਲਿਆ ਕੇ ਦਿੱਤੀ। ਮੈਨੂੰ ਹੱਥ ਵੀ ਨਹੀਂ ਸੀ ਲਾਉਣ ਦਿੰਦਾ, ਆਪਣੀ ਜੀਪ ਨੂੰ।" ਟੀਨੂੰ ਨੇ ਰੁਆਂਸਿਆ ਜਿਹਾ ਮੂੰਹ ਬਣਾ ਕੇ ਦੱਸਿਆ।

"ਚੱਲੋ ਖੇਡ ਕੇ ਥੱਕ ਗਿਆ ਹੋਵੇਗਾ, ਮੇਰਾ ਪਿਆਰਾ ਬੱਚਾ ਦੁੱਧ ਪੀ ਕੇ ਆਪਣਾ ਹੋਮ ਵਰਕ ਕਰੇਗਾ।" ਮਾਂ ਨੇ ਕਿਹਾ।

ਰਾਤ ਨੂੰ ਸੌਣ ਲੱਗੇ ਅੱਖਾਂ ਮੂਹਰੇ ਨੱਚਦੀ ਗੁੱਡੀ ਵੇਖਦੀ-ਵੇਖਦੀ ਮਾਸੂਮ ਟੀਨੂੰ ਸੌਂ ਗਈ। ਦੂਜੇ ਦਿਨ ਬੱਚਿਆਂ ਨਾਲ ਖੇਡਦੀ ਨੇ ਹੁੱਭ ਕੇ ਦੱਸਿਆ, "ਮੇਰੇ ਪਾਪਾ ਨੱਚਣ ਵਾਲੀ ਗੁੱਡੀ ਲਿਆਉਣਗੇ।"


"ਸੱਚੀਂ ਟੀਨੂੰ!" ਸਾਰੇ ਬੱਚੇ ਬੋਲੇ।

"ਮੈਨੂੰ ਇੱਕ ਦਿਨ ਲਈ ਖੇਡਣ ਵਾਸਤੇ ਦੇਵੇਂਗੀ।" ਪ੍ਰੀਤੀ ਬੋਲੀ।

"ਤੈਨੂੰ ਤਾਂ ਦੇ ਦਊਂ, ਪਰ ਰਿੰਕੂ ਨੂੰ ਨਹੀਂ।" ਰਿੰਕੂ ਵੱਲ ਵੇਖ ਨੱਕ ਚੜ੍ਹਾਉਂਦੀ ਬੋਲੀ।

ਜੇ ਕਦੇ ਅਸਮਾਨ 'ਤੇ ਉਡਦਾ ਜਹਾਜ ਵੇਖਦੀ, ਉਛਲਦੀ, ਜ਼ੋਰ ਜ਼ੋਰ ਦੀ ਟੱਪਦੀ, ਤਾੜੀਆਂ ਮਾਰਦੀ ਤੇ ਉਚੀ ਉਚੀ ਬੋਲਦੀ, "ਪਾਪਾ ਦਾ ਜਹਾਜ, ਪਾਪਾ ਦਾ ਜਹਾਜ।"

ਸਾਰੇ ਬੱਚੇ ਉਸ ਨਾਲ ਤਾੜੀਆਂ ਮਾਰਦੇ ਰੌਲਾ ਪਾਉਂਦੇ, "ਪਾਪਾ ਦਾ ਜਹਾਜ, ਪਾਪਾ ਦਾ ਜਹਾਜ।"



ਜਦ ਤੱਕ ਜਹਾਜ ਅੱਖੋਂ ਓਹਲੇ ਨਾ ਹੋ ਜਾਂਦਾ, ਉਹ ਅੱਡੀਆਂ ਚੁਕ ਚੁਕ ਵੇਂਹਦੀ ਰਹਿੰਦੀ, ਤੇ ਫਿਰ ਖੇਡਣ ਵਿਚ ਮਸਤ ਹੋ ਜਾਂਦੀ।

ਸੌਣ ਵੇਲੇ ਰੋਜ਼ ਮੰਮੀ ਨੂੰ ਸਵਾਲ ਕਰਦੀ, "ਪਾਪਾ ਨਾਲ ਗੱਲ ਹੋਈ ਸੀ? ਮੇਰੀ ਨੱਚਣ ਵਾਲੀ ਗੁੱਡੀ ਯਾਦ ਕਰਵਾ ਦਿੱਤੀ ਸੀ?"

"ਹਾਂ ਹਾਂ ਕਰਵਾ ਦਿੱਤੀ ਸੀ।" ਸੁਮਨ ਬੱਚੀ ਦਾ ਮਨ ਰੱਖਣ ਲਈ ਕਹਿ ਦਿੰਦੀ।

ਬਚਪਨ ਤੋਂ ਜਵਾਨੀ ਵੱਲ ਵਧਦੀ ਟੀਨੂੰ ਨੇ ਕਿਤਾਬਾਂ ਦੇ ਨਾਲ ਨਾਲ ਆਪਣੀ ਮਾਂ ਦਾ ਚਿਹਰਾ ਵੀ ਹੁਣ ਪੜ੍ਹਨਾ ਸ਼ੁਰੂ ਕਰ ਦਿੱਤਾ। ਹੁਣ ਉਹ ਆਪਣੇ ਪਾਪਾ ਬਾਰੇ ਕਦੇ ਵੀ ਨਾ ਪੁਛਦੀ। ਪੜ੍ਹਨ ਵਿਚ ਹੁਸ਼ਿਆਰ ਸ਼ਰਾਰਤੀ ਟੀਨੂੰ ਇੱਕ ਗੰਭੀਰ, ਖੂਬਸੂਰਤ ਜਵਾਨ ਕੁੜੀ ਬਣ ਚੁਕੀ ਸੀ। ਆਪਣੀ ਮਾਂ ਦੇ ਸੁਪਨੇ ਸਾਕਾਰ ਕਰਦੀ ਉਹ ਸਰਕਾਰੀ ਟੀਚਰ ਬਣ ਗਈ। ਵਧੀਆ, ਨੇਕ ਹਮਸਫਰ ਮਿਲ ਗਿਆ। ਦੋ ਬੱਚਿਆਂ ਦੀ ਮਾਂ ਬਣੀ ਟੀਨੂੰ ਨੂੰ ਮਨ ਦਾ ਇਕ ਕੋਨਾ ਹਮੇਸ਼ਾ ਸੱਖਣਾ ਜਿਹਾ ਮਹਿਸੂਸ ਹੁੰਦਾ ਰਹਿੰਦਾ।

ਜ਼ਿੰਦਗੀ ਆਪਣੀ ਚਾਲ ਚਲਦੀ ਗਈ। ਬੱਚੇ ਜਵਾਨ ਹੋ ਬਾਹਰਲੇ ਮੁਲਕ ਜਾ ਵੱਸੇ। ਜੀਵਨ ਦੇ ਪੰਜ ਦਹਾਕੇ ਪਾਰ ਕਰ ਚੁਕੀ ਟੀਨੂੰ ਦੇ ਰੋਜ਼ ਰਾਤ ਨੂੰ ਸੁਪਨੇ ਵਿਚ ਉਹ ਨੱਚਦੀ ਗੁੱਡੀ ਆਉਂਦੀ ਤੇ ਨੱਚਦੀ ਨੱਚਦੀ ਉਸ ਨੂੰ ਅਤੀਤ ਵੱਲ ਲੈ ਜਾਂਦੀ। ਜਹਾਨੋਂ ਤੁਰ ਗਈ ਮਾਂ ਦੀਆਂ ਕਿਸੇ ਦੇ ਇੰਤਜ਼ਾਰ ਵਿਚ ਸੁੰਨੀਆਂ ਅੱਖਾਂ, ਤਿਲ ਤਿਲ ਮਰਨਾ, ਸਮਾਜ ਦੀਆਂ ਚੁਭਵੀਆਂ ਗੱਲਾਂ ਬਰਦਾਸ਼ਤ ਕਰਦੀ ਜਵਾਨੀ ਤੋਂ ਬੁਢਾਪੇ ਤੱਕ ਦਾ ਸਫਰ ਉਸ ਦੀਆਂ ਅੱਖਾਂ ਸਾਹਵੇਂ ਆ ਖਲੋਂਦਾ।

ਇਕ ਦਿਨ ਵੱਡੇ ਬੇਟੇ ਦੇ ਬੁਲਾਉਣ 'ਤੇ ਟੀਨੂੰ ਝੱਟ ਬਾਹਰਲੇ ਮੁਲਕ ਜਾਣ ਲਈ ਤਿਆਰ ਹੋ ਗਈ। ਵੀਜ਼ਾ ਲਵਾ, ਟਿਕਟ ਲੈ ਉਹ ਉਤਾਵਲੀ ਸੀ ਜਹਾਜ ਚੜ੍ਹਨ ਲਈ। ਰਾਤ ਨੂੰ ਸੌਂਦੀ ਤਾਂ ਸੁਪਨੇ ਵਿਚ ਲਗਦਾ ਨੱਚਦੀ ਗੁੱਡੀ ਉਸ ਦੇ ਅੱਗੇ ਅੱਗੇ ਨੱਚਦੀ ਉਸ ਨੂੰ ਹਵਾ ਵਿਚ ਉਡਾਈ ਲਿਜਾ ਰਹੀ ਹੈ, ਕਿਸੇ ਆਪਣੇ ਕੋਲ, ਜਿਸ ਦੀ ਉਸ ਨੂੰ ਵਰ੍ਹਿਆਂ ਤੋਂ ਉਡੀਕ ਸੀ। ਸਹਿਕਦੀ ਸੀ, ਉਹ ਉਸ ਨੂੰ ਮਿਲਣ ਨੂੰ। ਆਖਿਰ ਉਹ ਦਿਨ ਆ ਹੀ ਗਿਆ, ਜਹਾਜ ਵਿਚ ਸਵਾਰ ਹੋ ਵਿਦੇਸ਼ ਦੀ ਧਰਤੀ 'ਤੇ ਕਦਮ ਰੱਖਦਿਆਂ ਹੀ ਉਸ ਦੀਆਂ ਨਜ਼ਰਾਂ ਇਧਰ ਉਧਰ ਕੁਝ ਤਲਾਸ਼ਣ ਲੱਗੀਆਂ।

"ਕੀਹਨੂੰ ਲੱਭਦੇ ਓਂ ਮੌਮ?" ਬੇਟੇ ਨੇ ਪੁਛਿਆ।

"ਨਹੀਂ, ਕੁਝ ਨਹੀਂ।" ਆਪਣੇ ਆਪ ਨੂੰ ਸੰਭਾਲਦੀ ਉਹ ਬੋਲੀ।

"ਕੀ ਗੁਆਚ ਗਿਐ? ਸਾਰਾ ਸਮਾਨ ਤਾਂ ਪੂਰਾ ਐ।" ਬੇਟੇ ਨੇ ਥੋੜ੍ਹਾ ਉਤਾਵਲੇਪਨ ਨਾਲ ਪੁਛਿਆ।

"ਨਹੀਂ, ਨਹੀਂ। ਸਭ ਠੀਕ ਹੈ।" ਕੀ ਦੱਸੇ ਕਿ ਮੇਰਾ ਸਮਾਨ ਨਹੀਂ, 50 ਸਾਲਾਂ ਤੋਂ ਕੁਝ ਹੋਰ ਗੁਆਚਿਆ ਹੋਇਆ।

ਜਦੋਂ ਬੱਚੇ ਖੂਬਸੂਰਤ ਮੁਲਕ ਦੀਆਂ ਵੇਖਣਯੋਗ ਥਾਂਵਾਂ ਘੁਮਾਉਣ ਲੈ ਕੇ ਜਾਂਦੇ ਤਾਂ ਉਸ ਦੀਆਂ ਨਜ਼ਰਾਂ ਕੁਝ ਹੋਰ ਲੱਭਦੀਆਂ ਰਹਿੰਦੀਆਂ।

ਐਤਵਾਰ ਨੂੰ ਬੱਚਿਆਂ ਨਾਲ ਗੁਰਦੁਆਰੇ ਜਾਣਾ ਤਾਂ ਉਥੇ ਵੀ ਬਜੁਰਗਾਂ ਨਾਲ ਆਨੇ-ਬਹਾਨੇ ਗੱਲਾਂ ਕਰਦੀ। 'ਤੁਸੀਂ ਕਿਥੋਂ ਹੋ? ਕੀ ਨਾਮ ਹੈ?' ਉਹ ਬਜੁਰਗਾਂ ਨੂੰ ਇਸ ਆਸ ਨਾਲ ਪੁੱਛਦੀ, ਖੌਰੇ ਇਨ੍ਹਾਂ ਵਿਚੋਂ ਈ ਹੋਵੇ। ਕਈ ਵਾਰ ਬੱਚਿਆਂ ਨੇ ਖਿਝ ਵੀ ਜਾਣਾ, "ਮੰਮੀ ਐਵੇਂ ਹਰ ਕਿਸੇ ਨਾਲ ਗੱਲੀਂ ਲੱਗ ਜਾਂਦੇ ਹੋ!"

ਸ਼ਾਮ ਨੂੰ ਪਾਰਕ ਵਿਚ ਬੈਠੇ ਬਜੁਰਗਾਂ ਦੀਆਂ ਢਾਣੀਆਂ ਦੇ ਲਾਗੇ ਬੈਠ ਗੱਲਾਂ ਕਰਦਿਆਂ ਨੂੰ ਸੁਣਦੀ, ਸ਼ਾਇਦ ਇਥੇ ਹੀ ਮਿਲ ਜਾਵੇ!

ਤਿੰਨ ਮਹੀਨੇ ਬਿਗਾਨੇ ਦੇਸ਼ ਦੀ ਧਰਤੀ 'ਤੇ ਬਿਤਾ ਕੇ ਮੁੜਨ ਲੱਗੀ ਨੂੰ ਬੱਚਿਆਂ ਨੇ ਬਹੁਤ ਸਮਾਨ ਇੰਡੀਆ ਲਿਜਾਣ ਲਈ ਪੈਕ ਕਰ ਦਿੱਤਾ। ਆਪਣੇ ਮੁਲਕ ਦੀ ਧਰਤੀ 'ਤੇ ਸਮਾਨ ਚੁੱਕੀ ਏਅਰਪੋਰਟ ਤੋਂ ਬਾਹਰ ਆਉਂਦਿਆਂ ਉਸ ਨੂੰ ਲੱਗਾ, ਜਿਵੇਂ ਹੱਥ ਖਾਲੀ ਹੋਣ। ਟੈਕਸੀ ਵਿਚ ਬੈਠੀ ਉਹ ਸੋਚ ਰਹੀ ਸੀ ਉਸ ਵਿਦੇਸ਼ ਬਾਰੇ, ਜਿੱਥੇ ਬੱਚਿਆਂ ਦੇ ਪਾਪਾ ਜਾ ਕੇ ਗੁੰਮ ਹੋ ਜਾਂਦੇ ਹਨ, ਭੁੱਲ ਜਾਂਦੇ ਹਨ ਵਾਪਿਸ ਆਉਣ ਦਾ ਰਾਹ। ਮੁੜ ਕੇ ਉਹ ਜਹਾਜ ਆਉਂਦਾ ਹੀ ਨਹੀਂ, ਜੋ ਉਨ੍ਹਾਂ ਦੇ ਪਾਪਾ ਨੂੰ ਵਾਪਿਸ ਲੈ ਆਵੇ। ਡਾਲਰਾਂ-ਪੌਂਡਾਂ ਦੀ ਚਕਾਚੌਂਧ ਵਿਚ ਭੁੱਲ ਜਾਂਦੇ ਹਨ ਕਿ ਕਿਸੇ ਨਾਲ ਅਸੀਂ ਲਾਵਾਂ ਲਈਆਂ ਸਨ, ਜੋ ਪਿਛੇ ਨਾ ਕੁਆਰੀਆਂ, ਨਾ ਵਿਆਹੀਆਂ ਵਾਂਗ ਜ਼ਿੰਦਗੀ ਕੱਟ ਰਹੀਆਂ ਹਨ। ਵਿਸਾਰ ਦਿੰਦੇ ਹਨ ਆਪਣੇ ਅੰਸ਼ ਨੂੰ, ਜੋ ਤਰਸਦਾ ਰਹਿੰਦਾ ਹੈ ਸਾਰੀ ਉਮਰ ਆਪਣੇ ਪਾਪਾ ਦੀ ਸ਼ਕਲ ਵੇਖਣ ਨੂੰ, ਗਲਵੱਕੜੀ ਪਾਉਣ ਨੂੰ, ਪਾਪਾ ਪੁਕਾਰਨ ਨੂੰ, ਵਾਂਝੇ ਹੁੰਦੇ ਹਨ ਪਿਉ ਦੇ ਸਾਏ ਤੋਂ, ਪਿਉ ਦੇ ਜਿਉਂਦੇ ਹੁੰਦਿਆਂ ਵੀ। ਹੱਕਾਂ ਤੋਂ ਲਾਂਭੇ ਕਰੇ ਸਿਰਫ ਇੰਦਰਾਜਾਂ ਵਿਚ ਚੁੱਕੀ ਫਿਰਦੇ ਹਨ ਆਪਣੇ ਪਿਉ ਦਾ ਨਾਂ, ਜੋ ਇੱਕ ਬਣਿਆ ਰਹਿੰਦਾ ਸਵਾਲੀਆ ਨਿਸ਼ਾਨ ਪੂਰੀ ਜ਼ਿੰਦਗੀ।

"ਮੈਡਮ ਤੁਹਾਡਾ ਘਰ ਆ ਗਿਆ।" ਡਰਾਈਵਰ ਦੇ ਬੋਲ ਉਸ ਦੇ ਕੰਨੀਂ ਪਏ। ਫਟਾਫਟ ਪਰਸ ਵਿਚੋਂ ਰੁਮਾਲ ਕੱਢ ਅੱਖਾਂ ਵਿਚੋਂ ਪਰਲ-ਪਰਲ ਵਗਦੇ ਹੰਝੂਆਂ ਨੂੰ ਪੂੰਝ ਨਕਲੀ ਜਿਹੀ ਮੁਸਕਰਾਹਟ ਚਿਹਰੇ 'ਤੇ ਲਿਆ ਉਹ ਟੈਕਸੀ ਤੋਂ ਬਾਹਰ ਆ ਗਈ।

# ਡਾਇਟ ਫਾਰ ਸੋਲ



ਦਵਿੰਦਰ ਕੌਰ, ਕੈਨੇਡਾ
davindergkaur@gmail.com

ਅੱਜ ਹਸਪਤਾਲ ਦੇ ਬੈਡ 'ਤੇ ਪਈ ਅਮਰੀਨ ਨੂੰ ਪੂਰਾ ਹਫਤਾ ਬੀਤ ਗਿਆ। ਹਰ ਚਾਰ ਘੰਟੇ ਪਿਛੋਂ ਨਰਸ ਆਉਂਦੀ, ਉਹਦੇ ਵਾਈਟਲ ਸਾਈਨ ਚੈਕ ਕਰਦੀ ਤੇ ਪੁੱਛਦੀ, 'ਹੁਣ ਤੂੰ ਕਿੰਦਾਂ ਮਹਿਸੂਸ ਕਰਦੀ ਹੈਂ? ਕੀ ਤੂੰ ਅੱਜ ਪਾਣੀ ਪੀਤਾ, ਰੋਟੀ ਖਾਧੀ ਚੰਗੀ ਤਰ੍ਹਾਂ?' ਤੇ ਅਮਰੀਨ ਹਲਕਾ ਜਿਹਾ ਮੁਸਕਰਾ ਕੇ ਉਹਨੂੰ ਹਾਂ ਵਿਚ ਸਿਰ ਮਾਰ ਤੋਰ ਦਿੰਦੀ।

ਨਰਸ ਹਰ ਰੋਜ਼ ਵਾਂਗ ਅਖਬਾਰ ਤੇ ਦਵਾਈਆਂ ਉਹਦੇ ਸਾਈਡ ਟੇਬਲ 'ਤੇ ਰੱਖ, ਪਲਸ ਤੇ ਹਾਰਟ ਰੇਟ ਵਾਲਾ ਮਾਨੀਟਰ ਆਨ ਕਰ 'ਟੇਕ ਕੇਅਰ' ਕਹਿ ਕੇ ਚਲੀ ਜਾਂਦੀ। ਟੇਬਲ 'ਤੇ ਪਏ ਅਖਬਾਰ ਨੂੰ ਉਹ ਦਿਨ ਭਰ ਫਰੋਲਦੀ ਤੇ ਇੱਕ ਸਵਾਲ ਉਹਨੂੰ ਹਮੇਸ਼ਾ ਸਤਾਉਂਦਾ, ਕੀ ਦੁਨੀਆਂ ਭਰ ਦੇ ਮੌਸਮ ਦਾ ਹਾਲ ਦੱਸਦੀ ਇਸ ਅਖਬਾਰ ਵਿਚ ਕਦੇ ਦਿਲ ਦੇ ਮੌਸਮ ਦਾ ਹਾਲ ਕਿਉਂ ਨਹੀਂ ਕਿਤੇ ਛਪਿਆ ਮਿਲਦਾ? ਹੁਣ ਨਰਸ ਨੂੰ ਕਿੰਜ ਸਮਝਾਵਾਂ ਕਿ ਮੇਰੀ ਲੋੜ ਰੋਟੀ ਨਹੀਂ, ਕੁਝ ਹੋਰ ਹੈ!

ਦੁਪਹਿਰ ਦੇ ਢਾਈ ਕੁ ਵਜੇ ਅਮਰੀਨ ਦੀ ਫੈਮਿਲੀ ਡਾਕਟਰ ਸੋਫੀਆ ਗਲ ਵਿਚ ਲਿਟਮੈਨ ਦਾ ਸਟੈਥੋਸਕੋਪ ਪਾਈ ਆਪਣੇ ਲੰਮੇ ਸੁਨਹਿਰੀ ਵਾਲਾਂ ਦੀ ਉਚੀ ਪੋਨੀ ਸੰਵਾਰਦੀ, ਗੁੱਟ 'ਤੇ ਸਿਲਵਰ ਕਲਰ ਦੀ ਕੋਚ ਦੀ ਘੜੀ ਬੰਨੀ, ਜੋ ਉਹਨੂੰ ਬਹੁਤ ਫੱਬਦੀ ਤੇ ਉਹਦੇ ਪਾਇਆ ਗ੍ਰੀਨ ਸਕਰੱਬ ਵੀ ਬਹੁਤ ਜੱਚਦਾ, ਉਹਨੇ ਆਪਣੀਆਂ ਬਿੱਲੀਆਂ ਅੱਖਾਂ ਦੇ ਭਰਵੱਟੇ ਉਪਰ ਚੁੱਕ ਅਮਰੀਨ ਨੂੰ ਇਸ਼ਾਰੇ ਨਾਲ ਹੱਥ ਹਿਲਾਉਂਦਿਆਂ ਪੁੱਛਿਆ। ਅਮਰੀਨ, ਜੋ ਆਪਣੀ ਵੱਖੀ ਭਾਰ ਪਈ ਸੀ, ਡਾਕਟਰ ਨੂੰ ਦੇਖਦੇ ਹੀ ਪਾਸਾ ਲੈਂਦੀ ਬੋਲੀ, "ਹੈਲੋ! ਡੌਕ ਯੂ ਆਰ ਲੁਕਿੰਗ ਸੁਪਰ ਕੂਲ ਟੁਡੇ।"

"ਹੈਲੋ ਅਮਰੀਨ, ਥੈਂਕਸ ਫਾਰ ਕੰਪਲੀਮੈਂਟ ਡੀਅਰ। ਹੁਣ ਦਰਦ ਕਿੰਦਾਂ ਤੇਰਾ? ਲਿਆ ਦੇਖਾਂ ਤੇਰੀ ਸੋਜ ਘਟੀ ਕਿ ਨਹੀਂ?" ਉਹਨੇ ਪੇਟ ਨੂੰ ਹੌਲੀ ਹੌਲੀ ਦੱਬਦਿਆਂ ਪੁੱਛਿਆ ਤੇ ਨਾਲ ਹੀ ਕਿਹਾ, "ਅਸੀਂ ਤੇਰੇ ਕੁਝ ਹੋਰ ਟੈਸਟ ਕਰਨੇ ਆ ਤਾਂ ਜੋ ਸਾਨੂੰ ਪਤਾ ਲੱਗੇ ਕਿ ਆਖਿਰ ਤੈਨੂੰ 'ਪੇਨਕ੍ਰੀਐਟਿਕ ਅਟੈਕ' ਕਿਵੇਂ ਤੇ ਕਿਉਂ ਹੋਇਆ? ਇਸ ਵਿਗਿਆਨਕ ਯੁੱਗ ਵਿਚ ਕੁਝ ਵੀ ਜਾਣਨਾ ਨਾਮੁਮਕਿਨ ਨਹੀਂ ਡੀਅਰ।"

ਅਮਰੀਨ ਦਾ ਚਿੱਤ ਕੀਤਾ ਉਹਨੂੰ ਟੋਕਣ ਨੂੰ, ਪੁੱਛਣ ਨੂੰ, ਪਰ ਚੁੱਪ ਕੀਤੀ ਰਹੀ।

"ਤੂੰ ਆਪਣਾ ਧਿਆਨ ਰੱਖੀਂ।" ਇੰਨਾ ਆਖ ਡਾਕਟਰ ਜਾਣ ਹੀ ਲੱਗੀ ਸੀ ਕਿ ਉਸ ਦੀ ਨਜ਼ਰ ਅਮਰੀਨ ਦੇ ਆਈ-ਪੈਡ 'ਤੇ ਪਈ, ਤੇ ਉਹਨੇ ਸਕ੍ਰੀਨ ਸੇਵਰ 'ਤੇ ਲੱਗੀ ਤਸਵੀਰ ਵੱਲ ਵੇਖ ਸਵਾਲ ਕੀਤਾ, "ਹੂ ਇਜ਼ ਦਿਸ?"

ਅਮਰੀਨ ਦਾ ਧਿਆਨ ਟੁੱਟਿਆ ਤੇ ਉਹ ਬੋਲੀ, "ਓ ਅ ਅ, ਹੀ ਇਜ਼ ਮਾਈ ਬਡੀ, ਮਾਈ ਓਨਲੀ ਰੇਅ ਆਫ ਹੋਪ; ਟੂ ਲਿਵ ਇਨ ਦਿਸ ਪ੍ਰਿਜ਼ਨ। ਮਾਈ ਲਵ, ਮਾਈ ਗੌਡ!"

"ਹਾ ਹਾ ਹਾ ਤੂੰ ਕਿੰਨੀ ਫਨੀ ਹੈਂ।" ਡਾਕਟਰ ਨੇ ਜਵਾਬ ਦਿੱਤਾ, "ਚੱਲ ਮੇਰੇ ਕੋਲ ਦੱਸ ਮਿੰਟ ਨੇ, ਫੇਰ ਮੇਰੀ ਸ਼ਿਫਟ ਡਨ। ਚੱਲ ਵਿਖਾ ਮੈਨੂੰ ਆਪਣੇ ਲਵ ਦੀਆਂ ਹੋਰ ਤਸਵੀਰਾਂ।"

"ਫਾਰ ਸ਼ਿਓਰ!"

ਅਮਰੀਨ ਬੋਲੀ, "ਯੂ ਨੋ ਡੌਕ, ਇਹ ਸਾਡੇ ਅੱਠਵੇਂ ਗੁਰੂ ਨੇ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ। ਮੈਂ ਇਨ੍ਹਾਂ ਨਾਲ ਸਾਰੇ ਦੁੱਖ ਸੁੱਖ ਸਾਂਝੇ ਕਰਦੀ ਹਾਂ। ਇਹ ਹਮੇਸ਼ਾ ਮੈਨੂੰ ਇੰਸਪਾਇਰ ਕਰਦੇ ਨੇ।"

ਡਾ. ਸੋਫੀਆ ਬੋਲੀ, "ਤੇਰਾ ਗੌਡ ਬਹੁਤ ਸੋਹਣਾ ਅਮਰੀਨ!"

"ਯਾ! ਹੀ ਇਜ਼ ਡੌਕ। ਇਹ ਤਸਵੀਰ ਹੈ ਸਾਡੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ। ਮਾਮ-ਡੈਡ ਹਮੇਸ਼ਾ ਕਹਿੰਦੇ ਨੇ ਕਿ ਸਾਡੇ ਡੁੱਬਦੇ ਬੇੜੇ ਨੂੰ ਪਾਰ ਲਾਉਣ ਵਾਲੇ ਇਹੀ ਨੇ, ਸੋ ਕਦੇ ਆਸ ਨਾ ਛੱਡੋ।"

ਤਸਵੀਰਾਂ ਵੇਖਣ ਦੇ ਇਸ ਦੌਰ 'ਚ ਡਾਕਟਰ ਅਮਰੀਨ ਦੇ ਸਾਰੇ ਪਰਿਵਾਰ ਤੇ ਦੋਸਤਾਂ ਨੂੰ ਮਿਲੀ, ਪਰ ਅਚਾਨਕ ਉਹਨੇ ਇੱਕ ਤਸਵੀਰ 'ਤੇ ਰੁਕਣ ਨੂੰ ਕਿਹਾ ਤੇ ਪੁੱਛਿਆ, "ਇਹ ਕੁੜੀ ਕਿੱਥੇ ਹੈ ਅਮਰੀਨ?"

ਉਹਨੂੰ ਸੁਣ ਕੇ ਥੋੜ੍ਹਾ ਅਜੀਬ ਲੱਗਾ, ਪਰ ਗੱਲ ਹਾਸੇ 'ਚ ਟਾਲਦੀ ਨੇ ਕਿਹਾ, "ਤੇਰੇ ਸਾਹਮਣੇ ਡੌਕ।" ਡਾਕਟਰ ਨੇ ਘੂਰੀ ਵੱਟਦੀ ਨੇ ਗਹੁ ਨਾਲ ਵੇਖਦਿਆਂ ਕਿਹਾ, "ਨਹੀਂ! ਤੂੰ ਇਹ ਨਹੀਂ।"

"ਪਰ ਕਿਉਂ?"

"ਤੇਰੇ ਚਿਹਰੇ 'ਤੇ ਉਹ ਮੁਸਕਾਨ ਹੁਣ ਕਿਉਂ ਨਹੀਂ ਦਿੱਸਦੀ? ਤੇ ਨਾ ਹੀ ਤੇਰੀਆਂ ਅੱਖਾਂ ਹੱਸਦੀਆਂ ਨੇ!"

"ਓ ਨਹੀਂ! ਏਦਾਂ ਦਾ ਕੁਝ ਵੀ ਨਹੀਂ।"

"ਮੈਂ ਲੰਮੇ ਅਰਸੇ ਤੋਂ ਤੇਰੀ ਡਾਕਟਰ ਹਾਂ; ਤੇ ਤੈਨੂੰ ਬਹੁਤ ਨੇੜਿਓਂ ਦੇਖਿਆ। ਦੱਸ ਕੀ ਗੱਲ ਹੈ? ਇਹ ਤਸਵੀਰ ਤੇਰੀ ਸੀਰਤ ਨੂੰ ਝਲਕਾਉਂਦੀ ਹੈ, ਤੇਰੀਆਂ ਚਮਕਦੀਆਂ ਅੱਖਾਂ ਦੱਸਦੀਆਂ ਨੇ, ਜਿਵੇਂ ਤੇਰੀ ਕਈ ਜਨਮਾਂ ਦੀ ਉਡੀਕ ਮੁੱਕ ਗਈ ਹੋਵੇ, ਤੇਰੇ ਬੁੱਲਾਂ 'ਤੇ ਫੈਲੀ ਇਹ ਮੁਸਕਾਨ ਤੇਰੇ ਦਿਲ ਦਾ ਹਾਲ ਬਿਆਨਦੀ ਹੈ। ਬੋਲ! ਕੁਝ ਤਾਂ ਬੋਲ! ਵੇਖ ਤੇਰੀ ਤਸਵੀਰ ਖਿੱਚਣ ਵਾਲੇ ਨੇ ਆਪਣੇ ਕੈਮਰੇ ਵਿਚ ਤੇਰੀ ਖੁਸ਼ੀ ਨੂੰ ਸਦਾ ਲਈ ਕੈਦ ਕਰ ਲਿਆ। ਦੱਸ ਜੇ ਮੈਂ ਗਲਤ ਕਿਹਾ!"

ਅਮਰੀਨ ਬੋਲੀ, "ਡੌਕ ਇਹ ਤਸਵੀਰ ਉਸ ਪਲ ਦੀ ਹੈ, ਜਦੋਂ ਕਿਸੇ ਨੇ ਮੇਰੇ ਦਿਲ ਦੇ ਮੌਸਮ ਦਾ ਹਾਲ ਜਾਣਿਆ ਸੀ, ਉਹਦੀ ਨਿੰਘੀ ਮੁਸਕਾਨ ਨੇ ਮੇਰੇ ਦਿਲ ਦੇ ਵਾਇਲਨ ਨੂੰ ਸੁਰ ਵਿਚ ਵਜਾਇਆ ਤੇ ਮੋਹ ਭਰਿਆ ਗੀਤ ਸੁਣਾਇਆ ਸੀ।

ਮੇਰੀ ਜ਼ਿੰਦਗੀ ਦੇ ਬੇਰੰਗ ਖਾਲੀ ਕੈਨਵਸ 'ਤੇ ਉਹਨੂੰ ਪਹਿਲੀ ਨਜ਼ਰ ਤੱਕਦਿਆਂ ਇੱਕ ਤਸਵੀਰ ਉਲੀਕੀ ਗਈ ਤੇ ਉਸ ਤਸਵੀਰ 'ਚ ਰੰਗ ਭਰਨ ਲਈ ਉਹਨੇ ਹੱਸਦੇ ਹੱਸਦੇ ਆਪਣੀ ਜ਼ਿੰਦਗੀ ਦੇ ਕੁਝ ਹਸੀਨ ਪਲ ਮੇਰੇ ਹੱਥ ਵਿਚ ਬੁਰਸ਼ ਵਾਂਗ ਥੰਮਾ ਦਿੱਤੇ ਤੇ ਉਨ੍ਹਾਂ ਪਲਾਂ ਨੂੰ ਸੁੰਦਰ ਰੰਗਾਂ ਨਾਲ ਸਜਾਉਣ ਨੂੰ ਕਿਹਾ। ਉਹ ਜਾਂਦਾ ਜਾਂਦਾ ਮੇਰੀ ਝੋਲੀ ਖੂਬਸੂਰਤ ਯਾਦਾਂ ਦੇ ਰੰਗ, ਬਿੰਬ ਤੇ ਸਿਰਨਾਂਵੇਂ ਭਰ ਗਿਆ।

ਹੁਣ ਮੈਂ ਨਿੱਤ ਨਵੇਂ ਢੰਗ ਨਾਲ ਕੈਨਵਸ 'ਤੇ ਤਸਵੀਰਾਂ ਉਲੀਕਦੀ ਹਾਂ ਤੇ ਉਨ੍ਹਾਂ 'ਚ ਯਾਦਾਂ ਦੇ ਰੰਗ ਭਰਦੀ ਹਾਂ। ਉਹਦੇ ਦਿੱਤੇ ਬਿੰਬ ਤੇ ਸਿਰਨਾਂਵੇਂ ਮੇਰੀ ਕਵਿਤਾ, ਕਹਾਣੀ ਤੇ ਵਾਰਤਕ ਲਿਖਣ ਵਿਚ ਮਦਦ ਕਰਦੇ ਨੇ; ਅੱਜ ਵੀ ਇਹ ਹਵਾ ਉਹਦੇ ਹਾਸੇ ਨਾਲ ਮਹਿਕਦੀ ਹੈ, ਮੇਰੀ ਕੰਨੀਂ ਗੂੰਜਦੇ ਨੇ ਉਹਦੇ ਮਿੱਠੇ ਬੋਲ ਕਿ ਉਹ ਮੇਰੇ ਅੰਦਰਲੇ ਬੁੱਧ ਨੂੰ ਜਾਣਦਾ ਤੇ ਪਛਾਣਦਾ, ਉਹਨੇ ਮੇਰੇ ਹੱਥ ਫੜਿਆ ਖਾਲੀ ਠੂਠਾ ਸੋਹਣੇ ਸੁਫਨਿਆਂ ਤੇ ਅਰਮਾਨਾਂ ਨਾਲ ਭਰ ਦਿੱਤਾ, ਉਹਦੀਆਂ ਅੱਖਾਂ 'ਚ ਕਦੀ ਨਾ ਮੁੱਕਣ ਵਾਲਾ ਸਨੇਹ ਮੇਰੀ ਰੂਹ ਨੂੰ ਠਾਰ ਗਿਆ। ਡੌਕ! ਮੈਂ ਉਹਦੀ ਹੋਂਦ ਨੂੰ ਖੂਬਸੂਰਤ ਫਿਜ਼ਾ ਵਿਚ ਮਹਿਸੂਸ ਕਰਦੀ ਹਾਂ।

ਪਰ ਕਿਉਂਕਿ ਮੈਂ ਪਿਛਲੇ ਹਫਤੇ ਤੋਂ ਹਸਪਤਾਲ ਵਿਚ ਹਾਂ, ਮੇਰੀ ਉਹਦੇ ਨਾਲ ਮੁਲਾਕਾਤ ਨਹੀਂ ਹੋਈ। ਮੇਰੀ ਰੂਹ ਤੜਫਦੀ ਹੈ ਉਹਦੀ ਦੀਦ ਲਈ, ਪੌਣਾਂ 'ਚ ਉਹਦੀ ਮਹਿਕ ਨੂੰ ਮਹਿਸੂਸ ਕਰਨ ਲਈ। ਕਈ ਦਿਨਾਂ ਤੋਂ ਮੇਰੇ ਨੈਣਾਂ ਨੇ ਚੰਨ, ਤਾਰੇ, ਸੂਰਜ, ਫੁੱਲ, ਤਿਤਲੀਆਂ, ਪਰਿੰਦੇ, ਪਹਾੜ, ਝੀਲ, ਜੰਗਲ ਤੇ ਰੁੱਖ ਨਹੀਂ ਤੱਕੇ। ਡੌਕ, ਮੈਨੂੰ ਬਾਹਰ ਜਾਣ ਦੀ ਮਨਜ਼ੂਰੀ ਦੇ, ਜੇ ਤੂੰ ਚਾਹੁੰਦੀ ਹੈਂ ਕਿ ਮੈਂ ਛੇਤੀ ਠੀਕ ਹੋ ਜਾਵਾਂ ਤਾਂ ਮੇਰਾ ਬਾਹਰ ਜਾਣਾ, ਕੁਦਰਤ ਦੀ ਨਿੰਘੀ ਖੂਬਸੂਰਤੀ ਨੂੰ ਮਾਣਨਾ ਬਹੁਤ ਜ਼ਰੂਰੀ ਹੈ। ਇਹ ਸਭ ਮੇਰੀ ਰੂਹ ਦੀ ਖੁਰਾਕ ਹੈ, ਮੇਰੇ ਲਈ ਇਹ ਸਭ ਮੈਡੀਟੇਸ਼ਨ ਵਾਂਗ ਹੈ।"

ਡਾ. ਸੋਫੀਆ ਅਮਰੀਨ ਦੀਆਂ ਗੱਲਾਂ ਸੁਣ ਮੁਸਕਰਾਉਂਦਿਆਂ ਬੋਲੀ, "ਸੋ ਡਿਵਾਇਨ, ਅਮਰੀਨ ਇਹ ਤਾਂ ਮੈਨੂੰ ਸਿਨਡ੍ਰੇਲਾ ਦੀ ਕਹਾਣੀ ਵਾਂਗ ਲੱਗੀ।"

"ਨੋ ਡੌਕ! ਇਹ ਕੋਈ ਕਹਾਣੀ ਨਹੀਂ, ਸੱਚ ਹੈ, ਜਿਸ ਵਿਚ ਮੇਰੇ ਸੁਫਨਿਆਂ ਦਾ ਰਾਜ ਕੁਮਾਰ ਕੰਕ੍ਰੀਟ ਦੇ ਜੰਗਲ ਦੀ ਭੀੜ ਵਿਚ ਕਿਤੇ ਗੁਆਚਿਆ ਫਿਰਦਾ, ਉਸ ਜੰਗਲ ਵਿਚ ਮਨੁੱਖਾਂ ਵੱਲੋਂ ਉਸਾਰੀਆਂ ਗਈਆਂ ਉਚੀਆਂ ਖੋਖਲੇ ਰਿਸ਼ਤਿਆਂ ਦੀਆਂ ਇਮਾਰਤਾਂ ਦੀ ਭੀੜ ਵਿਚ। ਉਹਨੂੰ ਮੈਂ ਨਜ਼ਰ ਨਹੀਂ ਆਉਂਦੀ। ਅਸੂਲਾਂ ਦੀ ਉਹ ਕੰਧ, ਜੋ ਕਦੀ ਅਸੀਂ ਆਪ ਤੋੜੀ ਸੀ, ਦੇ ਮਲਬੇ ਥੱਲੇ ਸਾਡਾ ਪਿਆਰ ਦਫਨ ਹੋ ਗਿਆ।

ਅਤੀਤ ਦੇ ਤਿੜਕੇ ਸੁਫਨਿਆਂ ਨੇ ਉਹਦੀਆਂ ਅੱਖਾਂ ਪੱਥਰਾ ਦਿੱਤੀਆਂ। ਸ਼ਾਇਦ ਇਹੀ ਕਾਰਨ ਹੈ ਕਿ ਉਸ ਦੇ ਕੰਨਾਂ ਤੱਕ ਮੇਰੀ ਆਵਾਜ਼ ਨਹੀਂ ਪਹੁੰਚਦੀ, ਤੇ ਉਹਦੀਆਂ ਜਿੰਮੇਵਾਰੀਆਂ ਅੱਗੇ ਸਾਡਾ ਰਿਸ਼ਤਾ ਕੋਈ ਅਹਿਮੀਅਤ ਨਹੀਂ ਰੱਖਦਾ।"

"ਤੂੰ ਹਾਲੇ ਵੀ ਉਹਨੂੰ ਪਿਆਰ ਕਰਦੀ ਐਂ?" ਡਾ. ਸੋਫੀਆ ਨੇ ਅਮਰੀਨ ਨੂੰ ਸਵਾਲ ਕੀਤਾ।

"ਪਿਆਰ ਦਾ ਦੂਜਾ ਨਾਂ ਸਬਰ ਹੁੰਦਾ, ਪਿਆਰ ਹਮੇਸ਼ਾ ਕੁਰਬਾਨੀ ਮੰਗਦਾ, ਹਉਮੈ ਦੀ, ਮੈਂ ਦੀ ਕੁਰਬਾਨੀ; ਪਰ ਫਿਰ ਵੀ ਮੇਰੀ ਹਰ ਘੜੀ ਉਸ ਦੀ ਉਡੀਕ ਵਿਚ ਲੰਘਦੀ ਹੈ, ਸ਼ਾਇਦ! ਉਹ ਕਦੀ ਤਾਂ ਉਸ ਭੀੜ ਵਿਚੋਂ ਆਜ਼ਾਦ ਹੋ ਕੇ, ਆਪਣੀਆਂ ਜਿੰਮੇਵਾਰੀਆਂ ਤੋਂ ਫਾਰਗ ਹੋ ਕੇ ਸਕੂਨ ਦੀ ਤਲਾਸ਼ ਵਿਚ ਮੁੜ ਵਣਾਂ ਵੱਲ ਨੂੰ ਪਰਤੇਗਾ।

ਜਿਥੇ ਅਸੀਂ ਨਦੀ ਕਿਨਾਰੇ ਸੋਹਣੇ ਰੁੱਖਾਂ ਤੇ ਚੰਨ ਤਾਰਿਆਂ ਦੀ ਛਾਂਵੇਂ ਬੈਠ ਜ਼ਿੰਦਗੀ ਦੇ ਕੁਝ ਹੁਸੀਨ ਪਲ ਸਕੂਨ ਨਾਲ ਇਕੱਠੇ ਜੀਵਾਂਗੇ।...ਉਦੋਂ ਅਸੀਂ ਦੇਵਾਂਗੇ ਤਵੱਜੋ ਸਿਰਫ ਆਪਣੀ ਰੂਹ ਦਾ ਪੂਰਨ ਰੂਪ ਵਿਚ ਵਿਕਾਸ ਕਰਨ ਵੱਲ। ਡੌਕ, ਜਿਵੇਂ ਬਿਨਾ ਚੱਪੂ ਤੋਂ ਕਿਸ਼ਤੀ ਨੂੰ ਪਾਰ ਲਾਉਣਾ ਨਾ ਮੁਮਕਿਨ ਹੈ, ਠੀਕ ਉਸੇ ਤਰ੍ਹਾਂ ਤਾਉਮਰ ਤਨ ਦੀ ਦੇਖਭਾਲ ਕਰਨੀ ਤੇ ਰੂਹ ਨੂੰ ਉਹਦੀ ਲੋੜੀਂਦੀ ਖੁਰਾਕ ਨਾ ਦੇਣੀ ਕਿਸ਼ਤੀ ਨੂੰ ਬਿਨਾ ਚੱਪੂ ਤੋਂ ਚਲਾਉਣਾ ਹੁੰਦਾ! ਅਜਿਹੇ ਵੇਲੇ ਜਦੋਂ ਬੇੜੀ ਤੁਫਾਨਾਂ 'ਚ ਉਲਝ ਜਾਂਦੀ ਹੈ ਤਾਂ ਇਨਸਾਨ ਨੂੰ ਮਹਿਸੂਸ ਹੁੰਦਾ ਕਿ ਅਖੀਰ ਕੀ ਕਾਰਨ ਹੈ, ਉਹਦਾ ਮਾਨਸਿਕ ਸੰਤੁਲਨ ਟੁੱਟਣ ਦਾ?"

"ਵਾਹ! ਵਾਹ!!" ਡਾ. ਸੋਫੀਆ ਅਮਰੀਨ ਨਾਲ ਹੱਥ ਮਿਲਾਉਂਦੀ ਬੋਲੀ, "ਯੂ ਮੇਡ ਮਾਈ ਡੇਅ! ਬਹੁਤ ਚੰਗਾ ਲੱਗਾ ਤੇਰੇ ਵਿਚਾਰ ਸੁਣ ਕੇ। ਤੁਹਾਡੀ ਆਰਟਿਸਟ ਲੋਕਾਂ ਦੀ ਵੀ ਆਪਣੀ ਨਿਰਾਲੀ ਹੀ ਦੁਨੀਆਂ ਹੁੰਦੀ ਹੈ।"

ਡਾਕਟਰ ਜਾਣ ਲੱਗੀ ਸਟਾਫ ਨਰਸ ਨੂੰ ਹਾਕ ਮਾਰ ਕੇ ਆਖ ਗਈ, "ਲਿਜ਼ੀ, ਪਲੀਜ਼ ਹੈਲਪ ਅਮਰੀਨ ਇਨ ਫੀਡਿੰਗ ਹਰ ਸੋਲ ਟੁਡੇ!"

# ਖਾਮੋਸ਼ੀ ਦੀ ਜ਼ਬਾਨ: ਮਨਮੋਹਨ ਆਲਮ

## ਸ਼ਖਸੀਅਤਾਂ

***ਮਨਮੋਹਨ ਭੱਲਾ, ਜੋ ਸਾਹਿਤਕ ਹਲਕਿਆਂ ਵਿਚ ਮਨਮੋਹਨ ਆਲਮ ਕਰ ਕੇ ਜਾਣਿਆ ਜਾਂਦਾ ਹੈ, ਰਿਟਾਇਰ ਹੋਣ ਪਿਛੋਂ ਨਿਊ ਯਾਰਕ ਵਸਦਾ ਹੈ। ਆਪਣੀ ਬੀਵੀ ਤੇ ਬੱਚਿਆਂ ਨਾਲ ਸਾਹਿਤਕ ਮਹਿਫਿਲਾਂ ਤੋਂ ਦੂਰ ਜੰਗਲੀ ਗੁਲਾਬ ਵਰਗੀ ਜ਼ਿੰਦਗੀ ਮਾਣ ਰਿਹਾ ਹੈ। ਉਸ ਦਾ ਉਰਦੂ ਗਜ਼ਲ ਸੰਗ੍ਰਿਹ 'ਧੂਪ ਛਾਓਂ' ਫਾਰਸੀ ਤੇ ਗੁਰਮੁਖੀ ਲਿਪੀ ਵਿਚ ਪਾਠਕਾਂ ਤੱਕ ਪਹੁੰਚ ਚੁਕਾ ਹੈ। ਉਸ ਦਾ ਉਰਦੂ ਗਜ਼ਲਾਂ ਤੇ ਕਵਿਤਾਵਾਂ ਦਾ ਸੰਗ੍ਰਿਹ 'ਚਰਾਗ਼ੋਂ ਕਾਰਵਾਂ' ਗੁਰਮੁਖੀ ਲਿਪੀ ਵਿਚ ਤਾਂ ਛਪ ਗਿਆ ਹੈ, ਪਰ ਅਜੇ ਫਾਰਸੀ ਵਿਚ ਨਹੀਂ ਛਪਿਆ। ਉਸ ਨੇ ਥੋੜ੍ਹਾ ਲਿਖਿਆ ਹੈ, ਪਰ ਲਿਖਿਆ ਦਮਦਾਰ ਹੈ। ਉਸ ਦੀਆਂ ਰਚਨਾਵਾਂ ਨੂੰ ਗੁਰਮੁਖੀ ਜਾਮਾ ਪਹਿਨਾਉਣ ਵਾਲੇ ਨਿਊ ਯਾਰਕ ਵਸਦੇ ਪੰਜਾਬੀ ਲੇਖਕ ਸੁਰਿੰਦਰ ਸੋਹਲ ਨੇ ਇਸ ਸ਼ਬਦ-ਚਿੱਤਰ ਰਾਹੀਂ ਮਨਮੋਹਨ ਆਲਮ 'ਚ ਵਸਦੇ ਕੋਮਲ ਚਿੱਤ, ਭੋਲੇ-ਭਾਲੇ, ਬੇਲਾਗ, ਬੇਬਾਕ ਅਤੇ ਸ਼ਾਇਰਾਨਾ ਤਬੀਅਤ ਦੇ ਮਾਲਕ ਵਿਅਕਤੀ ਦੇ ਨਕਸ਼ ਉਘਾੜਨ ਦੀ ਕੋਸ਼ਿਸ਼ ਕੀਤੀ ਹੈ। -ਸੰਪਾਦਕ***

ਉਸ ਨੇ ਲੰਮਾ ਕਸ਼ ਲਿਆ। ਮਾਸੂਮ ਜਿਹੇ ਗੂੜ੍ਹੇ ਸਾਂਵਲੇ ਬੁੱਲ੍ਹ ਗੋਲ ਕੀਤੇ। ਛੱਲੇਦਾਰ ਧੂੰਆਂ ਛੱਡਿਆ। ਕਿੰਨੀ ਦੇਰ ਹਵਾ ਦੇ ਸਮੁੰਦਰ 'ਚ ਘੁਲਦੇ ਜਾਂਦੇ ਧੂੰਏ ਦੇ ਛੱਲੇ ਦੇਖਦਾ ਰਿਹਾ। ਫਿਰ ਖੰਘਿਆ। ਛਾਤੀ ਇੰਜ ਛਣਕੀ ਜਿਵੇਂ ਕਿਸੇ ਨੇ ਲੋਹੇ ਦੇ ਗਲਾਸ ਵਿਚ ਬਾਂਟੇ ਪਾ ਕੇ ਛਣਕਾਏ ਹੋਣ। ਸਾਹ ਵੱਲ ਹੋਇਆ ਤਾਂ ਬੋਲਿਆ, "ਅਸਲ 'ਚ ਸ਼ਾਇਰੀ ਕਰਨਾ ਆਸਾਨ ਨਹੀਂ। ਮਨੋਵਿਗਿਆਨ, ਫਿਲਾਸਫੀ, ਸੋਸ਼ਲ ਸਾਇੰਸ, ਪਾਲਿਟਿਕਸ, ਧਰਮ ਮਤਲਬ ਸਾਰਾ ਕੁਝ ਏਨਾ ਨੇੜੇ-ਨੇੜੇ ਆ ਗਿਐ ਬਈ ਇਨ੍ਹਾਂ ਵਿਚੋਂ ਜੇ ਸਾਨੂੰ ਕਿਸੇ ਇਕ ਦੀ ਵੀ ਸਮਝ ਨਹੀਂ ਤਾਂ ਸ਼ਾਇਰੀ ਨਹੀਂ ਹੋ ਸਕਦੀ। ਪ੍ਰਾਬਲਮ ਯੇ ਹੈ ਕਿ ਹਮਾਰੇ ਸ਼ਾਇਰ ਇਸ ਬਾਤ ਕੋ ਸਮਝਤੇ ਨਹੀਂ। ਇਸੀ ਲੀਏ ਸ਼ਾਇਰੀ ਕੀ ਜਗਹ ਤੁਕ-ਬੰਦੀ ਹੋ ਰਹੀ ਹੈ। ਕਿਆ ਮੈਨੇ ਗਲਤ ਕਹਾ? ਸਹੀ ਹੈ ਨਾ! ਬੱਸ...।" ਉਸ ਨੇ ਆਪਣੇ ਗੂੜ੍ਹੇ ਸਾਂਵਲੇ ਮਾਸੂਮ ਬੁੱਲ੍ਹ ਇਸ ਤਰ੍ਹਾਂ ਭੀਚ ਲਏ, ਜਿਵੇਂ ਮੂੰਹ ਵਿਚ 'ਬੁੱਢੀ ਮਾਈ ਦਾ ਝਾਟਾ'



ਸੁਰਿੰਦਰ ਸੋਹਲ

(ਕੌਟਨ ਕੈਂਡੀ) ਖੋਰ ਰਿਹਾ ਹੋਵੇ।

ਮਨਮੋਹਨ ਆਲਮ 'ਰਾਈਕਰ'ਜ਼ ਆਈਲੈਂਡ' ਦੀ ਜੇਲ੍ਹ 'ਚ ਕੈਦੀਆਂ ਦਾ ਸਾਈਕੋ-ਥੈਰੇਪਿਸਟ ਰਿਹਾ। ਇਸ ਜੇਲ੍ਹ 'ਚ ਗੈਰ-ਬੰਦਾ ਤਾਂ ਕੀ, ਹਵਾ ਵੀ 'ਸਿਕਿਊਰਿਟੀ ਚੈਕ ਪੁਆਇੰਟ' ਥਾਣੀਂ ਹੋ ਕੇ ਗੁਜ਼ਰਦੀ ਹੈ; ਪਰ ਇਹ ਤੰਗ ਫਿਜ਼ਾ ਉਸ ਦੇ ਸੁਭਾਅ 'ਤੇ ਅਸਰ-ਅੰਦਾਜ਼ ਨਹੀਂ ਹੋ ਸਕੀ। ਉਹ ਦੂਜੇ ਨੂੰ ਆਪਣੇ ਦਿਲ ਦੀ ਜੇਲ੍ਹ 'ਚ ਅੱਖ ਦੇ ਫੋਰ ਵਿਚ ਵਾੜ ਲੈਂਦਾ ਹੈ ਤੇ ਫਿਰ ਉਮਰ ਭਰ ਦਾ ਕੈਦੀ ਬਣਾ ਲੈਂਦਾ ਹੈ।

ਮਨਮੋਹਨ ਦਾ ਜਨਮ 28 ਅਪਰੈਲ 1938 ਨੂੰ ਜਿਲਾ ਗੁਜਰਾਤ (ਹੁਣ ਪਾਕਿਸਤਾਨ) ਵਿਚ ਹੋਇਆ। ਸੰਤਾਲੀ ਦੀ ਵੰਡ ਵੇਲੇ ਪਰਿਵਾਰ ਨਾਲ ਦਿੱਲੀ ਆ ਟਿਕਿਆ। ਮਾਤਾ ਜੀ ਡਾਕਟਰ ਸਨ। ਉਸ ਨੇ ਬੀ. ਏ. ਜਲੰਧਰ ਦੇ ਡੀ. ਏ. ਵੀ. ਕਾਲਜ ਤੋਂ ਕੀਤੀ। ਐਮ. ਏ. ਦਿੱਲੀ ਸਕੂਲ ਆਫ ਸੋਸ਼ਲ ਵਰਕ (ਦਿੱਲੀ ਯੂਨੀਵਰਸਿਟੀ) ਤੋਂ।

"ਸਾਡਾ ਪਿੰਡ ਡਿੰਗਾ ਬਹੁਤ ਮਸ਼ਹੂਰ ਐ, ਉਹ ਇਸ ਕਰਕੇ ਬਈ ਸੌਂਫ 'ਤੇ ਰੰਗ-ਬਿਰੰਗੀ ਖੰਡ ਨਈਂ ਲੱਗੀ ਹੁੰਦੀ! ਉਹ ਸਾਡੇ ਪਿੰਡ ਵਿਚ ਲੱਗਦੀ ਐ।" ਉਸ ਦਾ ਮੂੰਹ ਖੰਡ ਲੱਗੀ ਸੁਆਦਲੀ ਸੌਂਫ ਦੇ ਪ੍ਰਭਾਵ ਵਾਲਾ ਹੋ ਗਿਆ।

"ਹੂੰ," ਮੈਂ ਕਿਹਾ, "...ਤੇ ਤੁਸੀਂ ਜ਼ਿੰਦਗੀ ਦੀਆਂ ਕੌੜੀਆਂ ਹਕੀਕਤਾਂ ਦੀ ਸੌਂਫ 'ਤੇ ਸ਼ਾਇਰੀ ਦੀ ਖੰਡ ਲਾਈ ਜਾ ਰਹੇ ਓ।"

ਉਹ ਆਪਣੇ ਮਖਸੂਸ ਅੰਦਾਜ਼ 'ਚ ਮੁਸਕਰਾਇਆ, "ਇੰਜ ਕਹਿ ਲਵੋ...।"

ਮਹਿਫਿਲ ਵਿਚ ਉਸ ਦਾ ਟਿਕਾਣਾ ਸਭ ਤੋਂ ਪਿੱਛੇ ਹੁੰਦਾ ਹੈ। ਖਾਸ ਕਰਕੇ ਦਰਵਾਜੇ ਕੋਲ। ਕਾਰਨ ਇਹ ਕਿ ਜਦੋਂ ਮਹਿਸੂਸ ਹੁੰਦਾ ਹੈ ਕਿ ਸਟੇਜ ਦੇ ਬਿਲਕੁਲ ਮੂਹਰੇ, ਸੱਜ-ਧੱਜ ਕੇ ਬੈਠਾ ਸ਼ਾਇਰ ਧੂੰਏ ਤੋਂ ਵੀ ਹਲਕੀ ਸ਼ਾਇਰੀ ਸੁਣਾ ਰਿਹਾ ਹੈ ਤਾਂ ਉਹ ਮਲਕ ਦੇਣੀ ਦਰਵਾਜੇ 'ਚੋਂ ਬਾਹਰ ਨਿਕਲ ਜਾਂਦਾ ਹੈ। ਸਿਗਰਟ ਦੇ ਚਾਰ ਕਸ਼ ਲੈਂਦਾ ਹੈ। ਧੂੰਏ ਦੇ ਬਾ-ਬਹਿਰ ਤੇ ਦਿਲਕਸ਼ ਛੱਲੇ ਹਵਾ ਵਿਚ ਉਡਾਉਂਦਾ ਹੈ ਅਤੇ ਫਿਰ ਮਲਕ ਜਿਹੇ ਵਾਪਸ ਆ ਬੈਠਦਾ ਹੈ।

ਸਭ ਤੋਂ ਪਿੱਛੇ ਬੈਠਾ ਵੀ ਜਦੋਂ ਉਹ ਆਪਣੀ ਵਾਰੀ 'ਤੇ ਸ਼ਿਅਰ ਪੜ੍ਹਦਾ ਹੈ ਤਾਂ ਮਹਿਫਿਲ ਲੁੱਟ ਕੇ ਲੈ ਜਾਂਦਾ ਹੈ। ਸਭ ਤੋਂ ਅੱਗੇ ਹੁੰਦਾ ਹੈ ਉਸ ਦਾ ਤਖੱਈਅਲ, ਪਰ ਉਹ ਫਿਰ ਆਪਣੀ ਨਿਸ਼ਚਿਤ ਜਗ੍ਹਾ 'ਤੇ ਜਾ ਬੈਠਦਾ ਹੈ। ਉਹ ਇਸ ਗੱਲ ਦੀ ਮਿਸਾਲ ਹੈ ਕਿ ਸਰੀਰਕ ਤੌਰ 'ਤੇ ਅਸੀਂ ਕਿੱਥੇ ਬੈਠੇ ਹਾਂ? ਅਹਿਮ ਨਹੀਂ। ਜਿਸ ਪੇਸ਼ੇ ਨਾਲ ਪ੍ਰਣਾਏ ਹੋਏ ਹਾਂ, ਉਸ ਵਿਚ ਥਾਂ ਕਿੱਥੇ ਰੱਖਦੇ ਹਾਂ? ਜ਼ਿਆਦਾ ਅਹਿਮ ਹੈ।

ਮਹਿਫਿਲ ਤੋਂ ਬਾਅਦ ਮੈਂ ਉਸ ਨੂੰ ਘਰ ਛੱਡਣ ਜਾ ਰਿਹਾ ਸਾਂ। ਸਾਡੇ ਕੋਲ ਦੀ ਇਕ ਕਾਰ ਬਹੁਤ ਤੇਜ਼ ਰਫਤਾਰ ਨਾਲ ਲੰਘੀ। ਮਨਮੋਹਨ ਆਲਮ ਨੇ ਆਪਣੇ ਨਿਵੇਕਲੇ ਅੰਦਾਜ਼ ਵਿਚ ਬੁੱਲ੍ਹ ਭੀਚੇ। ਫਿਰ ਖੰਘੂਰਿਆਂ ਦਾ ਛੈਣਾ ਖੜਕਾਇਆ ਤੇ ਬੋਲਿਆ, "ਅਸਲ ਵਿਚ ਆਪਾ-ਧਾਪੀ ਦਾ ਜ਼ਮਾਨਾ ਆ ਗਿਐ। ਗੱਲ ਏਹ ਵੇ, ਸਾਡੇ ਸ਼ਾਇਰਾਂ ਦੀ ਦੌੜ ਹੁੰਦੀ ਐ ਏਨੀਆਂ ਕੁ ਚੀਜ਼ਾਂ ਲਿਖ ਲੈਣ ਬਈ ਕਿਤਾਬ ਛਪ ਸਕੇ। ਕਿਤਾਬ ਛਪਵਾ ਕੇ ਉਸ 'ਚੋਂ ਫਿਰ 'ਤਸੱਲੀ' ਲੱਭਦੇ ਨੇ। ਜਿੰਨਾ ਚਿਰ ਸ਼ਾਇਰ ਇਸ ਤਰ੍ਹਾਂ ਦੀ ਮਸਨੂਈ 'ਤਸੱਲੀ' ਤੋਂ ਉਪਰ ਨਹੀਂ ਉੱਠ ਜਾਂਦਾ, ਉਹ ਸਹੀ ਮਾਅਨਿਆਂ ਵਿਚ ਸ਼ਾਇਰੀ ਨਈਂ ਕਰ ਸਕਦਾ।"


ਜਦੋਂ ਮੈਂ ਘਰੋਂ ਕਿਸੇ ਮੀਟਿੰਗ ਵਿਚ ਜਾਣ ਲਈ ਨਿਕਲਾਂ ਤਾਂ ਮੇਰੀ ਪਤਨੀ ਪੁੱਛਦੀ ਹੈ, "ਮੀਟਿੰਗ ਤਾਂ ਪੰਜ ਵਜੇ ਆ, ਤਿੰਨ ਵਜੇ ਘਰੋਂ ਨਿਕਲ ਤੁਰੇ।"

"ਕੋਈ ਰਾਹ ਵਿਚ ਕੰਮ ਹੈ।"

ਮੇਰੀ ਪਤਨੀ ਹੱਸਦੀ ਹੈ, "ਰਾਹ 'ਚੋਂ 'ਭੱਲੇ' ਨੂੰ ਚੁੱਕਣਾ ਹੋਣਾਂ! ਮੁੰਡੇ ਦੀ ਕੋਈ ਮੀਟਿੰਗ ਹੋਵੇ, ਉਹ ਘਰੋਂ ਛੇਤੀ ਨਿਕਲ ਤੁਰਦਾ, ਉਹਨੇ ਰਾਹ 'ਚੋਂ ਦੋਸਤ ਚੁੱਕਣੇ ਹੁੰਦੇ ਐ। ਪੁੱਤ ਨੇ ਵੀ ਪਿਉ ਦਾ ਇਕ ਲੂੰ ਨਈਂ ਛੱਡਿਆ।"

ਪਰ ਮੇਰੀ ਪਤਨੀ ਜਾਣਦੀ ਨਹੀਂ। ਮਨਮੋਹਨ ਭੱਲੇ ਨੂੰ 'ਘਰੋਂ ਚੁੱਕਣ' ਤੇ ਮੁੜ 'ਘਰ ਛੱਡਣ' ਤੱਕ ਮੈਂ ਉਸ ਨੂੰ ਕਿਤਾਬ ਵਾਂਗ ਪੜ੍ਹਦਾ ਜਾਂਦਾ ਹਾਂ। ਉਹ 'ਭੱਲਾ' ਘੱਟ ਤੇ 'ਭੋਲਾ' ਵਧੇਰੇ ਹੈ। ਦਿਲ ਸ਼ੀਸ਼ੇ ਵਾਂਗ ਸਾਫ। ਪੱਕਾ ਰਾਸ਼ਟਰਵਾਦੀ। ਨਿਰੋਲ ਧਾਰਮਿਕ ਤੇ ਪਾਰਦਰਸ਼ੀ ਸ਼ਖਸੀਅਤ ਵਾਲਾ। ਕਾਰ 'ਚ ਬੈਠਦਿਆਂ ਹੀ ਇਕੋ ਤੁਣਕੇ 'ਤੇ ਗੱਲ ਸ਼ੁਰੂ ਕਰ ਦਿੰਦਾ ਹੈ, "ਇਕ ਪ੍ਰਾਬਲਮ ਹੋਰ ਵੀ ਏ ਬੜੀ ਵੱਡੀ। ਹਰ ਸ਼ਾਇਰ ਆਪਣੇ ਆਪ ਨੂੰ ਬਹੁਤ ਵੱਡਾ ਸ਼ਾਇਰ ਸਮਝਦੈ। ਫਿਰ ਉਹ 'ਰਿਕੋਗਨਾਈਜ਼ੇਸ਼ਨ' ਮੰਗਣੀ ਸ਼ੁਰੂ ਕਰ ਦਿੰਦੈ। ਇਹੀ ਉਹਦੇ 'ਛੋਟੇਪਨ' ਦੀ ਨਿਸ਼ਾਨੀ ਐ। ਜਦੋਂ ਬੰਦੇ 'ਰਿਕੋਗਨਾਈਜ਼ੇਸ਼ਨ' ਮੰਗਣੀ ਸ਼ੁਰੂ ਕਰ ਦਿੰਦੇ ਐ, ਉਹ ਮਿਲਦੀ ਨਈਂ। ਫਿਰ ਉਹ ਦੂਜਿਆਂ ਨੂੰ ਨਿੰਦਣਾ ਸ਼ੁਰੂ ਕਰ ਦਿੰਦੇ ਐ। ਉਨ੍ਹਾਂ ਨੂੰ ਇਹ ਸਮਝ ਨਈਂ ਲਗਦੀ ਕਿ ਨੁਕਸ ਤਾਂ ਉਨ੍ਹਾਂ ਦੇ ਆਪਣੇ ਅੰਦਰ ਐ। ਫਿਰ ਉਹ ਬੰਦੇ ਆਪਣਾ ਮੁਕਾਬਲਾ ਦੂਜਿਆਂ ਨਾਲ ਕਰਨ ਲੱਗ ਪੈਂਦੇ ਐ। ਅਸਲ 'ਚ ਆਪਣੇ-ਆਪ ਨੂੰ ਕਿਸੇ ਨਾਲ 'ਕੰਪੇਅਰ' ਨਈਂ ਕਰਨਾ ਚਾਹੀਦਾ। ਮੈਂ ਤਾਂ ਕਹਿਨਾਂ ਕਿ ਕਦੇ ਵੀ ਦੋ ਸ਼ਾਇਰਾਂ ਦਾ ਵੀ ਆਪਸ ਵਿਚ ਮੁਕਾਬਲਾ ਨਈਂ ਕਰਨਾ ਚਾਹੀਦਾ। ਜੋ ਮੈਂ ਲਿਖਦਾਂ, ਉਹ ਮੈਂ ਆਪਣੀ ਸ਼ਖਸੀਅਤ, ਆਪਣੇ ਨਿਜੀ ਅਨੁਭਵ ਦੇ ਆਧਾਰ 'ਤੇ ਲਿਖ ਰਿਹਾਂ। ਦੂਜਾ ਬੰਦਾ ਆਪਣੇ ਅਨੁਭਵ ਮੁਤਾਬਿਕ ਲਿਖ ਰਿਹਾ।





*ਮਨਮੋਹਨ ਆਲਮ: (ਖੱਬੇ) ਜਵਾਨੀ ਵੇਲੇ ਅਤੇ (ਸੱਜੇ) ਹੁਣ*

ਤੁਸੀਂ ਉਹ ਨਹੀਂ ਬਣ ਜਾਣਾ, ਉਹਨੇ ਤੁਸੀਂ ਨਹੀਂ ਬਣ ਜਾਣਾ। ਗੱਲ ਸਿਰਫ ਅਨੁਭਵ ਦੀ ਹੈ ਕਿ ਤੁਸੀਂ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ ਨੂੰ ਕਿੰਨੀ ਸ਼ਿੱਦਤ ਨਾਲ, ਕਿਸ ਨਜ਼ਰੀਏ ਤੋਂ ਅਨੁਭਵ ਕੀਤਾ ਹੈ।" ਫਿਰ ਉਹ ਸਵਾਲੀਆ ਨਜ਼ਰਾਂ ਮੇਰੇ 'ਤੇ ਸੁੱਟਦਾ ਪੁੱਛੇਗਾ, "ਸਹੀ ਕਿਹਾ ਮੈਂ?"

ਉਸ ਦੀ ਪਤਨੀ ਪਰਮਜੀਤ ਚਾਹ ਬਣਾਏਗੀ। ਆਲੂ-ਟਿੱਕੀਆਂ ਗਰਮ ਕਰੇਗੀ। ਸਾਡੇ ਕੋਲ ਬੈਠੇਗੀ ਤੇ ਪੁੱਛੇਗੀ, "ਸੋਹਲ, ਤੂੰ ਮੈਨੂੰ ਇਕ ਗੱਲ ਦੱਸ, ਕਵੀ ਲੋਕ ਦੁਨੀਆਂ ਦੇ ਦਰਦ ਨਾਲ ਤਾਂ ਭਰੇ ਪਏ ਹੁੰਦੇ ਐ, ਇਹ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਕਿਉਂ ਭੱਜਦੇ ਐ?"

ਮਨਮੋਹਨ ਭੱਲਾ ਹੱਸੇਗਾ। ਉਹ ਕਦੇ ਕਦੇ ਹੱਸਦਾ ਹੈ, ਪਰ ਜਦੋਂ ਹੱਸਦਾ ਹੈ ਤਾਂ ਖੁੱਲ੍ਹ ਕੇ।

ਮੈਂ ਗੱਲ ਟੇਢੇ ਰਸਤੇ 'ਤੇ ਤੋਰ ਦਿੰਦਾ ਹਾਂ, "ਭੈਣ ਜੀ, ਘਰ ਦੀਆਂ ਜ਼ਿੰਮੇਵਾਰੀਆਂ ਬਾਰੇ ਤਾਂ ਹਰ ਬੰਦਾ ਈ ਸੋਚਦੈ। ਮਹਾਨ ਬੰਦੇ ਪੂਰੀ ਦੁਨੀਆਂ ਬਾਰੇ ਸੋਚਦੇ ਐ।"

ਪਰਮਜੀਤ ਹੱਸਦੀ ਹੈ। ਉਸ ਨੂੰ ਪਤਾ ਹੈ, ਮੈਂ ਗੱਲ ਦਾ ਰੁਖ ਕਿਉਂ ਬਦਲਿਆ ਹੈ। ਉਹ ਫਿਰ ਕਹੇਗੀ, "ਭੱਲਾ ਸਾਹਿਬ ਕਦੇ-ਕਦੇ ਮੈਨੂੰ ਕੋਈ ਫਕੀਰ ਜਾਪਦੇ ਨੇ, ਸਾਧ। ਦੁਨੀਆਂ ਦੇ ਝਮੇਲਿਆਂ ਤੋਂ ਨਿਰਲੇਪ। ਕਦੇ-ਕਦੇ ਬੰਦੇ ਨੂੰ ਖਿਝ ਵੀ ਤਾਂ ਆ ਜਾਂਦੀ ਐ।"

ਪਰ ਮੈਂ ਭੱਲਾ ਸਾਹਿਬ ਦਾ ਹੀ ਪੱਖ ਲੈਂਦਾ ਹਾਂ, "ਚਲੋ ਇਹ ਵੀ ਚੰਗਾ, ਭੱਲਾ ਸਾਹਿਬ ਕਿਸੇ ਨੂੰ ਤੰਗ ਨਹੀਂ ਕਰਦੇ।"

ਭਲਾ ਸਾਹਿਬ ਉੱਠਣਗੇ ਤੇ ਕਾਗਜ਼ ਦਾ ਨਿੱਕਾ ਜਿਹਾ ਟੁਕੜਾ ਚੁੱਕ ਲਿਆਉਣਗੇ। ਉਸ ਵਿਚ ਵੱਖ-ਵੱਖ ਰੰਗਾਂ ਦੀ ਸਿਆਹੀ ਨਾਲ ਸ਼ਿਅਰ ਦਰਜ ਹੋਣਗੇ। ਵੱਖ-ਵੱਖ ਰੰਗ ਦੇਖ ਕੇ ਮੇਰਾ ਸਵਾਲ ਵੀ ਰੰਗ ਦਿਖਾਉਣ ਲੱਗਦਾ ਹੈ, "ਤੁਸੀਂ ਲਿਖਦੇ ਕਿਵੇਂ ਹੋ? ਕੀ ਇੱਕੋ ਬੈਠਕ ਵਿਚ ਗਜ਼ਲ ਪੂਰੀ ਹੋ ਜਾਂਦੀ ਹੈ?"

"ਬਹੁਤ ਘੱਟ ਗਜ਼ਲਾਂ ਮੈਂ ਇਕੋ ਬੈਠਕ ਵਿਚ ਲਿਖੀਆਂ ਹੋਣਗੀਆਂ। ਅਸਲ ਵਿਚ ਤੁਰਦਿਆਂ-ਫਿਰਦਿਆਂ ਕੋਈ ਸ਼ਿਅਰ ਦਿਮਾਗ ਵਿਚ ਆ ਜਾਂਦੈ। ਕਦੇ-ਕਦੇ ਨੋਟ ਕਰ ਕੇ ਰੱਖ ਲੈਨਾਂ। ਫਿਰ ਕਿਤੇ ਉਹ ਕਾਗਜ਼ ਦਾ ਟੁਕੜਾ ਹੱਥ ਲੱਗ ਗਿਆ। ਪਤਾ ਹੀ ਨਈਂ ਲੱਗਦਾ ਬਾਕੀ ਸ਼ਿਅਰ ਕਦੋਂ ਉਸ ਨਾਲ ਜੁੜ ਜਾਂਦੇ ਨੇ। ਸੁਚੇਤ ਤੌਰ 'ਤੇ ਮੈਂ ਕਦੇ ਲਿਖਣ ਦੀ ਕੋਸ਼ਿਸ਼ ਨਈਂ ਕੀਤੀ। ਇਕ ਮੂਡ ਹੁੰਦਾ ਹੈ, ਕੈਫੀਅਤ ਹੁੰਦੀ ਹੈ, ਕੁਛ ਹਾਲਾਤ ਅਜਿਹੇ ਹੁੰਦੇ ਨੇ, ਜਦੋਂ ਸ਼ਿਅਰ ਦੀ ਆਮਦ ਹੁੰਦੀ ਹੈ। ਕਈ ਵਾਰ ਇੰਜ ਵੀ ਹੁੰਦੈ, ਇਕ ਵਾਰ ਮੇਰਾ ਦੋਸਤ ਮੇਰੇ ਘਰ ਬਿਨਾ ਦਸਤਕ ਦਿੱਤੇ ਆ ਵੜਿਆ ਤੇ ਅੰਦਰ ਆ ਕੇ ਕਹਿਣ ਲੱਗਾ, 'ਬਈ ਮਾਫ ਕਰਨਾ, ਮੈਂ ਤੇ ਦਸਤਕ ਨਹੀਂ ਦਿੱਤੀ।' ਮੈਂ ਕਿਹਾ, 'ਇਹ ਤਾਂ ਤੂੰ ਬਹੁਤ ਚੰਗਾ ਕੀਤਾ' ਤੇ ਉਸ ਦੇ ਜਾਣ ਪਿਛੋਂ ਮੈਂ ਗਜ਼ਲ ਕਹਿ ਦਿੱਤੀ, ਮੇਰੇ ਦਰਵਾਜ਼ੇ ਖੁਲੇ ਹੈਂ, ਆ ਯਹਾਂ ਦਸਤਕ ਨਾ ਦੇ।"

ਭੱਲਾ ਸਾਹਿਬ ਨਾਲ ਮੇਰੀ ਸਾਂਝ ਦੋ ਦਹਾਕੇ ਪੁਰਾਣੀ ਹੈ। ਸਾਡੀਆਂ ਗੰਭੀਰ ਗੱਲਾਂ ਉਨ੍ਹਾਂ ਨੂੰ ਘਰੋਂ 'ਲਿਆਉਣ' ਤੇ 'ਛੱਡਣ' ਦੇ ਸਫਰ ਦੌਰਾਨ ਹੀ ਹੁੰਦੀਆਂ ਨੇ। ਸਿਰਫ ਅਸੀਂ ਦੋਵੇਂ ਹੁੰਦੇ ਹਾਂ ਤੇ ਜਾਂ ਅਨਹਦ ਜਿਹੀ 'ਹਾਈ ਵੇ' ਦੀ ਸਾਂਅ-ਸਾਂਅ। ਡਰਾਈਵਰ ਲੋਕ ਜਾਣਦੇ ਨੇ ਕਿ ਸਫਰ ਦੌਰਾਨ ਦਿਮਾਗ ਵਿਚ ਖਿਆਲਾਂ ਦੇ ਵਾਵਰੋਲੇ ਵੱਧ ਆਉਂਦੇ ਨੇ। ਮੈਂ ਪੁੱਛਿਆ, "ਉਰਦੂ ਸ਼ਾਇਰਾਂ ਵਿਚ ਤਿੰਨ 'ਮੀਮ' ਬਹੁਤ ਮਸ਼ਹੂਰ ਨੇ-ਮੁਤਾਲਿਆ, ਮਸ਼ਕ ਅਤੇ ਮਸ਼ਵਰਾ। ਤੁਹਾਡਾ ਕੀ ਵਿਚਾਰ ਹੈ?"

"ਗੱਲ ਹੈ ਤੇ ਠੀਕ, ਬਲਕਿ ਬਿਲਕੁਲ ਠੀਕ। ਤਿੰਨੋਂ ਚੀਜ਼ਾਂ ਇੰਪਾਰਟੈਂਟ ਨੇ; ਪਰ ਪਹਿਲੀ ਗੱਲ, ਸਾਨੂੰ ਪਤਾ ਹੋਣਾ ਚਾਹੀਦੈ ਕਿ ਪੜ੍ਹਨਾ ਕੀ ਹੈ! ਇਸ ਤੋਂ ਵੀ ਇੰਪਾਰਟੈਂਟ ਕਿ ਪੜ੍ਹਨਾ ਕਿਵੇਂ ਐ! ਸਾਨੂੰ ਅਜੇ ਤੱਕ ਪੜ੍ਹਨਾ ਹੀ ਨਈਂ ਆਇਆ। ਲਿਖਣਾ ਤਾਂ ਬਹੁਤ ਦੂਰ ਦੀ ਗੱਲ ਹੈ। ਫਿਰ ਜਿਸ ਨਾਲ ਅਸੀਂ ਮਸ਼ਵਰਾ ਕਰ ਰਹੇ ਆਂ, ਉਹ ਕਿੰਨੇ ਕੁ ਪਾਣੀ ਵਿਚ ਐ। ਜੇ ਸਹੀ ਤਰੀਕੇ ਨਾਲ ਮਸ਼ਕ ਕਰਨ ਦਾ ਵੱਲ ਕੋਈ ਦੱਸ ਦੇਵੇ ਤਾਂ ਬਾਤ ਈ ਕੁਛ ਔਰ ਐ। ਤਿੰਨ 'ਮੀਮ' ਦਾ ਪਤਾ ਤੇ ਲਗਭਗ ਸਭ ਨੂੰ ਐ, ਪਰ ਸਾਰੇ ਅੱਛੇ ਸ਼ਾਇਰ ਨਈਂ ਬਣ ਸਕਦੇ ਕਿਉਂਕਿ ਉਨ੍ਹਾਂ ਨੂੰ ਸਹੀ ਰਸਤੇ ਪੈਣ ਵਾਲੇ ਨੁਕਤੇ ਦੀ ਸਮਝ ਨਹੀਂ ਪੈਂਦੀ।"

"ਤੁਹਾਡੇ ਮੁਤਾਬਿਕ ਸ਼ਾਇਰੀ ਕੀ ਹੈ?"

"ਆਪਣੇ ਅਨੁਭਵ ਨੂੰ ਇਮੋਸ਼ਨਲ ਲੈਵਲ 'ਤੇ ਪੇਸ਼ ਕਰਨਾ। ਅਹਿਸਾਸ ਦੇ ਸੱਚ ਨੂੰ ਜ਼ਬਾਨ ਦੇਣ ਦਾ ਨਾਮ ਹੈ, ਸ਼ਾਇਰੀ। ਜੋ ਕੁਝ ਬਾਹਰ ਵਾਪਰ ਰਿਹਾ ਹੈ, ਉਸ ਨੂੰ ਦੇਖ ਕੇ ਤੁਹਾਡੇ ਅੰਦਰ ਜੋ ਵਲਵਲੇ ਉਠਦੇ ਨੇ, ਚੰਗੇ ਜਾਂ ਮਾੜੇ, ਉਨ੍ਹਾਂ ਨੂੰ ਸ਼ਬਦਾਂ ਦੇ ਜ਼ਰੀਏ ਪ੍ਰਗਟ ਕਰ ਦੇਣਾ। ਮਸਲਨ:

ਜਹਾਂ ਮੇਂ ਹੁਸਨ ਰੱਖਾ ਤੋ,
ਦਿਲੋਂ ਮੇਂ ਵਲਵਲੇ ਰੱਖੇ,
ਜ਼ਬਾਂ ਪੇ ਖਾਮੋਸ਼ੀ ਰੱਖੀ
ਤੋ ਆਂਖੋਂ ਮੇਂ ਜ਼ਬਾਂ ਰਖ ਦੀ।

ਬਸ ਇਹ ਅੱਖਾਂ ਵਿਚ ਰੱਖੀ ਜ਼ਬਾਨ ਦੇ ਅਹਿਸਾਸ ਪੜ੍ਹ-ਸੁਣ ਕੇ ਸ਼ਬਦ ਦੇ ਦੇਣੇ ਹੀ ਸ਼ਾਇਰੀ ਹੈ।"

ਮੈਂ ਸਿਰਫ ਸਵਾਲ ਕਰਨ ਲਈ ਹੀ ਸਵਾਲ ਕੀਤਾ, "ਆਖਦੇ ਨੇ ਜਦੋਂ ਸ਼ਾਇਰੀ ਦਾ ਆਲਮ ਹੁੰਦੈ ਤਾਂ ਬੰਦਾ ਕਿਸੇ ਹੋਰ ਹੀ ਸੰਸਾਰ ਵਿਚ ਵਿਚਰ ਰਿਹਾ ਹੁੰਦੈ। ਇਹ ਖਾਮ-ਖਿਆਲੀ ਐ ਕਿ ਕੁਝ ਹਕੀਕਤ ਹੈ ਇਸ ਸੁਪਨੇ ਜਿਹੀ ਗੱਲ ਪਿੱਛੇ?"

ਉਹ ਹੱਸਦਾ ਹੈ, "ਬੜੇ ਪਾਗਲਪਨ ਦਾ ਮਾਹੌਲ ਹੁੰਦੈ। ਮੇਰੇ 'ਤੇ ਸ਼ਾਇਰੀ ਕਦੇ-ਕਦੇ ਇਸ ਤਰ੍ਹਾਂ ਵੀ ਸਵਾਰ ਰਹੀ ਐ ਕਿ ਦਿਮਾਗ ਵਿਚ ਸ਼ਿਅਰ ਆਪਣਾ ਰੂਪ ਧਾਰ ਰਿਹੈ, ਮੈਂ ਤੁਰਿਆ ਜਾ ਰਿਹਾਂ। ਮੈਨੂੰ ਸ਼ਿਅਰ ਦੀ ਹਿਲਜੁਲ ਤਾਂ ਨਜ਼ਰ ਆ ਰਹੀ ਐ ਦਿਮਾਗ ਵਿਚ, ਸਾਹਮਣੇ ਦਰਖਤ ਨਜ਼ਰ

*(ਬਾਕੀ ਅਗਲੇ ਸਫੇ 'ਤੇ)*

## ਮਨਮੋਹਨ ਆਲਮ ਦੀਆਂ ਕੁਝ ਰਚਨਾਵਾਂ

### ਦੀਆ

ਜੋ ਤੁਮ ਨੇ ਜਲਾਯਾ ਥਾ ਏਕ ਦਿਨ
ਵੋ ਆਜ ਭੀ ਲੋ ਦੇਤਾ ਹੈ ਦੀਆ
ਕੁਛ ਯਾਦ ਭੀ ਆਤੀ ਹੈ ਤੇਰੀ
ਕੁਛ ਦਿਲ ਭੀ ਮੇਰਾ ਦੁਖਤਾ ਹੈ ਸਨਮ
ਫਿਰ ਖਾਮੋਸ਼ੀ ਛਾ ਜਾਤੀ ਹੈ
ਫਿਰ ਲਗਤਾ ਹੈ ਸਭ ਕੁਛ ਬਰਹਮ*
ਜੋ ਰਾਹ ਕਭੀ ਮੈਨੇ ਨਾ ਚੁਨੀ
ਉਸ ਰਾਹ ਪੇ ਮੈਂ ਚਲਤਾ ਹੀ ਰਹਾ
ਜਿਸ ਮੰਜ਼ਿਲ ਕੋ ਚਾਹਾ ਹੀ ਨਾ ਹੋ
ਵੋ ਮਿਲ ਭੀ ਗਈ ਤੋ ਫਿਰ ਭੀ ਕਿਆ
ਮੈਂ ਸੋਚ ਕੀ ਅੰਧੀ ਗਲੀਓਂ ਮੇਂ
ਥਕ-ਹਾਰ ਕੇ ਆਖਿਰ ਟੂਟ ਗਯਾ
ਫਿਰ ਭੀ ਯੇ ਸੋਚ ਨਹੀਂ ਜਾਤੀ
ਕਿਆ ਚਾਹਾ ਥਾ ਕਿਆ ਮੁਝ ਕੋ ਮਿਲਾ
ਅਪਨਾ ਨਾ ਸਕਾ ਜੋ ਮੁਝ ਕੋ ਮਿਲਾ
ਜੋ ਚਾਹਾ ਥਾ ਵੋ ਮਿਲ ਨਾ ਸਕਾ
ਏਕ ਉਲਝਨ ਹੈ ਕਹਿਤਾ ਹੂੰ ਜਿਸੇ
ਅਹਿਸਾਸ ਮੈਂ ਇਸ ਅਪਨੇ ਦਿਲ ਕਾ
ਫਿਰ ਭੀ ਤੋ ਮੁਬਾਰਕ ਲਗਤਾ ਹੈ
ਗੋ ਮੈਨੇ ਕਿਤਨਾ ਜ਼ਹਿਰ ਪੀਆ
ਜੋ ਤੁਮ ਨੇ ਜਲਾਯਾ ਥਾ ਏਕ ਦਿਨ
ਵੋ ਆਜ ਭੀ ਲੋ ਦੇਤਾ ਹੈ ਦੀਆ।
*ਬਰਹਮ: ਬਿਖਰਿਆ ਹੋਇਆ।

### ਗਜ਼ਲ

ਮੈਂ ਕਿਆ ਖਿਆਲ ਬਦਲੂੰ ਵੋ ਕਿਆ ਖਿਆਲ ਬਦਲੇ।
ਜਿਸ ਸੇ ਦਿਲੋਂ ਕਾ ਆਖਿਰ ਰੰਜੋ-ਮਲਾਲ ਬਦਲੇ।

ਜ਼ੇਰੇ-ਅਸਰ ਥੇ ਜਿਸ ਕੇ, ਅਬ ਉਸ ਮਿਸਾਲ ਨੇ ਹੀ,
ਬਰਬਾਦ ਕਰ ਦੀਆ ਹੈ, ਅਬ ਤੋ ਮਿਸਾਲ ਬਦਲੇ।

ਹਰ ਕਾਰੇ-ਖੈਰ ਮੇਂ ਹੀ ਘਰ ਕਰ ਗਈ ਸਿਆਸਤ,
ਮੈਂ ਅਪਨੀ ਚਾਲ ਬਦਲੂੰ ਵੋ ਅਪਨੀ ਚਾਲ ਬਦਲੇ।

ਨਾ ਜਾਨੇ ਕਿਸ ਤਰਹ ਸੇ, ਜੀਨਾ ਹੋ ਸਹਿਲ ਮੇਰਾ,
ਨਾ ਜਾਨੇ ਕਿਸ ਤਰਹ ਸੇ ਰਿਸ਼ਤੋਂ ਕਾ ਜਾਲ ਬਦਲੇ?

ਮੁਮਕਿਨ ਹੈ ਨਾ-ਮੁਨਾਸਿਬ ਹੋ ਮੇਰੀ ਗੁਫਤਗੂ ਹੀ,
ਯੇ ਸੋਚ ਕਰ ਕੇ ਮੈਨੇ ਅਪਨੇ ਸਵਾਲ ਬਦਲੇ।

ਸ਼ਾਇਦ ਦਰੁਸਤ ਨਾ ਹੋ ਜੀਨੇ ਕਾ ਹੀ ਸਲੀਕਾ,
ਯੇ ਸੋਚ ਕਰ ਕੇ ਦਿਲ ਨੇ ਅਪਨੇ ਭੀ ਹਾਲ ਬਦਲੇ।

ਬਸ ਚਾਹਨੇ ਸੇ ਹੀ ਤੋ, ਕੁਛ ਭੀ ਨਹੀਂ ਬਦਲਤਾ,
ਮੈਂ ਲਾਖ ਚਾਹੂੰ ਦਿਲ ਮੇਂ ਕਿ ਮੇਰਾ ਹਾਲ ਬਦਲੇ।

ਗਰ ਸੋਚਨੇ ਕੋ ਦਿਲ ਮੇਂ ਕੁਛ ਭੀ ਨਹੀਂ ਹੈ ਤੋ ਅਬ,
ਸੋਚੋ, ਕਿ ਰੰਗੇ-ਸੀਰਤ, ਹੁਸਨੋ-ਜਮਾਲ ਬਦਲੇ।

### ਐ ਆਬੇ-ਗੰਗਾ

ਐ ਆਬੇ-ਗੰਗਾ!
ਆਜ ਮੈਂ ਅਹਿਸਾਸੋਂ ਕੇ
ਫੂਲੋਂ ਕੋ ਚੁਨ ਕਰ
ਤੇਰੇ ਹੀ ਇਸ ਪਾਕ ਦਾਮਨ ਕੀ
ਨਜ਼ਰ ਕਰਤੇ ਹੂਏ
ਅਬ ਸੋਚਤਾ ਹੂੰ
ਜੋ ਕੀਆ ਜਾਤਾ ਹੈ ਮੈਨੇ ਭੀ ਕੀਆ
ਜਬ ਮਰ ਗਏ ਅਹਿਸਾਸ ਮੇਰੇ
ਔਰ ਜੋ ਬਾਕੀ ਬਚਾ ਯਾ ਨਾ ਬਚਾ
ਉਸ ਕੋ ਸੰਭਾਲੇ ਜ਼ਿੰਦਗਾਨੀ
ਤੇਰੇ ਇਸ ਬਹਿਤੇ ਹੁਏ ਪਾਨੀ ਕੀ ਸੂਰਤ
ਚਲ ਰਹੀ ਹੈ ਇਸ ਲੀਏ ਕਿ
ਰਵਾਨੀ ਇਸ ਕੀ ਰੋਕੇ ਸੇ ਭੀ
ਰੁਕ ਸਕਤੀ ਨਹੀਂ
ਔਰ ਮੈਂ ਏਕ ਖਲਾਅ ਦਿਲ ਮੇਂ ਲੀਏ
ਅਬ ਸੋਚਤਾ ਹੂੰ ਕਿ ਮੈਂ ਆਖਿਰ
ਸੋਚ ਭੀ ਸਕਤਾ ਹੂੰ ਕਿਤਨਾ
ਔਰ ਜੋ ਅਹਿਸਾਸ ਥੇ ਮੇਰੇ
ਕਿ ਵੋ ਭੀ ਮਰ ਗਏ
ਕਿਆ ਯੇ ਮੁਮਕਿਨ ਹੈ ਕਿ ਮੈਂ ਸੋਚੇ ਬਿਨਾ
ਔਰ ਹਰ ਅਹਿਸਾਸ ਸੇ ਭੀ ਬੇਅਸਰ
ਤੇਰੇ ਇਸ ਬਹਿਤੇ ਹੁਏ ਪਾਨੀ ਕੀ ਸੂਰਤ
ਅਪਨੀ ਮੰਜ਼ਿਲ ਕੀ ਤਰਫ ਚਲਤਾ ਰਹੂੰ...।

ਨਹੀਂ ਆ ਰਿਹਾ, ਮੈਂ ਜਾ ਟਕਰਾਇਆ ਉਹਦੇ ਵਿਚ। ਇਹ ਇਕ ਦਫਾ ਨਈਂ, ਕਈ ਦਫਾ ਹੋਇਐ।"

ਮਨਮੋਹਨ ਆਲਮ ਰਾਈਕਰਜ਼ ਆਈਲੈਂਡ ਵਿਚ ਬਣੀ ਜੇਲ੍ਹ ਵਿਚ ਕੈਦੀਆਂ ਦੀ ਮਨੋਅਵਸਥਾ ਦਾ ਨਿਰੀਖਣ ਕਰਦਾ ਰਿਹਾ ਹੈ। ਉਹ ਹੱਥ ਮਿਲਾਉਣ ਸਾਰ ਹੀ ਜਾਣ ਲੈਂਦਾ ਹੈ ਬੰਦੇ ਅੰਦਰਲੀ ਮੁਹੱਬਤ ਵਕਤੀ ਹੈ ਕਿ ਚਿਰੰਜੀਵੀ। ਕਿਸੇ ਗੱਲ ਤੋਂ ਕਿਨਾਰਾ-ਕਸ਼ੀ ਕਰਨ ਦਾ ਵੀ ਉਸ ਦਾ ਆਪਣਾ ਹੀ ਅੰਦਾਜ਼ ਹੈ। ਉਸ ਨੇ ਇਕ ਬਿਜਨਸ ਕੀਤਾ ਤੇ ਛੱਡ ਦਿੱਤਾ। ਮੈਂ ਪੁੱਛਿਆ, "ਭੱਲਾ ਸਾਹਿਬ ਤੁਸੀਂ ਕਾਰਾਂ ਦਾ ਬਿਜਨਸ ਕੀਤਾ ਸੀ?"

ਜਵਾਬ ਵਿਚ ਉਹ ਖੰਘਿਆ। ਗੂੜ੍ਹੇ ਸਾਂਵਲੇ ਖੁਸ਼ਕ ਬੁੱਲ੍ਹਾਂ 'ਤੇ ਜੀਭ ਫੇਰੀ। ਬੁੱਲ੍ਹ ਭੀਚੇ। ਧੌਣ ਦੇਵ ਆਨੰਦ ਵਾਂਗ ਇਕ ਪਾਸੇ ਝੁਕਾਈ 'ਤੇ ਮੱਧਮ ਜਿਹੀ ਆਵਾਜ਼ ਆਈ, "ਹਾਂ ਯਾਰ ਕੀਤਾ ਸੀ। ਬਸ। ਅਸਲ ਵਿਚ ਬਿਜਨਸ ਮੇਰੇ ਵਸ ਦਾ ਰੋਗ ਨਹੀਂ। ਬਸ ਸਮਝ ਲਓ। ਫਿਰ ਮੈਂ ਹਿੱਸਾ ਕਢਵਾ ਲਿਆ ਸੀ। ਉਹ ਤੇ ਬਸ। ਹਾਂ। ਚਲੋ ਖੈਰ...।"

"ਤੁਹਾਡੀਆਂ ਉਰਦੂ ਗਜ਼ਲਾਂ ਵੀ ਬੜੀ ਆਸਾਨੀ ਨਾਲ ਸਮਝ ਆ ਜਾਂਦੀਆਂ ਨੇ। ਤੁਸੀਂ ਉਰਦੂ ਦੇ ਜ਼ਿਆਦਾ ਗੂੜ੍ਹੇ ਸ਼ਬਦ ਨਹੀਂ ਵਰਤਦੇ। ਵਜ੍ਹਾ?"

"ਅਸਲ ਵਿਚ ਮੇਰੇ ਕੋਲ ਉਰਦੂ ਦੀ ਬਹੁਤੀ 'ਵਕੈਬਲਰੀ' ਹੈ ਨਈਂ। ਅਸਲ ਵਜ੍ਹਾ ਤਾਂ ਇਹ ਵੇ। ਵਰਨਾ ਇਸ ਦਾ ਜਵਾਬ ਮੈਂ ਇਹ ਵੀ ਦੇ ਸਕਦਾ ਸਾਂ ਕਿ ਮੈਂ ਲੋਕਾਂ ਲਈ ਲਿਖਦਾ ਹਾਂ, ਲੋਕਾਂ ਨੂੰ ਸਮਝ ਆਉਣੀ ਚਾਹੀਦੀ ਹੈ।"

"ਤੁਸੀਂ ਜਿਸ ਤਰ੍ਹਾਂ ਦੀ ਮਨੋਵਿਗਿਆਨਕ ਰੰਗ ਦੀ ਗਜ਼ਲ ਲਿਖਦੇ ਹੋ, ਹਿੰਦੋਸਤਾਨ ਵਿਚ ਇਸ ਤਰ੍ਹਾਂ ਦੀ ਗਜ਼ਲ ਨਹੀਂ ਲਿਖੀ ਜਾ ਰਹੀ। ਪੰਜਾਬੀ ਵਿਚ ਤਾਂ ਬਹੁਤ ਹੀ ਘੱਟ। ਇਸ ਦਾ ਮੁੱਖ ਕਾਰਨ ਤੁਹਾਡਾ ਖੇਤਰ ਹੀ ਹੋ ਸਕਦਾ ਹੈ?"

"ਹਾਂ," ਕਈ ਵਾਰ ਲੱਗਦਾ ਹੈ ਕਿ ਉਸ ਦਾ ਜਵਾਬ ਮੁੱਕ ਗਿਆ, ਪਰ ਉਹ ਫਿਰ ਗੱਲ ਤੋਰ ਲੈਂਦਾ ਹੈ, "ਅਸਲ ਵਿਚ ਸਾਈਕੋ-ਥੈਰੇਪੀ ਆਪਣੇ ਆਪ ਵਿਚ ਬਹੁਤ ਵੱਡਾ ਖੇਤਰ ਹੈ। ਮੇਰੇ ਖਿਆਲ ਵਿਚ ਪੰਜਾਬ ਦੇ ਲੋਕਾਂ ਦੀ ਸਾਈਕੌਲੋਜੀ 'ਤੇ ਸਟੱਡੀ ਨਹੀਂ ਹੈ। ਜਦਕਿ ਇਹ ਹੈ ਬਹੁਤ ਅਹਿਮ। ਇਥੇ ਅਮਰੀਕਾ ਵਿਚ ਬੱਚਿਆਂ ਨੂੰ ਦੂਜੇ-ਤੀਜੇ ਗਰੇਡ 'ਚ ਹੀ ਬੇਸਿਕ ਸਾਈਕੌਲੋਜੀ ਪੜ੍ਹਾਉਣ ਲੱਗ ਪੈਂਦੇ ਨੇ। ਮੈਂਟਲ ਪ੍ਰਾਬਲਮਜ਼ ਬਾਰੇ ਇਥੋਂ ਦੇ ਬੱਚੇ ਹਿੰਦੋਸਤਾਨੀ ਬੱਚਿਆਂ ਨਾਲੋਂ ਵੱਧ ਸੁਚੇਤ ਨੇ।"

"ਇੰਡੀਆ ਵਿਚ ਕੀ ਕੀ ਸ਼ੌਕ ਰਹੇ ਸਨ?"

"ਹਿੰਦੋਸਤਾਨ ਟਾਈਮਜ਼ ਵਿਚ ਮੈਂ ਸੈਂਕੜੇ ਕਿਤਾਬਾਂ ਦੇ ਰਿਵਿਊ ਕੀਤੇ। 'ਇਕਨਾਮਿਕਸ ਰਿਵਿਊ' ਵਿਚ ਅਣਗਿਣਤ ਰਿਵਿਊ ਕੀਤੇ। 'ਯੋਜਨਾ' ਵਾਸਤੇ ਵੀ ਰਿਵਿਊ ਕੀਤੇ। ਇਕ ਰਿਵਿਊ ਦੇ 30 ਰੁਪਏ ਮਿਲਦੇ ਸਨ। ਮੈਂ ਹਰ ਮਹੀਨੇ 10 ਰਿਵਿਊ ਕਰਦਾ। ਤਿੰਨ ਸੌ ਰੁਪਏ ਮਹੀਨੇ ਦੇ ਬਣ ਜਾਂਦੇ। ਪਹਿਲਾਂ-ਪਹਿਲਾਂ ਮੇਰੇ ਲੇਖ ਨਹੀਂ ਸਨ ਛਪਦੇ। ਮੈਂ ਆਪਣੇ ਭਰਾ ਨੂੰ ਪੁੱਛਿਆ ਕਿ ਮੇਰੇ ਲੇਖਾਂ ਵਿਚ ਕੀ ਕਮੀ ਹੈ? ਉਨ੍ਹਾਂ ਨੇ ਕਿਹਾ ਕਿ ਤੇਰੀ ਲਿਖਤ ਵਿਚ 'ਕਮਿਊਨਿਸਟ ਐਲੀਮੈਂਟਸ' ਵੱਧ ਨੇ। ਇਸੇ ਵਿਚਾਰਧਾਰਾ ਦੇ ਪਰਚੇ ਨੂੰ ਭੇਜ। ਫਿਰ ਮੈਂ ਲਗਾਤਾਰ ਛਪਦਾ ਰਿਹਾ। ਹੌਲੀ-ਹੌਲੀ ਮੈਂ ਪਰਚੇ ਪੜ੍ਹਦਾ-ਪੜ੍ਹਦਾ ਪਰਚੇ ਦੇ ਸੰਪਾਦਕ ਦੀ ਸਾਈਕੌਲੋਜੀ ਸਮਝਣ ਲੱਗ ਪਿਆ ਤੇ ਉਸੇ ਮੁਤਾਬਿਕ ਲਿਖਣ ਲੱਗਾ।"

"ਅਮਰੀਕਾ ਆਉਣ ਦਾ ਸਬਬ ਕਿਵੇਂ ਬਣਿਆ?"

"ਮੈਂ ਸਟੂਡੈਂਟ ਦੇ ਤੌਰ 'ਤੇ ਆਉਣਾ ਚਾਹੁੰਦਾ ਸੀ। 1967-68 ਦੀ ਗੱਲ ਹੈ, ਪਰ ਮੇਰਾ ਪੱਕੇ ਤੌਰ 'ਤੇ ਹੀ ਕੰਮ ਬਣ ਗਿਆ। ਮੇਰਾ ਵਿਚਾਰ ਸੀ, ਡਿਗਰੀ ਕਰ ਕੇ ਵਾਪਸ ਜਾਣ ਦਾ, ਕਿਉਂਕਿ ਮੈਂ ਬਹੁਤ ਸਾਰੀਆਂ 'ਮੈਂਟਲ ਪ੍ਰਾਬਲਮਜ਼' ਨਾਲ ਸਬੰਧਿਤ ਕਿਤਾਬਾਂ ਦੇ ਰਿਵਿਊ ਕੀਤੇ ਸਨ। ਸਟੱਡੀ ਮੇਰੀ ਬਹੁਤ ਸੀ। ਉਸ ਛਪੇ ਹੋਏ ਕੰਮ ਨੂੰ ਦੇਖ ਕੇ ਏਥੇ ਨੌਕਰੀ ਮਿਲਣ ਵਿਚ ਮੈਨੂੰ ਕੋਈ ਦਿੱਕਤ ਪੇਸ਼ ਹੀ ਨਹੀਂ ਆਈ। ਫਿਰ ਏਥੇ ਜੋਗੇ ਹੀ ਰਹਿ ਗਏ।"

"ਸ਼ਾਇਰੀ ਏਥੇ ਆ ਕੇ ਸ਼ੁਰੂ ਕੀਤੀ?"

"ਨਹੀਂ ਸ਼ਾਇਰੀ ਤਾਂ ਮੈਂ ਇੰਡੀਆ ਵਿਚ ਵੀ ਕਰਦਾ ਸੀ, ਪਰ ਕਿਸੇ ਨੂੰ ਦੱਸਦਾ ਨਹੀਂ ਸੀ। ਘਰ ਦਾ ਮਾਹੌਲ ਉਂਜ ਬਹੁਤ ਪੜ੍ਹਨ-ਲਿਖਣ ਵਾਲਾ ਸੀ। ਵੱਡੇ ਭਾਈ ਸਾਹਿਬ ਬ੍ਰਿਜ ਭੱਲਾ ਅੰਗਰੇਜ਼ੀ ਵਿਚ ਲਿਖਦੇ ਸਨ। ਏਥੇ ਆ ਗਿਆ। ਮੇਰੇ ਘਰ ਦੇ ਕੋਲ ਇਕ ਵੱਡਾ ਗਰੌਸਰੀ ਸਟੋਰ ਸੀ। ਉਥੋਂ ਮੈਂ ਰੋਜ਼ ਸਿਗਰਟਾਂ ਲੈਣ ਜਾਂਦਾ। ਉੱਥੇ ਇਕ ਬੰਦਾ ਮੈਨੂੰ ਰੋਜ਼ ਦੇਖਦਾ। ਬਿਲਕੁਲ ਸਾਦਾ ਜਿਹੇ ਕੱਪੜਿਆਂ ਵਾਲਾ। ਮੈਂ ਉਸ ਕੋਲੋਂ ਦੀ ਲੰਘ ਜਾਂਦਾ। ਸਿਗਰਟਾਂ ਦੀ ਡੱਬੀ ਲੈਂਦਾ, ਚਾਰ ਕਸ਼ ਖਿੱਚਦਾ ਤੇ ਘਰ ਨੂੰ ਤੁਰ ਪੈਂਦਾ। ਇਕ ਦਿਨ ਉਹ ਬੰਦਾ ਮੈਨੂੰ ਰੋਕ ਕੇ ਪੁੱਛਣ ਲੱਗਾ, 'ਤੁਹਾਡੀ ਤੋਰ, ਤੁਹਾਡੀ ਮਸਤੀ ਤੋਂ ਲੱਗਦਾ ਹੈ ਤੁਸੀਂ ਸ਼ਾਇਰੀ ਵੀ ਕਰਦੇ ਹੋ?' ਮੈਂ ਕਿਹਾ, 'ਜੀ ਕਰਦਾ ਤਾਂ ਹਾਂ।' ਉਹ ਬੰਦਾ ਸੀ, ਮੁਸ਼ਤਾਕ ਸੂਫੀ। ਉਸ ਨਾਲ ਮੈਂ 'ਹਲਕਾ ਅਰਬਾਬੇ-ਜ਼ੌਕ' ਵਿਚ ਜਾਣਾ ਸ਼ੁਰੂ ਕਰ ਦਿੱਤਾ, ਉਥੇ ਤੁਹਾਡੇ ਜਿਹੇ ਦੋਸਤਾਂ ਨਾਲ ਮੇਲ-ਮਿਲਾਪ ਹੋ ਗਿਆ।"

"ਤੁਸੀਂ ਏਨੇ ਸਾਲ ਜੇਲ੍ਹ ਦੀ ਨੌਕਰੀ ਕੀਤੀ ਹੈ। ਕੈਦੀਆਂ ਨੂੰ ਮਿਲੇ ਹੋ। ਉਨ੍ਹਾਂ ਦੀ ਮਾਨਸਿਕਤਾ ਨੂੰ ਪੜ੍ਹਿਆ ਹੈ। ਤੁਹਾਡੀ ਸਮਝ ਮੁਤਾਬਿਕ ਉਹ ਜੁਰਮ ਕਿਉਂ ਕਰਦੇ ਨੇ?"

"ਮੈਂ ਹੁਣ ਜ਼ਿੰਦਗੀ ਦੇ ਇਸ ਪੜਾਅ 'ਤੇ ਆ ਕੇ ਮਹਿਸੂਸ ਕਰਨ ਲੱਗ ਪਿਆਂ ਕਿ ਮੈਂ ਜੇਲ੍ਹ ਦੀ ਨੌਕਰੀ ਵਿਚ ਸਿਰਫ ਵਕਤ ਬਰਬਾਦ ਕੀਤਾ ਹੈ। ਦੁਨੀਆਂ ਤੋਂ ਜੁਰਮ ਕਦੇ ਖਤਮ ਕੀਤਾ ਹੀ ਨਹੀਂ ਜਾ ਸਕਦਾ, ਭਾਵੇਂ ਕਿੰਨੀਆਂ ਸਖਤ ਸਜ਼ਾਵਾਂ ਵੀ ਕਿਉਂ ਨਾ ਈਜਾਦ ਕਰ ਲਈਆਂ ਜਾਣ। ਜਿਵੇਂ ਮਨੁੱਖ ਦੇ ਅੰਦਰ ਹੋਰ ਭਾਵਨਾਵਾਂ ਨੇ, ਇੰਜ ਹੀ ਜੁਰਮ ਕਰਨ ਦੀ ਭਾਵਨਾ ਹੈ। ਆਦਤ ਤੋਂ ਮਜਬੂਰ ਹੋ ਜਾਂਦਾ ਹੈ ਬੰਦਾ।"

ਉਹ ਹੱਸਦਾ ਹੈ। ਖੰਘ ਕੇ ਛਾਤੀ ਦੇ ਚਿਮਟੇ ਵਜਾਉਂਦਾ ਹੈ, "ਬਾਕੀ ਰਹੀ ਗੱਲ ਉਹ ਜੁਰਮ ਕਿਉਂ ਕਰਦੇ ਨੇ? ਜਿਵੇਂ ਮੈਂ ਕਿਸੇ ਵੀ ਚੰਗੀ-ਮੰਦੀ ਹਾਲਤ ਵਿਚ ਹੋਵਾਂ, ਜਦੋਂ ਸ਼ਿਅਰ ਦੀ ਆਮਦ ਹੁੰਦੀ ਹੈ, ਆਪਣੇ-ਆਪ ਨੂੰ ਲਿਖਣ ਤੋਂ ਰੋਕ ਨਹੀਂ ਸਕਦਾ। ਬਿਲਕੁਲ ਇੰਜ ਹੀ ਮੁਜਰਿਮ ਹੈ। ਜਦੋਂ ਉਸ ਦੇ ਅੰਦਰ ਜੁਰਮ ਕਰਨ ਦਾ ਵਲਵਲਾ ਉੱਠਦਾ ਹੈ, ਉਹ ਚਾਹ ਕੇ ਵੀ ਉਸ ਨੂੰ ਰੋਕ ਨਹੀਂ ਸਕਦਾ। ਮੈਂ ਏਦਾਂ ਸਮਝਦਾਂ।"

"ਤੁਹਾਡੀ ਜ਼ਿੰਦਗੀ ਵਿਚ ਏਨੇ ਮੁਜਰਿਮ ਆਏ ਨੇ, ਕਦੇ ਇਨ੍ਹਾਂ ਬਾਰੇ ਨਾਵਲ ਲਿਖਣ ਦਾ ਵਿਚਾਰ ਨਹੀਂ ਆਇਆ?"

"ਕਈ ਵਾਰੀ। ਇਕ ਵਾਰ ਤਾਂ ਮੈਂ ਨੋਟਸ ਬਣਾਉਣ ਦੀ ਸੋਚੀ ਵੀ ਸੀ ਕਿ ਇਕ ਇਕ ਮੁਜਰਿਮ ਆਉਂਦਾ ਹੈ, ਆਪਣੀ ਕਹਾਣੀ ਸੁਣਾਉਂਦਾ ਹੈ। ਫਿਰ ਦੂਜਾ ਆਉਂਦਾ ਹੈ, ਪਰ ਨਾਵਲ ਵੱਧ ਮਿਹਨਤ ਮੰਗਦਾ ਹੈ। ਜ਼ਿਆਦਾ ਕੰਸੰਟ੍ਰੇਸ਼ਨ ਚਾਹੀਦੀ ਹੈ। ਮੈਨੂੰ ਲੱਗਦਾ ਹੈ ਕਿ ਇਹ ਮੇਰੇ ਵੱਸ ਦੀ ਗੱਲ ਨਹੀਂ। ਮੇਰਾ ਮਤਲਬ, ਹੁਣ ਉਮਰ ਵੀ ਹੋ ਗਈ ਐ।" ਉਸ ਦੀ ਆਵਾਜ਼ ਵਿਚ ਪਛਤਾਵੇ ਦਾ ਹਲਕਾ ਜਿਹਾ ਪਰਛਾਵਾਂ ਮਹਿਸੂਸ ਕੀਤਾ ਜਾ ਸਕਦਾ ਹੈ।

"ਸ਼ਾਇਰੀ ਵੀ ਤੁਸੀਂ ਬਹੁਤੀ ਨਹੀਂ ਕੀਤੀ। ਮਸਾਂ ਇਕ ਕਿਤਾਬ ਛਪੀ ਤੇ ਇਕ ਜੋਗਾ ਮੈਟਰ ਹੋਰ ਹੈ?"

ਉਹ ਬੁੱਲ੍ਹ ਭੀਚਦਾ ਹੈ, "ਤੁਸੀਂ ਬਿਲਕੁਲ ਠੀਕ ਕਹਿੰਦੇ ਓ। ਅੱਜ ਕੱਲ੍ਹ ਤਾਂ ਮੈਂ ਲਿਖਦਾ ਵੀ ਨਹੀਂ। ਮੈਨੂੰ ਲੱਗਦੈ ਜਿੰਨਾ ਮੈਂ ਲਿਖਣਾ ਸੀ, ਲਿਖ ਲਿਆ। ਕਦੇ-ਕਦੇ ਇਕ ਅੱਧ ਸ਼ਿਅਰ ਲਿਖ ਵੀ ਲੈਨਾਂ, ਪਰ ਆਪਣੇ-ਆਪ ਨੂੰ ਰਿਪੀਟ ਕਰਨ ਨਾਲੋਂ ਨਾ ਲਿਖਣਾ ਬਿਹਤਰ ਐ। ਜਿਵੇਂ ਮੈਂ ਕਿਹਾ ਕਿ ਸਾਨੂੰ ਪੜ੍ਹਨਾ ਆਉਣਾ ਚਾਹੀਦੈ, ਇੰਜ ਹੀ ਇਹ ਇਲਮ ਵੀ ਹੋਣਾ ਚਾਹੀਦਾ ਕਿ ਸਾਨੂੰ ਹੁਣ ਲਿਖਣਾ ਚਾਹੀਦਾ ਜਾਂ ਨਹੀਂ। ਸ਼ਿਅਰ ਕਹਿਣਾ 'ਪਿੰਨ-ਪੁਆਇੰਟ' 'ਤੇ ਗੱਲ ਕਰਨ ਵਾਂਗ ਹੁੰਦਾ ਵੇ। ਰਤਾ ਵੀ ਗੱਲ ਆਸੇ-ਪਾਸੇ ਹੋਈ, ਸ਼ਿਅਰ ਡਿਗ ਪਿਆ। ਇਸ ਨਾਲੋਂ ਬਿਹਤਰ ਹੈ ਕਿ ਚੁੱਪ ਕਰ ਜਾਓ।"

ਟਾਹਣੀ ਨਾਲੋਂ ਟੁੱਟਦੇ ਪੱਤੇ ਨੂੰ ਤਾਂ ਅਸੀਂ ਸਾਰੇ ਹੀ ਦੇਖਦੇ ਹਾਂ ਪਰ ਮਨਮੋਹਨ ਆਲਮ ਦੀ ਸ਼ਾਇਰੀ ਪੱਤਾ ਟੁੱਟਣ ਵਾਲੀ ਥਾਂ 'ਤੇ ਹੋਏ ਡੂੰਘੇ ਜ਼ਖਮ ਨੂੰ ਦੇਖਣ ਦੀ ਨੀਝ ਵੀ ਬਖਸ਼ਦੀ ਹੈ ਤੇ ਜ਼ਖਮ ਦਾ ਦਰਦ ਮਹਿਸੂਸ ਕਰਨ ਲਈ ਅਹਿਸਾਸ ਦੀ ਸ਼ਿੱਦਤ ਵੀ ਪੈਦਾ ਕਰਦੀ ਹੈ। ਮਨਮੋਹਨ ਦੀ ਸ਼ਾਇਰੀ ਪਾਣੀ ਤੇ ਬੁਲਬੁਲੇ, ਸੱਚ ਤੇ ਝੂਠ, ਦ੍ਰਿਸ਼ਟ ਅਤੇ ਅਦ੍ਰਿਸ਼ਟ ਦਰਮਿਆਨ ਲਟਕਦੇ ਪਲਾਂ ਨੂੰ ਫੜ ਕੇ ਇਸ ਉਲਝਣ ਦੇ ਰੂਬਰੂ ਹੋਣ ਦੀ ਕੋਸ਼ਿਸ਼ ਹੈ ਕਿ ਮਨੁੱਖ ਹਕੀਕਤ ਜੀ ਰਿਹਾ ਹੈ ਜਾਂ ਸੁਪਨਾ।

ਮਨਮੋਹਨ ਆਲਮ ਨੂੰ ਮਿਲ ਕੇ ਚੁੱਪ, ਸੰਜਮ, ਸਾਦਗੀ, ਤਨਹਾਈ ਦੇ ਅਰਥਾਂ ਦੀ ਗਹਿਰਾਈ ਸਮਝ ਪੈਂਦੀ ਹੈ। ਸ਼ਾਇਰੀ ਦੀ ਰੂਹ ਤੇ ਸ਼ਾਇਰ ਦੇ ਤਖੱਈਅਲ ਦੀ ਅਸੀਮਤਾ ਦਾ ਗਿਆਨ ਹੁੰਦਾ ਹੈ। ਖਾਮੋਸ਼ੀ ਨੂੰ ਜ਼ਬਾਨ ਦਿੰਦੀ, ਇਸ ਸ਼ਾਇਰੀ ਦਾ ਸੁਭਾਅ ਵੀ ਮਨਮੋਹਨ ਆਲਮ ਵਾਂਗ ਬੇਜੋੜ ਹੈ।



ਮਨਮੋਹਨ ਆਲਮ ਦੀਆਂ ਕਿਤਾਬਾਂ ਦੇ ਮੁਖੜੇ

# ਕਾਵਿ-ਜਗਤ

## ਤੂੰ ਦਿਲ ਨਾ ਛੱਡਿਆ ਕਰ

ਸੋਕਾ ਵੀ ਪੈ ਜਾਂਦੈ ਕਦੇ
ਹੌਲੀ-ਹੌਲੀ ਕਿਰ ਵੀ ਜਾਂਦੀ ਹੈ ਚਾਨਣੀ
ਕਦੇ ਪੁਰਾ, ਕਦੇ ਪੱਛੋਂ,
ਕਦੇ ਵਾ-ਵਰੋਲੇ
ਤੂਫਾਨ ਵੀ ਆ ਜਾਂਦੇ ਨੇ
ਬਣੇ-ਬਣਾਏ ਢਹਿ ਵੀ ਜਾਂਦੇ ਨੇ
ਹਾਂ, ਲੰਘ ਜਾਂਦੇ ਨੇ ਕਦੇ-ਕਦੇ ਬੱਦਲ
ਬਿਨਾ ਵਰਸੇ ਹੀ
ਪਿਛਲੇ ਸਾਲ ਸਾਉਣ ਵਿਚ
ਕਣੀ ਵੀ ਨਹੀਂ ਡਿੱਗੀ ਸੀ
ਕੋਈ ਨ੍ਹੀਂ! ਹੋ ਜਾਂਦੈ ਕਦੇ-ਕਦੇ
ਕਦੇ-ਕਦੇ ਰੂਹ ਹਰ ਅਹਿਸਾਸ ਤੋਂ
ਸੱਖਣੀ ਹੋ ਗਈ ਲੱਗਦੀ ਐ
ਪਰ ਤੂੰ ਦਿਲ ਨਾ ਛੱਡਿਆ ਕਰ।

ਕਣੀਆਂ ਕਦੇ ਵੀ
ਆ ਜਾਂਦੀਆਂ ਨੇ ਬੇਪਰਤੀਤੀਆਂ
ਛਹਿਬਰ ਲੱਗ ਜਾਂਦੀ ਹੈ
ਮੋਰ ਪੈਲਾਂ ਪਾਉਂਦੇ ਨੇ
ਕੱਟੀਆਂ-ਟੁੱਟੀਆਂ ਟਾਹਣੀਆਂ
ਫੇਰ ਹਰੀਆਂ ਹੋ ਜਾਂਦੀਆਂ ਨੇ
ਗੁਲ ਖਿਲਦੇ ਨੇ, ਭੰਵਰੇ ਆਉਂਦੇ ਨੇ
ਖੁਸ਼ਬੋਆਂ ਬਿਖਰਦੀਆਂ ਨੇ
ਤੂੰ ਦਿਲ ਨਾ ਛੱਡਿਆ ਕਰ।

ਕੋਈ ਕੀ ਜਾਣੇ ਕਿ ਮਹਿੰਦੀ ਦੇ
ਸੁੱਕ ਸੁੱਕੇ ਪੱਤਿਆਂ ਵਿਚ
ਅਜੇ ਵੀ ਕਿੰਨੀ ਰੰਗਤ ਹੈ
ਸਿਰਫ ਮੰਜ਼ਿਲ ਹੀ ਇਕ ਪ੍ਰਾਪਤੀ ਨਹੀਂ
ਪਾਂਧੀ ਦਾ ਤੁਰਦੇ ਜਾਣਾ ਵੀ
ਖੁਦ ਇਕ ਹਾਸਿਲ ਹੁੰਦੈ
ਤੂੰ ਦਿਲ ਨਾ ਛੱਡਿਆ ਕਰ।

ਬਹਾਰ ਤੋਂ ਪੱਤਝੜ
ਤੇ ਪਤਝੜ ਤੋਂ ਬਹਾਰ ਦਾ ਸਫਰ ਹੀ
ਕੁਦਰਤ ਦਾ ਨੇਮ ਹੈ
ਕੋਈ ਕੀ ਜਾਣੇਗਾ ਬਹਾਰ ਦੀ ਕਦਰ
ਕੋਈ ਕਿਵੇਂ ਵੇਖੇਗਾ
ਪੱਤਝੜ ਦਾ ਖੁੱਲ੍ਹਾ ਅਸਮਾਨ
ਜੇ ਸਦਾ ਹੀ ਬਹਾਰ ਰਹੇਗੀ।
ਤੂੰ ਦਿਲ ਨਾ ਛੱਡਿਆ ਕਰ।

ਕੱਚੇ ਫਲਾਂ ਨੂੰ ਤੋਤਿਆਂ ਦਾ
ਖਾ ਜਾਣਾ ਤਾਂ ਸ਼ਗਨ ਹੁੰਦੈ
ਕੁਝ ਚਿਰ ਤਪੀ ਮਿੱਟੀ 'ਤੇ
ਜਦ ਬੂੰਦਾਂ ਡਿਗਦੀਆਂ ਨੇ
ਤਾਂ ਬੜੀ ਮਿੱਠੀ ਖੁਸ਼ਬੂ ਆਉਂਦੀ ਐ
ਚੰਨ ਘਟਦਾ-ਘਟਦਾ ਘਟ ਜਾਂਦੈ
ਤਾਂ ਵਧਦਾ-ਵਧਦਾ ਵਧ ਵੀ ਜਾਂਦੈ
ਵੇਖ ਰੋਜ਼ ਦਿਨ ਤੋਂ ਰਾਤ ਹੁੰਦੀ ਐ
ਰਾਤ ਤੋਂ ਦਿਨ ਚੜ੍ਹ ਜਾਂਦੈ
ਤੂੰ ਦਿਲ ਨਾ ਛੱਡਿਆ ਕਰ।
ਤੂੰ ਦਿਲ ਨਾ ਛੱਡਿਆ ਕਰ।

*-ਸ਼ਮਿੰਦਰ ਕੌਰ*
*ਸ੍ਰੀ ਮੁਕਤਸਰ ਸਾਹਿਬ*
*ਫੋਨ: 91-75268-08047*

---

## ਸੱਚ

ਉਨਤੀ ਦੇ ਸੁਖਨ ਦਾ
ਇਤਿਹਾਸ ਲਿਖ ਰਹੀ ਹਾਂ।
ਹਵਾ ਵਿਚ ਰੁੱਖਾਂ ਦੀ
ਕੁਰਲਾਹਟ ਲਿਖ ਰਹੀ ਹਾਂ।

ਸੁੰਨੇ ਦਰਾਂ ਤੋਂ ਬੱਚੇ
ਹੋਕਿਆਂ ਦਾ ਸੇਕ ਲੈ,
ਮੂਕ ਸ਼ਬਦਾਂ ਦਾ ਮੈਂ
ਵਿਰਲਾਪ ਲਿਖ ਰਹੀ ਹਾਂ।

ਜਿਗਰਾ ਨਹੀਂ ਰਿਹਾ
ਕੁਝ ਕਹਿਣ ਸੁਣਨ ਦਾ,
ਸਮਾਂ ਨਹੀਂ ਰਿਹਾ
ਪੀਡੀਆਂ ਗੰਢਾਂ ਬੁਣਨ ਦਾ,
ਜਦੋਂ ਲਾਠੀ ਕਮਜ਼ੋਰ ਹੋਈ
ਉਲਝ ਗਈ ਤਾਣੀ,
ਹੁਨਰਮੰਦ ਬਰਖੁਰਦਾਰ ਦੀ
ਤਲਾਸ਼ ਲਿਖ ਰਹੀ ਹਾਂ।

ਦਿਲ ਸੱਥਰ ਹੋ ਗਏ
ਯਾਦਾਂ ਮਕਾਣੇ ਆਉਂਦੀਆਂ,
ਖੂਹ ਦੀਆਂ ਟਿੰਡਾਂ ਵਾਂਗਰਾਂ
ਅੱਖਾਂ ਹੰਝੂ ਢੋਂਹਦੀਆਂ,
ਨਾ ਹੱਥ ਲੱਭੇ ਧਰਵਾਸ ਲਈ
ਨਾ ਕੋਈ ਮੋਢਾ ਰੋਣ ਲਈ,
ਭੀੜ ਵਿਚ ਤੜਪਦੀ
ਇਕਾਂਤ ਲਿਖ ਰਹੀ ਹਾਂ।

ਰੁੱਖਾਂ ਨੂੰ ਬਿਲਡਿੰਗਾਂ ਖਾ ਗਈਆਂ
ਸਾਹ ਧੂਣੇ ਵਿਚ ਅਟਕਿਆ,
ਹਰਾ ਇਨਕਲਾਬ ਸਮੁੰਦਰ ਪੀ ਗਿਆ
ਕਿਸਾਨ ਰੱਸੀ 'ਤੇ ਲਟਕਿਆ,
ਪਦਾਰਥਾਂ ਦੀ ਭੁੱਖ ਵਿਚ
ਖੂੰਖਾਰ ਰਿਸ਼ਤੇ ਪਲ ਰਹੇ,
ਹੱਡ-ਮਾਸ ਦੇ ਇਨਸਾਨ ਲਈ
ਫਿਟਕਾਰ ਲਿਖ ਰਹੀ ਹਾਂ।

ਹੱਸਦੀ ਏ ਜ਼ਿੰਦਗੀ
ਬਹਿ ਨਫਰਤਾਂ ਦੀ ਸੱਥ ਵਿਚ,
ਆਖੇ ਸਾਰੇ ਹੱਕ ਮੇਰੇ ਰਾਖਵੇਂ
ਕਿਉਂ? ਸੁਣਾ ਕਿਸੇ ਦੇ ਪੱਖ ਵਿਚ,
ਗੱਲ ਭਰੋਸੇ ਪਿਆਰ ਦੀ
ਅਰਥਹੀਣ ਹੋ ਗਈ,
ਕਸਮ ਮੈਨੂੰ ਕਲਮ ਦੀ
ਸੋਚ ਲਿਖ ਰਹੀ ਹਾਂ।

*-ਦੇਵਿੰਦਰ ਕੌਰ ਗੁਰਾਇਆ*
*ਵਰਜੀਨੀਆ।*
*ਫੋਨ: 571-315-9543*

---

## ਤੜਪ

ਰਾਤ ਹਨੇਰੀ ਬਦਲ ਗੜਕੇ
ਕੜ ਕੜ ਕੜ ਬਿਜਲੀ ਕੜਕੇ।

ਡਾਢਾ ਸ਼ੋਰ ਹਵਾ ਨੇ ਪਾਇਆ
ਖੜਖੜ ਖੜਖੜ ਬੂਹਾ ਖੜਕੇ।

ਸਹਿਮੀ ਜਿਹੀ ਇਕ ਨਾਰ ਹੈ ਬੈਠੀ
ਹੱਥਾਂ ਵਿਚ ਕਲੇਜਾ ਫੜ ਕੇ।

ਤਨ ਤੰਦੂਰ 'ਚੋਂ ਸੇਕ ਨਿਕਲਦਾ
ਅੰਦਰ ਦੀ ਅੱਗ ਜਦ ਵੀ ਭੜਕੇ।

ਆਪਣੇ ਆਪੇ ਤੋਂ ਡਰ ਜਾਵੇ
ਦਿਲ ਉਹਦਾ ਜਦ ਜ਼ੋਰ ਦੀ ਧੜਕੇ।

ਇਹ ਕਿਸ ਨੇ ਬੂਹਾ ਖੜਕਾਇਆ
ਸੁਬ੍ਹਾ ਸਵੇਰੇ ਤੜਕੇ ਤੜਕੇ।

ਕਈ ਸਾਲਾਂ ਤੋਂ ਘਰ ਨਹੀਂ ਮੁੜਿਆ
ਪੁੱਤ ਗਿਆ ਸੀ ਮਾਂ ਨਾਲ ਲੜ ਕੇ।

ਮਰਦ ਤੁਰ ਗਿਆ ਦੇਸ਼ ਪਰਾਏ
ਕਿਧਰੇ ਦੂਰ ਜਹਾਜੇ ਚੜ ਕੇ।

ਨਾ ਉਹ ਮੁੜਿਆ ਨਾ ਉਹ ਆਇਆ
ਵਕਤ ਲੰਘਾਵੇ ਅੰਦਰ ਵੜ ਕੇ।

'ਕੱਲੀ ਕਾਰੀ ਲੁਕ ਲੁਕ ਜਿਉਂਦੀ
ਅੱਖ ਸ਼ਰੀਕਾਂ ਦੀ ਵਿਚ ਰੜਕੇ।

ਦਿਨ ਚੜ੍ਹਿਆ ਪਏ ਲੋਕੀਂ ਆਖਣ
ਮਰ ਗਈ ਆਪਣੇ ਘਰ ਵਿਚ ਸੜ ਕੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

## ਬੇਗਾਨੀਆਂ ਘੋੜੀਆਂ ਨੂੰ!

ਗੱਲਾਂ ਹੁੰਦੀਆਂ ਜਦੋਂ ਵੀ ਭੇਤ ਭਰੀਆਂ,
ਕਰ ਕੇ ਆਉਂਦੇ ਨੇ ਹੇਰ ਤੇ ਫੇਰ ਬੰਦੇ।

ਇੱਕ ਤਰਫ ਵੀ ਖੜ੍ਹਾ ਕੋਈ ਨਹੀਂ ਹੁੰਦਾ,
ਖਿਲਰੇ ਖੰਭ ਦਿਖਾਉਂਦੇ ਚੁਫੇਰ ਬੰਦੇ।

ਗੁਣੀਏ ਫੜ ਕੇ ਹੱਥਾਂ ਵਿਚ ਘੁੰਮਦੇ ਨੇ,
ਢਾਹੁਣ ਲੱਗੇ ਨਾ ਲਾਂਵਦੇ ਦੇਰ ਬੰਦੇ।

ਰੇਤ ਲਾ ਕੇ ਫਿਰਨ ਸਮੇਤ ਛੁਰੀਆਂ,
ਪਾਹੁਣ ਲਈ ਚਲਾਉਂਦੇ ਹਨੇਰ ਬੰਦੇ।

ਪਹਿਲਾਂ ਜਿੱਤਣ ਦਾ ਵਰਦਾਨ ਦੇ ਕੇ,
ਯਾਰਾਂ ਤਾਈਂ ਹਰਾਉਂਦੇ ਨੇ ਘੇਰ ਬੰਦੇ।

ਸਦਾ ਰਹਿੰਦੇ ਨੇ ਨਾਲ ਸ਼ਿਕਾਰੀਆਂ ਦੇ,
ਲੋਕਾਂ ਵਿਚ ਅਖਵਾਉਂਦੇ ਨੇ ਸ਼ੇਰ ਬੰਦੇ।

ਪਿਆ ਹੁੰਦਾ ਹੈ ਟੁੱਕ 'ਤੇ ਜਿਉਂ ਡੇਲਾ,
ਆ ਝੋਲੀ ਵਿਚ ਪਾਉਂਦੇ ਨੇ ਬੇਰ ਬੰਦੇ।

ਮੱਖੀ ਨੱਕ 'ਤੇ ਕਦੇ ਨਹੀਂ ਬਹਿਣ ਦਿੰਦੇ,
ਕਰ ਕੇ ਵਾਕਾ ਬੁਲਾਉਂਦੇ ਨੇ ਫੇਰ ਬੰਦੇ।

ਚੋਰੀ ਕਰਨ ਬੇਗਾਨੀਆਂ ਘੋੜੀਆਂ ਨੂੰ,
ਕਹਿੰਦੇ ਅਤੇ ਕਹਾਉਂਦੇ 'ਦਲੇਰ' ਬੰਦੇ।

*-ਹਰਜਿੰਦਰ ਗੁਲਪੁਰ*

# ਅੰਨ ਅਤੇ ਦੰਦ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਮੂੰਹ ਰਾਹੀਂ ਖਪਾਉਣ, ਭੋਜਨ ਕਰਨ ਦੇ ਅਰਥਾਂ ਵਿਚ ਪੰਜਾਬੀ ਦਾ ਬਹੁ-ਵਰਤੀਂਦਾ ਸ਼ਬਦ ਖਾਣਾ ਹੈ, ਪਰ ਇਉਂ ਲਗਦਾ ਹੈ ਕਿ ਕਿਸੇ ਵੇਲੇ ਇਸ ਲਈ ਕੋਈ ਹੋਰ ਸ਼ਬਦ ਵੀ ਵਰਤਿਆ ਜਾਂਦਾ ਰਿਹਾ ਹੋਵੇਗਾ। ਖਾਣਾ ਸ਼ਬਦ ਦੇ ਪ੍ਰਧਾਨ ਹੋ ਜਾਣ ਨਾਲ ਜਾਂ ਤਾਂ ਇਹ ਸ਼ਬਦ ਦੱਬਿਆ ਰਹਿ ਗਿਆ ਜਾਂ ਫਿਰ ਪੰਜਾਬੀ ਤੇ ਹੋਰ ਭਾਰਤੀ ਆਰਿਆਈ ਭਾਸ਼ਾਵਾਂ ਵਿਚ ਇਹ ਤੁਰਿਆ ਹੀ ਨਹੀਂ। ਇਹ ਸ਼ਬਦ 'ਅਦ' ਜਿਹਾ ਹੈ, ਜਿਸ ਦੀ ਸੰਸਕ੍ਰਿਤ ਵਿਚ ਟੋਹ ਮਿਲਦੀ ਹੈ। ਇਸ ਭਾਸ਼ਾ ਵਿਚ ਇਸ ਤੋਂ ਬਣੇ ਢੇਰ ਸਾਰੇ ਸ਼ਬਦ ਮਿਲਦੇ ਹਨ। ਮਿਸਾਲ ਵਜੋਂ ਅਦਤਰ ਦਾ ਮਤਲਬ ਖਾਣਯੋਗ; ਮਤਸਯਾਦ ਹੁੰਦਾ ਹੈ, ਮੱਛੀ ਖਾਣਾ; ਮਾਂਸਾਦ ਦਾ ਅਰਥ ਹੈ, ਮਾਸ ਨਾ ਖਾਣਾ। ਪੇਟੂ ਨੂੰ ਅਦਮਰ ਕਿਹਾ ਗਿਆ ਹੈ, ਅਵਾਦ ਦਾ ਮਤਲਬ ਹੈ, ਖਿਲਾਉਣਾ। ਸੰਸਕ੍ਰਿਤ ਵਿਚ ਇਸ ਦਾ ਇਕ ਰੂਪ ਅੱਤਿ ਵੀ ਮਿਲਦਾ ਹੈ ਜਿਸ ਦਾ ਅਰਥ ਹੈ-ਖਾਣਵਾਲਾ, ਭਖੀ। ਇਸ ਤੋਂ ਬਣੇ ਅਤ੍ਰਿਣਮ ਸ਼ਬਦ ਦਾ ਇੱਕ ਅਰਥ ਘਾਹ ਨਾ ਖਾਣਾ ਤੇ ਦੂਜਾ ਹੈ, ਨਵ-ਜਨਮਿਆ ਵੱਛਾ ਭਾਵ ਜੋ ਘਾਹ ਨਹੀਂ ਖਾਂਦਾ। ਇਸ ਦਾ ਇੱਕ ਰੂਪ ਆਦ ਵੀ ਹੈ। ਪਰ ਮੇਰੀਆਂ ਨਜ਼ਰਾਂ ਵਿਚ ਪੰਜਾਬੀ ਵਿਚ 'ਅਦ' ਧਾਤੂ ਤੋਂ ਬਣਿਆ ਇੱਕੋ ਇੱਕ ਸ਼ਬਦ ਅੰਨ ਹੀ ਗੁਜ਼ਰਿਆ ਹੈ, ਜਿਸ ਦੇ ਸੰਸਕ੍ਰਿਤ ਵਿਚ ਅਰਥ ਹਨ: ਭੋਜਨ, ਖਾਣਾ, ਆਹਾਰ; ਚੌਲ, ਭਾਤ; ਅਨਾਜ ਅਰਥਾਤ ਦਾਣੇ, 'ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ॥', 'ਅੰਨੁ ਨ ਖਾਹਿ ਦੇਹੀ ਦੁਖੁ ਦੀਜੈ॥', 'ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥' (ਗੁਰੂ ਨਾਨਕ ਦੇਵ); 'ਜਪੀਐ ਨਾਮੁ ਜਪੀਐ ਅੰਨੁ॥' (ਭਗਤ ਕਬੀਰ)

ਅੰਨ ਵਹੁਟੀ, ਅੰਨ ਲਾੜਾ,
ਅੰਨ ਦਾ ਵਿਹਾਰ ਸਾਰਾ।
ਅੰਨ ਮੋਟਾ ਅੰਨ ਜਾੜ੍ਹਾ,
ਅੰਨ ਰੋਵੇ, ਅੰਨ ਹੱਸੇ। (ਜੱਲ੍ਹਣ)

ਸੰਸਕ੍ਰਿਤ ਵਿਚ ਅਨਮ-ਜਲਮ ਦਾ ਮਤਲਬ ਹੈ, ਭੋਜਨ ਅਤੇ ਪਾਣੀ। ਟਾਕਰਾ ਕਰੋ ਪੰਜਾਬੀ 'ਅੰਨ ਜਲ' ਜਾਂ 'ਅੰਨ ਪਾਣੀ', ਮੁਹਾਵਰਾ ਹੈ, ਜੇਹਾ ਤੇਰਾ ਅੰਨ ਪਾਣੀ, ਤੇਹਾ ਤੇਰਾ ਕੰਮ ਜਾਣੀ। ਵਾਰਸ ਸ਼ਾਹ ਨੇ ਇਹ ਸ਼ਬਦ ਜੁੱਟ ਵਰਤਿਆ ਹੈ,

ਅੰਨ ਪਾਣੀ ਹਜ਼ਾਰੇ ਦਾ ਕਸਮ ਕਰਕੇ,
ਕਸਦ ਝੰਗ ਸਿਆਲ ਚਿਤਾਰਿਆ ਈ।
ਕੀਤਾ ਰਿਜ਼ਕ ਨੇ ਆਣ ਉਦਾਸ ਰਾਂਝਾ,
ਚਲੋ ਚਲੀ ਹੀ ਜੀਉ ਪੁਕਾਰਿਆ ਈ।

ਅੰਨ ਤੋਂ ਹੀ ਅੱਗੇ ਅਨਾਜ ਬਣਿਆ, ਜਿਸ ਦਾ ਸੰਸਕ੍ਰਿਤ ਰੂਪ ਅਨਾਦਯ ਹੈ। ਪੰਜਾਬੀ ਵਿਚ ਮਿਲਦਾ ਹੋਰ ਸ਼ਬਦ ਹੈ, ਅੰਨਦਾਤਾ। ਅੰਨ ਦਾ ਭਾਰੋਪੀ ਮੂਲ 'ed' ਹੈ, ਜਿਸ ਵਿਚ ਖਾਣ ਦਾ ਭਾਵ ਹੈ। ਬਹੁਤ ਸਾਰੀਆਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਇਸ ਦੇ ਸਜਾਤੀ ਸ਼ਬਦ ਮਿਲਦੇ ਹਨ, ਜਿਨ੍ਹਾਂ ਵਿਚ ਖਾਣ ਦਾ ਭਾਵ ਹੈ, ਮਿਸਾਲ ਵਜੋਂ ਗਰੀਕ edo, ਲਿਥੂਏਨੀਅਨ edu, ਆਰਮੀਨਅਨ utem = ਮੈਂ ਖਾਂਦਾ ਹਾਂ; ਅਵੇਸਤਨ ad, ਲਾਤੀਨੀ edere, ਰੂਸੀ jest, ਪੁਰਾਣੀ ਜਰਮਨ essan, ਪੁਰਾਣੀ ਸਵੀਡਿਸ਼ ਅਤੇ ਪੁਰਾਣੀ ਅੰਗਰੇਜ਼ੀ etan = ਖਾਣਾ। ਇਥੇ ਪੁਰਾਣੀ ਅੰਗਰੇਜ਼ੀ ਦਾ ਸ਼ਬਦ etan ਧਿਆਨ ਮੰਗਦਾ ਹੈ। ਇਸ ਵਿਚੋਂ 'ਨ' ਧੁਨੀ ਅਲੋਪ ਹੋਣ ਅਤੇ ਸਵਰ-ਬਦਲੀ ਨਾਲ ਅਜੋਕਾ ਅੰਗਰੇਜ਼ੀ ਸ਼ਬਦ eat ਸਾਹਮਣੇ ਆਉਂਦਾ ਹੈ। ਗੌਰਤਲਬ ਹੈ ਕਿ ਜਰਮੈਨਿਕ ਭਾਸ਼ਾਵਾਂ ਵਿਚ ਨਿਯਮਿਤ ਤੌਰ 'ਤੇ 'ਦ/ਡ' ਧੁਨੀ 'ਟ' ਵਿਚ ਬਦਲ ਜਾਂਦੀ ਹੈ। ਲਾਤੀਨੀ edere ਤੋਂ ਇਸ ਭਾਸ਼ਾ ਵਿਚ ਇੱਕ ਸ਼ਬਦ ਬਣਦਾ ਹੈ, edibilis ਜਿਸ ਦਾ ਅਰਥ ਹੈ, ਖਾਣਯੋਗ। ਇਹ ਸ਼ਬਦ ਅੰਗਰੇਜ਼ੀ ਵਿਚ edible ਦੇ ਰੂਪ ਵਿਚ ਦਾਖਲ ਹੁੰਦਾ ਹੈ। ਮੋਟੇ-ਤਾਜ਼ੇ ਦੇ ਅਰਥਾਂ ਵਿਚ ਇਕ ਲਾਤੀਨੀ ਸ਼ਬਦ ਹੈ, obesus, ਜਿਸ ਦਾ ਸ਼ਾਬਦਿਕ ਅਰਥ ਹੈ, ਬਹੁਤਾ ਖਾਣ ਵਾਲਾ ਅਰਥਾਤ ਪੇਟੂ। ਇਹ ਅੱਗੋਂ edere (ਖਾਣਾ) ਦਾ ਭੂਤਕਾਲਕ ਰੂਪ ਹੈ। ਇਸ ਸ਼ਬਦ ਵਿਚ 'ob' ਤਾਂ ਇੱਕ ਅਗੇਤਰ ਹੈ, ਜਿਸ ਦਾ ਅਰਥ ਵੱਲ ਹੁੰਦਾ ਹੈ। ਅੰਗਰੇਜ਼ੀ ਦਾ ਇੱਕ ਸ਼ਬਦ ਹੈ fret, ਜਿਸ ਦਾ ਪੁਰਾਣੀ ਅੰਗਰੇਜ਼ੀ ਵਿਚ ਅਰਥ ਹੁੰਦਾ ਸੀ-ਨਿਗਲਣਾ, ਹੜੱਪਣਾ, ਡੱਫਣਾ, ਖਾਣਾ। ਪ੍ਰਾਕ-ਜਰਮਨ ਵਿਚ ਇਸ ਦਾ ਰੂਪ ਸੀ 'fra-etan' ਤੇ ਅਰਥ ਸੀ, ਪੂਰਾ ਖਾ ਜਾਣਾ। ਇਸ ਸ਼ਬਦ ਦਾ ਅਗੇਤਰੀ ਅੰਸ਼ fra ਭਾਰੋਪੀ ਮੂਲ 'per' ਦਾ ਜਰਮੈਨਿਕ ਰੂਪ ਹੈ ਤੇ ਅਰਥ ਹੁੰਦਾ ਹੈ-ਦੀ ਤਰਫ, ਵੱਲ, ਚੁਫੇਰੇ। ਮੋਟੇ ਤੌਰ 'ਤੇ ਸ਼ਾਬਦਿਕ ਅਰਥ ਬਣਦਾ ਹੈ, ਖਾਣ ਵੱਲ ਵਧਣਾ। ਅਜੋਕੀ ਅੰਗਰੇਜ਼ੀ ਵਿਚ fret ਸ਼ਬਦ ਦਾ ਅਰਥ ਹੈ-ਚਿੰਤਿਤ ਰਹਿਣਾ, ਕੁੜ੍ਹਨਾ, ਖਿਝਣਾ। ਪਾਠਕ ਸਮਝ ਸਕਦੇ ਹਨ ਇਸ ਸ਼ਬਦ ਵਿਚ ਮਨ ਨੂੰ ਖਾਈ ਜਾਣ ਦਾ ਭਾਵ ਹੈ।



ਵਰਤਮਾਨ ਵਿਚ ਅੰਗਰੇਜ਼ੀ ਦਾ ਇੱਕ ਅਤਿ ਪ੍ਰਤਿਭਾਸ਼ਾਲੀ ਨਿਰੁਕਤਸ਼ਾਸਤਰੀ ਹੈ ਅਨਾਤੋਲੀ ਲਿਬਰਮੈਨ, ਜੋ ਮਿਨੇਸੋਟਾ ਯੂਨੀਵਰਸਿਟੀ ਵਿਚ ਜਰਮਨ, ਸਲਾਵਿਕ ਅਤੇ ਡੱਚ ਭਾਸ਼ਾਵਾਂ ਦੇ ਵਿਭਾਗ ਵਿਚ ਪ੍ਰੋਫੈਸਰ ਹੈ। ਉਹ ਜਰਮੈਨਿਕ ਭਾਸ਼ਾਵਾਂ ਦਾ ਮਾਹਿਰ ਹੈ। ਅੱਜ ਕਲ ਉਹ ਅੰਗਰੇਜ਼ੀ ਸ਼ਬਦਾਂ ਦੀਆਂ ਅਗਿਆਤ ਨਿਰੁਕਤੀਆਂ 'ਤੇ ਕੰਮ ਕਰ ਰਿਹਾ ਹੈ। ਉਸ ਨੇ ਉਪਰ-ਚਰਚਿਤ 'ad' ਸ਼ਬਦ ਦਾ ਦਲੀਲਾਂ ਸਹਿਤ ਦੰਦ (ਸ਼ਬਦ) ਨਾਲ ਸਬੰਧ ਜੋੜਨ ਦਾ ਯਤਨ ਕੀਤਾ ਹੈ। ਮੇਰੇ ਲਈ ਇਹ ਬਹੁਤ ਹੀ ਹੈਰਾਨ ਕਰਨ ਵਾਲੀ ਅਤੇ ਗਿਆਨਵਰਧਕ ਗੱਲ ਸੀ। ਖਾਣ ਦੀ ਕਿਰਿਆ ਦੰਦਾਂ ਨਾਲ ਹੁੰਦੀ ਹੈ, ਮਾਨੋ ਖਾਣਾ ਦੰਦਾਂ ਨਾਲ ਵਢਣਾ ਹੀ ਹੈ।

ਲਿਬਰਮੈਨ ਦਾ ਨੁਕਤਾ ਸਮਝਣ ਲਈ ਪਹਿਲਾਂ ਦੰਦ ਸ਼ਬਦ ਦਾ ਅੱਗਾ ਪਿੱਛਾ ਫੋਲ ਲਈਏ। ਦਰਅਸਲ ਦੰਦ ਸ਼ਬਦ ਵੀ ਹਿੰਦ-ਯੂਰਪੀ ਹੈ, ਜਿਸ ਦਾ ਮੂਲ ਹੈ 'dent', ਇਸ ਵਿਚ ਦੰਦ ਦਾ ਭਾਵ ਹੈ। ਸੰਸਕ੍ਰਿਤ ਵਿਚ ਇਸ ਦਾ ਸਜਾਤੀ ਦਤ ਵੀ ਹੈ ਤੇ ਦੰਤ ਵੀ, ਸਗੋਂ ਕਰਤਾ ਕਾਰਕ ਵਜੋਂ ਤਾਂ ਦਨ ਵੀ ਹੈ। ਪਾਲੀ ਪ੍ਰਾਕ੍ਰਿਤ ਵਿਚ ਵੀ ਇਸ ਦੇ ਰੂਪ ਦੰਤ ਜਿਹੇ ਹੀ ਹਨ। ਹੋਰ ਹਿੰਦ-ਆਰਿਆਈ ਭਾਸ਼ਾਵਾਂ ਵਿਚ ਇਸ ਦੇ ਰੂਪ ਦਾਂਤ, ਦਾਂਦਾ, ਦੌਂਤ, ਦਨ, ਦੋਨ, ਦਾਨ ਜਿਹੇ ਹਨ ਜਦ ਕਿ ਫਾਰਸੀ ਵਿਚ ਇਸ ਦਾ ਰੂਪ ਦੰਦ ਹੈ, ਜਿਸ ਦਾ ਬਹੁਵਚਨ ਦੰਦਾਨ ਹੈ। ਗੌਰਤਲਬ ਹੈ ਕਿ ਫਾਰਸੀ ਦੰਦਾਨ ਦਾ ਅਰਥ ਮੂੰਹ ਵੀ ਹੈ ਤੇ ਇੱਛਾ, ਲਾਲਸਾ; ਚੁੰਮਣ, ਚਿੰਤਾ, ਦੁੱਖ, ਸ਼ੋਕ ਵੀ ਹੈ। ਅਸੀਂ ਪਹਿਲਾਂ ਅੰਗਰੇਜ਼ੀ fret ਦਾ ਅਰਥ ਚਿੰਤਾ ਜਿਹਾ ਦੇਖ ਆਏ ਹਾਂ।

ਪੰਜਾਬੀ ਦੰਦ ਇਹੀ ਫਾਰਸੀ ਵਾਲਾ ਹੈ, ਪਰ ਕਈ ਪ੍ਰਸੰਗਾਂ ਵਿਚ ਪੰਜਾਬੀ ਵਿਚ ਸੰਸਕ੍ਰਿਤ ਵਲੋਂ ਦੰਤ ਸ਼ਬਦ ਵੀ ਚਲਦਾ ਹੈ। ਇਨ੍ਹਾਂ ਦੋਹਾਂ ਰੂਪਾਂ ਤੋਂ ਅੱਗੇ ਹੋਰ ਕਈ ਸ਼ਬਦ ਬਣੇ ਹਨ। ਕੁਝ ਸ਼ਬਦ ਪੰਜਾਬੀ ਦੇ ਯਾਦ ਕਰ ਲਈਏ: ਦੰਦਾ, ਦੰਦੇਦਾਰ, ਦਾਂਦੂ, ਦੰਦੀ, ਦਾਤ, ਦਾਤੀ, ਦਾਤਣ (ਇਸ ਦਾ ਸੰਸਕ੍ਰਿਤ ਰੂਪ ਦੰਤਪਵਨ ਹੈ), ਦੰਦਲ/ਦੰਦਣ, ਦੰਦਾਸਾ, ਦੰਦਰਾਲ, ਦੰਦਬੀੜ, ਦੰਦਸਾਜ਼, ਦੁਧ-ਦੰਦ, ਦੰਦ-ਕਰੋਲਣੀ, ਦੰਦ-ਘਸਾਈ, ਦੰਦ-ਖੰਡ, ਦੰਦ-ਬੋੜਾ ਆਦਿ। ਦੰਦ-ਕਥਾ ਦਾ ਦੰਦ ਨਾਲ ਕੋਈ ਸਬੰਧ ਨਹੀਂ, ਕਿਵਦੰਤੀ ਨਾਲ ਹੈ, ਇਸ ਬਾਰੇ ਪਹਿਲਾਂ ਲਿਖਿਆ ਜਾ ਚੁਕਾ ਹੈ। ਕੁਝ ਮੁਹਾਵਰੇ ਵੀ ਦੇਖ ਲਈਏ: ਦੰਦ ਦਿਖਾਉਣੇ, ਦੰਦ ਕਢਣੇ, ਦੰਦਾਂ ਵਿਚ ਉਂਗਲ ਦੇਣਾ, ਦੰਦ ਵੱਜਣੇ, ਦੰਦ ਪੀਹਣੇ, ਦੰਦ ਭੰਨਣੇ, ਦੰਦੀਆਂ ਚੁੰਘਾਉਣਾ, ਹਾਥੀ ਦੇ ਦੰਦ ਖਾਣ ਦੇ ਹੋਰ, ਦਿਖਾਉਣ ਦੇ ਹੋਰ। 'ਦੰਦ ਖੱਟੇ ਕਰਨਾ' ਮੁਹਾਵਰਾ ਫਾਰਸੀ ਮੁਹਾਵਰੇ 'ਦੰਦਾਨ ਅਜ਼ ਤੁਰਸ਼ ਕਰਦਨ' ਦਾ ਸਿੱਧਾ ਅਨੁਵਾਦ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਦੰਤ ਰੂਪ ਹੀ ਆਇਆ ਹੈ, 'ਤੇਰੇ ਬਾਂਕੇ ਲੋਇਣ ਦੰਤ ਰੀਸਾਲਾ॥' (ਗੁਰੂ ਨਾਨਕ ਦੇਵ)। ਵਾਰਸ ਸ਼ਾਹ ਨੇ ਵੀ ਖੂਬ ਦੰਦ ਦਿਖਾਏ ਹਨ,

ਫਿਟ ਚੜ੍ਹਦਿਆਂ ਚੂੜੀਆਂ ਕਢ ਸੁਟਾਂ,
ਲਾ ਬਹੀਏਂ ਜੇ ਵੈਰ ਦੀ ਚੁੰਜ ਰੰਨੇ।
ਸਿਰ ਫਾਵੜੀ ਮਾਰ ਕੇ ਦੰਦ ਝਾੜੂੰ,
ਟੰਗਾਂ ਭੰਨ ਕੇ ਕਰੂੰਗਾ ਲੁੰਜ ਰੰਨੇ।

ਜਿਵੇਂ ਉਪਰ ਦੱਸਿਆ ਗਿਆ ਹੈ, ਦੰਦ ਦਾ ਭਾਰੋਪੀ ਮੂਲ 'dent' ਹੈ। ਇਸੇ ਤੋਂ ਇਸ ਦਾ ਲਾਤੀਨੀ ਰੂਪ dens, ਗਰੀਕ odontos, ਲਿਥੂਏਨੀਅਨ dantis ਬਣੇ ਹਨ। ਲਾਤੀਨੀ dentalis ਤੋਂ ਹੀ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ dental ਸ਼ਬਦ ਪਹੁੰਚਿਆ। denture ਤੇ denist ਹੋਰ ਅਗੇ ਬਣੇ ਸ਼ਬਦ ਹਨ।

ਅੰਗਰੇਜ਼ੀ tooth ਪ੍ਰਾਕ ਜਰਮੈਨਿਕ ਅਸਲੇ ਦਾ ਹੈ। ਜਿਵੇਂ ਪਹਿਲਾਂ ਦੱਸਿਆ ਜਾ ਚੁਕਾ ਹੈ, ਜਰਮੈਨਿਕ ਭਾਸ਼ਾਵਾਂ ਵਿਚ 'ਡ/ਦ' ਧੁਨੀ 'ਟ/ਜ਼' ਵਿਚ ਬਦਲ ਜਾਂਦੀ ਹੈ। ਇਸ ਤਰ੍ਹਾਂ ਇਸ ਦਾ ਜਰਮਨ ਭਾਸ਼ਾ ਵਿਚ zahn ਜਿਹਾ ਰੂਪ ਬਣਿਆ, ਗੌਥਿਕ ਵਿਚ tunthus ਅਤੇ ਪੁਰਾਣੀ ਅੰਗਰੇਜ਼ੀ ਵਿਚ toth ਬਣਿਆ। ਧਿਆਨਯੋਗ ਹੈ ਕਿ ਅੰਗਰੇਜ਼ੀ ਤੇ ਕੁਝ ਹੋਰ ਭਾਸ਼ਾਵਾਂ ਵਿਚ 'ਟ, ਸ, ਜ਼' ਜਿਹੀਆਂ ਧੁਨੀਆਂ ਤੋਂ ਪਹਿਲਾਂ ਆਈ ਅਨੁਨਾਸਕਤਾ ਗੁੰਮ ਹੋ ਜਾਂਦੀ ਹੈ, ਇਸ ਲਈ dent ਵਿਚਲੀ ਅਨੁਨਾਸਕਤਾ ਅੰਗਰੇਜ਼ੀ ਵਿਚ ਆ ਕੇ ਅਲੋਪ ਹੋ ਗਈ ਤੇ 'ਡ' ਧੁਨੀ 'ਟ' ਵਿਚ ਪਲਟ ਗਈ। ਸਿੱਟੇ ਵਜੋਂ toth ਜਿਹਾ ਸ਼ਬਦ ਸਾਹਮਣੇ ਆਇਆ, ਜਿਸ ਵਿਚਲਾ 'ਓ' ਸਵਰ ਲਮਕ ਕੇ 'ਊ' ਹੋ ਗਿਆ ਤੇ ਸ਼ਬਦ ਬਣ ਗਿਆ tooth.

ਉਪਰੋਕਤ ਲੰਮੀ ਚੌੜੀ ਬੋਰ ਕਰਨ ਵਾਲੀ ਚਰਚਾ ਇਸ ਨੁਕਤੇ 'ਤੇ ਲਿਆਉਣ ਲਈ ਕੀਤੀ ਗਈ ਹੈ ਕਿ ਅਨਾਤੋਲੀ ਲਿਬਰਮੈਨ ਨੇ ਅੰਗਰੇਜ਼ੀ ਖਾਣ ਦੇ ਅਰਥਾਂ ਵਾਲੇ ਅੰਗਰੇਜ਼ੀ ਸ਼ਬਦ 'eat' ਦੇ ਪਿਛੇ ਦੰਦ ਸ਼ਬਦ ਦੇ ਪੂਰਵਵਰਤੀ ਰੂਪ ਪ੍ਰਤੀਤ ਕੀਤੇ ਹਨ। ਉਸ ਨੇ ਇਨ੍ਹਾਂ ਸ਼ਬਦਾਂ ਵਿਚ ਸਮੇਂ ਸਮੇਂ ਹੋਏ ਧੁਨੀ ਪਰਿਵਰਤਨਾਂ ਦਾ ਲੇਖਾ-ਜੋਖਾ ਕਰਦਿਆਂ ਇਹ ਨਤੀਜਾ ਕਢਿਆ ਹੈ। ਦਰਅਸਲ dent ਦਾ ਵਰਤਮਾਨ ਕਾਰਦੰਤਕ ਰੂਪ 'edent' ਜਿਹਾ ਸੀ, ਜਿਸ ਦਾ ਅਰਥ (ਦੰਦਾਂ ਨਾਲ) ਵਢਣਾ ਤੇ ਹੋਰ ਅੱਗੇ ਵਢਣ ਵਾਲਾ ਸੀ। ਇਸ ਤਰ੍ਹਾਂ ਈਟ ਸ਼ਬਦ ਦਾ ਭਾਵ ਬਣਦਾ ਹੈ, ਦੰਦਾਂ ਨਾਲ ਵਢਣਾ। ਅਸੀਂ ਦੇਖਿਆ ਹੈ ਕਿ ਅੰਗਰੇਜ਼ੀ ਈਟ ਅਤੇ ਟੂਥ ਦੋਵੇਂ ਸ਼ਬਦ ਭਾਰੋਪੀ ਹਨ, ਜਿਨਾਂ ਦੇ ਪੰਜਾਬੀ ਰੂਪ ਕ੍ਰਮਵਾਰ ਦੰਦ ਅਤੇ ਅਦ (ਇਹ ਸ਼ਬਦ ਪੰਜਾਬੀ ਵਿਚ ਨਹੀਂ ਪਰ ਇਸ ਤੋਂ ਬਣਿਆ ਅੰਨ ਜ਼ਰੂਰ ਹੈ) ਹਨ। ਸੋ ਅਸੀਂ ਨਤੀਜਾ ਕਢ ਸਕਦੇ ਹਾਂ ਕਿ ਅੰਨ ਦਾ ਦੰਦ ਨਾਲ ਅਰਥਾਂ ਪੱਖੋਂ ਹੀ ਨਹੀਂ, ਧੁਨੀ ਪੱਖੋਂ ਵੀ ਸਜਾਤੀ ਸਬੰਧ ਹੈ।

---

# ਮੇਰੀ ਖੇਡ ਲੇਖਣੀ ਦੀ ਮੈਰਾਥਨ



ਪ੍ਰਿੰ. ਸਰਵਣ ਸਿੰਘ

ਮੈਂ ਖੇਡਾਂ ਤੇ ਖਿਡਾਰੀਆਂ ਬਾਰੇ 1965-66 ਤੋਂ ਲਿਖਦਾ ਆ ਰਿਹਾਂ। ਅਜੇ ਵੀ ਲੱਗਦੈ ਜਿਵੇਂ ਗੋਹੜੇ 'ਚੋਂ ਪੂਣੀ ਹੀ ਕੱਤੀ ਗਈ ਹੋਵੇ। ਖੇਡਾਂ ਦੀ ਦੁਨੀਆਂ ਬੜੀ ਵਿਸ਼ਾਲ ਹੈ। ਵਿਸ਼ਵ ਦੀਆਂ ਹਜ਼ਾਰਾਂ ਖੇਡਾਂ ਹਨ, ਜੋ ਜਲ, ਥਲ, ਬਰਫ ਤੇ ਹਵਾ ਵਿਚ ਖੇਡੀਆਂ ਜਾਂਦੀਆਂ ਹਨ। ਸੌ ਤੋਂ ਵੱਧ ਤਾਂ ਪੰਜਾਬ ਦੀਆਂ ਦੇਸੀ ਖੇਡਾਂ ਹੀ ਹਨ, ਜਿਨ੍ਹਾਂ 'ਚੋਂ ਸਤਾਸੀ ਖੇਡਾਂ ਦਾ ਵੇਰਵਾ ਮੈਂ 'ਪੰਜਾਬ ਦੀਆਂ ਦੇਸੀ ਖੇਡਾਂ' ਪੁਸਤਕ ਵਿਚ ਦਿੱਤਾ ਹੈ।

ਮੈਂ ਕਦੇ ਲਿਖਿਆ ਸੀ, "ਸ੍ਰਿਸ਼ਟੀ ਇਕ ਵੱਡਾ ਖੇਡ ਮੇਲਾ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ ਮੈਦਾਨ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਉਹਦੇ ਖਿਡਾਰੀ ਹਨ। ਦਿਨ-ਰਾਤ ਤੇ ਰੁੱਤਾਂ ਦੇ ਗੇੜ ਮੈਚਾਂ ਦਾ ਸਮਾਂ ਸਮਝੇ ਜਾ ਸਕਦੇ ਹਨ। ਜੀਵਨ ਇਕ ਖੇਡ ਹੀ ਤਾਂ ਹੈ! ਜੀਵ ਆਉਂਦੇ ਹਨ ਤੇ ਤੁਰਦੇ ਜਾਂਦੇ ਹਨ। ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਜੋ ਜਿੱਤ ਜਾਂਦੇ ਨੇ, ਉਹ ਬੱਲੇ-ਬੱਲੇ ਕਰਾ ਜਾਂਦੇ ਨੇ ਤੇ ਜੋ ਹਾਰ ਜਾਂਦੇ ਨੇ ਉਹ ਭੁੱਲ-ਭੁੱਲਾ ਜਾਂਦੇ ਨੇ। ਕੁਦਰਤ ਦੇ ਕਾਦਰ ਨੇ ਅਲੌਕਿਕ ਮੇਲਾ ਰਚਾ ਰੱਖਿਐ ਤੇ ਬਾਜ਼ੀ ਪਾ ਰੱਖੀ ਹੈ, "ਬਾਜੀਗਰ ਬਾਜੀ ਪਾਈ ਸਭ ਖਲਕ ਤਮਾਸ਼ੇ ਆਈ।"

ਸੋਹਣ ਸਿੰਘ ਸੀਤਲ ਦੀਆਂ ਬਹੁਤੀਆਂ ਕਿਤਾਬਾਂ ਦੇ ਨਾਂ ਮੂਹਰੇ ਸੀਤਲ ਲੱਗਦਾ ਹੈ। ਜਿਵੇਂ ਸੀਤਲ ਪ੍ਰਸੰਗ, ਸੀਤਲ ਤਾਂਘਾਂ, ਸੀਤਲ ਤਰੰਗਾਂ, ਸੀਤਲ ਉਮੰਗਾਂ, ਸੀਤਲ ਰਮਜ਼ਾਂ, ਸੀਤਲ ਸੁਗਾਤਾਂ, ਸੀਤਲ ਕਿਰਨਾਂ ਤੇ ਸੀਤਲ ਵਲਵਲੇ ਆਦਿ। ਮੇਰੀਆਂ ਵੀ ਬਹੁਤੀਆਂ ਕਿਤਾਬਾਂ ਦੇ ਨਾਂ ਖੇਡ ਨਾਲ ਸ਼ੁਰੂ ਹੁੰਦੇ ਹਨ। ਜਿਵੇਂ ਖੇਡ ਸੰਸਾਰ, ਖੇਡ ਜਗਤ ਵਿਚ ਭਾਰਤ, ਖੇਡ ਮੈਦਾਨ 'ਚੋਂ, ਖੇਡ ਜਗਤ ਦੀਆਂ ਬਾਤਾਂ, ਖੇਡ ਪਰਿਕਰਮਾ, ਖੇਡ ਦਰਸ਼ਨ, ਖੇਡ ਮੇਲੇ ਵੇਖਦਿਆਂ, ਖੇਡਾਂ ਦੀ ਦੁਨੀਆਂ ਅਤੇ ਖੇਡ ਤੇ ਸਿਹਤ ਵਾਰਤਾ। ਹੋ ਸਕਦੈ ਕਦੇ ਖੇਡ ਚਰਚਾ, ਖੇਡ ਕਥਾ ਤੇ ਖੇਡ ਲੀਲ੍ਹਾ ਵੀ ਰੱਖੇ ਜਾਣ। ਰੱਖਣ ਨੂੰ ਤਾਂ ਖੇਡ ਖਿਡਾਰੀ ਵੀ ਰੱਖਿਆ ਜਾ ਸਕਦੈ, ਕਿਉਂਕਿ ਇਨ੍ਹਾਂ ਪੁਸਤਕਾਂ ਦਾ ਵਿਸ਼ਾ ਹੀ ਖੇਡਾਂ ਤੇ ਖਿਡਾਰੀ ਹਨ।

ਇਨ੍ਹਾਂ ਵਿਚ ਖਿਡਾਰੀਆਂ ਦੇ ਸ਼ਬਦ ਚਿੱਤਰ, ਜੀਵਨੀਆਂ, ਸਵੈਜੀਵਨੀਆਂ, ਖੇਡ ਕਹਾਣੀਆਂ, ਖੇਡ ਇਤਿਹਾਸ, ਖੇਡ ਮੇਲੇ, ਖੇਡ ਮਸਲੇ, ਖੇਡ ਕਿੱਸੇ, ਖੇਡ ਤਬਸਰੇ, ਖੇਡਾਂ ਦੀ ਜਾਣ-ਪਛਾਣ, ਖੇਡਾਂ ਦੀਆਂ ਬਾਤਾਂ, ਪੇਂਡੂ ਓਲੰਪਿਕਸ, ਖੇਡਾਂ ਦਾ ਕਾਵਿ-ਸੰਸਾਰ, ਖੇਡ ਚਿੰਤਨ, ਅਲੋਪ ਹੋ ਰਹੀਆਂ ਦੇਸੀ ਖੇਡਾਂ ਤੇ ਖੇਡੀਆਂ ਜਾਂਦੀਆਂ ਅਜੋਕੀਆਂ ਖੇਡਾਂ ਬਾਰੇ ਬਹੁਪੱਖੀ ਜਾਣਕਾਰੀ ਦੇਣ ਵਾਲੀਆਂ ਪੁਸਤਕਾਂ ਹਨ। ਜਿਵੇਂ ਖੇਡਾਂ ਖੇਡਣ ਤੇ ਵੇਖਣ ਵਾਲੇ ਬਹੁਤ ਸਾਰੇ ਲੋਕ ਹਨ, ਉਵੇਂ ਖੇਡਾਂ ਤੇ ਖਿਡਾਰੀਆਂ ਬਾਰੇ ਛਪੀਆਂ ਪੁਸਤਕਾਂ ਪੜ੍ਹਨ ਵਾਲੇ ਪਾਠਕ ਵੀ ਮੌਜੂਦ ਹਨ।

ਖੇਡਾਂ ਪੰਜਾਬੀਆਂ ਦਾ ਇਸ਼ਕ ਹਨ। ਉਹ ਜਿੰਨੇ ਜ਼ੋਰ ਨਾਲ ਹਲ ਵਾਹੀ ਕਰਦੇ ਤੇ ਜੰਗਾਂ ਯੁੱਧਾਂ 'ਚ ਜੂਝਦੇ ਹਨ, ਉਨੇ ਹੀ ਜ਼ੋਰ ਨਾਲ ਖੇਡਦੇ ਹਨ। ਜਿੰਨੇ ਚਾਅ ਨਾਲ ਮੇਲੇ ਵੇਖਦੇ ਹਨ, ਉਨੇ ਹੀ ਚਾਅ ਨਾਲ ਖੇਡ ਮੁਕਾਬਲੇ। ਉਹ ਮੁੱਢ ਕਦੀਮ ਤੋਂ ਜੁੱਸੇ ਤਕੜੇ ਬਣਾਉਣ ਦੇ ਸ਼ੌਕੀਨ ਰਹੇ ਹਨ। ਤਕੜਾ ਜੁੱਸਾ ਸੋਹਣੇ ਲੱਗਣ, ਸ਼ਿਕਾਰ ਖੇਡਣ, ਲੜਾਈ ਲੜਨ, ਮਾਲ ਡੰਗਰ ਸੰਭਾਲਣ, ਖੇਤੀਬਾੜੀ ਕਰਨ ਤੇ ਖੇਡਾਂ ਖੇਡਣ ਲਈ ਵਧੇਰੇ ਕਾਮਯਾਬ ਸੀ। ਹਰ ਮਾਪੇ ਦਾ ਚਾਅ ਸੀ ਕਿ ਉਨ੍ਹਾਂ ਦਾ ਬੱਚਾ ਤਕੜਾ ਜੁਆਨ ਬਣੇ। ਜੁੱਸੇ ਤਕੜੇ ਕਰਨ ਲਈ ਖੁਰਾਕਾਂ ਤੇ ਕਸਰਤਾਂ ਉਤੇ ਉਚੇਚਾ ਜ਼ੋਰ ਦਿੱਤਾ ਜਾਂਦਾ ਸੀ। ਪੰਜਾਬੀਆਂ ਦੀਆਂ ਖੁਰਾਕਾਂ ਵਿਚ ਦੁੱਧ-ਘਿਓ, ਅਧਰਿੜਕੇ-ਤਿਓੜਾਂ, ਮੱਖਣ-ਮਲਾਈਆਂ, ਖੋਏ-ਪੰਜੀਰੀਆਂ, ਬਦਾਮ-ਛੁਹਾਰੇ, ਸ਼ਰਬਤ ਤੇ ਯਖਣੀਆਂ ਸ਼ਾਮਲ ਸਨ। ਗੁੜ-ਸ਼ੱਕਰ, ਖੰਡ-ਘਿਓ, ਦੋੜਾਂ-ਪਰਾਉਂਠਾ ਤੇ ਸਾਗ-ਮੱਖਣ ਰੱਜ ਕੇ ਖਾਧਾ ਜਾਂਦਾ। ਹਕੀਮਾਂ ਤੋਂ ਕੁਸ਼ਤੇ ਮਰਵਾਏ ਜਾਂਦੇ। ਖਸਖਸ, ਬਦਾਮਾਂ, ਪਿਸਤਿਆਂ ਤੇ ਮਗਜ਼ਾਂ ਦੀਆਂ ਸਰਦਾਈਆਂ ਰਗੜ ਕੇ ਪੀਤੀਆਂ ਜਾਂਦੀਆਂ। ਡੰਡ ਕੱਢਣੇ, ਬੈਠਕਾਂ ਮਾਰਨੀਆਂ, ਦੌੜਨਾ, ਡੱਡੂ-ਛੜੱਪੇ, ਮੂੰਗਲੀਆਂ ਫੇਰਨੀਆਂ, ਪੱਥਰ, ਵੱਟੇ, ਵੇਲਣੇ, ਅਹਿਰਨਾਂ ਤੇ ਮੁਗਦਰ ਚੁੱਕਣੇ, ਰੱਸੇ ਖਿੱਚਣੇ ਤੇ ਖੂਹ ਗੇੜਨੇ ਪੰਜਾਬੀਆਂ ਦੀਆਂ ਮੁੱਖ ਕਸਰਤਾਂ ਸਨ।

ਕੋਈ ਮੰਨੇਗਾ ਕਿ ਹੱਡ-ਮਾਸ ਦਾ ਬਣਿਆ ਬੰਦਾ ਆਪਣੇ ਸਰੀਰਕ ਵਜ਼ਨ ਨਾਲੋਂ ਤਿੰਨ ਗੁਣਾਂ ਵੱਧ ਵਜ਼ਨ ਆਪਣੀਆਂ ਬਾਹਾਂ ਉਤੇ ਤੋਲ ਦੇਵੇ! ਜੀ ਹਾਂ। ਅਜਿਹਾ ਹੋ ਚੁਕੈ। 24 ਅਪਰੈਲ 2001 ਨੂੰ ਸਲੋਵਾਕੀਆ ਦੇ ਸ਼ਹਿਰ ਟ੍ਰੈਂਚਨ ਵਿਚ ਤੁਰਕੀ ਦੇ ਭਾਰਚੁਕਾਵੇ ਹਲੀਲ ਮੁਤਲੂ ਨੇ ਇਹ ਕੁਝ ਵੀ ਕਰ ਵਿਖਾਇਐ। ਉਸ ਨੇ 56 ਕਿਲੋ ਵਰਗ 'ਚ 168 ਕਿਲੋ ਭਾਰ ਭੁੰਜਿਓਂ ਚੁੱਕ ਕੇ ਬਾਹਾਂ 'ਤੇ ਤੋਲ ਦਿੱਤਾ! ਚੀਨ ਦਾ ਲਿਓ ਹੂਈ 69 ਕਿਲੋ ਵਜ਼ਨ ਵਰਗ ਵਿਚ 198 ਕਿਲੋਗਰਾਮ ਦਾ ਬਾਲਾ ਕੱਢ ਕੇ ਦੋ ਕੁਇੰਟਲ ਦੀ ਹੱਦ ਪਾਰ ਕਰਨ ਵਾਲਾ ਹੈ। ਔਰਤਾਂ ਨੂੰ ਨਾਜ਼ੁਕ ਮਲੂਕ ਸਮਝਿਆ ਜਾਂਦੈ। ਤੁਰਕੀ ਦੀ ਨੁਰਕਨ ਤੇਲਾਨ, ਜਿਸ ਦਾ ਆਪਣਾ ਵਜ਼ਨ 48 ਕਿਲੋ ਤੋਂ ਘੱਟ ਹੈ, ਨੇ 121 ਕਿਲੋ ਵਜ਼ਨ ਬਾਹਾਂ 'ਤੇ ਚੁੱਕਣ ਦਾ ਵਿਸ਼ਵ ਰਿਕਾਰਡ ਰੱਖਿਆ ਹੈ। ਕਜ਼ਾਖਿਸਤਾਨ ਦੀ ਸਵੇਤਲਾਨਾ ਪਾਡੋਵੇਦੋਵਾ ਦਾ ਸਰੀਰਕ ਵਜ਼ਨ 75 ਕਿਲੋ ਤੋਂ ਘੱਟ ਹੈ, ਪਰ ਉਹ 134 ਕਿਲੋ ਦੀ ਸਨੈਚ ਤੇ 161 ਕਿਲੋ ਦੀ ਜਰਕ ਲਾ ਗਈ ਹੈ। ਉਸ ਨੇ ਚਾਰ ਮਣ ਤੋਂ ਵੱਧ ਵਜ਼ਨ ਬਾਹਾਂ 'ਤੇ ਤੋਲ ਦਿੱਤੈ!

'ਤੁਰੋ ਤੇ ਤੰਦਰੁਸਤ ਰਹੋ' ਸਿਹਤ ਨਰੋਈ ਰੱਖਣ ਦਾ ਸੰਦੇਸ਼ ਹੈ, "ਜਿਥੋਂ ਤਕ ਸੁਹੱਪਣ ਦੀ ਗੱਲ ਹੈ, ਸੋਹਣੇ ਸੁਡੌਲ ਜੁੱਸੇ ਪੈਰੀਂ ਤੁਰਨ ਤੇ ਕਸਰਤ ਕਰਨ ਵਾਲਿਆਂ ਦੇ ਹੀ ਹੁੰਦੇ ਹਨ। ਜਿਨ੍ਹਾਂ ਨੇ ਤੁਰਨ ਦੇ ਰਾਹ ਨਹੀਂ ਪੈਣਾ, ਉਨ੍ਹਾਂ ਦਾ ਮਾਸ ਥਲਥਲ ਹੀ ਕਰਨਾ ਹੈ। ਉਸ ਵਿਚ ਖਿੱਚ ਨਹੀਂ ਰਹਿਣੀ। ਬਿਊਟੀ ਪਾਰਲਰ ਵਾਲੇ ਸਿਹਲੀਆਂ ਘੜ ਦੇਣਗੇ, ਨਹੁੰ ਪਾਲਸ਼ ਲਾ ਦੇਣਗੇ, ਕਰੀਮਾਂ ਪਾਊਡਰਾਂ ਨਾਲ ਰੰਗ ਗੋਰਾ ਕਰ ਦੇਣਗੇ, ਪਰ ਸਰੀਰ ਦਾ ਸੁਹੱਪਣ ਤਦ ਹੀ ਨਿਖਰੇਗਾ ਜਦੋਂ ਜੁੱਸੇ ਨੂੰ ਛਾਂਟ ਕੇ ਸੁਡੌਲਤਾ ਵਿਚ ਢਾਲਿਆ ਗਿਆ। ਜੁੱਸੇ ਨੂੰ ਛਾਂਟਵਾਂ ਬਣਾਉਣ ਲਈ ਲੰਮੀਆਂ ਵਾਟਾਂ ਦੀ ਸੈਰ ਅਹਿਮ ਹੈ। ਸੈਰ ਕਰਨ 'ਤੇ ਕੁਝ ਵੀ ਨਹੀਂ ਲੱਗਦਾ ਜਦ ਕਿ 'ਬਿਊਟੀ' ਦੇ ਨਾਂ 'ਤੇ ਵਿਕਣ ਵਾਲੀਆਂ ਵਸਤਾਂ ਜੇਬਾਂ ਖਾਲੀ ਕਰ ਦਿੰਦੀਆਂ ਨੇ। ਸੁੰਦਰਤਾ ਮਹਿੰਗੇ ਕਪੜਿਆਂ, ਗਹਿਣਿਆਂ, ਫੈਸ਼ਨਾਂ ਤੇ ਲਿਪ-ਸਟਿਕਾਂ ਵਿਚ ਨਹੀਂ, ਸਗੋਂ ਸਰੀਰ ਦੀ ਸੁਡੌਲਤਾ ਵਿਚ ਹੈ। ਸੁਡੌਲ ਬਦਨ ਉਤੇ ਪਹਿਨੀ ਸਾਦੀ ਪੁਸ਼ਾਕ ਵੀ ਸਿਲਮੇ ਸਤਾਰੇ ਵਾਲੇ ਸੂਟ ਨਾਲੋਂ ਵੱਧ ਜਚਦੀ ਹੈ।

ਪੰਜਾਬ ਦੇ ਉਹ ਵੀ ਦਿਨ ਸਨ, ਜਦੋਂ ਬੀਹੀਆਂ ਤੇ ਵਿਹੜਿਆਂ ਵਿਚ ਲੋਕ ਖੇਡਾਂ ਦੇ ਝੁਰਮਟ ਪਏ ਰਹਿੰਦੇ ਸਨ। ਬੱਚੇ ਚੰਨ ਚਾਨਣੀਆਂ ਵਿਚ ਖੇਡਦੇ ਤੇ ਵਡੇਰੇ ਖੁੱਲ੍ਹੀਆਂ ਰੌੜਾਂ ਨੂੰ ਰੰਗ ਭਾਗ ਲਾਉਂਦੇ। ਕਿਧਰੇ ਲੁਕਣ-ਮੀਚੀਆਂ ਖੇਡੀਆਂ ਜਾਂਦੀਆਂ, ਕਿਧਰੇ ਛੂਹਣ-ਛੁਹਾਈਆਂ ਤੇ ਕਿਧਰੇ ਵਡਉਮਰੇ ਬੰਦੇ ਬਾਰਾਂ-ਡੀਟੀ ਤੇ ਬੋੜਾ ਖੂਹ ਖੇਡਦੇ। ਕਿਤੇ ਪੂਰ ਨੱਕਾ ਤੇ ਪਾਸਾ ਖੇਡਿਆ ਜਾਂਦਾ। ਕਿਧਰੇ ਜੁਆਨਾਂ ਦੇ ਜ਼ੋਰ ਹੁੰਦੇ ਤੇ ਛਿੰਝਾਂ ਪੈਂਦੀਆਂ। ਕਿਧਰੇ ਮੂੰਗਲੀਆਂ ਫੇਰੀਆਂ ਜਾਂਦੀਆਂ ਤੇ ਮੁਗਦਰ ਚੁੱਕੇ ਜਾਂਦੇ। ਢੋਲ ਵਜਦੇ, ਬਾਜ਼ੀਆਂ ਪੈਂਦੀਆਂ ਤੇ ਸੌਂਚੀਆਂ ਚੜ੍ਹਦੀਆਂ। ਦੇਸੀ ਖੇਡਾਂ ਦਾ ਉਹ ਰੰਗਲਾ ਰੁਮਾਂਸ ਤਰੱਕੀ ਦੀ ਦੌੜ ਵਿਚ ਅਲੋਪ ਹੋਈ ਜਾ ਰਿਹੈ।

ਜੋ ਬੰਦਾ ਕਿਰਤ ਤੇ ਕਸਰਤ ਦੇ ਲੜ ਲੱਗਾ ਹੋਵੇ, ਉਹਤੋਂ ਕੁਦਰਤ ਵੀ ਬਲਿਹਾਰੇ ਜਾਂਦੀ ਹੈ। ਉਹ ਉਸ ਨੂੰ ਲੰਮੀ ਉਮਰ ਬਖਸ਼ਦੀ ਹੈ। ਅਜਿਹਾ ਬੰਦਾ ਆਮ ਬਿਮਾਰੀਆਂ ਠਮਾਰੀਆਂ ਤੋਂ ਬਚਿਆ ਰਹਿੰਦਾ ਹੈ ਅਤੇ ਸੁਖੀ ਤੇ ਸੰਤੁਸ਼ਟ ਜੀਵਨ ਭੋਗਦਾ ਹੈ। ਕਿਰਤ ਤੇ ਕਸਰਤ ਕਰਨ ਨਾਲ ਨੌਜੁਆਨ ਨਸ਼ਿਆਂ ਦੀ ਲਤ ਤੋਂ ਬਚ ਸਕਦੇ ਹਨ। ਜੁੱਸੇ ਤਕੜੇ ਤੇ ਹੰਢਣਸਾਰ ਬਣਾ ਕੇ ਖੇਡਾਂ ਦੇ ਮੈਡਲ ਜਿੱਤ ਸਕਦੇ ਹਨ। ਸਰੀਰਕ ਕਸਰਤ ਕਰਨ ਦੀ ਜਿੰਨੀ ਲੋੜ ਇੱਕੀਵੀਂ ਸਦੀ ਵਿਚ ਹੈ, ਏਨੀ ਪਹਿਲੀਆਂ ਸਦੀਆਂ ਵਿਚ ਨਹੀਂ ਸੀ। ਪਹਿਲਾਂ ਏਨੀਆਂ ਮਸ਼ੀਨਾਂ ਮਨੁੱਖ ਦੀ ਸੌਖ ਲਈ ਈਜਾਦ ਨਹੀਂ ਸਨ ਹੋਈਆਂ। ਹੱਥੀਂ ਕਿਰਤ ਕਰਨੀ ਤੇ ਪੈਰੀਂ ਪੈਂਡਾ ਮਾਰਨਾ ਮਨੁੱਖ ਦੀ ਮਜਬੂਰੀ ਸੀ। ਇਹ ਮਜਬੂਰੀ ਮਨੁੱਖ ਲਈ ਕੁਦਰਤੀ ਵਰਦਾਨ ਸਾਬਤ ਹੁੰਦੀ ਰਹੀ।

ਜਦੋਂ ਮੈਂ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣਾ ਸ਼ੁਰੂ ਕੀਤਾ, ਉਦੋਂ ਪੰਜਾਬੀ ਵਿਚ ਖੇਡ ਪੁਸਤਕਾਂ ਨਹੀਂ ਸਨ ਹੁੰਦੀਆਂ। ਮੇਰੇ ਵੇਖਦਿਆਂ ਵੇਖਦਿਆਂ ਕਈ ਪੰਜਾਬੀ ਖੇਡ ਪੁਸਤਕਾਂ ਪ੍ਰਕਾਸ਼ਿਤ ਹੋਈਆਂ, ਜਿਨ੍ਹਾਂ ਦੀ ਗਿਣਤੀ ਹੁਣ ਸੌ ਤੋਂ ਟੱਪ ਚੁਕੀ ਹੈ। ਉਨ੍ਹਾਂ ਵਿਚ ਬਾਈ ਤੇਈ ਖੇਡ ਪੁਸਤਕਾਂ ਤਾਂ ਮੇਰੀਆਂ ਆਪਣੀਆਂ ਹੀ ਹਨ। ਉਂਜ ਮੈਂ ਤਿੰਨ ਦਰਜਨ ਤੋਂ ਵੱਧ ਪੁਸਤਕਾਂ ਛਪਵਾ ਚੁਕਾਂ। ਕਦੇ ਮੈਂ ਕਿਸੇ ਸਾਹਿਤਕ ਗੋਸ਼ਟੀ ਵਿਚ ਕਿਹਾ ਸੀ, "ਤੁਸੀਂ ਸਾਨੂੰ ਸਾਹਿਤਕਾਰ ਨਹੀਂ ਸਮਝਦੇ ਤਾਂ ਨਾ ਸਮਝੋ, ਚਲੋ ਸਿਹਤਕਾਰ ਹੀ ਸਮਝ ਲਓ। ਜੇ ਸਾਡੇ 'ਚ ਦਮ ਹੋਇਆ ਤਾਂ ਅਸੀਂ ਪੰਜਾਬੀ ਵਿਚ ਖੇਡ ਅਦਬ ਦੀ ਵੱਖਰੀ ਅਲਮਾਰੀ ਸ਼ਿੰਗਾਰ ਕੇ ਵਿਖਾਵਾਂਗੇ।"

ਖੇਡਾਂ ਦਾ ਖੇਤਰ ਅਸਗਾਹ ਹੈ, ਜਿਸ ਵਿਚ ਮੇਰੀ ਖੇਡ ਲੇਖਣੀ ਦੀ ਮੈਰਾਥਨ ਅਜੇ ਵੀ ਜਾਰੀ ਹੈ। ਇਹ ਮੈਰਾਥਨ ਤਦ ਤਕ ਜਾਰੀ ਰਹੇਗੀ, ਜਦ ਤਕ ਡਿੱਗ ਨਹੀਂ ਪੈਂਦਾ।

**ਨੋਟ:** ਪੰਜਾਬੀ ਖੇਡ ਸਾਹਿਤ ਬਾਰੇ ਮੈਂ ਪੁਸਤਕ ਸੰਪਾਦਿਤ ਕਰ ਰਿਹਾਂ। ਪੰਜਾਬੀ ਖੇਡ ਲੇਖਕ ਮੇਰੇ ਨਾਲ ਫੋਨ: 91-94651-01651 ਜਾਂ Email: principalsarwansingh@gmail.com 'ਤੇ ਸੰਪਰਕ ਕਰ ਸਕਦੇ ਹਨ।

---

***('ਪੰਜਾਬੀ ਖੇਡ ਸਾਹਿਤ' ਬਾਰੇ ਅਖਬਾਰ 'ਪੰਜਾਬੀ ਜਾਗਰਣ' ਵਲੋਂ ਕਰਾਈ ਗਈ ਗੋਸ਼ਟੀ ਵਿਚੋਂ)***

# XPressCargo

**Tel.: 317-426-5410**
Ext 311 or 340

Cell : 317-701-4230
Fax : 317-308-6424

## Pay Every Week

Single upto 42 Cent + Team Upto 50 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

## ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

**ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ**

**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ


**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# Meet and Greet




*with*

## Dr. Davinder Singh Ji

## Baru Sahib

The Director of all Akal Academies who chose to be the child of a spiritual father, mentor, guide and friend Baba Iqbal Singh ji and providing an impetus to the dreams of Baba Iqbal Singh ji seeing the light of the day with a rural education revolution.

Baba Iqbal Singh ji at the age of 96 has managed to build North India's largest rural chain of 129 schools for The Kalgidhar Trust - Baru Sahib

**Jus Panjabi Mudda with Harvinder Riar**
**on December 27, 2019 at 6:30 pm**
At:Cascade Banquets
800 W. Irving Park, Bensenville Ph: 630-860-0086

**December 29th, 2019 (11:00 am to 12 pm)**
**Sikh Religious Society**
1280 Winnetka St Palatine IL 60067

**For More Information Contact:** Major Gurcharan Singh Jhaj, Ph: 847-330-1421
Ravideep Kaur Mukta , Ph: 973-693-1077, Mukta@Barusahib.org Or Gurmeet Singh Bains, Ph: 847-852-6912

# ਡਾ. ਦਵਿੰਦਰ ਸਿੰਘ ਜੀ, ਬੜੂ ਸਾਹਿਬ ਨਾਲ ਮਿਲਣੀ ਅਤੇ ਸੰਵਾਦ

**ਡਾ. ਦਵਿੰਦਰ ਸਿੰਘ ਜੀ,** ਜੋ ਸਾਰੀਆਂ ਅਕਾਲ ਅਕੈਡਮੀਆਂ ਦੇ ਡਾਇਰੈਕਟਰ ਹਨ ਅਤੇ ਜਿਨ੍ਹਾਂ ਨੇ ਆਪਣੇ ਅਧਿਆਤਮਕ ਪਿਤਾ, ਰਹਿਬਰ, ਮਾਰਗ-ਦਰਸ਼ਕ ਅਤੇ ਦੋਸਤ ਬਾਬਾ ਇਕਬਾਲ ਸਿੰਘ ਜੀ ਦਾ ਸ਼ਿਸ਼ ਹੋਣਾ ਚੁਣਿਆ, ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੰਭਲਾ ਮਾਰਿਆ। ਇਸ ਹੰਭਲੇ ਨਾਲ ਦਿਹਾਤੀ ਇਲਾਕਿਆਂ ਵਿਚ ਵਿਦਿਆ ਦੇ ਖੇਤਰ ਵਿਚ ਚਾਨਣ ਦਾ ਛੱਟਾ ਦੇਣ ਦਾ ਰਾਹ ਮੋਕਲਾ ਹੋਇਆ।

ਬਾਬਾ ਇਕਬਾਲ ਸਿੰਘ ਜੀ ਅਜਿਹੀ ਸ਼ਖਸੀਅਤ ਹਨ, ਜਿਨ੍ਹਾਂ 96 ਵਰ੍ਹਿਆਂ ਦੀ ਉਮਰ ਵਿਚ ਉਤਰੀ ਭਾਰਤ ਦੇ ਸਭ ਤੋਂ ਵੱਡੇ ਦਿਹਾਤੀ ਇਲਾਕੇ ਵਿਚ 'ਦਿ ਕਲਗੀਧਰ ਟਰਸਟ-ਬੜੂ ਸਾਹਿਬ' ਦੇ 129 ਸਕੂਲਾਂ ਦੀ ਲੜੀ ਖੜ੍ਹੀ ਕਰ ਦਿੱਤੀ। ਉਨ੍ਹਾਂ ਡਾ. ਦਵਿੰਦਰ ਸਿੰਘ ਜੀ ਵਰਗੇ ਹੋਣਹਾਰ ਜਿਉੜੇ ਦੇ ਦਿਲ ਅੰਦਰ ਸੇਵਾ ਦਾ ਚਿਰਾਗ ਬਾਲਿਆ।

## ਮਿਲਣੀ ਅਤੇ ਸੰਵਾਦ ਦਾ ਸਥਾਨ ਤੇ ਸਮਾਂ

**ਜਸ ਪੰਜਾਬੀ ਮੁੱਦਾ (ਹਰਵਿੰਦਰ ਰਿਆੜ ਨਾਲ)**
**27 ਦਸੰਬਰ, ਦਿਨ ਸ਼ੁਕਰਵਾਰ**
ਸਮਾਂ: ਸ਼ਾਮ 6:30 ਵਜੇ
**Cascade Banquets**
800 W. Irving Park, Bensenville, IL (Ph: 630-860-0086)

**29 ਦਸੰਬਰ, ਦਿਨ ਐਤਵਾਰ**
ਸਮਾਂ: ਸਵੇਰੇ 11:00 ਤੋਂ ਬਾਅਦ ਦੁਪਹਿਰ 12 ਵਜੇ ਤੱਕ
ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ)
Sikh Religious Society
1280 Winnetka St., Palatine, IL 60067

ਹੋਰ ਜਾਣਕਾਰੀ ਲਈ ਸੰਪਰਕ ਕਰੋ: ਮੇਜਰ ਗੁਰਚਰਨ ਸਿੰਘ ਝੱਜ, ਫੋਨ: 847-330-1421
ਗੁਰਮੀਤ ਸਿੰਘ ਬੈਂਸ, ਫੋਨ: 847-852-6912
ਰਵੀਦੀਪ ਕੌਰ ਮੁਕਤਾ, ਫੋਨ: 973-693-1077 MUKTA@BARUSAHIB.ORG